ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 56 |1 to 7 Feburary, 2023 | Ph.: (510) 240-5949 | Email: asrtimes@gmail.com

# ਪੰਜਾਬ ’ਚ ਡੇਰਾ ਸਿਰਸਾ ਤੇ ਸਿੱਖ ਪੰਥ ’ਚ ਬਣੀ ਟਕਰਾਅ ਵਾਲੀ ਸਥਿਤੀ

## ਸਿਆਸੀ ਲਾਭ ਲਈ ਬਲਾਤਕਾਰੀ ਸੌਦਾ ਸਾਧ ਦਾ ਪਾਣੀ ਭਰਨ ਲੱਗੀ ਭਾਜਪਾ

## ਡੇਰਾ ਸਿਰਸਾ ਦੀ ਬ੍ਰਾਂਚ ਸਲਾਬਤਪੁਰਾ ਵਿੱਚ ਹੋਏ ਸਮਾਗਮ ਤੋਂ ਸਿਆਸੀ ਆਗੂ ਰਹੇ ਦੂਰ

## ਬੰਦੀ ਸਿੰਘਾਂ ਨੂੰ ਰਿਹਾਅ ਕਰਨ ਦੀ ਥਾਂ ਡੇਰਾ ਮੁੱਖੀ ਨੂੰ ਵਾਰ-ਵਾਰ ਪੈਰੋਲ ਦੇ ਕੇ ਸਿੱਖਾਂ ਨਾਲ ਕੀਤਾ ਜਾ ਰਿਹੈ ਵਿਤਕਰਾ


ਰਾਮ ਰਹੀਮ ਦੀ ਸਤਿਸੰਗ ਦਾ ਵਿਰੋਧ ਕਰਨ ਵਾਲੇ ਸਿੱਖ ਆਗੂ ਗ੍ਰਿਫ਼ਤਾਰ



ਬਠਿੰਡਾ/ਏ.ਟੀ.ਨਿਊਜ਼ :- ਸਾਲ 2015 ਵਿੱਚ ਹੋਏ ਬੇਅਦਬੀ ਮਾਮਲਿਆਂ ਵਿੱਚ ਸੌਦਾ ਡੇਰੇ ਦੀ ਸ਼ਮੂਲੀਅਤ ਦੀ ਚਰਚਾ ਬਾਰੇ ਸਿੱਖ ਜਗਤ ਵਿਚ ਖਾਸਾ ਗੁੱਸਾ ਹੁਣ ਤਕ ਕਾਇਮ ਹੈ। ਪੰਜਾਬ ਦੇ ਸਿੱਖ ਮੋਦੀ ਸਰਕਾਰ ਦੀ ਸੌਦਾ ਸਾਧ ਉਪਰ ਵਾਰ ਵਾਰ ਪੈਰੋਲ ਦੇ ਕੇ ਮਿਹਰਬਾਨੀ ਕਰਨ ਤੇ ਆਪ ਸਰਕਾਰ ਵਲੋਂ ਪੰਜਾਬ ਵਿਚ ਸੌਦਾ ਡੇਰੇ ਨੂੰ ਸਰਗਰਮੀਆਂ ਦੀ ਖੁੱਲ੍ਹ ਦੇਣ ਤੋਂ ਡਾਢੇ ਗੁੱਸੇ ਵਿਚ ਹਨ। ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਸਰਕਾਰ ਸੌਦਾ ਡੇਰਾ ਤੇ ਸਿੱਖਾਂ ਵਿਚ ਦਬਾਰਾ ਟਕਰਾਅ ਕਰਵਾ ਕੇ ਪੰਜਾਬ ਦਾ ਮਾਹੌਲ ਖਰਾਬ ਕਰਨਾ ਚਾਹੁੰਦੀ ਹੈ। ਸਿਰਸਾ ਮੁਖੀ ਸੌਦਾ ਸਾਧ ਦੀ ਬੀਤੇ ਦਿਨੀਂ ਡੇਰਾ ਸਲਾਬਤਪੁਰਾ (ਬਠਿੰਡਾ) ਵਿਖੇ ਆਨਲਾਈਨ ਸਤਿਸੰਗ ਦਾ ਸਿੱਖ ਜਥੇਬੰਦੀਆਂ ਵਲੋਂ ਡਟਵਾ ਵਿਰੋਧ ਕਰਦੇ ਹੋਏ ਡੇਰੇ ਨੇੜੇ ਚੱਕਾ ਜਾਮ ਕੀਤਾ ਗਿਆ, ਜਿਸ ਵਿਚ ਸ਼ਾਮਿਲ ਹੋਣ ਲਈ ਜਾ ਰਹੇ ਦਮਦਮੀ ਟਕਸਾਲ (ਅਜਨਾਲਾ) ਦੇ ਮੁਖੀ ਭਾਈ ਅਮਰੀਕ ਸਿੰਘ ਅਜਨਾਲਾ ਦੀ ਬਠਿੰਡਾ ਪੁਲਿਸ ਵਲੋਂ ਸਥਾਨਕ ਭਾਈ ਘਨੱਈਆ ਚੌਕ ਵਿਖੇ ਘੇਰਾਬੰਦੀ ਕਰ ਲਈ ਗਈ, ਜਿਸ ਕਾਰਨ ਪੁਲਿਸ ਅਤੇ ਸਿੱਖ ਜਥੇਬੰਦੀਆਂ ਵਿਚਕਾਰ ਖਿੱਚੋਤਾਣ ਜਾਰੀ ਰਹੀ ਸੀ। ਭਾਈ ਅਜਨਾਲਾ ਦੀ ਘੇਰਾਬੰਦੀ ਦਾ ਪਤਾ ਲੱਗਦੇ ਹੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਰਾਜਸੀ ਮਾਮਲਿਆਂ ਬਾਰੇ ਕਮੇਟੀ ਦੇ ਮੈਂਬਰ ਤੇ ਬਠਿੰਡਾ ਦੇ ਜ਼ਿਲ੍ਹਾ ਪ੍ਰਧਾਨ ਪਰਮਿੰਦਰ ਸਿੰਘ ਬਾਲਿਆਂਵਾਲੀ ਆਪਣੇ ਸਾਥੀਆਂ ਸਮੇਤ ਪੁੱਜੇ, ਜਿਨ੍ਹਾਂ ਨੇ ਪੰਜਾਬ ਸਰਕਾਰ ਤੇ ਪੁਲਿਸ ਪ੍ਰਸ਼ਾਸਨ ਦੀ ਇਸ ਕਾਰਵਾਈ ਨੂੰ ਧੱਕੇਸ਼ਾਹੀ ਕਰਾਰ ਦਿੰਦਿਆਂ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਭਾਈ ਅਜਨਾਲਾ ਨੇ ਕਿਹਾ ਕਿ ਸਜ਼ਾਯਾਫ਼ਤਾ ਡੇਰਾ ਮੁਖੀ ਨੂੰ ਵਾਰ-ਵਾਰ ਪੈਰੋਲ ਦੇ ਕੇ ਜਿੱਥੇ ਹਰਿਆਣਾ ਸਰਕਾਰ ਸਿੱਖਾਂ ਦੇ ਜ਼ਖ਼ਮ ਕੁਰੇਦ ਰਹੀ ਹੈ, ਉਥੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਡੇਰਾ ਮੁਖੀ ਨੂੰ ਪੰਜਾਬ ਵਿਚ ਆਨਲਾਈਨ ਸਤਿਸੰਗ ਕਰਨ ਦੀ ਖੁੱਲ੍ਹ ਦੇ ਕੇ ਸਿੱਖ ਅਤੇ ਪੰਜਾਬ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ ਤੇ ਉਹ ਦੋਹਾਂ ਧਿਰਾਂ ਦਾ ਟਕਰਾਅ ਕਰਵਾ ਕੇ ਪੰਜਾਬ ਦਾ ਮਾਹੌਲ ਖਰਾਬ ਕਰਨਾ ਚਾਹੁੰਦੀ ਹੈ।

ਇਸ ਦੌਰਾਨ ਡੇਰਾ ਸਿਰਸਾ ਦੇ ਸ਼ਰਧਾਲੂਆਂ ਵਲੋਂ ਡੇਰਾ ਸਲਾਬਤਪੁਰਾ ਵਿਖੇ ਕੀਤੇ ਜਾ ਰਹੇ ਸੂਬਾ ਪੱਧਰੀ ਵੀਡੀਓ ਸਤਿਸੰਗ ਦਾ ਵਿਰੋਧ ਕਰਨ ਵਾਲੇ ਸਿੱਖ ਜਥੇਬੰਦੀਆਂ ਦੇ ਦਰਜਨ ਦੇ ਕਰੀਬ ਸਿੱਖ ਆਗੂਆਂ ਨੂੰ ਪੰਜਾਬ ਪੁਲਿਸ ਵਲੋਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਪੰਜਾਬ ਪੁਲਿਸ ਸੌਦਾ ਡੇਰੇ ਦੇ ਪੱਖ ਵਿਚ ਭੁਗਤਦੀ ਦਿਖਾਈ ਦਿੱਤੀ। ਡੇਰਾ ਸ਼ਰਧਾਲੂਆਂ ਵਲੋਂ ਧਰਨੇ ਦਾ ਵਿਰੋਧ ਕਰਦੇ ਹੋਏ ਕੁਝ ਮਿੰਟ ਦਾ ਅਲਟੀਮੇਟਮ ਦੇਣ ਉਪਰੰਤ ਪੁਲਿਸ ਵਲੋਂ ਤੁਰੰਤ ਜਲਾਲ ਦੇ ਧਰਨਾਕਾਰੀ ਸਿੱਖਾਂ ਨੂੰ ਖਦੇੜਨਾ ਸ਼ੁਰੂ ਕਰ ਦਿੱਤਾ। ਸਿੱਖਾਂ ਵਲੋਂ ਡੇਰਾ ਮੁਖੀ ਦੀ ਪੈਰੋਲ ਅਤੇ ਵੀਡੀਓ ਸਤਿਸੰਗ ਨੂੰ ਲੈ ਕੇ ਕੇਂਦਰ ਅਤੇ ਸੂਬਾ ਸਰਕਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਬਹਿਬਲ ਕਲਾਂ ਵਿਖੇ ਚੱਲ ਰਹੇ ਇਨਸਾਫ਼ ਮੋਰਚੇ ਵਲੋਂ ਡੇਰਾ ਸਲਾਬਤਪੁਰਾ ਨੂੰ ਜਾਣ ਵਾਲੀਆਂ ਕੁਝ ਬੱਸਾਂ ਨੂੰ ਰੋਕਿਆ (ਬਾਕੀ ਸਫ਼ਾ 29 ’ਤੇ)

## ਮਿਸ਼ਨ 2024 ਲਈ ਸੌਦਾ ਸਾਧ ਬਣਿਆ ਭਾਜਪਾ ਦੀ ਮਜਬੂਰੀ

ਹਰਿਆਣਾ ਦੇ ਸਿਰਸਾ ਵਿਚ ਡੇਰਾ ਸੌਦਾ ਮੁਖੀ ਨੂੰ ਪੈਰੋਲ ਦੇਣਾ ਭਾਜਪਾ ਦੀ ਮਜਬੂਰੀ ਬਣ ਗਈ ਹੈ। ਇਸ ਦਾ ਕਾਰਨ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਹਨ। ਸੌਦਾ ਸਾਧ ਨੂੰ 14 ਮਹੀਨਿਆਂ ਵਿਚ ਚੌਥੀ ਵਾਰ ਪੈਰੋਲ ਮਿਲੀ ਹੈ।ਇਸ ਵਾਰ ਉਹ ਪੌਣੇ ਦੋ ਮਹੀਨਿਆਂ ਦੇ ਅੰਦਰ 21 ਜਨਵਰੀ ਨੂੰ 40 ਦਿਨਾਂ ਦੀ ਪੈਰੋਲ ’ਤੇ ਮੁੜ ਬਾਹਰ ਆਇਆ ਸੀ। ਇੰਨਾ ਹੀ ਨਹੀਂ ਭਾਜਪਾ ਦੇ ਵੱਡੇ ਨੇਤਾ ਵੀ ਸੌਦਾ ਸਾਧ ਦੇ ਦਰਬਾਰ ਵਿਚ ਲਗਾਤਾਰ ਮੱਥਾ ਟੇਕ ਰਹੇ ਹਨ।

ਸਾਲ 2014 ਵਿੱਚ ਸੌਦਾ ਸਾਧ ਨੇ ਹਰਿਆਣਾ ਵਿੱਚ ਭਾਜਪਾ ਦਾ ਖੁੱਲ੍ਹ ਕੇ ਸਮਰਥਨ ਕੀਤਾ ਸੀ। ਇਨ੍ਹਾਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੂੰ 90 ਵਿੱਚੋਂ 47 ਸੀਟਾਂ ਮਿਲੀਆਂ ਹਨ। ਸੂਬੇ ਵਿੱਚ ਪੂਰਨ ਬਹੁਮਤ ਨਾਲ ਸਰਕਾਰ ਬਣੀ ਸੀ।ਸੌਦਾ ਸਾਧ ਨੂੰ 2017 ਵਿੱਚ ਸਜ਼ਾ ਹੋਈ ਸੀ। ਇਸ ਨਾਲ ਡੇਰਾ ਪ੍ਰੇਮੀ ਭਾਜਪਾ ਨਾਲ ਨਾਰਾਜ਼ ਹੋ ਗਏ ਸਨ। ਇਸ ਦਾ ਅਸਰ ਚੋਣਾਂ ਵਿਚ ਦੇਖਣ ਨੂੰ ਮਿਲਿਆ ਸੀ। ਭਾਜਪਾ 40 ਸੀਟਾਂ ’ਤੇ ਸਿਮਟ ਗਈ ਸੀ। ਬਾਅਦ ਭਾਜਪਾ ਨੂੰ 2019 ਵਿੱਚ ਜੇਜੇਪੀ ਦੇ ਸਮਰਥਨ ਨਾਲ ਹਰਿਆਣਾ ਵਿੱਚ ਸਰਕਾਰ ਬਣਾਉਣ ਲਈ ਮਜਬੂਰ ਹੋਣਾ ਪਿਆ ਸੀ। ਪਰ ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਹਰਿਆਣਾ ਵਿਚ ਜਾਟਾਂ ਤੇ ਕਿਸਾਨਾਂ ਨਾਲ ਵਿਤਕਰੇ ਕਾਰਨ ਭਾਜਪਾ ਦਾ ਇਹ ਹਸ਼ਰ ਹੋਇਆ।ਭਾਜਪਾ ਸੌਦਾ ਸਾਧ ਰਾਹੀਂ ਹਰਿਆਣਾ ਵਿਧਾਨ ਸਭਾ ਵਿੱਚ ਬਹੁਮਤ ਹਾਸਲ ਕਰਨ ਦਾ ਸੁਪਨਾ ਦੇਖ ਰਹੀ ਹੈ। ਅਗਲੇ ਸਾਲ ਹੋਣ ਵਾਲੀਆਂ ਚੋਣਾਂ ਵਿੱਚ ਭਾਜਪਾ 2014 ਦਾ ਜਲਵਾ ਵਾਪਸ ਪ੍ਰਾਪਤ ਕਰਨਾ ਚਾਹੁੰਦੀ ਹੈ। 2019 ਵਿੱਚ ਭਾਜਪਾ ਨੇ ਹਰਿਆਣਾ ਦੀਆਂ ਸਾਰੀਆਂ 10 ਲੋਕ ਸਭਾ ਸੀਟਾਂ ਜਿੱਤੀਆਂ ਸਨ। ਇਸ ਵਾਰ ਵੀ (ਬਾਕੀ ਸਫ਼ਾ 29 ’ਤੇ)

### ਜੂਨ ’84 ਘੱਲੂਘਾਰੇ ਬਾਰੇ ਜਨਰਲ ਬਰਾੜ ਨੇ ਬੋਲਿਆ ਝੂਠ

# ‘ਜੇ ਫ਼ੌਜੀ ਅਪਰੇਸ਼ਨ ਨਾ ਹੁੰਦਾ ਤਾਂ ਖ਼ਾਲਿਸਤਾਨ ਦਾ ਐਲਾਨ ਹੁੰਦੇ ਹੀ ਪਾਕਿਸਤਾਨ ਸਰਹੱਦ ਪਾਰ ਕਰ ਕੇ ਪੰਜਾਬ ਵਿੱਚ ਆ ਜਾਂਦਾ’

## ਪੰਥਕ ਆਗੂਆਂ ਨੇ ਕਿਹਾ ਕਿ ਬਰਾੜ ਦੇ ਬਿਆਨ ਝੂਠੇ, ਵਿਕਾਊ ਤੇ ਮਰੀ ਹੋਈ ਜ਼ਮੀਰ ਦਾ ਪ੍ਰਗਟਾਵਾ

ਨਵੀਂ ਦਿੱਲੀ/ਏ.ਟੀ.ਨਿਊਜ਼ :- ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਵਿਖੇ ਹੋਏ ਫੌਜੀ ਹਮਲੇ ਦੇ 39 ਸਾਲਾਂ ਬਾਅਦ ਉਸ ਆਪ੍ਰੇਸ਼ਨ ਦੀ ਅਗਵਾਈ ਕਰਨ ਵਾਲੇ ਜਨਰਲ ਕੁਲਦੀਪ ਬਰਾੜ ਨੇ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਲੈ ਕੇ ਵਿਵਾਦਤ ਬਿਆਨ ਦਿੰਦਿਆਂ ਕਿਹਾ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਨੂੰ ਇੰਦਰਾ ਗਾਂਧੀ ਦੀ ਸ਼ਹਿ ਮਿਲੀ ਸੀ ਅਤੇ ਘੱਲੂਘਾਰਾ 84 ਦੇ ਸਮੇਂ ਭਾਰਤੀ ਫ਼ੌਜ ਕੋਲ ਨਾ ਤਾਂ ਢੁਕਵੇਂ ਵਸੀਲੇ ਸਨ ਅਤੇ ਨਾ ਹੀ ਕਾਰਵਾਈ ਕਰਨ ਦੀ ਪੂਰੀ ਖੁੱਲ੍ਹ ਸੀ।

1984 ਵਿਚ ਬਰਾੜ ਦੀ ਅਗਵਾਈ ਹੇਠ ਹੋਏ ਸਰਕਾਰੀ ਨਾਮ ਹੇਠ ਆਪ੍ਰੇਸ਼ਨ ਬਲੂ ਸਟਾਰ ਤਹਿਤ ਸਿੱਖਾਂ ਦੇ ਸਭ ਤੋਂ ਪਵਿੱਤਰ ਮੰਨੇ ਜਾਂਦੇ ਧਾਰਮਿਕ ਅਸਥਾਨ ਹਰਿਮੰਦਰ ਸਾਹਿਬ ਵਿਚ ਫ਼ੌਜ ਦਾਖ਼ਲ ਹੋਈ ਸੀ, ਅਕਾਲ ਤਖਤ ਸਾਹਿਬ



ਨੂੰ ਤੋਪਾਂ ਦੇ ਗੋਲਿਆਂ ਨਾਲ ਖੰਡਰ ਬਣਾ ਦਿੱਤਾ ਸੀ ਤੇ ਦਰਬਾਰ ਸਾਹਿਬ ਉਪਰ ਗੋਲੀਆਂ ਚਲਾ ਕੇ ਬੇਅਦਬੀ ਕੀਤੀ ਗਈ। ਨਿਹੱਥੀਆਂ ਸੰਗਤਾਂ ਨੂੰ ਗੋਲੀਆਂ ਮਾਰ ਕੇ ਕਤਲ ਕੀਤਾ ਗਿਆ।ਇਸ ਸਰਕਾਰੀ ਦੁਸ਼ਟ ਅਪਰਾਧ ਨੂੰ ਲੈ ਕੇ ਸਿੱਖ ਭਾਈਚਾਰੇ ਵਿਚ ਅੱਜ ਤੱਕ ਰੋਸ ਹੈ। ਜਨਰਲ ਬਰਾੜ ਨੇ ਕਥਿਤ ਆਪ੍ਰੇਸ਼ਨ ਬਲੂ ਸਟਾਰ ਨੂੰ ਫ਼ੌਜੀ ਮਜਬੂਰੀ ਦੱਸਦਿਆਂ ਕਿਹਾ ਕਿ ਸਾਡੇ (ਫ਼ੌਜ) ਕੋਲ ਸ੍ਰੀ ਦਰਬਾਰ ਸਾਹਿਬ ਵਿਚ ਜਾਣ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕਿਉਂਕਿ ਅਜਿਹਾ ਤੈਅ ਹੋਇਆ ਸੀ। ਉਨ੍ਹਾਂ ਕਿਹਾ ਕਿ ਫ਼ੌਜ ਵਲੋਂ ਮਸ਼ੀਨਗੰਨਾਂ ਚਲਾਈਆਂ ਜਾ ਰਹੀਆਂ ਸਨ ਜਦਕਿ ਫ਼ੌਜ ’ਤੇ ਬੰਦੂਕਾਂ ਦੀਆਂ ਗੋਲੀਆਂ ਰਾਹੀਂ ਹਮਲਾ ਕੀਤਾ ਜਾ ਰਿਹਾ ਸੀ। ਬਰਾੜ ਨੇ ਕਿਹਾ ਕਿ ਬੰਦੂਕ ਰਾਹੀਂ ਅਜਿਹੀਆਂ ਥਾਵਾਂ ਤੋਂ ਗੋਲੀਬਾਰੀ ਕੀਤੀ ਜਾ ਰਹੀ ਸੀ, ਜਿਥੇ ਅਸੀਂ ਕਦੇ ਸੋਚਿਆ ਵੀ ਨਹੀਂ ਸੀ।

ਬਰਾੜ ਨੇ ਫੋਕੀ ਛੁਰਲੀ ਛਡਦਿਆਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਭਾਰਤੀ ਫ਼ੌਜ ਵਲੋਂ ਗੋਲੀਬਾਰੀ ਨਹੀਂ ਕੀਤੀ ਗਈ ਕਿਉਂਕਿ ਫ਼ੌਜ ਨੂੰ ਅਜਿਹੇ ਆਦੇਸ਼ ਨਹੀਂ ਦਿੱਤੇ ਗਏ ਸਨ। ਨਾਲ ਹੀ ਹੋਰ ਪਾਬੰਦੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਘੱਟ ਤੋਂ ਘੱਟ ਫ਼ੌਜ ਦੇ ਨਾਲ ਇਹ ਵੀ ਯਕੀਨੀ ਬਣਾਉਣਾ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਕੋਈ ਨੁਕਸਾਨ ਨਾ ਹੋਵੇ। ਉਨ੍ਹਾਂ ਇਸ ਕਾਰਵਾਈ ’ਚ ਹੋਏ ਜਾਨੀ ਨੁਕਸਾਨ ’ਤੇ ਬੋਲਦਿਆਂ ਕਿਹਾ ਕਿ ਇਸ ਵਿਚ 8 ਤੋਂ 10 ਘੰਟਿਆਂ ਵਿਚ ਤਿੰਨ, ਚਾਰ ਸੌ ਜਵਾਨਾਂ ਦੀ ਮੌਤ ਹੋ ਗਈ ਸੀ।

ਬਰਾੜ ਨੇ ਪੰਜਾਬ ਦੇ ਵਿਗੜੇ ਮਾਹੌਲ ਲਈ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਜ਼ਿੰਮੇਦਾਰ ਠਹਿਰਾਉਂਦਿਆਂ ਕਿਹਾ ਕਿ ਇੰਦਰਾ ਗਾਂਧੀ ਨੇ ਪੰਜਾਬ ਵਿਚ ਵਿਗੜਦੇ ਮਾਹੌਲ ਨੂੰ ਰੋਕਣ ਵਿਚ ਦੇਰ ਕਰ ਦਿੱਤੀ। ਉਨ੍ਹਾਂ ਸੰਤ ਭਿੰਡਰਾਂਵਾਲਾ ਦੇ 20 ਸਾਲ ਭਰ ਵਿਚ ਵਧੇ ਰੁਤਬੇ ਲਈ ਕੇਂਦਰ ਸਰਕਾਰ ਨੂੰ ਜ਼ਿੰਮੇਵਾਰ ਦੱਸਦਿਆਂ ਕਿਹਾ ਕਿ ਸਭ ਕੁਝ ਕੇਂਦਰ ਦੇ ਸਾਹਮਣੇ ਹੋ ਰਿਹਾ ਸੀ।ਪੰਜਾਬ ’ਚ ਖ਼ਾਲਿਸਤਾਨ ਦੀ ਮੰਗ ਵਧ ਰਹੀ ਸੀ।ਬਰਾੜ ਨੇ ਕਿਹਾ ਕਿ



ਕਦੇ ਵੀ ਖ਼ਾਲਿਸਤਾਨ ਦਾ ਐਲਾਨ ਹੋ ਸਕਦਾ ਸੀ। ਜੇਕਰ ਫੌਜੀ ਅਪਰੇਸ਼ਨ ਨਾ ਹੁੰਦਾ ਤਾਂ ਖ਼ਾਲਿਸਤਾਨ ਦਾ (ਬਾਕੀ ਸਫ਼ਾ 29 ’ਤੇ)

# ਪੰਜਾਬੀ ਰੇਡੀਓ ਯੂ.ਐਸ.ਏ. ਵੱਲੋਂ ਬੇ ਏਰੀਆ ਵਿੱਚ 1170 AM ਸ਼ੁਰੂ ਕਰਨ ਦੀ ਇੱਕ ਹੋਰ ਵੱਡੀ ਪੁਲਾਂਘ






ਪੰਜਾਬੀ ਰੇਡੀਓ ਯੂ.ਐਸ.ਏ. ਪਿਛਲੇ ਕਾਫ਼ੀ ਸਾਲਾਂ ਤੋਂ ਅਮਰੀਕਾ ਦੇ ਕਈ ਇਲਾਕਿਆਂ ਖ਼ਾਸ ਕਰ ਕੈਲੀਫੋਰਨੀਆ ਵਿੱਚ ਪੰਜਾਬੀ ਮੀਡੀਏ ਵਿੱਚ ਆਪਣੀ ਵੱਖਰੀ ਪਛਾਣ ਬਣਾ ਕੇ ਚੱਲ ਰਿਹਾ ਹੈ। ਪੰਜਾਬੀ ਰੇਡੀਓ ਯੂ. ਐਸ.ਏ. ਸਿੱਖ ਧਰਮ, ਸਮਾਜ ਅਤੇ ਸਭਿਆਚਾਰ ਨੂੰ ਮੁੱਖ ਰੱਖ ਕੇ ਧੜੱਲੇਦਾਰ ਤੇ ਨਿਰਪੱਖ ਪ੍ਰੋਗਰਾਮ ਪੇਸ਼ ਕਰ ਰਿਹਾ ਹੈ। ਪੰਜਾਬੀ ਰੇਡੀਓ ਨੇ ਆਪਣਾ ਘੇਰਾ ਵਿਸ਼ਾਲ ਕਰਦੇ ਹੋਏ ਬੇ-ਏਰੀਆ ਵਿੱਚ 1170 AM ਸ਼ਟੇਸ਼ਨ ਖਰੀਦ ਕੇ ਲੋਕਾਂ ਲਈ ਉੱਥੇ ਪੰਜਾਬੀ ਰੇਡੀਓ ਚਲਾਉਣ ਦਾ ਫੈਸਲਾ ਕੀਤਾ ਹੈ। ਰੇਡੀਓ ਦੀ ਟੀਮ ਵੱਲੋਂ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਅਖੰਡ ਪਾਠ ਸਾਹਿਬ ਕਰਵਾ ਕੇ ਇਸਦਾ ਅਗਾਜ਼ ਕੀਤਾ ਗਿਆ। ਜਿਕਰਯੋਗ ਹੈ ਕਿ ਪੰਜਾਬੀ ਰੇਡੀਉ ਯੂ ਐਸ ਏ 24 ਘੰਟੇ ਆਪਣੇ ਤੌਰ ਤੇ ਹੀ ਪ੍ਰੋਗਰਾਮ ਪੇਸ਼ ਕਰਨ ਦੇ ਨਾਲ ਨਾਲ ਸਵੇਰੇ ਅਤੇ ਸ਼ਾਮ ਦੋਨੋਂ ਵੇਲੇ ਗੁਰਬਾਣੀ ਦਾ ਪ੍ਰਵਾਹ ਚਲਾ ਰਿਹਾ ਹੈ। ਇਸ ਤੋਂ ਇਲਾਵਾ ਖਬਰਾਂ, ਟਾਕ ਸ਼ੋਅ ਅਤੇ ਦੇਸ਼ ਵਿਦੇਸ਼ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਤੇ ਤਿੱਖੀ ਨਜ਼ਰ ਰੱਖਦਿਆਂ ਸਰੋਤਿਆਂ ਨੂੰ ਸੁਚੇਤ ਕਰਦਾ ਹੈ।

# ਇਟਾਲੀਅਨ ਨੇਵੀ ਵਿੱਚ ਸ਼ਾਮਲ ਹੋਈ ਸਿੰਘਣੀ ਬੀਬਾ ਮਨਰੂਪ ਕੌਰ



ਵੈਨਿਸ/ਏ.ਟੀ.ਨਿਊਜ਼ :- ਇਟਲੀ ਦੇ ਵਿਚੈਂਸਾ ਨੇੜਲੇ ਸ਼ਹਿਰ ਕਿਆਂਪੋ ਵਿਖੇ ਰਹਿੰਦੇ ਇਕ ਪੰਜਾਬੀ ਪਰਿਵਾਰ ਦੀ ਹੋਣਹਾਰ ਧੀ ਮਨਰੂਪ ਕੌਰ ਨੇ ਇਟਾਲੀਅਨ ਨੇਵੀ ਵਿੱਚ ਭਰਤੀ ਹੋ ਕੇ ਮਾਪਿਆਂ ਦੇ ਨਾਲ- ਨਾਲ ਪੂਰੇ ਸਿੱਖ ਧਰਮ ਦਾ ਨਾਂ ਚਮਕਾਇਆ ਹੈ। ਮਨਰੂਪ ਕੌਰ ਜਲੰਧਰ ਜ਼ਿਲ੍ਹੇ ਦੇ ਭੰਗਾਲਾ ਪਿੰਡ ਨਾਲ ਸਬੰਧ ਰੱਖਦੀ ਹੈ। ਪਿਤਾ ਭੁਪਿੰਦਰ ਸਿੰਘ ਅਤੇ ਮਾਤਾ ਜਸਵਿੰਦਰ ਕੌਰ ਦੀ ਧੀ ਮਨਰੂਪ ਕੌਰ ਨੇ ਇਟਾਲੀਅਨ ਜਲ ਸੈਨਾ ਵਿੱਚ ਭਰਤੀ ਹੋਣ ਦੇ ਮੰਤਵ ਦੇ ਨਾਲ ਪਿਛਲੇ ਸਾਲ ਇਟਲੀ ਦੇ ਡਿਫੈਂਸ ਮੰਤਰਾਲਾ ਵੱਲੋਂ ਜਾਰੀ ਜਲ ਸੈਨਿਕਾਂ ਦੀਆਂ ਅਸਾਮੀਆਂ ਲਈ ਅਪਲਾਈ ਕੀਤਾ ਸੀ। ਪ੍ਰੀਖਿਆ ਦੌਰਾਨ ਉਸ ਨੇ ਅਨੇਕਾਂ ਕਠਿਨ ਸਵਾਲਾਂ ਦੇ ਜਵਾਬ ਦਿੰਦੇ ਹੋਏ ਲਿਖਤੀ ਪ੍ਰੀਖਿਆ ਵਿੱਚੋਂ 82 ਫ਼ੀਸਦੀ ਅੰਕ ਹਾਸਲ ਕਰਕੇ ਪਹਿਲੇ ਦਾਅਵੇਦਾਰਾਂ ਵਿੱਚ ਥਾਂ ਬਣਾਈ। ਇਸ ਉਪਰੰਤ ਮਨਰੂਪ ਕੌਰ ਨੇ ਆਪਣੇ ਰੋਜ਼ਾਨਾ ਅਭਿਆਸ ਦੀ ਬਦੌਲਤ ਫਿਜ਼ੀਕਲ ਪ੍ਰੀਖਿਆ ਵਿੱਚ ਵੀ ਸਾਰੇ ਟਰਾਇਲਾਂ ਨੂੰ ਬਾਖ਼ੂਬੀ ਪਾਰ ਕਰਦਿਆਂ ਇਟਾਲੀਅਨ ਜਲ ਸੈਨਿਕ ਬਣਨ ਦੇ ਆਪਣੇ ਸੁਫ਼ਨੇ ਨੂੰ ਵਾਸਤਵਿਕ ਰੂਪ ਵਿੱਚ ਸਾਕਾਰ ਕੀਤਾ। ਇਟਲੀ ਦੇ ਸਰਦੇਨੀਆ ਰਾਜ ਵਿੱਚ ਸਥਿਤ ਇਟਾਲੀਅਨ ਨੇਵੀ ਦੇ ਮਾਦੇਲੇਨਾ ਕੋਚਿੰਗ ਸੈਂਟਰ ਤੋਂ 5 ਹਫ਼ਤਿਆਂ ਦੀ ਬਕਾਇਦਾ ਸਿਖਲਾਈ ਲੈਣ ਉਪਰੰਤ ਹੁਣ ਮਨਰੂਪ ਕੌਰ ਮੋਨਫਲਕੋਨੇ (ਗੋਰੀਸੀਆ) ਵਿਖੇ ਇਟਾਲੀਅਨ

(ਬਾਕੀ ਸਫ਼ਾ 29 'ਤੇ)

# ਕੈਲੀਫੋਰਨੀਆ ਵਿੱਚ ਗੋਲੀਬਾਰੀ ਦੀ ਇੱਕ ਹੋਰ ਘਟਨਾ 'ਚ 3 ਮੌਤਾਂ,4 ਜ਼ਖ਼ਮੀ

## ਜਨਵਰੀ ਮਹੀਨੇ 'ਚ ਗੋਲੀਬਾਰੀ ਦੀ ਇਹ ਛੇਵੀਂ ਘਟਨਾ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-ਕੈਲੀਫੋਰਨੀਆ ਦੇ ਸ਼ਹਿਰ ਲਾਸ-ਏਂਜਲਸ ਵਿਚ ਗੋਲੀਬਾਰੀ ਦੀ ਵਾਪਰੀ ਇਕ ਹੋਰ ਘਟਨਾ ਵਿਚ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਤੇ 4 ਹੋਰ ਜ਼ਖਮੀ ਹੋ ਗਏ। ਕੈਲੀਫੋਰਨੀਆ ਵਿਚ ਜਨਵਰੀ ਮਹੀਨੇ ਦੌਰਾਨ ਗੋਲੀਬਾਰੀ ਦੀ ਇਹ ਛੇਵੀਂ ਘਟਨਾ ਹੋਈ ਹੈ। ਪੁਲਿਸ ਨੇ ਕਿਹਾ ਹੈ ਕਿ ਤੜਕਸਾਰ 2.30 ਵਜੇ ਬੈਵਰਲੀ ਕਰੈਸਟ ਦੇ ਗਵਾਂਢ ਵਿਚ ਇਕ ਘਰ ਵਿਚ ਗੋਲੀਆਂ ਚੱਲਣ ਦੀ ਸੂਚਨਾ ਮਿਲੀ। ਲਾਸ-ਏਂਜਲਸ ਪੁਲਿਸ ਵਿਭਾਗ ਦੇ ਸਾਰਜੈਂਟ ਫਰੈਂਕ ਪ੍ਰੀਸਿਆਡੋ ਨੇ ਇਸ ਤੋਂ ਪਹਿਲਾਂ ਕਿਹਾ ਸੀ ਕਿ ਮਾਰੇ ਗਏ ਵਿਅਕਤੀਆਂ ਦੀਆਂ ਲਾਸ਼ਾਂ ਇਕ ਕਾਰ ਵਿਚੋਂ ਮਿਲੀਆਂ ਹਨ। ਜ਼ਖਮੀਆਂ ਵਿਚੋਂ 2 ਦੀ ਹਾਲਤ ਗੰਭੀਰ ਹੈ ਜਦ ਕਿ 2 ਦੀ ਹਾਲਤ ਸਥਿਰ ਹੈ। ਪੁਲਿਸ ਨੇ ਮਾਰੇ ਗਏ ਤੇ ਜ਼ਖਮੀ ਲੋਕਾਂ ਦੇ ਨਾਂ ਜਾਰੀ ਨਹੀਂ ਕੀਤੇ ਤੇ ਨਾ ਹੀ ਉਨ੍ਹਾਂ ਦੇ ਲਿੰਗ ਬਾਰੇ ਕੁਝ ਦੱਸਿਆ ਹੈ। ਪੁਲਿਸ ਦੇ ਬੁਲਾਰੇ ਸਾਰਜੈਂਟ ਬਰੂਸ ਬੋਰੀਹਾਨਹ ਨੇ ਕਿਹਾ ਹੈ ਕਿ ਜਾਂਚਕਾਰ ਇਹ ਪਤਾ ਲਾਉਣ ਦਾ ਯਤਨ ਕਰ ਰਹੇ ਹਨ ਕਿ ਗੋਲੀਬਾਰੀ ਵਾਲੇ ਸਥਾਨ 'ਤੇ ਕੋਈ ਪਾਰਟੀ ਚੱਲ ਰਹੀ ਜਾਂ ਕਿਸ ਕਿਸਮ ਦੇ ਲੋਕ ਉਥੇ ਇਕੱਠੇ ਹੋਏ ਸਨ। ਬੁਲਾਰੇ ਨੇ ਕਿਹਾ ਹੈ ਕਿ ਇਸ ਗੋਲੀਬਾਰੀ ਵਿਚ ਕਿਸੇ ਸ਼ੱਕੀ ਵਿਅਕਤੀ ਦੇ ਸ਼ਾਮਿਲ ਹੋਣ ਬਾਰੇ ਪੁਲਿਸ ਕੋਲ ਕੋਈ ਸੂਚਨਾ ਨਹੀਂ ਹੈ। ਜਿਕਰਯੋਗ ਹੈ ਕਿ ਪਿਛਲੇ ਹਫਤੇ ਲਾਸ-ਏਂਜਲਸ ਦੇ ਨੀਮ ਸ਼ਹਿਰੀ ਖੇਤਰ ਦੇ ਇਕ ਡਾਂਸ ਹਾਲ ਵਿਚ ਹੋਏ ਕਤਲੇਆਮ ਵਿਚ 11 ਵਿਅਕਤੀਆਂ ਦੀ ਮੌਤ ਹੋ ਗਈ ਸੀ ਤੇ 9 ਜ਼ਖਮੀ ਹੋ ਗਏ ਸਨ। ਇਸ ਤੋਂ ਇਲਾਵਾ ਇਸ ਹਫਤੇ ਹਾਫ ਬੇਅ ਮੂਨ ਸ਼ਹਿਰ ਦੇ ਖੇਤਾਂ ਵਿਚ ਦੋ ਥਾਵਾਂ ਤੇ ਇਕ ਸ਼ੱਕੀ ਵਿਅਕਤੀ ਨੇ ਗੋਲੀਆਂ ਚਲਾ ਕੇ 7 ਜਣਿਆਂ ਦੀ ਜਾਨ ਲੈ ਲਈ ਸੀ।

# ਪੁਰਸ਼ਾਂ 'ਚ ਵਾਲ਼ਾਂ ਦੇ ਝੜਨ ਦਾ ਕਾਰਨ ਇਹ ਪਾਪੂਲਰ ਡ੍ਰਿੰਕਸ



ਲੰਡਨ : ਦੀ ਇੰਡੀਪੈਂਡਟ ਡਾਟ ਕੋ ਡਾਟ ਯੂ.ਕੇ. ਅਨੁਸਾਰ ਵਾਲ਼ਾਂ ਦੇ ਝੜਨ ਵਿਚ ਜੈਨੇਟਿਕ ਤੇ ਵਾਤਾਵਰਣਕ ਕਾਰਨਾਂ ਦੀ ਭੂਮਿਕਾ ਹੁੰਦੀ ਹੈ, ਪਰ ਡਾਕਟਰਾਂ ਨੇ ਹਾਲ ਹੀ ਵਿਚ ਖੋਜ ਕੀਤੀ ਹੈ ਕਿ ਕੁਝ ਅਜਿਹੇ ਡਰਿੰਕਸ ਹਨ ਜੋ ਮਰਦਾਂ ਵਿੱਚ ਗੰਜੇਪਣ ਦੇ ਜੋਖ਼ਮ ਨੂੰ 30 ਪ੍ਰਤੀਸ਼ਤ ਤੱਕ ਵਧਾਉਂਦੇ ਹਨ। ਬੀਜਿੰਗ ਦੀ ਸਿੰਹੁਆ ਯੂਨੀਵਰਸਿਟੀ ਦੇ ਮਾਹਿਰਾਂ ਮੁਤਾਬਕ ਜੋ ਪੁਰਸ਼ ਰੋਜ਼ਾਨਾ ਮਿੱਠੀ ਚਾਹ, ਕੌਫੀ ਜਾਂ ਐਨਰਜੀ ਡਰਿੰਕਸ ਦਾ ਸੇਵਨ ਕਰਦੇ ਹਨ, ਉਨ੍ਹਾਂ ਦੇ ਵਾਲ਼ ਝੜਨ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ। ਖੋਜਕਾਰਾਂ ਨੇ ਕਿਹਾ ਕਿ ਜੋ ਪੁਰਸ਼ ਹਫ਼ਤੇ ਵਿਚ ਇੱਕ ਤੋਂ ਤਿੰਨ ਲੀਟਰ ਚਾਹ, ਕੌਫੀ ਜਾਂ ਐਨਰਜੀ ਡ੍ਰਿੰਕ ਪੀਂਦੇ ਹਨ, ਉਨ੍ਹਾਂ ਵਿੱਚ ਵੀ ਵਾਲ਼ ਝੜਨ ਦਾ ਖ਼ਤਰਾ ਵਧ ਜਾਂਦਾ ਹੈ।

ਜਿਹੜੇ ਲੋਕ ਇਕ ਦਿਨ ਵਿੱਚ ਇੱਕ ਤੋਂ ਵੱਧ ਮਿੱਠੇ ਵਾਲੇ ਡਰਿੰਕ ਪੀਂਦੇ ਹਨ, ਉਨ੍ਹਾਂ ਵਿੱਚ ਵਾਲ਼ਾਂ ਦੇ ਝੜਨ ਦਾ ਖ਼ਤਰਾ 42 ਪ੍ਰਤੀਸ਼ਤ ਵਧ ਜਾਂਦਾ ਹੈ। ਸਟੱਡੀ ਲਈ, ਮਾਹਿਰਾਂ ਨੇ ਚਾਰ ਮਹੀਨਿਆਂ ਲਈ 18 ਤੋਂ 45 ਸਾਲ ਦੀ ਉਮਰ ਦੇ 1,000 ਚੀਨੀ ਪੁਰਸ਼ਾਂ 'ਤੇ ਅਧਿਐਨ ਕੀਤਾ। ਇਸ ਦੌਰਾਨ ਇਹ ਪਾਇਆ ਗਿਆ ਕਿ ਜੋ ਪੁਰਸ਼ ਜ਼ਿਆਦਾ ਫਾਸਟ ਫੂਡ ਤੇ ਘੱਟ ਸਬਜ਼ੀਆਂ ਖਾਂਦੇ ਹਨ, ਉਨ੍ਹਾਂ ਦੇ ਵਾਲ਼ ਝੜਨ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ। ਨਾਲ ਹੀ ਇਹ ਵੀ ਦੇਖਿਆ ਗਿਆ ਕਿ ਜੋ ਲੋਕ ਬੇਚੈਨੀ ਜਾਂ ਘਬਰਾਹਟ ਵਰਗੀਆਂ ਸਮੱਸਿਆਵਾਂ ਨਾਲ ਜੂਝ ਰਹੇ ਹਨ, ਉਨ੍ਹਾਂ ਵਿੱਚ ਵਾਲ਼ਾਂ ਦਾ ਝੜਨਾ ਵੀ ਵੱਧ ਸਕਦਾ ਹੈ। ਪਹਿਲਾਂ ਵੀ ਕਈ ਅਜਿਹੇ ਅਧਿਐਨ ਹੋਏ ਹਨ, ਜੋ ਸਪੱਸ਼ਟ ਤੌਰ 'ਤੇ ਦਰਸਾਉਂਦੇ ਹਨ ਕਿ ਸਿਹਤਮੰਦ ਖ਼ੁਰਾਕ ਵਾਲ਼ਾਂ ਨੂੰ ਸੁੰਦਰ ਬਣਾਉਣ ਦਾ ਕੰਮ ਕਰਦੀ ਹੈ ਅਤੇ ਵਾਲ਼ਾਂ ਦੇ ਝੜਨ ਦੇ ਖ਼ਤਰੇ ਨੂੰ ਘਟਾਉਂਦੀ ਹੈ।

(ਬਾਕੀ ਸਫ਼ਾ 30 'ਤੇ)

# ਹਾਕੀ ਵਿਸ਼ਵ ਕੱਪ 2023 ਦਾ ਚਮਕਦਾ ਖਿਡਾਰੀ ਸਿੱਖ ਨੌਜਵਾਨ ਜਰਮਨਪ੍ਰੀਤ ਸਿੰਘ

ਸਿੱਖ ਕੌਮ ਦੀ ਰਹਿਨੁਮਾਈ ਕਰਦਾ ਸਿੱਖ ਨੌਜਵਾਨ ਜਰਮਨਪ੍ਰੀਤ ਸਿੰਘ ਭਾਰਤੀ ਫੀਲਡ ਹਾਕੀ ਖਿਡਾਰੀ ਹੈ ਜੋ ਇੱਕ ਡਿਫੈਂਡਰ ਵਜੋਂ ਖੇਡਦਾ ਹੈ। ਉਸਨੇ ਬ੍ਰੇਡਾ ਵਿੱਚ 2018 ਪੁਰਸ਼ ਹਾਕੀ ਚੈਂਪੀਅਨਜ਼ ਟਰਾਫੀ 'ਚ ਆਪਣੀ ਅੰਤਰਰਾਸ਼ਟਰੀ ਸ਼ੁਰੂਆਤ ਕੀਤੀ ਜਿੱਥੇ ਭਾਰਤ ਨੇ ਚਾਂਦੀ ਦਾ ਤਮਗ਼ਾ ਜਿੱਤਿਆ ਸੀ।

**ਜਰਮਨਪ੍ਰੀਤ ਸਿੰਘ ਦੇ ਜੀਵਨ ਵਿਚ ਹਾਕੀ ਖੇਡ ਦੀ ਸ਼ੁਰੂਆਤ**

ਜਰਮਨਪ੍ਰੀਤ ਸਿੰਘ ਨੇ ਛੇਵੀਂ ਜਮਾਤ ਤੋਂ ਹੀ ਹਾਕੀ ਖੇਡਣਾ ਸ਼ੁਰੂ ਕਰ ਦਿੱਤਾ ਸੀ। ਹਾਕੀ ਖੇਡਣ ਦੇ ਜਨੂੰਨ ਕਾਰਨ ਉਹ ਅੰਮ੍ਰਿਤਸਰ ਦੀ ਖਾਲਸਾ ਅਕੈਡਮੀ ਵਿਚ ਦਾਖਲ ਹੋ ਗਿਆ ਕਿਉਂਕਿ ਖ਼ਾਲਸਾ ਅਕੈਡਮੀ ਹਾਕੀ ਦੀ ਖੇਡ 'ਤੇ ਕੇਂਦ੍ਰਿਤ ਸੀ। ਉਸ ਸਮੇਂ ਉਸਦਾ ਕੋਚ ਬਲਜਿੰਦਰ ਸਿੰਘ ਸੀ। ਉਸਦੇ ਪਰਿਵਾਰ ਨੇ ਸ਼ੁਰੂ ਤੋਂ ਹੀ ਉਸਦਾ ਸਮਰਥਨ ਕੀਤਾ। ਬਾਅਦ ਵਿੱਚ ਉਹ ਜਲੰਧਰ ਵਿੱਚ ਸੁਰਜੀਤ ਹਾਕੀ ਅਕੈਡਮੀ ਲਈ ਚੁਣਿਆ ਗਿਆ ਅਤੇ 2011 ਵਿੱਚ ਉਸਨੂੰ ਭਾਰਤੀ ਜੂਨੀਅਰ ਹਾਕੀ ਟੀਮ ਲਈ ਚੁਣਿਆ ਗਿਆ, ਜਿਥੇ ਉਸਦੇ ਅੰਤਰਰਾਸ਼ਟਰੀ ਕੈਰੀਅਰ ਦੀ ਸ਼ੁਰੂਆਤ ਹੋਈ।

ਜਰਮਨਪ੍ਰੀਤ ਸਿੰਘ ਨੇ ਆਪਣੇ ਜਨਮ ਸਥਾਨ ਅੰਮ੍ਰਿਤਸਰ ਵਿਖੇ ਹਾਕੀ ਦੀਆਂ ਬਾਰੀਕੀਆਂ ਸਿੱਖੀਆਂ ਅਤੇ ਹਾਕੀ ਵਿੱਚ ਆਪਣੇ ਹੁਨਰ ਨੂੰ ਪੇਸ਼ ਕਰਨ ਲਈ ਖੇਤਰੀ ਪੱਧਰ 'ਤੇ ਵੱਖ-ਵੱਖ ਟੂਰਨਾਮੈਂਟਾਂ ਵਿੱਚ ਭਾਗ ਲਿਆ ਅਤੇ ਫਿਰ ਅੰਤ ਵਿੱਚ ਸੀਨੀਅਰ ਪੱਧਰ 'ਤੇ ਭਾਰਤ ਦੀ ਨੁਮਾਇੰਦਗੀ ਕਰਨ ਦਾ ਮੌਕਾ ਪ੍ਰਾਪਤ ਕੀਤਾ।

**ਆਦਰਸ਼ ਤੇ ਮਾਰਗਦਰਸ਼ਨ**

ਜਰਮਨਪ੍ਰੀਤ ਸਿੰਘ ਦੇ ਪਿਤਾ ਉਸ ਲਈ ਮਾਰਗਦਰਸ਼ਨ ਤੇ ਹੀਰੋ ਹਨ। ਉਸਦੇ ਜੀਵਨ ਨੂੰ ਸੱਭ ਤੋਂ ਵੱਧ ਪ੍ਰਭਾਵਿਤ ਕਰਨ ਵਾਲੇ ਵਿਅਕਤੀ ਉਸਦੇ ਪਿਤਾ ਹਨ, ਜਿਨ੍ਹਾਂ ਨੇ ਉਸ ਨੂੰ ਹਮੇਸ਼ਾ ਅੱਗੇ ਵੱਧਣ ਲਈ ਪ੍ਰੇਰਿਤ ਕੀਤਾ। ਜਰਮਨਪ੍ਰੀਤ ਸਿੰਘ ਹਮੇਸ਼ਾ ਆਪਣੇ ਪਿਤਾ ਦੀ ਪ੍ਰਸ਼ੰਸਾ ਕਰਦਾ ਆਖਦਾ ਹੈ ਕਿ ਉਹ ਭਵਿੱਖ ਵਿੱਚ ਆਪਣੇ ਪਿਤਾ ਦੇ ਦਸੇਰੇ ਰਾਹਾਂ ਉਤੇ ਚੱਲਣ ਦੀ ਇੱਛਾ ਰੱਖਦਾ ਹੈ।





ਜਰਮਨਪ੍ਰੀਤ ਦੇ ਜੀਵਨ ਨਾਲ ਸਬੰਧਤ ਕੁੱਝ ਅਜਿਹੇ ਪਲ ਵੀ ਹਨ ਜਿਨ੍ਹਾਂ ਨੇ ਉਸ ਨੂੰ ਮਜਬੂਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਜਿਵੇਂ 2015 ਵਿੱਚ ਹਾਕੀ ਇੰਡੀਆ ਲੀਗ (HIL) ਵਿੱਚ ਇੱਕ ਬੇਤਰਤੀਬ ਡਰੱਗ ਟੈਸਟ ਵਿੱਚ ਅਸਫਲ ਰਹਿਣ ਤੋਂ ਬਾਅਦ ਉਸਨੂੰ ਦੋ ਸਾਲ ਦੀ ਮੁਅੱਤਲੀ ਦਿੱਤੀ ਗਈ ਸੀ। ਇਹ ਉਹ ਪਲ ਸੀ ਜਦੋਂ ਉਸਨੇ ਆਪਣੀ ਜ਼ਿੰਦਗੀ ਵਿੱਚ ਇੱਕ ਵਾਰ ਫਿਰ ਭਾਰਤ ਲਈ ਖੇਡਣਾ ਦੀ ਆਸ ਲਗਭਗ ਛੱਡ ਦਿੱਤੀ ਸੀ। ਉਸ ਲਈ ਇਸ ਸਭ ਨਾਲ ਨਜਿੱਠਣਾ ਕਾਫ਼ੀ ਚੁਣੌਤੀਪੂਰਨ ਸੀ ਕਿਉਂਕਿ ਉਸ ਨੂੰ ਇਕੱਲੇ ਸਿਖਲਾਈ ਦੇਣ ਲਈ ਕਿਹਾ ਗਿਆ ਸੀ ਅਤੇ ਕਿਸੇ ਵੀ ਖੇਡਾਂ ਵਿਚ ਹਿੱਸਾ ਲੈਣ ਤੋਂ ਮਨ੍ਹਾ ਕੀਤਾ ਗਿਆ ਸੀ। ਹਾਲਾਂਕਿ, ਉਸਦੇ ਪਰਿਵਾਰ ਦੇ ਸਮਰਥਨ ਨੇ ਉਸਨੂੰ ਇਹ ਅਹਿਸਾਸ ਕਰਨ ਵਿੱਚ ਮਦਦ ਕੀਤੀ ਕਿ ਜੇ ਉਹ ਇਸ ਵਿੱਚ ਲੋੜੀਂਦੀ ਕੋਸ਼ਿਸ਼ ਅਤੇ ਹੁਨਰ ਰੱਖਦਾ ਹੈ ਤਾਂ ਕੁਝ ਵੀ ਸੰਭਵ ਹੈ। ਉਸ ਨੇ ਉਸ ਔਖੇ ਸਮੇਂ ਨੂੰ ਆਪਣੇ ਪਰਿਵਾਰ ਦੀ ਮਦਦ ਅਤੇ ਪ੍ਰਮਾਤਮਾ ਦੀ ਰਹਿਮਤ ਨਾਲ ਸਹਿਣ ਕੀਤਾ।

**ਜਰਮਨਪ੍ਰੀਤ ਸਿੰਘ ਪ੍ਰੋਫੈਸ਼ਨਲ ਲਾਈਫ**

ਜਰਮਨਪ੍ਰੀਤ ਸਿੰਘ 2013-14 ਦੀ ਮਿਆਦ ਦੇ ਵਿਚਕਾਰ ਅੰਡਰ 21 ਪੱਧਰ 'ਤੇ ਭਾਰਤ ਲਈ ਖੇਡਿਆ ਜਿੱਥੇ ਉਹ 12 ਵਾਰ ਖੇਡਿਆ ਅਤੇ ਵਧੀਆ ਪ੍ਰਦਰਸ਼ਨ ਕੀਤਾ। ਉਸਨੇ ਸਾਲ 2018 ਵਿੱਚ ਸੀਨੀਅਰ ਪੱਧਰ 'ਤੇ ਪੰਜਾਬ ਦੀ ਨੁਮਾਇੰਦਗੀ ਕੀਤੀ ਜਿੱਥੇ ਉਸਨੇ ਹੁਣ ਤੱਕ 33 ਪ੍ਰਦਰਸ਼ਨ ਵਿਚ 5 ਗੋਲ ਕੀਤੇ ਸਨ।

ਉਹ ਭਾਰਤੀ ਟੀਮ ਦਾ ਇਕ ਸਮਰਪਿਤ ਮੈਂਬਰ ਹੈ ਜਿਸਨੇ 2018 ਬਰੇਡਾ ਹਾਕੀ ਟੂਰਨਾਮੈਂਟ ਵਿੱਚ ਚਾਂਦੀ ਦਾ ਤਮਗ਼ਾ ਜਿੱਤਿਆ ਸੀ ਅਤੇ ਬਾਅਦ ਵਿੱਚ ਏਸ਼ੀਅਨ ਖੇਡਾਂ ਸਾਲ 2018 ਵਿਚ ਸੋਨੇ ਦਾ ਤਮਗ਼ਾ, 2021 ਵਿੱਚ ਚਾਂਦੀ ਦਾ ਤਮਗ਼ਾ, ਕਾਮਨਵੈਲਥ ਖੇਡਾਂ 2022 ਵਿਚ ਚਾਂਦੀ ਦਾ ਤਮਗ਼ਾ ਤੇ 2023 ਵਿਚ ਵਿਸ਼ਵ ਕੱਪ ਵਿਚ ਚੰਗਾ ਪ੍ਰਦਰਸ਼ਨ ਕਰ ਕੇ ਸਿੱਖ ਕੌਮ ਦੇ ਮਾਣ ਵਿਚ ਵਾਧਾ ਕੀਤਾ। ਉਹ ਰੇਲਵੇ ਸਪੋਰਟਸ ਪ੍ਰਮੋਸ਼ਨ ਬੋਰਡ ਲਈ ਵੀ ਖੇਡਦਾ ਹੈ।

**ਜਰਮਨਪ੍ਰੀਤ ਸਿੰਘ ਦਾ ਸੁਪਨਾ**

ਆਉਣ ਵਾਲੇ ਸਮੇਂ ਦੌਰਾਨ ਜਰਮਨਪ੍ਰੀਤ ਸਿੰਘ ਵਿਸ਼ਵ ਕੱਪ, ਅਗਾਮੀ ਏਸ਼ੀਆਈ ਖੇਡਾਂ ਅਤੇ 2024 ਵਿੱਚ ਪੈਰਿਸ ਓਲੰਪਿਕ ਵਿੱਚ ਚੰਗਾ ਪ੍ਰਦਰਸ਼ਨ ਕਰਨਾ ਚਾਹੁੰਦਾ ਹੈ। ਨਤੀਜੇ ਵਜੋਂ, ਉਹ ਹਰ ਇੱਕ ਕਦਮ ਅੱਗੇ ਵਧਣ 'ਤੇ ਧਿਆਨ ਦੇ ਰਿਹਾ ਹੈ ਅਤੇ ਹਰ



ਮੁਕਾਬਲੇ ਵਿੱਚ ਦੇਸ਼ ਲਈ ਤਮਗ਼ੇ ਲਿਆਉਣਾ ਚਾਹੁੰਦਾ ਹੈ ਤੇ ਸਿੱਖੀ ਨੂੰ ਪ੍ਰਫੁੱਲਤ ਕਰਨ ਦੀ ਇੱਛਾ ਉਸ ਦੇ ਜਿਹਨ ਵਿਚ ਹੈ।। ਇਸ ਵਾਰ ਭਾਰਤੀ ਟੀਮ ਸਭ ਤੋਂ ਤਾਜ਼ਾ ਓਲੰਪਿਕ ਵਿੱਚ ਤੀਜੇ ਸਥਾਨ 'ਤੇ ਰਹੀ ਹੈ, ਉਨ੍ਹਾਂ ਦਾ ਸਮੂਹਿਕ ਟੀਚਾ 2024 ਵਿੱਚ ਸੋਨ ਤਮਗ਼ਾ ਜਿੱਤਣਾ ਹੈ।

*ਨਿਊਯਾਰਕ 'ਚ ਟਰੱਕ ਚਾੜ੍ਹ ਕੇ 8 ਲੋਕਾਂ ਨੂੰ ਮਾਰਨ ਦਾ ਮਾਮਲਾ*

## ਸੰਘੀ ਅਦਾਲਤ ਨੇ ਸ਼ੱਕੀ ਸੇਫੁਲੋ ਸਾਈਪੋਵ ਨੂੰ ਦੋਸ਼ੀ ਠਹਿਰਾਇਆ, ਹੋ ਸਕਦੀ ਹੈ ਮੌਤ ਦੀ ਸਜ਼ਾ



ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਇਕ ਸੰਘੀ ਅਦਾਲਤ ਨੇ 2017 ਵਿਚ ਹੈਲੋਵੀਨ ਦਿਵਸ ਵਾਲੇ ਦਿਨ ਨਿਊਯਾਰਕ ਸਿਟੀ ਬਾਈਕ ਪਾਥ 'ਤੇ ਟਰੱਕ ਚਾੜ੍ਹ ਕੇ 8 ਲੋਕਾਂ ਦੀਆਂ ਹੱਤਿਆਵਾਂ ਕਰਨ ਦੇ ਮਾਮਲੇ ਵਿਚ ਸ਼ੱਕੀ ਸੇਫੁਲੋ ਸਾਈਪੋਵ ਨੂੰ ਦੋਸ਼ੀ ਠਹਿਰਾਇਆ ਹੈ। 9-11 ਹਮਲੇ ਤੋਂ ਬਾਅਦ ਨਿਊਯਾਰਕ ਵਿਚ ਇਸ ਘਟਨਾ ਨੂੰ ਭਿਆਨਕ ਅੱਤਵਾਦੀ ਹਮਲਾ ਮੰਨਿਆ ਗਿਆ ਹੈ ਜਿਸ ਵਿਚ 6 ਵਿਦੇਸ਼ੀ ਸੈਲਾਨੀ ਤੇ 2 ਅਮਰੀਕੀ ਮਾਰੇ ਗਏ ਸਨ। ਸ਼ੱਕੀ ਦੋਸ਼ੀ ਨੇ ਹੱਤਿਆਵਾਂ ਲਈ ਕਿਰਾਏ 'ਤੇ ਲਿਆ ਟਰੱਕ ਵਰਤਿਆ। ਸੰਘੀ ਅਦਾਲਤ ਨੇ ਇਸ ਨੂੰ ਅੱਤਵਾਦ ਦਾ ਮਾਮਲਾ ਮੰਨਿਆ ਹੈ।

ਇਸਤਗਾਸਾ ਪੱਖ ਦੇ ਵਕੀਲਾਂ ਨੇ ਜੱਜਾਂ ਨੂੰ ਕਿਹਾ ਕਿ ਸਾਈਪੋਵ ਨੇ ਜਾਣਬੁੱਝ ਕੇ ਲੋਕਾਂ ਨੂੰ ਟਰੱਕ ਹੇਠਾਂ ਦਰੜਿਆ ਸੀ ਕਿਉਂਕਿ ਉਹ ਅੱਤਵਾਦੀ ਸੰਗਠਨ ਆਈ ਐਸ ਆਈ ਐਸ ਦਾ ਮੈਂਬਰ ਬਣਨਾ ਚਾਹੁੰਦਾ ਸੀ। ਹਾਲਾਂਕਿ ਬਚਾਅ ਪੱਖ ਦੇ ਵਕੀਲ ਪੈਟਨ ਨੇ ਇਸਤਗਾਸਾ ਪੱਖ ਦੇ ਵਕੀਲਾਂ ਦੇ ਇਸ ਦਾਅਵੇ ਨਾਲ ਸਹਿਮਤੀ ਨਹੀਂ ਪ੍ਰਗਟਾਈ। ਉਸ ਨੇ ਕਿਹਾ ਕਿ ਸਾਈਪੋਵ ਨੇ ਧਾਰਮਿਕ ਭਾਵਨਾ ਤਹਿਤ ਘਟਨਾ ਨੂੰ ਅੰਜਾਮ ਦਿੱਤਾ ਸੀ ਕਿਉਂਕਿ ਉਹ ਬਹਿਸ਼ਤ ਵਿਚ ਜਗ੍ਹਾ ਬਣਾਉਣ ਲਈ ਅੱਲਾ ਨੂੰ ਖੁਸ਼ ਕਰਨਾ ਚਾਹੁੰਦਾ ਸੀ। ਸ਼ੱਕੀ ਦੋਸ਼ੀ ਨੇ ਆਪਣੇ ਆਪ ਨੂੰ ਬੇਗੁਨਾਹ ਦੱਸਿਆ। ਅਦਾਲਤ ਵਿਚ ਦੋ ਦਿਨਾਂ ਦੌਰਾਨ ਤਕਰੀਬਨ 6 ਘੰਟੇ ਬਹਿਸ ਹੋਈ। ਦੋਸ਼ੀ ਨੂੰ ਮੌਤ ਦੀ ਸਜ਼ਾ ਹੋ ਸਕਦੀ ਹੈ ਜਾਂ ਉਮਰ ਭਰ ਲਈ ਜੇਲ੍ਹ ਜਾਣਾ ਪਵੇਗਾ। ਮੌਤ ਦੀ ਸਜ਼ਾ ਲਈ ਜਰੂਰੀ ਹੈ ਕਿ ਅਦਾਲਤ ਦੇ ਸਾਰੇ ਜੱਜਾਂ ਵਿਚਾਲੇ ਸਹਿਮਤੀ ਹੋਵੇ। ਜੇਕਰ ਇਕ ਜੱਜ ਵੀ ਮੌਤ ਦੀ ਸਜ਼ਾ ਦਾ ਵਿਰੋਧ ਕਰਦਾ ਹੈ ਤਾਂ ਦੋਸ਼ੀ ਨੂੰ ਉਮਰ ਭਰ ਲਈ ਜੇਲ੍ਹ ਹੋ ਸਕਦੀ ਹੈ। ਸਜ਼ਾ ਲਈ ਅਦਾਲਤ ਦੀ ਕਾਰਵਾਈ 6 ਫਰਵਰੀ ਤੋਂ ਸ਼ੁਰੂ ਹੋਵੇਗੀ।

## ਕਾਲੇ ਵਿਅਕਤੀ ਦੀ ਮੌਤ ਦਾ ਮਾਮਲਾ, ਪੁਲਿਸ ਵਿਭਾਗ ਨੇ ਆਪਣਾ ਯੂਨਿਟ ਸਥਾਈ ਤੌਰ 'ਤੇ ਕੀਤਾ ਭੰਗ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ:- ਮੈਮਫਿਸ ਪੁਲਿਸ ਵਿਭਾਗ ਨੇ ਟਾਇਰ ਨਿਕੋਲਸ ਨਾਮੀ ਕਾਲੇ ਵਿਅਕਤੀ ਦੀ ਪੁਲਿਸ ਦੁਆਰਾ ਬੇਦਰਦੀ ਨਾਲ ਕੀਤੀ ਗਈ ਕੁੱਟਮਾਰ ਦੀ ਵੀਡੀਓ ਜਾਰੀ ਹੋਣ ਉਪਰੰਤ ਆਪਣਾ ਸਬੰਧਤ ਯੁਨਿਟ ਸਥਾਈ ਤੌਰ 'ਤੇ ਭੰਗ ਕਰ ਦਿੱਤਾ ਹੈ। ਕੁੱਟਮਾਰ ਵਿਚ ਇਸ ਯੁਨਿਟ ਦੇ 5 ਪੁਲਿਸ ਅਫਸਰ ਸ਼ਾਮਿਲ ਸਨ। ਇਹ ਸਕਾਰਪੀਅਨ ਯੁਨਿਟ 2021 ਵਿਚ ਸ਼ਹਿਰ ਵਿਚ ਵਧ ਰਹੇ ਅਪਰਾਧਾਂ ਦੀ ਰੋਕਥਾਮ ਲਈ ਬਣਾਇਆ ਗਿਆ ਸੀ ਪ੍ਰੰਤੂ 29 ਸਾਲਾ ਨਿਕੋਲਸ ਦੀ ਕੁੱਟਮਾਰ ਉਪਰੰਤ ਹੋਈ ਮੌਤ ਕਾਰਨ ਇਸ ਯੁਨਿਟ ਦੀ ਚੁਫੇਰਿਓਂ ਨਿੰਦਾ ਹੋਈ ਹੈ ਤੇ ਲੋਕ ਪ੍ਰਦਰਸ਼ਨ ਕਰਨ ਦੇ ਪ੍ਰੋਗਰਾਮ ਬਣਾ ਰਹੇ ਹਨ। 7 ਜਨਵਰੀ ਨੂੰ ਇਕ ਟ੍ਰੈਫਿਕ ਸਟਾਪ ਤੇ ਪੁਲਿਸ ਨੇ ਨਿਕੋਲਸ ਨਾਲ ਹੋਈ ਤਕਰਾਰ ਉਪਰੰਤ ਉਸ ਨੂੰ ਬੁਰੀ ਤਰ੍ਹਾਂ ਕੁੱਟਿਆ ਸੀ। 10 ਜਨਵਰੀ ਨੂੰ ਨਿਕੋਲਸ ਦੀ ਹਸਪਤਾਲ ਵਿਚ ਮੌਤ ਹੋ ਗਈ ਸੀ।

# ਆਸਟ੍ਰੇਲੀਆ 'ਚ ਰੈਫਰੈਂਡਮ ਦੌਰਾਨ ਖ਼ਾਲਿਸਤਾਨੀਆਂ ਤੇ ਭਾਰਤੀ ਰਾਸ਼ਟਰਵਾਦੀਆਂ ਵਿਚਾਲੇ ਟਕਰਾਅ 'ਚ ਦੋ ਜ਼ਖ਼ਮੀ



ਮੈਲਬੌਰਨ/ਏ.ਟੀ.ਨਿਊਜ਼ :- ਆਸਟ੍ਰੇਲੀਆ ਵਿਚ ਖ਼ਾਲਿਸਤਾਨ ਸਮਰਥਕਾਂ ਦੇ ਰੈਫਰੈਂਡਮ ਨੂੰ ਲੈ ਕੇ ਬੀਤੇ ਦਿਨੀਂ ਹੰਗਾਮਾ ਹੋ ਗਿਆ ਹੈ। ਰੈਫਰੈਂਡਮ ਦੌਰਾਨ ਖ਼ਾਲਿਸਤਾਨੀਆਂ ਅਤੇ ਭਾਰਤੀ ਰਾਸ਼ਟਰਵਾਦੀ ਪ੍ਰਦਰਸ਼ਨਕਾਰੀਆਂ ਵਿਚਾਲੇ ਦੋ ਥਾਵਾਂ 'ਤੇ ਭੇੜ ਹੋਇਆ, ਜਿਸ ਵਿਚ ਦੋ ਲੋਕ ਜ਼ਖ਼ਮੀ ਹੋਏ ਹਨ। ਘਟਨਾ ਨੂੰ ਲੈ ਕੇ ਕਈ ਖ਼ਾਲਿਸਤਾਨੀਆਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ।ਏਜ ਅਖ਼ਬਾਰ ਮੁਤਾਬਕ, ਐਤਵਾਰ ਨੂੰ ਰੈਫਰੈਂਡਮ ਵਾਲੀ ਥਾਂ ਦੇ ਕੋਲ ਸ਼ਾਮ ਸਾਢੇ ਚਾਰ ਵਜੇ ਭਾਰਤ ਸਮਰਥਕ ਪ੍ਰਦਰਸ਼ਨਕਾਰੀ ਰਾਸ਼ਟਰੀ ਝੰਡਾ ਲਹਿਰਾ ਰਹੇ ਸਨ। ਇਸ ਦੌਰਾਨ ਭਾਰਤ ਵਿਚ ਪਾਬੰਦੀਸ਼ੁਦਾ ਸੰਗਠਨ ਸਿੱਖਸ ਫਾਰ ਜਸਟਿਸ ਦੇ ਕਾਰਕੁੰਨ ਆਪਸ ਵਿਚ ਭਿੜ ਗਏ ਅਤੇ ਉਹ ਖ਼ਾਲਿਸਤਾਨੀ ਝੰਡਾ ਲੈ ਕੇ ਉਨ੍ਹਾਂ ਨੂੰ ਭਜਾਉਣ ਲੱਗੇ। ਇਸ ਦੌਰਾਨ ਦੋ ਲੋਕਾਂ ਦੇ ਮਾਮੂਲੀ ਸੱਟਾਂ ਵੱਜੀਆਂ। ਵਿਕਟੋਰੀਆ ਪੁਲਿਸ ਨੇ ਦੋਵੇਂ ਘਟਨਾਵਾਂ ਵਿਚ ਇਕ-ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕਰਦੇ ਹੋਏ ਉਨ੍ਹਾਂ ਦੇ ਦੰਗਾਕਾਰੀ ਵਿਵਹਾਰ ਨੂੰ ਲੈ ਕੇ ਪੈਨਲਟੀ ਨੋਟਿਸ ਜਾਰੀ ਕੀਤਾ ਹੈ।

### ਬ੍ਰਿਟਿਸ਼ ਸਰਕਾਰ ਨੇ ਆਪਣੇ ਨਾਗਰਿਕਾਂ ਨੂੰ ਦਿੱਤੀ ਚੇਤਾਵਨੀ

# ਚੀਨੀ ਐਲ.ਈ.ਡੀ. ਲਾਈਟਾਂ ਰਾਹੀਂ ਬ੍ਰਿਟੇਨ ਵਿੱਚ ਜਸੂਸੀ

**ਲੈਪਟਾਪ, ਫਰਿੱਜ ਵਰਗੀਆਂ ਘਰੇਲੂ ਚੀਜ਼ਾਂ ਰਾਹੀਂ ਜਾਣਕਾਰੀ ਲੈ ਰਿਹਾ ਏ ਚੀਨ, ਉਨ੍ਹਾਂ ਵਿੱਚ ਲੱਗੀ ਏ ਮਾਈਕ੍ਰੋਚਿੱਪ**

ਲੰਡਨ/ਏ.ਟੀ.ਨਿਊਜ਼ :- ਚੀਨ ਦਾ ਜਾਸੂਸੀ ਨੈੱਟਵਰਕ ਦੁਨੀਆ ਵਿਚ ਏਨਾ ਫੈਲ ਚੁੱਕਾ ਹੈ ਕਿ ਉਹ ਬ੍ਰਿਟੇਨ ਵਰਗੇ ਦੇਸ਼ਾਂ ਦੇ ਕਰੋੜਾਂ ਲੋਕਾਂ ਦੀ ਨਿੱਜੀ ਜਾਣਕਾਰੀ ਚੁਟਕੀ ਵਿਚ ਹਾਸਲ ਕਰ ਸਕਦਾ ਹੈ। ਇਸ ਦੇ ਲਈ ਉਸ ਨੇ ਜਸੂਸ ਨਹੀਂ ਰੱਖੇ ਹਨ, ਪਰ ਫਰਿੱਜ, ਲੈਪਟਾਪ, ਮੋਬਾਈਲ ਫੋਨ ਜਾਂ ਮਿਕਸਰ-ਗ੍ਰਾਈਂਡਰ ਵਰਗੀਆਂ ਘਰੇਲੂ ਚੀਜ਼ਾਂ ਕਾਫੀ ਹਨ।

ਬ੍ਰਿਟਿਸ਼ ਸਰਕਾਰ ਨੇ ਲੰਬੀ ਜਾਂਚ ਤੋਂ ਬਾਅਦ ਦੱਸਿਆ ਹੈ ਕਿ ਹਰ ਘਰ ਵਿਚ ਇਸਤੇਮਾਲ ਹੋਣ ਵਾਲੇ ਚੀਨੀ ਸਾਮਾਨ ਵਿਚ ਮਾਈਕ੍ਰੋਚਿੱਪ ਲਗਾਈ ਜਾਂਦੀ ਹੈ, ਜਿਸ ਰਾਹੀਂ ਚੀਨ ਨੂੰ ਨਿੱਜੀ ਜਾਣਕਾਰੀ ਮਿਲਦੀ ਰਹਿੰਦੀ ਹੈ। ਇੰਨਾ ਹੀ ਨਹੀਂ, ਕਾਰਾਂ ਵਿੱਚ ਵਰਤੇ ਜਾਣ ਵਾਲੇ ਪਾਰਟਸ, ਜੋ ਕਿ ਚੀਨ ਤੋਂ ਆਉਂਦੇ ਹਨ, ਵਿੱਚ ਜਸੂਸੀ ਚਿੱਪ ਲੱਗੇ ਹਨ। ਬ੍ਰਿਟਿਸ਼ ਸਰਕਾਰ ਨੇ ਆਪਣੇ ਮੰਤਰੀਆਂ ਅਤੇ ਨਾਗਰਿਕਾਂ ਨੂੰ ਸੁਚੇਤ ਕੀਤਾ ਹੈ ਕਿ ਤੁਹਾਡੇ ਘਰ ਵਿਚ ਲੱਗੇ ਐਲਈਡੀ ਬਲਬ ਵਿਚ ਚੀਨ ਦਾ ਜਾਸੂਸੀ ਯੰਤਰ ਵੀ ਹੋ ਸਕਦਾ ਹੈ। ਇਸ ਲਈ, ਇਹ ਕੇਵਲ ਨਿਜਤਾ ਦਾ ਮਾਮਲਾ ਨਹੀਂ ਹੈ, ਸਗੋਂ ਰਾਸ਼ਟਰੀ ਸੁਰੱਖਿਆ ਦਾ ਮਾਮਲਾ ਹੈ।

ਯੂ.ਕੇ. ਦੀਆਂ ਕਈ ਯੂਨੀਵਰਸਿਟੀਆਂ ਨੇ ਚੀਨੀ ਕੰਪਨੀਆਂ ਨਾਲ ਤਕਨਾਲੋਜੀ ਨਾਲ ਸਬੰਧਤ ਸਮਝੌਤੇ ਕੀਤੇ ਹਨ। ਬ੍ਰਿਟਿਸ਼ ਸਰਕਾਰ ਨੂੰ ਹੁਣ ਇਹ ਮਹਿਸੂਸ ਹੋਣ ਲੱਗਾ ਹੈ ਕਿ ਇਹ ਚੀਨੀ ਕੰਪਨੀਆਂ ਬ੍ਰਿਟਿਸ਼ ਯੂਨੀਵਰਸਿਟੀਆਂ ਤੋਂ ਖੋਜ ਨਾਲ ਜੁੜੀ ਜਾਣਕਾਰੀ ਚੋਰੀ ਕਰ ਰਹੀਆਂ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਕੰਪਨੀਆਂ ਅਜਿਹੀਆਂ ਵੀ ਹਨ, ਜਿਨ੍ਹਾਂ 'ਤੇ ਅਫਰੀਕੀ ਦੇਸ਼ਾਂ ਵਿਚ ਜਸੂਸੀ ਦੇ ਦੋਸ਼ ਲੱਗੇ ਹਨ। ਪਾਬੰਦੀਸ਼ੁਦਾ ਕੁਝ ਕੰਪਨੀਆਂ ਨਵੇਂ ਨਾਵਾਂ ਨਾਲ ਚੱਲ ਰਹੀਆਂ ਹਨ।

2018 ਵਿੱਚ ਇਥੋਪੀਆ ਦੀ ਰਾਜਧਾਨੀ ਅਦੀਸ ਅਬਾਬਾ ਵਿੱਚ ਅਫਰੀਕਨ ਯੂਨੀਅਨ ਦੀ ਇਮਾਰਤ ਵਿੱਚ ਕੁਝ ਸਰਵਰ ਮਿਲੇ ਸਨ। ਚੀਨ ਨੇ ਇੱਕ ਡਿਜੀਟਲ ਨੈੱਟਵਰਕ ਬਣਾਇਆ ਸੀ ਜਿਸ ਰਾਹੀਂ ਗੁਪਤ ਡਾਟਾ ਅਤੇ ਵੀਡੀਓ ਚੀਨੀ ਸਰਕਾਰ ਨੂੰ ਟਰਾਂਸਫਰ ਕੀਤੇ ਜਾਂਦੇ ਸਨ।ਵੱਡੀ ਚਿੰਤਾ ਇਸ ਗੱਲ ਦੀ ਹੈ ਕਿ ਵਿਸ਼ਵ ਦੇ ਤਕਨਾਲੋਜੀ ਬਾਜ਼ਾਰ ਵਿੱਚ 54% ਹਿੱਸੇਦਾਰੀ ਸਿਰਫ 3 ਚੀਨੀ ਕੰਪਨੀਆਂ ਦੀ ਹੈ।

ਜਸੂਸੀ ਲਈ ਵਰਤੇ ਜਾ ਰਹੇ ਟੈਕਨਾਲੋਜੀ ਯੰਤਰਾਂ ਬਾਰੇ ਖੁਲਾਸਿਆਂ ਨੇ ਪੂਰੀ ਦੁਨੀਆ ਨੂੰ ਚਿੰਤਤ ਕਰ ਦਿੱਤਾ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਸਿਰਫ 3 ਚੀਨੀ ਕੰਪਨੀਆਂ



'ਕੁਏਕਟੇਲ' 'ਫਾਈਬੋਕਾਮ' ਅਤੇ 'ਚਾਈਨਾ ਮੋਬਾਈਲ' ਨੇ ਇਲੈਕਟ੍ਰੋਨਿਕਸ ਉਪਕਰਣਾਂ ਦੇ ਗਲੋਬਲ ਮਾਰਕੀਟ ਵਿੱਚ 54% ਹਿੱਸੇਦਾਰੀ ਹਾਸਲ ਕਰ ਚੁਕੀਆਂ ਹਨ। ਦੁਨੀਆਂ ਦੀਆਂ 10 ਵੱਡੀਆਂ ਲੈਪਟਾਪ ਕੰਪਨੀਆਂ ਇਨ੍ਹਾਂ ਤਿੰਨ ਕੰਪਨੀਆਂ ਦੇ ਪਾਰਟਸ ਦੀ ਵਰਤੋਂ ਕਰਦੀਆਂ ਹਨ। ਕਨੈਕਟੀਵਿਟੀ ਨਾਲ ਜੁੜੇ ਕਾਰੋਬਾਰ ਵਿੱਚ, ਇਨ੍ਹਾਂ ਤਿੰਨਾਂ ਕੰਪਨੀਆਂ ਨੇ ਦੁਨੀਆ ਵਿੱਚ 75% ਮਾਰਕੀਟ ਹਿੱਸੇਦਾਰੀ ਹਾਸਲ ਕੀਤੀ ਹੋਈ ਹੈ।

ਖਾਸ ਗੱਲ ਇਹ ਹੈ ਕਿ ਤਿੰਨੋਂ ਕੰਪਨੀਆਂ ਚੀਨ ਸਰਕਾਰ ਦੇ ਕੰਟਰੋਲ ਵਿਚ ਹਨ। ਟੇਸਲਾ ਵਰਗੀਆਂ ਵੱਡੀਆਂ ਕਾਰ ਕੰਪਨੀਆਂ ਕਨੈਕਟੀਵਿਟੀ ਲਈ ਇਨ੍ਹਾਂ ਤਿੰਨਾਂ ਕੰਪਨੀਆਂ ਦੇ ਨੈੱਟਵਰਕ ਦੀ ਵਰਤੋਂ ਕਰਦੀਆਂ ਹਨ।

**57 ਨੈੱਟਵਰਕ ਤੋਂ ਮੁੱਖ ਲੋਕਾਂ ਅਤੇ ਵੱਡੀਆਂ ਸੰਸਥਾਵਾਂ 'ਤੇ ਨਜ਼ਰ**

ਬ੍ਰਿਟਿਸ਼ ਸਰਕਾਰ ਦੇ ਅਨੁਸਾਰ, ਚੀਨੀ ਸਮਾਨ ਵਿੱਚ ਸ਼ਾਮਲ ਜਸੂਸੀ ਚਿਪਸ 5ਜੀ ਨੈਟਵਰਕ ਤੋਂ ਕੰਮ ਕਰ ਰਹੇ ਹਨ। ਇਹ ਚੀਨ ਦੇ ਵੱਖ-ਵੱਖ ਸਰਵਰਾਂ ਨਾਲ ਜੁੜੇ ਹੋਏ ਹਨ। ਇਨ੍ਹਾਂ ਵਿਚ ਬ੍ਰਿਟੇਨ ਦੇ ਪ੍ਰਮੁੱਖ ਲੋਕਾਂ, ਸੰਸਥਾਵਾਂ ਅਤੇ ਫੌਜੀ ਗਤੀਵਿਧੀਆਂ ਦਾ ਡਾਟਾ ਪਹੁੰਚ ਰਿਹਾ ਹੈ। ਚੀਨ ਦੀਆਂ ਜ਼ਿਆਦਾਤਰ ਵੱਡੀਆਂ ਕੰਪਨੀਆਂ ਸਰਕਾਰੀ ਮਾਲਕੀ ਵਾਲੀਆਂ ਹਨ। ਖਾਸ ਤੌਰ 'ਤੇ ਟੈਲੀਕਾਮ ਉਤਪਾਦ ਸਰਕਾਰੀ ਕੰਪਨੀਆਂ ਵੱਲੋਂ ਹੀ

(ਬਾਕੀ ਸਫ਼ਾ 30 'ਤੇ)

# ਰਾਜਕੁਮਾਰੀ ਸੋਫੀਆ ਦਲੀਪ ਸਿੰਘ ਲੰਡਨ 'ਚ ਇੱਕ ਯਾਦਗਾਰੀ ਨੀਲੀ ਤਖ਼ਤੀ ਨਾਲ ਸਨਮਾਨਿਤ




**ਨੀਲਾ ਚਿੰਨ੍ਹ ਪ੍ਰਾਪਤ ਕਰਨ ਲਈ ਨਵੀਨਤਮ ਲੋਕਾਂ ਦੀ ਸੂਚੀ ਵਿੱਚ ਸੰਗੀਤਕਾਰ, ਸ਼ਫਰਗੇਟ ਅਤੇ ਸਥਾਨਕ ਨਾਇਕ ਸ਼ਾਮਲ**



ਲੰਡਨ/ਏ.ਟੀ.ਨਿਊਜ਼ :- ਸਿੱਖ ਬ੍ਰਿਟਿਸ਼ ਰਾਜਕੁਮਾਰੀ ਸੋਫੀਆ ਦਲੀਪ ਸਿੰਘ ਨੂੰ ਲੰਡਨ ਵਿੱਚ ਇੱਕ ਯਾਦਗਾਰੀ ਨੀਲੀ ਤਖ਼ਤੀ ਨਾਲ ਸਨਮਾਨਿਤ ਕੀਤਾ ਗਿਆ। ਰਾਜਕੁਮਾਰੀ ਸੋਫੀਆ ਦਲੀਪ ਸਿੰਘ ਸਿੱਖ ਸਾਮਰਾਜ ਦੇ ਆਖਰੀ ਸ਼ਾਸਕ ਮਹਾਰਾਜਾ ਦਲੀਪ ਸਿੰਘ ਦੀ ਧੀ ਸੀ। ਰਾਜਕੁਮਾਰੀ ਸੋਫੀਆ ਉਨ੍ਹਾਂ ਪ੍ਰਮੁੱਖ ਪ੍ਰਬੰਧਕਾਂ ਵਿੱਚੋਂ ਸੀ ਜਿਨ੍ਹਾਂ ਨੇ 1900 ਦੇ ਦਹਾਕੇ ਵਿੱਚ ਬ੍ਰਿਟੇਨ ਵਿੱਚ ਔਰਤਾਂ ਦੇ ਵੋਟ ਦੇ ਅਧਿਕਾਰ ਲਈ ਅੰਦੋਲਨ ਸ਼ੁਰੂ ਕੀਤਾ ਸੀ।

ਇੰਗਲਿਸ਼ ਹੈਰੀਟੇਜ ਜੋ ਬਲੂ ਪਲੇਕ ਸਕੀਮ ਨੂੰ ਚਲਾਉਂਦੀ ਹੈ, ਨੇ ਘੋਸ਼ਣਾ ਵਿੱਚ ਕਿਹਾ ਕਿ ਮਹਾਰਾਜਾ ਦਲੀਪ ਸਿੰਘ ਦੀ ਧੀ ਅਤੇ ਮਹਾਰਾਣੀ ਵਿਕਟੋਰੀਆ ਦੀ ਰਾਣੀ ਰਾਜਕੁਮਾਰੀ ਸੋਫੀਆ ਕੋਲ ਪਹਿਲਾਂ ਹੀ ਹਾਲੈਂਡ ਪਾਰਕ (ਲੰਡਨ) ਵਿੱਚ ਇੱਕ ਤਖ਼ਤੀ ਹੈ। ਰਾਜਕੁਮਾਰੀ ਸੋਫੀਆ ਦਲੀਪ ਸਿੰਘ ਵੂਮੈਨਜ਼ ਸੋਸ਼ਲ ਐਂਡ ਪੋਲੀਟਿਕਲ ਯੂਨੀਅਨ (ਡਬਲਯੂਐਸਪੀਯੂ) ਅਤੇ ਵੂਮੈਨਜ਼ ਟੈਕਸ ਰੇਸਿਸਟੈਂਸ ਲੀਗ (ਡਬਲਯੂਟੀਆਰਐਲ) ਦੀ ਇੱਕ ਸਮਰਪਿਤ ਮੈਂਬਰ ਸੀ। ਤਖ਼ਤੀ ਹੈਮਪਟਨ ਕੋਰਟ ਪੈਲੇਸ ਦੇ ਨੇੜੇ ਉਸ ਘਰ 'ਤੇ ਲੱਗੇਗੀ ਜੋ ਉਸ ਨੂੰ ਉਸ ਦੀ ਧਰਮ ਮਾਂ, ਮਹਾਰਾਣੀ ਵਿਕਟੋਰੀਆ ਦੁਆਰਾ ਤੋਹਫੇ ਵਜੋਂ ਦਿੱਤਾ ਗਿਆ ਸੀ।

ਰਾਜਕੁਮਾਰੀ ਸੋਫੀਆ ਦਲੀਪ ਸਿੰਘ ਤੋਂ ਇਲਾਵਾ ਇਹ ਤਖਤੀ ਕਲਾਉਡੀਆ ਜੋਨਸ (1915-1964), ਜੋ ਇਕ ਪੱਤਰਕਾਰ ਸੀ ਜਿਸ ਨੇ ਨਸਲਵਾਦ ਵਿਰੋਧੀ ਕਾਰਕੁਨ ਅਤੇ 'ਨੋਟਿੰਗ ਹਿੱਲ ਕਾਰਨੀਵਲ' ਦਾ ਸੰਸਥਾਪਕ ਸੀ। ਇਹ ਤਖਤੀ ਵੌਕਸਹਾਲ ਪਤੇ ਨੂੰ ਚਿੰਨ੍ਹਿਤ ਕਰੇਗੀ ਜਿੱਥੇ ਜੋਨਸ ਰਹਿ ਰਹੀ ਸੀ।

ਯੇਹੂਦੀ ਮੇਨੂਹੀਨ (1916-1999), ਵੀਹਵੀਂ ਸਦੀ ਦੇ ਸਭ ਤੋਂ ਮਸ਼ਹੂਰ ਵਾਇਲਨਵਾਦਕਾਂ ਵਿੱਚੋਂ ਇੱਕ। ਮੇਨੂਹਿਨ ਦੀ ਤਖ਼ਤੀ ਬੇਲਗਰਾਵੀਆ ਦੇ ਉਸ ਘਰ 'ਤੇ ਹੋਵੇਗੀ ਜਿਸ ਵਿਚ ਉਹ ਆਪਣੀ ਜ਼ਿੰਦਗੀ ਦੇ ਪਿਛਲੇ 16 ਸਾਲਾਂ ਤੋਂ ਰਿਹਾ ਸੀ।

(ਬਾਕੀ ਸਫ਼ਾ 30 'ਤੇ)

# ਬੀ.ਬੀ.ਸੀ. ਦੀ ਡਾਕੂਮੈਂਟਰੀ ਦੇ ਦੂਜੇ ਭਾਗ ਵਿੱਚ ਭਾਜਪਾ ਰਾਜ ਵਿੱਚ ਮੁਸਲਮਾਨਾਂ ਨਾਲ ਹੋਏ ਅਨਿਆਂ ਨੂੰ ਪੇਸ਼ ਕੀਤਾ

**➢ ਦੇਸ਼ ਵਿੱਚ ਲਿੰਚਿੰਗ ਦੀਆਂ ਘਟਨਾਵਾਂ ਖ਼ਤਰਨਾਕ ਤੌਰ 'ਤੇ ਵਧੀਆਂ ➢ ਡਾਕੂਮੈਂਟਰੀ ਖ਼ਿਲਾਫ਼ ਬੀ.ਬੀ.ਸੀ. ਦਫ਼ਤਰ ਦੇ ਬਾਹਰ ਮੋਦੀ ਹਮਾਇਤੀਆਂ ਨੇ ਕੀਤਾ ਪ੍ਰਦਰਸ਼ਨ ਤੇ ਡਾਕੂਮੈਂਟਰੀ ਨੂੰ ਝੂਠਾ ਦੱਸਿਆ ➢ ਮੋਦੀ ਬਾਰੇ ਬੀਬੀਸੀ ਦਸਤਾਵੇਜ਼ੀ ਉੱਤੇ ਲਾਈ ਪਾਬੰਦੀ ਨੂੰ ਚੁਣੌਤੀ ਦਿੰਦੀ ਪਟੀਸ਼ਨ ਸੁਪਰੀਮ ਕੋਰਟ ਵਿੱਚ ਦਾਖ਼ਲ**

ਲੰਡਨ: ਬੀ.ਬੀ.ਸੀ. ਦੀ ਦਸਤਾਵੇਜ਼ੀ ਲੜੀ 'ਇੰਡੀਆ: ਦਿ ਮੋਦੀ ਕੁਵੈਸ਼ਚਨ' ਦਾ ਦੂਜਾ ਅਤੇ ਆਖ਼ਰੀ ਐਪੀਸੋਡ ਬੀਤੇ ਹਫ਼ਤੇ ਬੀ.ਬੀ.ਸੀ. ਟੂ 'ਤੇ ਯੂ.ਕੇ. ਵਿੱਚ ਪ੍ਰਸਾਰਿਤ ਹੋਇਆ। ਇਸ ਵਿੱਚ ਕਿਹਾ ਗਿਆ ਹੈ ਕਿ ਇਹ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਦੇ 2014 ਦੇ ਮੁਕਾਬਲੇ 2019 ਵਿੱਚ ਵੱਡੇ ਬਹੁਮਤ ਨਾਲ ਸੱਤਾ ਵਿੱਚ ਮੁੜ ਚੁਣੇ ਜਾਣ ਬਾਅਦ ਭਾਰਤ ਦੀ ਮੁਸਲਿਮ ਘੱਟ ਗਿਣਤੀ ਵਿਚਾਲੇ ਤਣਾਅ ਵਾਲੇ ਰਿਸ਼ਤੇ ਦੀ ਪੜਚੋਲ ਕਰਦੀ ਹੈ। ਬ੍ਰਿਟੇਨ ਵਿੱਚ ਪ੍ਰਸਾਰਿਤ ਹੋਈ ਰਿਪੋਰਟ ਭਾਰਤੀ ਸੰਵਿਧਾਨ ਦੀ ਧਾਰਾ ਨੂੰ 370 ਨੂੰ ਮੋਦੀ ਸਰਕਾਰ ਵਲੋਂ ਅਚਾਨਕ ਰੱਦ ਕਰਨ ਅਤੇ ਵਿਵਾਦਗ੍ਰਸਤ ਨਾਗਰਿਕਤਾ (ਸੋਧ) ਐਕਟ, 2019 ਜਿਸ ਨੂੰ ਇੱਕ ਵੱਡੇ ਵਰਗ ਦੁਆਰਾ ਪੱਖਪਾਤੀ ਅਤੇ ਗ਼ੈਰ-ਸੰਵਿਧਾਨਕ ਮੰਨਣ, ਜਿਸਦੀ ਅਜੇ ਵੀ ਦੇਸ਼ ਦੀ ਸੁਪਰੀਮ ਕੋਰਟ ਦੁਆਰਾ ਸੁਣਵਾਈ ਕੀਤੀ ਜਾਣੀ ਹੈ, ਦੇ ਨਾਲ ਹੀ 2020 ਦੌਰਾਨ ਉੱਤਰ-ਪੂਰਬੀ ਦਿੱਲੀ ਦੀ ਫਿਰਕੂ ਹਿੰਸਾ ਬਾਰੇ ਚਾਨਣਾ ਪਾਉਂਦੀ ਹੈ।

ਬੀ.ਬੀ.ਸੀ. ਦੀ ਇਸ ਲੜੀ ਦਾ ਅੰਤਿਮ ਐਪੀਸੋਡ ਪ੍ਰਭਾਵਿਤ ਧਿਰਾਂ, ਅਕਾਦਮੀਆਂ, ਪ੍ਰੈੱਸ ਅਤੇ ਸਿਵਲ ਸੁਸਾਇਟੀ ਦੇ ਮੈਂਬਰਾਂ ਦੀਆਂ ਸੁਤੰਤਰ ਰਿਪੋਰਟਾਂ, ਗਵਾਹੀਆਂ ਅਤੇ ਟਿੱਪਣੀਆਂ ਨੂੰ ਪੇਸ਼ ਕਰਕੇ ਇਨ੍ਹਾਂ ਸਾਰੇ ਮੁੱਦਿਆਂ ਸੰਬੰਧੀ ਸਰਕਾਰ ਅਤੇ ਪੁਲਿਸ ਦੇ ਅਨਿਆਂ ਨੂੰ ਉਜਾਗਰ ਕਰਦਾ ਹੈ। ਇਸ ਵਿੱਚ ਭਾਜਪਾ ਦੇ ਦ੍ਰਿਸ਼ਟੀਕੋਣ ਦੀ ਨੁਮਾਇੰਦਗੀ ਕਰਨ ਵਾਲੇ ਤਿੰਨ ਵਿਅਕਤੀਆਂ ਦੁਆਰਾ ਵਿਸਤ੍ਰਿਤ ਟਿੱਪਣੀਆਂ ਵੀ ਸ਼ਾਮਲ ਹਨ, ਜਿਨ੍ਹਾਂ ਵਿੱਚ ਸਭ ਤੋਂ ਪ੍ਰਮੁੱਖ ਪੱਤਰਕਾਰ ਅਤੇ ਭਾਜਪਾ ਦੇ ਸਾਬਕਾ ਸਾਂਸਦ ਸਵਪਨ ਦਾਸ ਗੁਪਤਾ ਹਨ। ਦਸਤਾਵੇਜ਼ੀ ਫ਼ਿਲਮ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਮੋਦੀ ਦੁਆਰਾ 'ਖੁਸ਼ਹਾਲੀ ਦੇ ਨਵੇਂ ਯੁੱਗ' ਅਤੇ 'ਨਵੇਂ ਭਾਰਤ' ਦਾ ਵਾਅਦਾ ਕਰਨ ਦੇ ਬਾਵਜੂਦ ਉਨ੍ਹਾਂ ਦੇ ਸ਼ਾਸਨ ਵਿੱਚ ਦੇਸ਼ 'ਧਰਮ' ਨੂੰ ਲੈ ਕੇ ਜੁਗਾਗਰਦੀ ਨਾਲ ਜੂਝਦਾ ਰਿਹਾ ਹੈ। ਨਵੇਂ ਐਪੀਸੋਡ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਗੁਜਰਾਤ ਦੰਗਿਆਂ ਦੇ ਸਬੰਧ ਵਿੱਚ ਉਸ ਦੇ ਵਿਰੁੱਧ ਸਾਰੇ ਦੋਸ਼ਾਂ ਨੂੰ ਭਾਰਤ ਦੀ ਸੁਪਰੀਮ ਕੋਰਟ ਨੇ ਖਾਰਜ ਕਰ ਦਿੱਤਾ ਸੀ, ਪਰ ਇਹ ਲਾਜ਼ਮੀ ਹੈ ਕਿ 'ਮੋਦੀ ਦੀ ਚਿੰਤਾ ਦੂਰ ਨਹੀਂ ਹੋਵੇਗੀ'। ਲਿੰਚਿੰਗ 2014 ਦੌਰਾਨ ਸੱਤਾ ਵਿੱਚ ਆਉਣ ਤੋਂ ਤਿੰਨ ਸਾਲ ਬਾਅਦ ਵੱਡੇ ਪੱਧਰ 'ਤੇ ਮੁਸਲਮਾਨਾਂ ਦੇ ਖ਼ਿਲਾਫ਼ ਲਿੰਚਿੰਗ ਦੇ ਮਾਮਲੇ ਸਾਹਮਣੇ ਆਏ। ਗੁਲਾਬੀ ਕ੍ਰਾਂਤੀ ਦੇ ਨਾਮ 'ਤੇ ਬੀਫ਼ ਦੀ ਢੋਆ-ਢੁਆਈ ਤੇਜ਼ੀ ਨਾਲ ਵਿਵਾਦਗ੍ਰਸਤ ਹੋ ਗਈ, ਜਿਸ ਨੇ ਬਾਅਦ ਵਿੱਚ ਕਈ ਭਾਰਤੀ ਰਾਜਾਂ ਵਿੱਚ ਬੀਫ਼ ਨੂੰ ਗ਼ੈਰ-ਕਾਨੂੰਨੀ ਬਣਾ ਦਿੱਤਾ ਕਿਉਂਕਿ ਗਾਵਾਂ ਨੂੰ ਹਿੰਦੂਆਂ ਦੁਆਰਾ ਪਵਿੱਤਰ ਮੰਨਿਆ ਜਾਂਦਾ ਹੈ। ਗਊ ਰੱਖਿਆ ਦੇ ਮੁੱਦੇ 'ਤੇ, ਦਸਤਾਵੇਜ਼ੀ ਫ਼ਿਲਮ ਅਲੀਮੁਦੀਨ ਅੰਸਾਰੀ ਦੀ ਕਹਾਣੀ ਦੱਸਦੀ ਹੈ, ਜਿਸ ਨੂੰ 2017 ਵਿੱਚ ਕਥਿਤ ਗਊ ਰੱਖਿਅਕਾਂ ਨੇ ਮਾਰ ਦਿੱਤਾ ਸੀ, ਉਸੇ ਦਿਨ ਮੋਦੀ ਨੇ ਆਪਣੀ ਲੰਬੀ ਚੁੱਪ ਤੋਂ ਬਾਅਦ ਗਊ ਰੱਖਿਆ ਦੇ ਨਾਂ 'ਤੇ ਕਾਨੂੰਨ ਨੂੰ ਆਪਣੇ ਹੱਥਾਂ ਵਿੱਚ ਨਾ ਲੈਣ ਦੀ ਗੱਲ ਕਹੀ ਸੀ।




ਦਸਤਾਵੇਜ਼ੀ ਦੱਸਦੀ ਹੈ ਕਿ ਕਿਵੇਂ ਭਾਜਪਾ ਦੇ ਬੁਲਾਰੇ ਨਿਤਿਆਨੰਦ ਮਹਤੋ ਨੂੰ ਅਲੀਮੁਦੀਨ ਦੇ ਕਤਲ ਲਈ ਦੋਸ਼ੀ ਪਾਇਆ ਗਿਆ ਅਤੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਪਰ ਮੋਦੀ ਦੇ ਮੰਤਰੀਆਂ ਵਿੱਚ ਇੱਕ ਮੰਤਰੀ ਨੇ ਉਸ ਨੂੰ ਅਤੇ ਹੋਰ ਦੋਸ਼ੀਆਂ ਦੀ ਕਾਨੂੰਨੀ ਫ਼ੀਸ ਨਾਲ ਮਦਦ ਕੀਤੀ ਅਤੇ ਜ਼ਮਾਨਤ 'ਤੇ ਜੇਲ੍ਹ ਤੋਂ ਰਿਹਾਅ ਹੋਣ 'ਤੇ ਉਨ੍ਹਾਂ ਦਾ ਫੁੱਲਾਂ ਦੇ ਹਾਰਾਂ ਨਾਲ ਸੁਆਗਤ ਕੀਤਾ ਸੀ। ਅੰਸਾਰੀ ਦੀ ਪਤਨੀ ਡਾਕੂਮੈਂਟਰੀ ਵਿੱਚ ਇਹ ਕਹਿੰਦੀ ਦਿਖਾਈ ਦੇ ਰਹੀ ਹੈ, 'ਮੋਦੀ ਪੂਰੇ ਦੇਸ਼ ਦਾ ਰਾਜਾ ਹੈ ਅਤੇ ਜਦੋਂ ਉਹੀ ਇਨ੍ਹਾਂ ਅਪਰਾਧੀਆਂ ਦੇ ਨਾਲ ਹੈ, ਅਸੀਂ ਗਰੀਬ ਲੋਕ ਕੁਝ ਨਹੀਂ ਕਰ ਸਕਦੇ'। ਡਾਕੂਮੈਂਟਰੀ ਦੱਸਦੀ ਹੈ ਕਿ ਲਗਭਗ ਚਾਰ ਸਾਲ ਬਾਅਦ ਵੀ ਸਾਰੇ ਦੋਸ਼ੀ ਆਜ਼ਾਦ ਹਨ। ਦਸਤਾਵੇਜ਼ੀ ਦੇ ਅਨੁਸਾਰ, ਹਿਊਮਨ ਰਾਈਟਸ ਵਾਚ ਦੇ ਅੰਕੜੇ ਦਰਸਾਉਂਦੇ ਹਨ ਕਿ ਮਈ 2015 ਤੋਂ ਦਸੰਬਰ 2018 ਦੇ ਵਿਚਕਾਰ ਸਾਢੇ ਤਿੰਨ ਸਾਲਾਂ ਵਿੱਚ, ਕਥਿਤ ਗਊ ਰੱਖਿਅਕਾਂ ਨੇ ਗਊ-ਸਬੰਧੀ ਹਿੰਸਾ ਵਿੱਚ 44 ਲੋਕਾਂ ਦੀ ਹੱਤਿਆ ਕੀਤੀ ਅਤੇ ਲਗਭਗ 280 ਨੂੰ ਜ਼ਖਮੀ ਕੀਤਾ। ਇਨ੍ਹਾਂ ਵਿੱਚੋਂ ਜ਼ਿਆਦਾਤਰ ਪੀੜਤ ਮੁਸਲਮਾਨ ਸਨ। ਜਦ ਸਵਪਨ ਦਾਸ ਗੁਪਤਾ ਤੋਂ ਪੁੱਛਿਆ ਗਿਆ ਕਿ ਦੇਸ਼ ਵਿੱਚ ਲਗਾਤਾਰ ਹੋ ਰਹੀਆਂ ਲਿੰਚਿੰਗ ਦੀਆਂ ਘਟਨਾਵਾਂ ਖ਼ਤਰਨਾਕ ਤੌਰ 'ਤੇ ਵਧਦੀਆਂ ਆਮ ਹੁੰਦੀਆਂ ਜਾ ਰਹੀਆਂ ਹਨ ਤਾਂ ਉਨ੍ਹਾਂ ਨੇ ਇਸ ਨੂੰ 'ਅਣਉਚਿਤ ਧਾਰਨਾ' ਕਰਾਰ ਦਿੱਤਾ। ਦਾਸ ਗੁਪਤਾ, ਪ੍ਰਧਾਨ ਮੰਤਰੀ ਦੇ ਬਚਾਅ ਵਿੱਚ, ਜ਼ੋਰ ਦੇ ਕੇ ਕਹਿੰਦਾ ਹੈ ਕਿ ਮੋਦੀ ਦੇ ਹਿੰਦੂ ਰਾਸ਼ਟਰਵਾਦ ਦੇ ਬ੍ਰਾਂਡ ਨੂੰ ਭਾਰਤੀ ਵੋਟਰਾਂ ਦੁਆਰਾ 'ਭਰਵਾਂ ਸਮਰਥਨ ਮਿਲਿਆ ਹੋਇਆ ਹੈ'। ਭਾਰਤੀ ਰਾਜਨੀਤੀ ਦੇ ਮਾਹਿਰ ਅਤੇ ਸੇਂਟ ਐਂਡਰਿਊਜ਼ ਯੂਨੀਵਰਸਿਟੀ ਦੇ ਐਸੋਸੀਏਟ ਪ੍ਰੋਫ਼ੈਸਰ ਕ੍ਰਿਸ ਓਗਡੇਨ ਦਸਤਾਵੇਜ਼ੀ ਫ਼ਿਲਮ ਵਿੱਚ ਕਹਿੰਦੇ ਹਨ, 'ਮੂਲ ਉਦੇਸ਼ ਭਾਰਤ ਦਾ ਹਿੰਦੂਕਰਨ ਕਰਨਾ ਹੈ ਅਤੇ ਭਾਰਤ ਦੇ ਰਾਜਨੀਤਕ, ਸਮਾਜਿਕ ਅਤੇ ਸੱਭਿਆਚਾਰਕ ਸੁਭਾਅ ਨੂੰ ਅਟੱਲ ਰੂਪ ਵਿੱਚ ਬਦਲਣਾ ਹੈ'।

**ਮੋਦੀ ਹਮਾਇਤੀਆਂ ਦਾ ਪ੍ਰਤੀਕਰਮ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਬਣੀ ਬੀ.ਬੀ.ਸੀ. ਡਾਕੂਮੈਂਟਰੀ ਨੂੰ ਲੈ ਕੇ ਭਾਰਤੀ ਭਾਈਚਾਰੇ ਨੇ ਬੀ.ਬੀ.ਸੀ. ਦਫ਼ਤਰ ਲੰਡਨ ਦੇ ਬਾਹਰ ਵਿਰੋਧ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨ ਵਿੱਚ ਹਿੱਸਾ ਲੈਣ ਵਾਲੇ ਇੱਕ ਐੱਨ.ਆਰ.ਆਈ. ਨੇ ਕਿਹਾ, "ਡਾਕੂਮੈਂਟਰੀ ਵਿੱਚ ਕਿਹਾ ਗਿਆ ਹੈ ਕਿ ਪੀ.ਐੱਮ. ਮੋਦੀ ਦੀ ਅਗਵਾਈ ਵਿੱਚ ਭਾਰਤ ਵਿੱਚ ਮੁਸਲਿਮ ਭਾਈਚਾਰੇ ਨਾਲ ਵਿਤਕਰਾ ਕੀਤਾ ਜਾਂਦਾ ਹੈ, ਜੋ ਕਿ ਪੂਰੀ ਤਰ੍ਹਾਂ ਨਾਲ ਗਲਤ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੇ ਖ਼ਿਲਾਫ਼ ਕੀਤਾ ਜਾ ਰਿਹਾ ਪ੍ਰਚਾਰ 'ਪੂਰੀ ਤਰ੍ਹਾਂ ਝੂਠ' 'ਤੇ ਆਧਾਰਿਤ ਹੈ ਅਤੇ ਸਰਕਾਰ ਦੇ ਵੱਖ-ਵੱਖ ਪ੍ਰੋਗਰਾਮਾਂ ਤੇ ਯੋਜਨਾਵਾਂ ਦੀਆਂ ਉਦਾਹਰਣਾਂ ਦਿੱਤੀਆਂ, ਜਿਨ੍ਹਾਂ ਦਾ ਮੁਸਲਮਾਨਾਂ ਨੂੰ ਫ਼ਾਇਦਾ ਹੋਇਆ।" ਉਨ੍ਹਾਂ ਕਿਹਾ ਕਿ ਮੁਸਲਿਮ ਔਰਤਾਂ ਲਈ ਤਿੰਨ ਤਲਾਕ ਨੂੰ ਖ਼ਤਮ ਕਰ ਦਿੱਤਾ ਗਿਆ ਹੈ, ਉਜਵਲਾ ਯੋਜਨਾ ਤਹਿਤ ਮੁਫ਼ਤ ਐੱਲ.ਪੀ.ਜੀ. ਸਿਲੰਡਰ ਦਿੱਤੇ ਗਏ ਹਨ। ਜਨ ਧਨ ਯੋਜਨਾ ਦੇ ਤਹਿਤ ਬੈਂਕ ਖਾਤੇ ਖੋਲ੍ਹੇ ਗਏ ਸਨ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਮਕਾਨਾਂ ਦੀ ਮਾਲਕੀ ਦਿੱਤੀ ਗਈ।

ਉਨ੍ਹਾਂ ਕਿਹਾ ਕਿ ਬੀ.ਬੀ.ਸੀ. ਨੇ 20 ਸਾਲਾਂ ਦੀਆਂ ਪੱਖਪਾਤੀ ਰਿਪੋਰਟਾਂ ਨੂੰ ਇਕੱਠਾ ਕੀਤਾ ਹੈ, ਜੋ ਪੁਰਾਣੇ ਮਸਲਿਆਂ ਨਾਲ ਭਰੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਝੂਠੇ ਢੌਂਗ ਦੇ ਤਹਿਤ ਸਾਡੇ ਭਾਈਚਾਰੇ ਨੂੰ ਸਿਰਫ਼ ਆਪਣਾ ਬ੍ਰਾਂਡ ਬਣਾਉਣ ਲਈ ਵਰਤਿਆ ਗਿਆ ਸੀ। ਇੱਕ ਹੋਰ ਭਾਰਤੀ ਪ੍ਰਦਰਸ਼ਨਕਾਰੀ ਨੇ ਕਿਹਾ, "ਪੀ.ਐੱਮ. ਮੋਦੀ 'ਤੇ ਬੀ.ਬੀ.ਸੀ. ਦੀ ਡਾਕੂਮੈਂਟਰੀ ਪੂਰੀ ਤਰ੍ਹਾਂ ਝੂਠੀ ਹੈ।" ਜ਼ਿਕਰਯੋਗ ਹੈ ਕਿ ਕੈਲੀਫ਼ੋਰਨੀਆ ਦੇ ਸੈਨ ਫ੍ਰਾਂਸਿਸਕੋ ਖਾੜੀ ਏਰੀਆ ਦੇ ਫਰੀਮਾਂਟ ਵਿੱਚ ਭਾਰਤੀ ਪ੍ਰਵਾਸੀਆਂ ਨੇ ਬੀ.ਬੀ.ਸੀ. ਦੀ ਡਾਕੂਮੈਂਟਰੀ ਲੜੀ ਦਾ ਵਿਰੋਧ ਵੀ ਕੀਤਾ। "ਭਾਰਤੀ ਡਾਇਸਪੋਰਾ" ਦੇ ਬੈਨਰ ਹੇਠ ਲਗਭਗ 50 ਮੈਂਬਰਾਂ ਨੇ ਨਾਅਰੇ ਲਗਾਏ ਅਤੇ ਸੰਯੁਕਤ ਰਾਜ ਦੇ ਸੈਨ ਫ੍ਰਾਂਸਿਸਕੋ ਖੇਤਰ ਵਿੱਚ ਫਰੀਮਾਂਟ ਦੀਆਂ ਗਲੀਆਂ ਵਿੱਚ ਮਾਰਚ ਕੀਤਾ ਅਤੇ ਕਿਹਾ ਕਿ ਉਹ "ਪੱਖਪਾਤੀ ਬੀ.ਬੀ.ਸੀ. ਡਾਕੂਮੈਂਟਰੀ ਨੂੰ ਰੱਦ ਕਰਦੇ ਹਨ"।

ਫਰੀਮਾਂਟ ਵਿੱਚ ਮਾਰਚ ਕਰਦਿਆਂ ਭਾਰਤੀ ਲੋਕਾਂ ਨੇ "ਪੱਖਪਾਤੀ ਬੀ.ਬੀ.ਸੀ." ਅਤੇ "ਨਸਲਵਾਦੀ ਬੀ.ਬੀ.ਸੀ." ਵਰਗੇ ਨਾਅਰੇ ਲਗਾਏ। ਯੂ.ਕੇ. ਦੇ ਉੱਘੇ ਨਾਗਰਿਕ ਲਾਰਡ ਰਾਮੀ ਰੇਂਜਰ ਨੇ ਕਿਹਾ, "ਬੀ.ਬੀ.ਸੀ. ਨੇ ਇੱਕ ਅਰਬ ਤੋਂ ਵੱਧ ਭਾਰਤੀਆਂ ਦਾ ਬਹੁਤ ਨੁਕਸਾਨ ਕੀਤਾ ਹੈ।" 19 ਜਨਵਰੀ ਨੂੰ ਭਾਰਤ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਵਿਵਾਦਗ੍ਰਸਤ ਬੀ.ਬੀ.ਸੀ. ਡਾਕੂਮੈਂਟਰੀ ਲੜੀ ਦੀ ਨਿੰਦਾ ਕੀਤੀ ਅਤੇ ਇਸ ਨੂੰ ਇੱਕ "ਪ੍ਰਚਾਰ ਟੁਕੜਾ" ਦੱਸਿਆ, ਜੋ ਇੱਕ ਬਦਨਾਮ ਬਿਰਤਾਂਤ ਨੂੰ ਅੱਗੇ ਵਧਾਉਣ ਲਈ ਤਿਆਰ ਕੀਤਾ ਗਿਆ ਸੀ।

ਇੱਕ ਹਫ਼ਤਾਵਾਰੀ ਮੀਡੀਆ ਬ੍ਰੀਫ਼ਿੰਗ ਨੂੰ ਸੰਬੋਧਿਤ ਕਰਦਿਆਂ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਕਿਹਾ ਕਿ ਯੂ.ਕੇ. ਦੀਆਂ ਕੁਝ ਅੰਦਰੂਨੀ ਰਿਪੋਰਟਾਂ 'ਤੇ ਆਧਾਰਿਤ ਇਹ ਡਾਕੂਮੈਂਟਰੀ ਬਸਤੀਵਾਦੀ ਮਾਨਸਿਕਤਾ ਨੂੰ ਦਰਸਾਉਂਦੀ ਹੈ। ਡਾਕੂਮੈਂਟਰੀ ਨੇ ਨਾਰਾਜ਼ਗੀ ਜਤਾਈ ਅਤੇ ਇਸ ਨੂੰ ਚੋਣਵੇਂ ਪਲੇਟਫ਼ਾਰਮਾਂ ਤੋਂ ਹਟਾ ਦਿੱਤਾ ਗਿਆ।

## ਬੀ.ਬੀ.ਸੀ. ਦਸਤਾਵੇਜ਼ੀ 'ਤੇ ਪਾਬੰਦੀ ਖ਼ਿਲਾਫ਼ ਸੁਪਰੀਮ ਕੋਰਟ ਵਿੱਚ ਜਨਹਿਤ ਪਟੀਸ਼ਨ ਰਾਹੀਂ ਦਿੱਤੀ ਚੁਣੌਤੀ



ਨਵੀਂ ਦਿੱਲੀ: ਗੁਜਰਾਤ ਦੰਗਿਆਂ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਾਰੇ ਬੀ.ਬੀ.ਸੀ. ਦਸਤਾਵੇਜ਼ੀ 'ਇੰਡੀਆ: ਦਿ ਮੋਦੀ ਕੁਐਸ਼ਚਨ' ਉੱਤੇ ਲਾਈ ਪਾਬੰਦੀ ਨੂੰ ਚੁਣੌਤੀ ਦਿੰਦੀ ਪਟੀਸ਼ਨ ਸੁਪਰੀਮ ਕੋਰਟ ਵਿੱਚ ਦਾਖ਼ਲ ਕੀਤੀ ਗਈ ਹੈ। ਐਡਵੋਕੇਟ ਐੱਮ.ਐੱਲ. ਸ਼ਰਮਾ ਵੱਲੋਂ ਦਾਇਰ ਜਨਹਿਤ ਪਟੀਸ਼ਨ ਵਿੱਚ ਕੇਂਦਰ ਸਰਕਾਰ ਵੱਲੋਂ ਲਾਈ ਪਾਬੰਦੀ ਨੂੰ ਕਥਿਤ 'ਬਦਨੀਅਤੀ ਵਾਲੀ, ਪੱਖਪਾਤੀ ਤੇ ਗ਼ੈਰ ਸੰਵਿਧਾਨਕ' ਦੱਸਿਆ ਗਿਆ ਹੈ। ਸੁਪਰੀਮ ਕੋਰਟ 6 ਫਰਵਰੀ ਨੂੰ ਦੇਸ਼ ਵਿੱਚ 2002 ਦੇ ਗੁਜਰਾਤ ਦੰਗਿਆਂ 'ਤੇ ਬੀ.ਬੀ.ਸੀ. ਦੀ ਦਸਤਾਵੇਜ਼ੀ ਫਿਲਮ 'ਤੇ ਪਾਬੰਦੀ ਲਗਾਉਣ ਦੇ ਕੇਂਦਰ ਦੇ ਫ਼ੈਸਲੇ ਨੂੰ ਚੁਣੌਤੀ ਦੇਣ ਦੀ ਸੁਣਵਾਈ ਕਰੇਗਾ।

ਯਾਦ ਰਹੇ ਕਿ ਬੀ.ਬੀ.ਸੀ. ਦਸਤਾਵੇਜ਼ੀ ਕਾਰਨ ਮੋਦੀ ਸਰਕਾਰ ਬੁਰੀ ਤਰ੍ਹਾਂ ਘਿਰ ਚੁੱਕੀ ਹੈ। ਸਟੇਟ ਦੇ ਡੰਡੇ ਨਾਲ ਇਸ ਰੋਸ ਨੂੰ ਦਬਾਇਆ ਜਾ ਰਿਹਾ ਹੈ। ਬੀਤੇ ਦਿਨੀਂ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਦੇ ਬਾਹਰ ਕਥਿਤ ਹੰਗਾਮਾ ਕਰਨ ਦੇ ਦੋਸ਼ ਵਿੱਚ ਚਾਰ ਵਿਦਿਆਰਥੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਸੀ। ਹੋਰ ਵਿਦਿਆਰਥੀਆਂ ਨੂੰ ਵੀ ਹਿਰਾਸਤ ਵਿੱਚ ਲੈਣ ਦੀਆਂ ਖ਼ਬਰਾਂ ਹਨ। ਉੱਧਰ ਯੂਨੀਵਰਸਿਟੀ ਪ੍ਰਸ਼ਾਸਨ ਨੇ ਕਿਹਾ ਕਿ ਦਸਤਾਵੇਜ਼ੀ ਵਿਖਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਜਾਮੀਆ ਮਿਲੀਆ ਇਸਲਾਮੀਆ ਦੇ ਉਪ ਕੁਲਪਤੀ ਨਜਮਾ ਅਖ਼ਤਰ ਨੇ ਕਿਹਾ ਕਿ ਐੱਸ.ਐੱਫ਼.ਆਈ. 'ਵਿਦਿਆਰਥੀਆਂ ਦਾ ਛੋਟਾ ਸਮੂਹ ਹੈ, ਜਿਸ ਦੀ ਕੋਈ ਬਹੁਤੀ ਪੁੱਛ-ਪ੍ਰਤੀਤ ਨਹੀਂ ਹੈ'। ਉਨ੍ਹਾਂ ਵਿਦਿਆਰਥੀ ਜਥੇਬੰਦੀ 'ਤੇ ਕੈਂਪਸ ਦੇ ਸ਼ਾਂਤ ਮਾਹੌਲ ਨੂੰ ਵਿਗਾੜਨ ਦਾ ਦੋਸ਼ ਲਾਇਆ। ਦਿੱਲੀ ਯੂਨੀਵਰਸਿਟੀ ਦੇ ਆਰਟਸ ਫ਼ੈਕਲਟੀ ਦੇ ਬਾਹਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਅਤੇ ਐਨ.ਐਸ.ਯੂ.ਆਈ. ਦੇ ਮੈਂਬਰਾਂ ਨੂੰ ਦਿੱਲੀ ਪੁਲਿਸ ਨੇ ਹਿਰਾਸਤ ਵਿੱਚ ਲਿਆ ਸੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Sarbjeet Kaur Sarb Online Interview Host: Balraj Pannu
Proof Editor: Prabhjot Kaur Designer: Anil Kumar Content Composer: Amritpal Singh US Distributor: Amritsar Times Inc. Owner: Amritsar Times Pvt Ltd

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਸੱਚ, ਮਿੱਥ ਤੇ ਇਤਿਹਾਸਕ ਸੰਦਰਭ ’ਚ ‘ਨਿਊ ਵਰਲਡ ਆਰਡਰ’

ਸਰਬਜੀਤ ਕੌਰ ਸਰਬ

ਭਾਗ-5

## ਇਲੂਮੀਨੇਟੀ ਰਹੱਸਮਈ ਅੰਤਰਰਾਸ਼ਟਰੀ ਸੰਸਥਾ





ਇਲੂਮੀਨੇਟੀ ਕਈ ਸਮੂਹਾਂ ਨੂੰ ਦਿੱਤਾ ਗਿਆ ਇੱਕ ਨਾਮ ਹੈ, ਜੋ ਅਸਲ ਵਿਚ ਇਕ ਕਾਲਪਨਿਕ ਮੰਨਿਆ ਗਿਆ ਹੈ। ਇਤਿਹਾਸਕ ਤੌਰ ’ਤੇ ਇਹ ਨਾਮ ਆਮ ਤੌਰ ’ਤੇ ਬਾਵੇਰੀਅਨ ਇਲੂਮੀਨੇਟੀ ਨੂੰ ਦਰਸਾਉਂਦਾ ਹੈ ਜੋ ਕਿ 1 ਮਈ 1776 ਨੂੰ ਬਾਵੇਰੀਆ, ਅੱਜ ਜਰਮਨੀ ਦਾ ਹਿੱਸਾ, ਵਿੱਚ ਸਥਾਪਿਤ ਇੱਕ ਗਿਆਨ-ਯੁੱਗ ਜਿਸ ਨੂੰ ਗੁਪਤ ਸਮਾਜ ਕਿਹਾ ਜਾਂਦਾ ਹੈ।

ਅੰਗਰੇਜ਼ੀ ਡਿਕਸ਼ਨਰੀ ਲੋਂਗਮੈਨ ਅਨੁਸਾਰ ਇਲੂਮੀਨੇਟੀ ਸ਼ਬਦ ਲੂਮੇਨ ਤੋਂ ਹੈ ਜਿਸ ਦਾ ਅਰਥ ‘ਲਾਈਟ’ ਜਾ ਪ੍ਰਕਾਸ਼ ਹੈ। TIlluminati, ਇੱਕ ਰਹੱਸਮਈ ਅੰਤਰਰਾਸ਼ਟਰੀ ਸੰਸਥਾ ਜੋ ਦੁਨੀਆ ਦੇ ਉੱਚ ਚੋਟੀ ਦੇ ਰਾਜਨੀਤਿਕ ਅਤੇ ਸਮਾਜਿਕ ਕੁਲੀਨ ਵਰਗਾਂ ਦੀ ਬਣੀ ਹੋਈ ਹੈ ਜੋ ਪਰਦੇ ਦੇ ਪਿੱਛੇ ਪੂਰੀ ਦੁਨੀਆ ਦੇ ਕੰਮਕਾਜ ਨੂੰ ਨਿਯੰਤਰਿਤ ਕਰਦੀ ਹੈ’। ਇਹ ਨਿਊ ਵਰਲਡ ਆਰਡਰ ਬਾਰੇ ਦੁਨੀਆ ਦਾ ਸਭ ਤੋਂ ਮਸ਼ਹੂਰ ਸਾਜ਼ਿਸ਼ ਸਿਧਾਂਤ ਹੈ।ਸੈਂਕੜੇ ਸਾਲਾਂ ਤੋਂ, ਇਲੂਮੀਨੇਟੀ ਬਾਰੇ ਦੰਤਕਥਾਵਾਂ ਫੈਲੀਆਂ ਹੋਈਆਂ ਹਨ ਅਤੇ ਬਹੁਤ ਸਾਰੇ ਲੋਕ ਵਰਤਮਾਨ ਵਿੱਚ ਵਿਸ਼ਵਾਸ ਕਰਦੇ ਹਨ ਕਿ ਇਲੂਮੀਨੇਟੀ ਅਜੇ ਵੀ ਮੌਜੂਦ ਹੈ। ਇਹ ਮੰਨਿਆ ਜਾਂਦਾ ਹੈ ਕਿ Illuminati ਵੱਖ-ਵੱਖ ਖੇਤਰਾਂ ਜਿਵੇਂ ਕਿ ਗਲੋਬਲ ਰਾਜਨੀਤੀ, ਫੌਜੀ ਮਾਮਲੇ, ਵਿੱਤ ਅਤੇ ਮਾਸ ਮੀਡੀਆ ਵਿੱਚ ਕੰਮ ਕਰਦੇ ਹਨ ਅਤੇ ਪੂਰੀ ਦੁਨੀਆ ਦੀ ਇਤਿਹਾਸਕ ਪ੍ਰਕਿਰਿਆ ਨੂੰ ਨਿਯੰਤਰਿਤ ਕਰਦੇ ਹਨ। ਜਿਸ ਦਾ ਅੰਤਮ ਟੀਚਾ ਇੱਕ ਨਿਊ ਵਰਲਡ ਆਰਡਰ ਸਥਾਪਤ ਕਰਨਾ ਹੈ। ਕੋਈ ਵੀ ਇਸ ਨੂੰ ਸਾਬਤ ਨਹੀਂ ਕਰ ਸਕਦਾ, ਪਰ ਬਹੁਤ ਸਾਰੇ ਲੋਕ ਇਸ ਨੂੰ ਮੰਨਦੇ ਹਨ ਕਿ ਇਹ ਸਾਜ਼ਿਸ਼ ਸਿਧਾਂਤਾਂ ਦੀ ਸੱਭ ਤੋਂ ਵੱਡੀ ਇਕਾਈ ਹੈ। 2009 ’ਚ ਬਣੀ ਫਿਲਮ ਏਂਜਲਸ ਐਂਡ ਡੈਮਨਜ਼ ਜੋ ਇਲੂਮੀਨੇਟੀ ਦੀ ਕਹਾਣੀ ਹੈ ਇਹ ਪ੍ਰੋਫੈਸਰ ਲੈਂਗਡਨ ਬਾਰੇ ਉਸੇ ਨਾਮ ਦੇ ਡੈਨ ਬ੍ਰਾਊਨ ਦੇ ਸਭ ਤੋਂ ਵੱਧ ਵਿਕਰੇਤਾ ’ਤੇ ਆਧਾਰਿਤ ਜਿਸ ਦੀ ਭੂਮਿਕਾ ਟੌਮ ਹੈਂਕਸ ਦੁਆਰਾ ਨਿਭਾਈ ਗਈ ਸੀ।

ਆਖਰਕਾਰ ਇਸ ਫਿਲਮ ਵਿਚ ਇਲੂਮੀਨੇਟੀ ਨੂੰ ਇੱਕ ਗੁਪਤ ਸੰਸਥਾ ਦੱਸਿਆ ਗਿਆ। ਪਰ ਕੁੱਝ ਕੁ ਦਾ ਮੰਨਣਾ ਹੈ ਕਿ ਸੈਂਕੜੇ ਸਾਲਾਂ ਤੋਂ ਇਸ ’ਚ ਮੈਂਬਰਾਂ ਦੀ ਭਰਤੀ ਕਰਨਾ ਜਾਰੀ ਰੱਖਿਆ ਗਿਆ ਹੈ। ਏਂਜਲਸ ਅਤੇ ਡੈਮਨਜ਼ ਵਿੱਚ, ਇਸ ਦੇ ਇਤਿਹਾਸਕ ਤੱਥ ਸਪੱਸ਼ਟ ਤੌਰ ’ਤੇ ਪ੍ਰਸ਼ਨਾਤਮਕ ਹਨ ਜੋ ਫਿਲਮ 2007-2008 ਦੇ ਮਹਾਨ ਆਰਥਿਕ ਸੰਕਟ ਤੋਂ ਬਾਅਦ ਦਿਖਾਈ ਦਿੱਤੇ ਸਨ।

ਨਿਊ ਵਰਲਡ ਆਰਡਰ ਸਾਜ਼ਿਸ਼ ਸਿਧਾਂਤ ਲੰਬੇ ਸਮੇਂ ਤੋਂ ਘੁੰਮ ਰਿਹਾ ਹੈ, ਰਹੱਸਮਈ ਸਿਧਾਂਤਾਂ ਨਾਲ ਭਰਿਆ ਹੋਇਆ ਹੈ ਜੋ, ਹਾਲਾਂਕਿ, ਬਹੁਤ ਸਾਰੇ ਲੋਕਾਂ ਨੂੰ ਸੱਚ ਦਾ ਯਕੀਨ ਦਿਵਾਉਂਦਾ ਹੈ ਜੋ ਸ਼ਕਤੀਹੀਣ ਹਨ ਅਤੇ ਸੰਸਾਰ ਦੀ ਮੌਜੂਦਾ ਸਥਿਤੀ ਤੋਂ ਅਸੰਤੁਸ਼ਟ ਹਨ।

ਇਲੂਮੀਨੇਟੀ, ਜੋ ਸਿਆਸੀ ਅਤੇ ਵਿੱਤੀ ਘਟਨਾਵਾਂ ਦੀ ਇੱਕ ਲੜੀ ਜੋ 2007-2008 ਦੀ ਵਿੱਤੀ ਸੁਨਾਮੀ ਨੂੰ ਇਲੂਮੀਨੇਟੀ ਦੁਆਰਾ ਯੋਜਨਾਬੱਧ ਕੀਤਾ ਗਿਆ ਕਿਹਾ ਜਾਂਦਾ ਹੈ, ਦੀ ਯੋਜਨਾ ਦੁਆਰਾ ਇੱਕ ਨਿਊ ਵਰਲਡ ਆਰਡਰ ਦੀ ਸਥਾਪਨਾ ਦੀ ਵਕਾਲਤ ਕਰਦਾ ਹੈ, ਅਤੇ ਅੰਤ ਵਿੱਚ ਇੱਕ ਤਾਨਾਸ਼ਾਹੀ ਵਿਸ਼ਵ ਸਰਕਾਰ ਦੀ ਸਥਾਪਨਾ ਦੇ ਸਿਧਾਂਤ ਨੂੰ ਪ੍ਰਗਟ ਕਰਦਾ ਹੈ।

ਨਿਊ ਵਰਲਡ ਆਰਡਰ ਸਿਧਾਂਤ ਦੇ ਸਮਰਥਕਾਂ ਦਾ ਮੰਨਣਾ ਹੈ ਕਿ, ਸ਼ਕਤੀਸ਼ਾਲੀ ਅਮਰੀਕੀ ਸਰਕਾਰ ਵੀ ਹੁਣ ਸਿਰਫ਼ ਇੱਕ ਕਠਪੁਤਲੀ ਸਰਕਾਰ ਹੈ। ਇਸ ਦੇ ਪਿੱਛੇ ਕੁਝ ਲੋਕਾਂ ਦੀ ਬਣੀ ਇੱਕ ਹੋਰ ‘ਸ਼ੈਡੋ ਸਰਕਾਰ’ ਅਜਿਹੇ ਫੈਸਲੇ ਕਰਦੀ ਹੈ ਜੋ ਗ੍ਰਹਿ (ਧਰਤੀ) ਦੀ ਕਿਸਮਤ ਨੂੰ ਬਦਲ ਦੇਣਗੇ। ਤੁਸੀਂ ਸੋਚ ਸਕਦੇ ਹੋ ਕਿ ਉਪਰੋਕਤ ਸਾਰੇ ਸਿਰਫ ਕਰੈਕਪਾਟ ਸਿਧਾਂਤ ਹਨ। ਹਾਲਾਂਕਿ ਬਹੁਤ ਸਾਰੇ ਲੋਕ ਇਸ ਗੱਲ ਨੂੰ ਸੱਚ ਮੰਨਦੇ ਹਨ। ਪਬਲਿਕ ਪਾਲਿਸੀ ਪੋਲਿੰਗ ਫਾਊਂਡੇਸ਼ਨ ਦੁਆਰਾ ਕਰਵਾਏ ਗਏ 2013 ਦੇ ਸਰਵੇਖਣ ਅਨੁਸਾਰ, 28% ਅਮਰੀਕੀ ਵੋਟਰਾਂ ਦਾ ਮੰਨਣਾ ਹੈ ਕਿ ਨਿਊ ਵਰਲਡ ਆਰਡਰ ਅਸਲ ਵਿੱਚ ਅੱਜ ਦੇ ਸਮੇਂ ਤੇਜੀ ਫੜ ਰਿਹਾ ਹੈ।

ਬ੍ਰਾਇਨ ਐਲ. ਕੀਲੀ, ਪਿਟਸ ਕਾਲਜ ਦੇ ਪ੍ਰੋਫ਼ੈਸਰ, ਜਿਨ੍ਹਾਂ ਨੇ ਆਪਣੇ ਆਪ ਨੂੰ ਆਧੁਨਿਕ ਸਾਜ਼ਿਸ਼ ਸਿਧਾਂਤਾਂ ਦੇ ਅਧਿਐਨ ਲਈ ਸਮਰਪਿਤ ਕੀਤਾ ਹੈ, ਉਹ ਮੰਨਦੇ ਹਨ ਕਿ ਸਾਜ਼ਿਸ਼ ਸਿਧਾਂਤਕਾਰਾਂ ਦੀ ਇੱਕ ਮਹੱਤਵਪੂਰਨ ਵਿਸ਼ੇਸ਼ਤਾ ਇਹ ਹੈ ਕਿ ਉਹ ਕੁਝ ਮਾਮੂਲੀ ਅਤੇ ਅਣਦੇਖੀ ਘਟਨਾਵਾਂ ਦਾ ਹਵਾਲਾ ਦਿੰਦੇ ਹਨ ਅਤੇ ਫਿਰ ਇੱਕ ਸੰਪੂਰਨ ਵਿਆਖਿਆ ਦਾ ਪ੍ਰਸਤਾਵ ਸਾਹਮਣੇ ਰੱਖਦੇ ਹਨ। ਦਿੰਦੇ ਹਨ। ਅਧਿਕਾਰਤ ਜਵਾਬ, ਸਾਜ਼ਿਸ਼ ਸਿਧਾਂਤ ਦੀ ਵਿਆਖਿਆ ਨੂੰ ਵਿਆਪਕ ਤੌਰ ’ਤੇ ਫੈਲਾਉਣ ਦਾ ਕਾਰਨ ਇਹ ਹੈ ਕਿ ਇਸ ਨੂੰ ਇਨਕਾਰ ਕਰਨ ਲਈ ਕੋਈ ਦਲੀਲ ਪ੍ਰਕਿਰਿਆ ਨਹੀਂ ਹੈ। ਇਹ ਕੇਵਲ ਇੱਕ ਨਿਰਣਾ ਹੈ ਜੋ ਅਨੁਮਾਨ ਤੋਂ ਸਿੱਟੇ ਤੱਕ ਸਿੱਧਾ ਛਾਲ ਮਾਰਦਾ ਹੈ। ਦਲੀਲ ਦੀ ਪ੍ਰਕਿਰਿਆ ਵਿੱਚ, ਇਹ ਘਟਨਾ ਦੀ ਕੇਵਲ ਇੱਕ ਵਿਅਕਤੀਗਤ ਵਿਆਖਿਆ ਹੈ। ਫਿਰ ਵੀ, ਜਨਤਾ ਲਈ ਜੋ ਘਟਨਾ ਨੂੰ ਪੂਰੀ ਤਰ੍ਹਾਂ ਨਾਲ ਨਹੀਂ ਸਮਝਦੇ, ਸਾਜ਼ਿਸ਼ ਸਿਧਾਂਤ ਉਕਤ ਘਟਨਾ ਦੇ ਅਣਜਾਣ ਹਿੱਸੇ ਲਈ ਇੱਕ ‘ਸਪੱਸ਼ਟੀਕਰਨ’ ਪ੍ਰਦਾਨ ਕਰਦੇ ਹਨ, ਅਤੇ ਇਸ ‘ਸਪੱਸ਼ਟੀਕਰਨ’ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਸਦੀ ਮੌਜੂਦਗੀ ਅਸਲ ਦਲੀਲਾਂ ਦੁਆਰਾ ਪੁਸ਼ਟੀ ਨਹੀਂ ਕੀਤੀ ਜਾਂਦੀ ਅਤੇ ਇਸ ਲਈ ਇਹ ਤੱਥ ਬਹੁਤ ਸਾਰੇ ਲੋਕਾਂ ਦੁਆਰਾ ਇੱਕ ਪ੍ਰਮਾਣਿਕ ਦਲੀਲ ਵਜੋਂ ਮਾਨਤਾ ਪ੍ਰਾਪਤ ਮੰਨੇ ਜਾਂਦੇ ਹਨ।

ਉਦਾਹਰਨ ਲਈ, ਕਿਸੇ ਕੋਲ ਵੀ ਇਹ ਸਾਬਤ ਕਰਨ ਲਈ ਕੋਈ ਠੋਸ ਸਬੂਤ ਨਹੀਂ ਹੈ ਕਿ ਇਲੂਮੀਨੇਟੀ ਅਸਲ ਵਿੱਚ ਮੌਜੂਦ ਹੈ, ਪਰ ਕੋਈ ਵੀ ਇਹ ਸਾਬਤ ਨਹੀਂ ਕਰ ਸਕਦਾ ਹੈ ਕਿ ਇਲੂਮੀਨੇਟੀ ਪੂਰੀ ਤਰ੍ਹਾਂ ਫਰਜ਼ੀ ਹੈ। ਇਸ ਲਈ, ਤੁਸੀਂ ਉਨ੍ਹਾਂ ਦੀ ਹੋਂਦ ਤੋਂ ਇਨਕਾਰ ਨਹੀਂ ਕਰ ਸਕਦੇ ਕਿਉਂਕਿ ਉਹਨਾਂ ਦੀ ਹੋਂਦ ‘ਸਬੂਤ ਤੋਂ ਬਿਨਾਂ ਸੰਪੂਰਨ’ ਹੈ। ਕਾਲਮਨਵੀਸ ਮਾਰਥਾ ਗਿੱਲ ਨੇ ਇਸ ਵਿਸ਼ੇ ’ਤੇ ‘ਦਿ ਗਾਰਡੀਅਨ’ ਵਿੱਚ ਲਿਖਿਆ, ਇਲੂਮੀਨੇਟੀ ਨੂੰ ਵਿਸ਼ਵ ਇਤਿਹਾਸ ਵਿੱਚ ਸਭ ਤੋਂ ਸਥਾਈ ਸਾਜ਼ਿਸ਼ ਸਿਧਾਂਤ ਸੰਗਠਨ ਵਜੋਂ ਦਰਸਾਇਆ ਹੈ।

‘1969 ਦੇ ਚੰਦਰਮਾ ਲੈਂਡਿੰਗ ਮਿਸ਼ਨ, ਕੈਨੇਡੀ ਦੀ ਹੱਤਿਆ, 9/11 ਦੇ ਹਮਲੇ ਆਦਿ ਨਾਲ ਸਬੰਧਤ ਸਾਜ਼ਿਸ਼ ਦੇ ਸਿਧਾਂਤ, ਸਭ ਇੱਕ ਖਾਸ ਸਮੇਂ ਅਤੇ ਸਥਾਨ ਤੱਕ ਸੀਮਿਤ ਹਨ। ਪਰ ਇਲੂਮੀਨੇਟੀ ਦੀ ਹੋਂਦ ਦਾ ਸਮਰਥਨ ਕਰਨ ਵਾਲੇ ਸਾਜ਼ਿਸ਼ ਸਿਧਾਂਤ ਉਹਨਾਂ ਨੂੰ ਜੋੜ ਸਕਦੇ ਹਨ। ਇਨ੍ਹਾਂ ਬਾਰੇ ਕਿਸੇ ਵੀ ਕੜੀ ਨੂੰ ਜੋੜਨਾ ਤੇ ਸਾਬਤ ਕਰਨਾ ਔਖਾ ਹੈ।’ ਦੂਜੇ ਸ਼ਬਦਾਂ ਵਿਚ, ਸਾਜ਼ਿਸ਼ ਦੇ ਸਿਧਾਂਤਾਂ ਦੇ ਸਮਰਥਕਾਂ ਕੋਲ ਆਮ ਕਲਪਨਾ ਹੋ ਸਕਦੀ ਹੈ ਅਤੇ ਇਹ ਸੰਗਠਨ ਦੁਨੀਆਂ ’ਚ ਵਾਪਰ ਰਹੀ ਹਰ ਚੀਜ਼ ਦਾ ਕਾਰਨ ਬਣ ਸਕਦਾ ਹੈ ਅਤੇ ਸੰਸਾਰ ਵਿਚ ਹਰ ਤਰਕਹੀਣ ਵਰਤਾਰੇ ਦੀ ਵਿਆਖਿਆ ਇਸ ਸਿਧਾਂਤ ਨਾਲ ਕੀਤੀ ਜਾ ਸਕਦੀ ਹੈ।

(ਕੋਈ ਵੀ ਇਲੂਮੀਨੇਟੀ ਦੀ ਅਸਲ ਹੋਂਦ ਨੂੰ ਸਾਬਤ ਨਹੀਂ ਕਰ ਸਕਦਾ, ਅਸਲ ਵਿੱਚ ਦੁਨੀਆ ’ਚ ਇੱਕ ਕਥਿਤ ‘ਗਲੋਬਲ ਸ਼ੈਡੋ ਸਰਕਾਰ’ ਹੈ ਜਿਸਦਾ ਨਾਮ ਬਿਲਡਰਬਰਗ ਸਮੂਹ ਹੈ। ਬਿਲਡਰਬਰਗ ਸਮੂਹ ਇੱਕ ਸਾਲਾਨਾ ਵਿਸ਼ਵ-ਪੱਧਰੀ ਨਿੱਜੀ ਮੀਟਿੰਗ ਕਰਦਾ ਹੈ ਅਤੇ ਭਾਗੀਦਾਰਾਂ ਵਿੱਚ ਸਮਾਜ ਦੇ ਸਾਰੇ ਖੇਤਰਾਂ ਜਿਸ ਵਿਚ ਸਰਕਾਰ, ਵਪਾਰ, ਮੀਡੀਆ, ਵਿਗਿਆਨ ਅਤੇ ਤਕਨਾਲੋਜੀ ਦੇ ਕੁਲੀਨ ਸ਼ਾਮਲ ਹੁੰਦੇ ਹਨ। ‘ਵਿਸ਼ਵ ਦੀ ਸਭ ਤੋਂ ਰਹੱਸਮਈ ਕਾਨਫਰੰਸ’ ਵਜੋਂ ਜਾਣੀ ਜਾਂਦਾ ਬਿਲਡਰਬਰਗ ਸਮੂਹ ਹਰ ਸਾਲ ਵੱਖ-ਵੱਖ ਪ੍ਰਸਿੱਧ ਰਾਜਨੀਤਿਕ ਅਤੇ ਆਰਥਿਕ ਹਸਤੀਆਂ ਨੂੰ ਆਪਣੀਆਂ ਮੀਟਿੰਗਾਂ ਵਿੱਚ ਹਿੱਸਾ ਲੈਣ ਲਈ ਸੱਦਾ ਦਿੰਦਾ ਹੈ।)

ਗਲੋਬਲ ਸ਼ੈਡੋ ਸਰਕਾਰ ਦੀ ਪਹਿਲੀ ਮੀਟਿੰਗ ਪ੍ਰਿੰਸ ਬਰਨਹਾਰਡ ਵੈਨ ਲਿਪ-ਬੀਸਟਰਫੀਲਡ (1911-2004) ਨੇ 1954 ਵਿੱਚ ਕੀਤੀ ਤੇ ਇਸ ਮੀਟਿੰਗ ਦਾ ਸਥਾਨ ਓਸਟਰਬੀਕ ਵਿੱਚ ਬਿਲਡਰਬਰਗ ਹੋਟਲ ਸੀ, ਤੇ ਇਸ ਨਾਮ ਨੂੰ ਹੀ ਸਮੂਹ ਦੇ ਨਾਮ ਵਜੋਂ ਵਰਤਿਆ ਗਿਆ ਸੀ।

ਬਿਲਡਰਬਰਗ ਸਮੂਹ ਦੀ ਹੋਂਦ ਕੋਈ ਗੁਪਤ ਨਹੀਂ ਹੈ, ਪਰ ਕਾਨਫਰੰਸਾਂ ਵਿੱਚ ਵਿਚਾਰੇ ਗਏ ਵਿਸ਼ਿਆਂ ਦੀ ਸਮੱਗਰੀ ਬਿਲਕੁਲ ਗੁਪਤ ਹੈ ਅਤੇ ਮੁੱਖ ਧਾਰਾ ਮੀਡੀਆ ਮੀਟਿੰਗਾਂ ਦੀ ਸਮੱਗਰੀ ਦੀ ਰਿਪੋਰਟ ਨਹੀਂ ਕਰ ਸਕਦੀਆ। ਬਿਲਡਰਬਰਗ ਸਮੂਹ ਕਾਨਫਰੰਸ ਦੇ ਭਾਗੀਦਾਰਾਂ ਅਤੇ ਵਿਚਾਰੇ ਗਏ ਵਿਸ਼ਿਆਂ ਦੀ ਰੂਪਰੇਖਾ ਨੂੰ ਪੇਸ਼ ਕਰਨ ਲਈ ਹਰ ਸਾਲ ਇੱਕ ਪ੍ਰੈਸ ਰਿਲੀਜ਼ ਜਾਰੀ ਕਰਦਾ ਹੈ। ਕਈ ਸਾਲਾਂ ਦੌਰਾਨ ਇਸ ਦੇ ਭਾਗੀਦਾਰ ਬਹੁਤ ਸਾਰੀਆਂ ਥਾਵਾਂ ਤੋਂ ਆਉਂਦੇ ਹਨ, ਜਿਨ੍ਹਾਂ ਵਿੱਚ ਬ੍ਰਿਟਿਸ਼ ਸ਼ਾਹੀ ਪਰਿਵਾਰ ਦੇ ਐਡਿਨਬਰਗ ਦੇ ਪ੍ਰਿੰਸ ਫਿਲਿਪ (1921-2021), ਕ੍ਰਾਊਨ ਪ੍ਰਿੰਸ ਚਾਰਲਸ, ਸਾਬਕਾ ਬ੍ਰਿਟਿਸ਼ ਪ੍ਰਧਾਨ ਮੰਤਰੀ, ਫਰਾਂਸ ਦੇ ਰਾਸ਼ਟਰਪਤੀ ਮੈਕਰੋਨ, ਜਰਮਨ ਚਾਂਸਲਰ ਮਾਰਕਲ, ਸਾਬਕਾ ਅਮਰੀਕੀ ਰਾਸ਼ਟਰਪਤੀ ਬੁਸ਼ ਅਤੇ ਕਲਿੰਟਨ ਮੁਖ ਰੂਪ ’ਚ ਸ਼ਾਮਲ ਹੁੰਦੇ ਸਨ। ਇੱਥੋਂ ਤੱਕ ਕਿ ਬਿਲ ਗੇਟਸ ਅਤੇ ਹੋਰ ਇੰਟਰਨੈਟ ਦਿੱਗਜ ਦੇ ਨਾਲ ਨਾਲ ਇੱਥੇ ਇਟਾਲੀਅਨ ਵੀ ਮੌਜੂਦ ਸਨ।

2018 ਕਾਨਫਰੰਸ ਜੂਨ ਵਿੱਚ ਇਟਲੀ ਦੇ ਟੂਰਿਨ ਵਿੱਚ ਆਯੋਜਿਤ ਕੀਤੀ ਗਈ ਸੀ। ਬਿਲਡਰਬਰਗ ਸਮੂਹ ਦੀ ਅਧਿਕਾਰਤ ਵੈੱਬਸਾਈਟ ’ਤੇ ਦਿੱਤੇ ਵਰਣਨ ਦੇ ਅਨੁਸਾਰ, ਮੁੱਖ ਵਿਸ਼ਿਆਂ ਵਿੱਚ ਯੂਰਪੀਅਨ ਲੋਕਪ੍ਰਿਅਤਾ, ਨਕਲੀ ਬੁੱਧੀ ਦਾ ਵਿਕਾਸ, ਕੁਆਂਟਮ ਕੰਪਿਊਟਰ ਤਕਨਾਲੋਜੀ ਅਤੇ ‘ਪੋਸਟ-ਟਰੂਥ’ ਯੁੱਗ ਸ਼ਾਮਲ ਸਨ। ਸਪੱਸ਼ਟ ਹੈ ਕਿ ਮੀਟਿੰਗ ਦੀ ਚਰਚਾ ਦੀ ਅਸਲ ਸਮੱਗਰੀ ਅਤੇ ਨਤੀਜਿਆਂ ਦੀ ਕਦੇ ਵੀ ਰਿਪੋਰਟ ਸਾਹਮਣੇ ਨਹੀਂ ਆਈ ਹੈ।

ਇਸ ਲਈ, ਬਿਲਡਰਬਰਗ ਸਮੂਹ ਕੁਦਰਤੀ ਤੌਰ ’ਤੇ ਇੱਕ ਟਿਕਾਣਾ ਬਣ ਗਿਆ ਹੈ ਜਿੱਥੇ ਸਾਜ਼ਿਸ਼ ਦੇ ਸਿਧਾਂਤਕਾਰ ਸਮੱਗਰੀ ਨੂੰ ਅੱਗੇ ਲੈ ਕੇ ਆਉਣਾ ਹੈ। ਬਿਲਡਰਬਰਗ ਸਮੂਹ ਦਾ ਵਰਣਨ ਇਸ ਸਿਧਾਂਤ ਦੇ ਸੱਚੇ ਸਬੂਤ ਵਜੋਂ ਪੇਸ਼ ਕਰਦੇ ਹਨ ਜਿਸ ’ਚ ਕਿ ਬਹੁਤ ਘੱਟਗਿਣਤੀ ਦੇ ਕੁਲੀਨ ਵਰਗ ਸੰਸਾਰ ਨੂੰ ਨਿਯੰਤਰਿਤ ਕਰਦੇ ਹਨ, ਅਤੇ ਇਸ ਦੇ ਭਾਗੀਦਾਰ ਇੱਕ ਨਿਊ ਵਰਲਡ ਆਰਡਰ ਦੀ ਯੋਜਨਾ ਬਣਾ ਰਹੇ ਹਨ।

# ਇੰਗਲੈਂਡ ਨੂੰ ਹਰਾ ਕੇ ਭਾਰਤੀ ਕੁੜੀਆਂ ਨੇ ਜਿੱਤਿਆ ਪਹਿਲਾ ਅੰਡਰ-19 ਟੀ-20 ਵਿਸ਼ਵ ਕੱਪ

ਪੋਚੇਫਸਟਰੂਮ/ਏ.ਟੀ.ਨਿਊਜ਼ : ਭਾਰਤ ਨੇ ਕ੍ਰਿਸ਼ਮਈ ਪ੍ਰਦਰਸ਼ਨ ਕਰਦਿਆਂ ਪਹਿਲੀ ਵਾਰ ਖੇਡਿਆ ਗਿਆ ਵੂਮੈਨ ਅੰਡਰ-19 ਟੀ-20 ਵਿਸ਼ਵ ਕੱਪ ਆਪਣੇ ਨਾਂ ਕਰ ਲਿਆ ਹੈ। ਦੱਖਣੀ ਅਫਰੀਕਾ ਵਿਚ ਹੋਏ ਟੂਰਨਾਮੈਂਟ ਦੇ ਖ਼ਿਤਾਬੀ ਮੁਕਾਬਲੇ ’ਚ ਸ਼ੈਫਾਲੀ ਵਰਮਾ ਦੀ ਕਪਤਾਨੀ ਵਾਲੀ ਨੌਜਵਾਨ ਬ੍ਰਿਗੇਡ ਨੇ ਇੰਗਲੈਂਡ ਨੂੰ 7 ਵਿਕਟਾਂ ਨਾਲ ਕਰਾਰੀ ਹਾਰ ਦਿੱਤੀ। ਤੇਜ਼ ਗੇਂਦਬਾਜ਼ ਤੀਤਸ ਸਾਧੂ ਤੇ ਲੈੱਗ ਸਪਿਨਰ ਪਾਰਸ਼ਵੀ ਚੋਪੜਾ ਦੀ ਅਗਵਾਈ ਵਿਚ ਭਾਰਤੀ ਗੇਂਦਬਾਜ਼ਾਂ ਨੇ ਕਮਾਲ ਦਾ ਪ੍ਰਦਰਸ਼ਨ ਕਰਦਿਆਂ ਇੰਗਲੈਂਡ ਦੀ ਟੀਮ ਨੂੰ 68 ਦੌੜਾਂ ’ਤੇ ਆਲ-ਆਊਟ ਕਰ ਦਿੱਤਾ। ਇਸ ਤੋਂ ਬਾਅਦ ਸਿਰਫ 3 ਵਿਕਟਾਂ ਗੁਆ ਕੇ ਪਲੇਠੇ ਟੂਰਨਾਮੈਂਟ ਦੀ ਟਰਾਫ਼ੀ ਆਪਣੇ ਨਾਂ ਕਰ ਲਈ। ਇਸ ਤਰ੍ਹਾਂ ਪਹਿਲੀ ਵਾਰ ਕਰਵਾਏ ਗਏ ਪੁਰਸ਼ ਟੀ-20 ਵਿਸ਼ਵ ਕੱਪ ਦੀ ਤਰ੍ਹਾਂ ਭਾਰਤ ਨੇ ਆਈ.ਸੀ.ਸੀ. ਵੂਮੈਨ ਅੰਡਰ-19 ਟੀ-20 ਵਿਸ਼ਵ ਕੱਪ 2023 ਜਿੱਤ ਕੇ ਇਤਿਹਾਸ ਰਚ ਦਿੱਤਾ ਹੈ।



# ਜਰਮਨੀ, ਬੈਲਜੀਅਮ ਨੂੰ ਹਰਾ ਕੇ ਬਣਿਆ ਵਿਸ਼ਵ ਚੈਂਪੀਅਨ



ਭੁਬਨੇਸ਼ਵਰ/ਏ.ਟੀ.ਨਿਊਜ਼ :- ਹਾਕੀ ਵਿਸ਼ਵ ਕੱਪ ਦੇ ਫਾਈਨਲ ਵਿਚ ਜਰਮਨੀ ਨੇ ‘ਸਡਨ ਡੈੱਥ ਸ਼ੂਟ-ਆਊਟ’ ਵਿਚ ਬੈਲਜੀਅਮ ਨੂੰ 5-4 ਨਾਲ ਹਰਾ ਕੇ ਵਿਸ਼ਵ ਕੱਪ ’ਤੇ ਕਬਜ਼ਾ ਕਰ ਲਿਆ। ਇਸ ਤੋਂ ਪਹਿਲਾਂ ਨਿਯਮਿਤ ਸਮੇਂ ਤੱਕ ਦੋਵੇਂ ਟੀਮਾਂ 3-3 ਦੀ ਬਰਾਬਰੀ ਉਤੇ ਸਨ। ਜਰਮਨੀ ਨੇ ਤੀਜੀ ਵਾਰ ਵਿਸ਼ਵ ਕੱਪ ਖ਼ਿਤਾਬ ਜਿੱਤਿਆ ਹੈ। ਜਰਮਨੀ ਮੈਚ ਵਿਚ ਪਹਿਲਾਂ 2-0 ਨਾਲ ਪਛੜਿਆ ਹੋਇਆ ਸੀ ਪਰ ਮਗਰੋਂ ਉਸ ਨੇ ਜ਼ਬਰਦਸਤ ਵਾਪਸੀ ਕਰਦਿਆਂ 3-2 ਦੀ ਲੀਡ ਬਣਾ ਲਈ। ਇਸ ਤੋਂ ਪਹਿਲਾਂ ਕਪਤਾਨ ਥਿਏਰੀ ਬ੍ਰਿੰਕਮੈਨ ਦੇ ਦੋ ਗੋਲਾਂ ਦੀ ਮਦਦ ਨਾਲ ਨੀਦਰਲੈਂਡ ਨੇ ਆਸਟ੍ਰੇਲੀਆ ਨੂੰ 3-1 ਨਾਲ ਹਰਾ ਕੇ ਕਾਂਸੇ ਦਾ ਤਮਗ਼ਾ ਜਿੱਤਿਆ।

# ਆਸਾਰਾਮ ਨੂੰ ਸਜ਼ਾ ਦਾ ਐਲਾਨ, ਬਲਾਤਕਾਰ ਮਾਮਲੇ ’ਚ ਉਮਰ ਕੈਦ, 50 ਹਜ਼ਾਰ ਜੁਰਮਾਨਾ

## ਭੂਤ ਕੱਢਣ ਬਹਾਨੇ ਸ਼ਰਧਾਲੂ ਲੜਕੀ ਨਾਲ ਕੀਤਾ ਸੀ ਬਲਾਤਕਾਰ

ਗਾਂਧੀਨਗਰ/ਏ.ਟੀ.ਨਿਊਜ਼ :- ਗੁਜਰਾਤ ਦੇ ਗਾਂਧੀਨਗਰ ਦੀ ਇੱਕ ਅਦਾਲਤ ਨੇ 2013 ਦੇ ਜਬਰ ਜਨਾਹ ਦੇ ਇੱਕ ਮਾਮਲੇ ਵਿੱਚ ਆਸਾਰਾਮ ਬਾਪੂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਸ ਤੋਂ ਪਹਿਲਾਂ ਸੋਮਵਾਰ ਨੂੰ ਅਦਾਲਤ ਨੇ ਆਸਾਰਾਮ ਬਾਪੂ ਨੂੰ ਜਬਰ ਜਨਾਹ ਮਾਮਲੇ ਵਿਚ ਦੋਸ਼ੀ ਪਾਇਆ ਸੀ। ਅਦਾਲਤ ਨੇ ਆਸਾਰਾਮ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਸ ਦੇ ਨਾਲ ਹੀ ਅਦਾਲਤ ਨੇ ਪੀੜਤਾ ਨੂੰ 50 ਹਜ਼ਾਰ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ ਹੈ। ਦੱਸ ਦੇਈਏ ਕਿ ਸਾਲ 2013 ਵਿਚ ਆਸਾਰਾਮ ’ਤੇ ਦੋ ਭੈਣਾਂ ਨੇ ਜਬਰ ਜਨਾਹ ਦਾ ਮਾਮਲਾ ਦਰਜ ਕਰਵਾਇਆ ਸੀ। ਆਸਾ ਰਾਮ ਨੇ ਭੂਤ ਕੱਢਣ ਦੇ ਬਹਾਨੇ ਇਕ ਭੈਣ ਨਾਲ ਬਲਾਤਕਾਰ ਕੀਤਾ ਸੀ।ਵਿਸ਼ੇਸ਼ ਸਰਕਾਰੀ ਵਕੀਲ ਆਰਸੀ ਕੋਡੇਕਰ ਦੇ ਅਨੁਸਾਰ, ਪੀੜਤਾ ਨੇ ਸੂਰਤ ਪੁਲਿਸ ਕੋਲ ਕੇਸ ਦਰਜ ਕਰਵਾਇਆ ਸੀ, ਜਿਸ ਨੂੰ 2013 ਵਿੱਚ ਅਹਿਮਦਾਬਾਦ ਪੁਲਿਸ ਨੂੰ ਤਬਦੀਲ ਕਰ ਦਿੱਤਾ ਗਿਆ ਸੀ। ਚਾਂਦਖੇੜਾ ਪੁਲਿਸ ਸਟੇਸ਼ਨ ਨੇ ਆਸਾਰਾਮ ਬਾਪੂ ਅਤੇ ਉਸਦੇ ਪੁੱਤਰ ਨਰਾਇਣ ਸਾਈਂ ਸਮੇਤ 8 ਲੋਕਾਂ ਦੇ ਖਿਲਾਫ ਆਈਪੀਸੀ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਸੀ।

ਦੱਸ ਦੇਈਏ ਕਿ ਆਸਾਰਾਮ ਬਾਪੂ ਇਸ ਸਮੇਂ ਜੋਧਪੁਰ ਜੇਲ੍ਹ ਵਿੱਚ ਹਨ। ਇਸ ਦੇ ਨਾਲ ਹੀ ਸੂਰਤ ਦੀ ਅਦਾਲਤ ਵਿੱਚ ਨਰਾਇਣ ਸਾਈਂ ਦੇ ਖ਼ਿਲਾਫ਼ ਇੱਕ ਵੱਖਰਾ ਕੇਸ ਚੱਲ ਰਿਹਾ ਹੈ। ਦੋ ਭੈਣਾਂ ਨੇ ਆਸਾਰਾਮ ਅਤੇ ਉਸਦੇ ਬੇਟੇ ਦੇ ਖਿਲਾਫ ਸ਼ਿਕਾਇਤ ਦਰਜ ਕਰਵਾਈ ਸੀ, ਜਿਸ ਵਿੱਚ ਦੋਸ਼ ਲਗਾਇਆ ਗਿਆ ਸੀ ਕਿ ਆਸਾਰਾਮ ਅਤੇ ਉਸਦੇ ਬੇਟੇ ਦੁਆਰਾ ਚਲਾਏ ਜਾ ਰਹੇ ਮੋਟੇਰਾ ਆਸ਼ਰਮ ਵਿੱਚ 1997 ਤੋਂ 2006 ਦੇ ਵਿੱਚ ਉਨ੍ਹਾਂ ਨਾਲ ਬਲਾਤਕਾਰ ਕੀਤਾ ਗਿਆ ਸੀ। ਛੋਟੀ ਭੈਣ ਨੇ ਨਰਾਇਣ ਸਾਈਂ ਅਤੇ ਵੱਡੀ ਭੈਣ ਨੇ ਆਸਾਰਾਮ ਖਿਲਾਫ ਸ਼ਿਕਾਇਤ ਦਰਜ ਕਰਵਾਈ ਸੀ।



**ਆਸਾ ਰਾਮ ਦੀਆਂ ਕਰਤੂਤਾਂ ਤੇ ਸਿਆਸੀ ਪ੍ਰਭਾਵ**

ਸ਼ੁਰੂਆਤੀ ਸਾਲਾਂ ’ਚ ਪ੍ਰਵਚਨ ਤੋਂ ਬਾਅਦ ਪ੍ਰਸਾਦ ਦੇ ਨਾਂ ’ਤੇ ਮੁਫਤ ਭੋਜਨ ਵੰਡਣ ਨੇ ਵੀ ਸਾਧ ਆਸਾਰਾਮ ਦੇ ‘ਭਗਤਾਂ’ ਦੀ ਗਿਣਤੀ ਤੇਜ਼ੀ ਨਾਲ ਵਧਾਉਣ ’ਚ ਅਹਿਮ ਭੂਮਿਕਾ ਨਿਭਾਈ। ਆਸਾਰਾਮ ਦੀ ਅਧਿਕਾਰਤ ਵੈੱਬਸਾਈਟ ਮੁਤਾਬਕ ਇਕ ਸਮੇਂ ਦੁਨੀਆ ਭਰ ਵਿਚ ਉਨ੍ਹਾਂ ਦੇ ਚਾਰ ਕਰੋੜ ਫਾਲੋਅਰਜ਼ ਸਨ। ਇਨ੍ਹਾਂ ਪੈਰੋਕਾਰਾਂ ਦੇ ਬਲ ’ਤੇ ਆਸਾਰਾਮ ਨੇ ਆਪਣੇ ਪੁੱਤਰ ਨਾਰਾਇਣ ਸਾਈਂ ਨਾਲ ਮਿਲ ਕੇ ਦੇਸ਼-ਵਿਦੇਸ਼ ਵਿਚ ਫੈਲੇ 400 ਆਸ਼ਰਮਾਂ ਦਾ ਸਾਮਰਾਜ ਕਾਇਮ ਕਰ ਲਿਆ ਸੀ। ਸਾਧ ਆਸਾਰਾਮ ਕੋਲ ਇਨ੍ਹਾਂ ਆਸ਼ਰਮਾਂ ਦੇ ਨਾਲ ਨਾਲ ਕਰੀਬ 10 ਹਜ਼ਾਰ ਕਰੋੜ ਰੁਪਏ ਦੀ ਜਾਇਦਾਦ ਵੀ ਹੈ। ਹਾਲ ਦੀ ਘੜੀ ਇਸ ਜਾਇਦਾਦ ਦੀ ਕੇਂਦਰ ਤੇ ਗੁਜਰਾਤ ਦੇ ਸੂਬਾ ਟੈਕਸ ਟੈਕਸ ਵਿਭਾਗ ਅਤੇ ਇਨਫੋਰਸਮੈਂਟ ਡਾਇਰੈਕਟੋਰੇਟ ਵਲੋਂ ਜਾਂਚ ਕੀਤੀ ਜਾ ਰਹੀ ਹੈ। ਇਸ ਜਾਂ ਵਿੱਚ ਆਸ਼ਰਮ ਨਿਰਮਾਣ ਲਈ ਗ਼ੈਰ-ਕਾਨੂੰਨੀ ਤਰੀਕੇ ਨਾਲ ਜ਼ਮੀਨ ’ਤੇ ਕਬਜ਼ਾ ਕਰਨ ਦੇ ਮਾਮਲੇ ਵੀ ਸ਼ਾਮਿਲ ਹਨ।

ਭਗਤਾਂ ਦੀ ਗਿਣਤੀ ਵਧਣ ਦੇ ਨਾਲ-ਨਾਲ ਸਿਆਸਤਦਾਨਾਂ ਨੇ ਵੀ ਆਸਾਰਾਮ ਰਾਹੀਂ ਵੱਡੀ ਗਿਣਤੀ ਵੋਟਰਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਸੀ। 1990 ਤੋਂ 2000 ਦੇ ਦਹਾਕੇ ਤੱਕ, ਉਨ੍ਹਾਂ ਦੇ ਸ਼ਰਧਾਲੂਆਂ ਦੀ ਸੂਚੀ ਵਿੱਚ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਨਾਲ-ਨਾਲ ਭਾਰਤੀ ਜਨਤਾ ਪਾਰਟੀ ਦੇ ਦਿੱਗਜ ਆਗੂ ਜਿਵੇਂ ਕਿ ਲਾਲ ਕ੍ਰਿਸ਼ਨ ਅਡਵਾਨੀ ਅਤੇ ਨਿਤਿਨ ਗਡਕਰੀ ਤੱਕ ਸ਼ਾਮਲ ਸਨ। ਇਸ ਸੂਚੀ ਵਿੱਚ ਦਿਗਵਿਜੇ ਸਿੰਘ, ਕਮਲਨਾਥ ਅਤੇ ਮੋਤੀ ਲਾਲ ਵੋਰਾ ਵਰਗੇ ਸੀਨੀਅਰ ਕਾਂਗਰਸੀ ਆਗੂ ਵੀ ਸ਼ਾਮਲ ਸਨ। ਆਸਾਰਾਮ ਦੇ ਦਰਸ਼ਨਾਂ ਲਈ ਜਾਣ ਵਾਲੇ ਭਾਜਪਾ ਦੇ ਮੌਜੂਦਾ ਅਤੇ ਸਾਬਕਾ ਮੁੱਖ ਮੰਤਰੀਆਂ ਦੀ ਇੱਕ ਲੰਬੀ ਫ਼ਹਿਰਿਸ ਹੈ। ਇਸ ਲਿਸਟ ਵਿੱਚ ਸ਼ਿਵਰਾਜ ਸਿੰਘ ਚੌਹਾਨ, ਉਮਾ ਭਾਰਤੀ, ਰਮਨ ਸਿੰਘ, ਪ੍ਰੇਮ ਕੁਮਾਰ ਧੂਮਲ ਅਤੇ ਵਸੁੰਧਰਾ ਰਾਜੇ ਦੇ ਨਾਂ ਵੀ ਸ਼ਾਮਲ ਸਨ। 2000 ਦੇ ਦਹਾਕੇ ਦੇ ਸ਼ੁਰੂਆਤੀ ਸਾਲਾਂ ਵਿੱਚ ਆਸਾਰਾਮ ਦੇ ‘ਦਰਸ਼ਨ’ ਲਈ ਜਾਣ ਵਾਲਿਆਂ ਵਿੱਚ ਸਭ ਤੋਂ ਵੱਡਾ ਨਾਮ ਭਾਰਤ ਦੇ ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਰਿਹਾ ਹੈ। ਪਰ 2008 ਵਿੱਚ ਆਸਾਰਾਮ ਦੇ ਮੁਟੇਰਾ ਆਸ਼ਰਮ ਵਿੱਚ ਦੋ ਬੱਚਿਆਂ ਦੀ ਹੱਤਿਆ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਲਗਭਗ ਹਰ ਸਿਆਸੀ ਪਾਰਟੀ ਦੇ ਆਗੂਆਂ ਨੇ ਉਨ੍ਹਾਂ ਤੋਂ ਦੂਰੀ ਬਣਾ ਲਈ ਸੀ। ਯਾਦ ਰਹੇ ਕਿ 5 ਜੁਲਾਈ 2008 ਨੂੰ 10 ਸਾਲਾ ਅਭਿਸ਼ੇਕ ਵਾਘੇਲਾ ਅਤੇ 11 ਸਾਲਾ ਦੀਪੇਸ਼ ਵਾਘੇਲਾ ਦੀਆਂ ਅੱਧ ਸੜੀਆਂ ਲਾਸ਼ਾਂ ਆਸਾਰਾਮ ਦੇ ਮੁਟੇਰਾ ਆਸ਼ਰਮ ਦੇ ਬਾਹਰ ਸਾਬਰਮਤੀ ਨਦੀ ਦੇ ਸੁੱਕੇ ਤਲ ਕੋਲ ਮਿਲੀਆਂ ਸਨ। ਇਹ ਦੋਵੇਂ ਚਾਚੇ ਤਾਏ ਦੇ ਪੁੱਤ ਸਨ। ਦੋਵਾਂ ਨੂੰ ਅਹਿਮਦਾਬਾਦ ਵਿਚ ਰਹਿ ਰਹੇ ਉਨ੍ਹਾਂ ਦੇ ਮਾਪਿਆਂ ਨੇ ਮੌਤ ਤੋਂ ਕੁਝ ਦਿਨ ਪਹਿਲਾਂ ਹੀ ਆਸਾਰਾਮ ਦੇ ‘ਗੁਰੂਕੁਲ’ ਸਕੂਲ ਵਿਚ ਦਾਖਲਾ ਦਿਵਾਇਆ ਸੀ।ਇਸ ਮਾਮਲੇ ਦੀ ਜਾਂਚ ਲਈ ਤਤਕਾਲੀ ਸੂਬਾ ਸਰਕਾਰ ਵੱਲੋਂ ਡੀਕੇ ਤ੍ਰਿਵੇਦੀ ਕਮਿਸ਼ਨ ਦਾ ਗਠਨ ਕੀਤਾ ਗਿਆ ਸੀ ਪਰ ਇਸ ਕਮਿਸ਼ਨ ਦੀ ਜਾਂਚ ਦੇ ਨਤੀਜੇ ਅੱਜ ਤੱਕ ਜਨਤਕ ਨਹੀਂ ਕੀਤੇ ਗਏ।

# ਆਸਾਰਾਮ ਵਰਗੇ ਰੰਗੀਲੇ ‘ਸਾਧ’ ਜੋ ਬਲਾਤਕਾਰ ਦੇ ਦੋਸ਼ਾਂ ਕਾਰਨ ਜੇਲ੍ਹ ਵਿੱਚ ਨੇ ਜਾਂ ਫ਼ਰਾਰ ਨੇ

ਆਸਾਰਾਮ ਤੋਂ ਇਲਾਵਾ ਆਪਣੇ ਆਪ ਨੂੰ ਸੰਤ ਦੱਸਣ ਵਾਲੇ ਕਈ ਹੋਰ ਧਰਮ ਪ੍ਰਚਾਰਕ ਵੀ ਭ੍ਰਿਸ਼ਟਾਚਾਰ ਤੇ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਕਾਰਨ ਸਜ਼ਾ ਕੱਟ ਰਹੇ ਹਨ ਜਾਂ ਜਮਾਨਤ ’ਤੇ ਬਾਹਰ ਹਨ।

ਦਿੱਲੀ ਵਿੱਚ ਫਾਊਂਡੇਸ਼ਨ ਫ਼ਾਰ ਸੋਸ਼ਲ ਇੰਪਾਵਰਮੈਂਟ ਨਾਮ ਦੀ ਇੱਕ ਗ਼ੈਰ ਸਰਕਾਰੀ ਸੰਸਥਾ ਨੇ ਇੱਕ ਮਾਮਲੇ ਵਿੱਚ ਜਨਹਿਤ ਪਟੀਸ਼ਨ ਦਾਖ਼ਲ ਕੀਤੀ ਸੀ। ਸੰਸਥਾ ਦੇ ਵਕੀਲ ਨੇ ਦੱਸਿਆ ਕਿ ਵਰਿੰਦਰ ਦੇਵ ਦੀਕਸ਼ਿਤ ਆਪਣੇ ਆਪ ਨੂੰ ਸ਼ਿਵ ਦਾ ਅਵਤਾਰ ਦੱਸਦੇ ਹਨ।

ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਸ਼ਿਵਲਿੰਗ ਦੀ ਪੂਜਾ ਹੁੰਦੀ ਹੈ, ਉਸੇ ਤਰ੍ਹਾਂ ਆਪਣੇ ਲਿੰਗ ਦੀ ਪੂਜਾ ਕਰਨ ਨੂੰ ਕਹਿੰਦੇ ਹਨ। ਜੋ ਕੁੜੀਆਂ ਉੱਥੇ ਰਹਿੰਦੀਆਂ ਹਨ, ਉਨ੍ਹਾਂ ਨੂੰ ਨਸ਼ੇ ਦੀ ਹਾਲਤ ਵਿਚ ਰੱਖਿਆ ਜਾਂਦਾ ਹੈ। ਸ਼ੁਰੂਆਤ ਵਿੱਚ ਕੁੜੀਆਂ ਤੋਂ ਇੱਕ ਰਸਮ ਕਰਵਾਈ ਜਾਂਦੀ ਹੈ ਜਿਸ ਨੂੰ ਉਹ ‘ਭੱਟੀ’ ਕਹਿੰਦੇ ਹਨ। ਇਸ ਰਸਮ ਦੇ ਮੁਤਾਬਕ ਕੁੜੀਆਂ ਨੂੰ 7 ਦਿਨਾਂ ਤੱਕ ਇਕੱਲੇ ਰੱਖਿਆ ਜਾਂਦਾ ਹੈ। ਜੋ ਕੁੜੀਆਂ ਇਹ ਰਸਮ ਕਰ ਲੈਂਦੀਆਂ ਹਨ, ਉਨ੍ਹਾਂ ਨੂੰ ਫਿਰ ਦੂਜੇ ਸ਼ਹਿਰਾਂ ਦੇ ਆਸ਼ਰਮ ਵਿੱਚ ਭੇਜ ਦਿੱਤਾ ਜਾਂਦਾ ਹੈ। ਨਾਬਾਲਗ ਕੁੜੀਆਂ ਨੂੰ ਇਹ ਕਹਿ ਕੇ ਫ਼ਸਾਇਆ ਜਾਂਦਾ ਹੈ ਕਿ ਤੂੰ ਮੇਰੀ ਗੋਪੀ ਬਣੇਂਗੀ। ਜੋ ਕੁੜੀਆਂ ਆਪਣੇ ਨਾਲ ਜਿਣਸੀ ਸ਼ੋਸ਼ਣ ਹੋਣ ਦਿੰਦੀਆਂ ਹਨ, ਉਨ੍ਹਾਂ ਨੂੰ ਵਰਿੰਦਰ ਦੇਵ ਕਹਿੰਦੇ ਹਨ ਕਿ ‘ਤੂੰ ਮੇਰੀਆਂ 16 ਹਜ਼ਾਰ ਰਾਣੀਆਂ ਵਿੱਚੋਂ ਇੱਕ ਹੈਂ।’ ਤੂੰ ਸਿਧਾ ਸਵਰਗ ਮਾਣੇਂਗੀ।

ਜਲੇਬੀ ਸਾਧ ਨੂੰ ਬਲਤਕਾਰ ਦੇ ਕੇਸ ਵਿਚ 10 ਸਾਲ ਜੇਲ੍ਹ ਹੋਈ ਸੀ। ਪੰਜਾਬ ਦੇ ਮਾਨਸਾ ਵਿੱਚ ਜਨਮਿਆ ਬਿੱਲੂ ਰਾਮ ਅੱਠ ਸਾਲ ਦੀ ਉਮਰ ਵਿਚ ਘਰੋਂ ਨਿਕਲ ਗਿਆ ਸੀ।ਘੁੰਮਦਾ ਘੁੰਮਾਉਂਦਾ ਉਹ ਦਿੱਲੀ ਚਲਾ ਗਿਆ ਜਿਥੇ ਉਸ ਦੀ ਮੁਲਾਕਾਤ ਇੱਕ ਦਿਗੰਬਰ ਰਾਮੇਸ਼ਵਰ ਨਾਂ ਦੇ ਬਾਬੇ ਨਾਲ ਹੋਈ।ਬਿੱਲੂ ਰਾਮ ਨੇ ਪੁਲਿਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ ਉਸ ਨੇ ਦਿਗੰਬਰ ਰਾਮੇਸ਼ਵਰ ਨੂੰ ਆਪਣਾ ਗੁਰੂ ਧਾਰ ਲਿਆ ਤੇ ਉਸ ਨਾਲ ਉਜੈਨ ਡੇਰੇ ’ਤੇ ਚਲਾ ਗਿਆ ਜਿਥੇ ਉਹ ਕਰੀਬ ਦਸ ਸਾਲ ਰਿਹਾ।ਅਠਾਰਾਂ ਸਾਲ ਦੀ ਉਮਰ ਵਿਚ ਉਹ ਵਾਪਸ ਆਪਣੇ ਘਰ ਮਾਨਸਾ ਆਇਆ ਜਿੱਥੇ ਪਰਿਵਾਰ ਨੇ ਉਸ ਦਾ ਵਿਆਹ ਕਰ ਦਿੱਤਾ। ਵਿਆਹ ਮਗਰੋਂ ਉਹ ਰੋਜ਼ੀ-ਰੋਟੀ ਲਈ ਮਾਨਸਾ ਤੋਂ ਹਰਿਆਣਾ ਦੇ ਟੋਹਾਣਾ ਕਸਬੇ ਆ ਗਿਆ। ਟੋਹਾਣਾ ਆ ਕੇ ਉਸ ਨੇ ਜਲੇਬੀ ਦੀ ਰੇਹੜੀ ਲਾਈ ਤੇ ਉਸ ਦਾ ਕੰਮ ਚਲ ਪਿਆ ਸੀ।

ਪਰ ਕਰੀਬ ਵੀਹ ਕੁ ਸਾਲ ਪਹਿਲਾਂ ਬਿਲੂ ਰਾਮ ਨੇ ਆਪਣੇ ਘਰ ਇਕ ਮੰਦਰ ਬਣਾਇਆ। ਮੰਦਰ ਵਿਚ ਉਹ ਔਰਤਾਂ ਨੂੰ ਕਥਿਤ ਤੌਰ ਉੱਤੇ ਸਮੱਸਿਆਵਾਂ ਦਾ ਹੱਲ ਦੱਸਣ ਲੱਗਿਆ।ਇਸੇ ਦੌਰਾਨ ਬਿਲੂ ਰਾਮ ਤੋਂ ਉਹ ਜਲੇਬੀ ਬਾਬਾ ਬਣ ਗਿਆ। ਅਮਰਪੁਰੀ ਉਰਫ਼ ਜਲੇਬੀ ਬਾਬਾ ’ਤੇ ਔਰਤਾਂ ਦੇ ਜਿਨਸੀ ਸ਼ੋਸ਼ਣ ਦੇ ਇਲਜ਼ਾਮ ਸਨ ਜੋ ਅਦਾਲਤ ਵਿੱਚ ਸਾਬਿਤ ਹੋਏ ਹਨ। ਬਿਲੂ ਬਾਬੇ ਉੱਤੇ ਇਲਜ਼ਾਮ ਹਨ ਉਹ ਔਰਤਾਂ ਦੀਆਂ ਵੀਡੀਓ ਬਣਾ ਕੇ ਉਨ੍ਹਾਂ ਨੂੰ ਬਲੈਕਮੇਲ ਵੀ ਕਰਦਾ ਸੀ।10 ਜਨਵਰੀ 2023 ਨੂੰ ਬਿੱਲੂ ਉਰਫ਼ ਜਲੇਬੀ ਵਾਲਾ ਬਾਬਾ ਨੂੰ ਅਦਾਲਤ ਨੇ 14 ਸਾਲ ਦੀ ਸਜ਼ਾ ਸੁਣਾਈ ਸੀ।

ਡੇਰਾ ਸਿਰਸਾ ਮੁਖੀ ਰਾਮ ਰਹੀਮ ਨੇ ਬਤੌਰ ਅਦਾਕਾਰ, ਨਿਰਮਾਤਾ-ਨਿਰਦੇਸ਼ਕ ਕਈ ਫ਼ਿਲਮਾਂ ਵੀ ਬਣਾਈਆਂ। ਡੇਰਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਸਾਧਵੀਆਂ ਨਾਲ ਬਲਾਤਕਾਰ ਮਾਮਲੇ ਵਿਚ 20-20 ਸਾਲ ਦੀ ਕੈਦ ਕੱਟ ਰਹੇ ਹਨ। ਉਨ੍ਹਾਂ ਉੱਤੇ ਡੇਰੇ ਦੇ ਇੱਕ ਸਾਬਕਾ ਪੈਰੋਕਾਰ ਰਣਜੀਤ ਸਿੰਘ ਅਤੇ ਪੱਤਰਕਾਰ ਛਤਰਪਤੀ ਦੇ ਕਤਲ ਦਾ ਇਲਜ਼ਾਮ ਵੀ ਹੈ। ਡੇਰਾ ਸੱਚਾ ਸੌਦਾ ਮੁਖੀ ਉੱਤੇ ਪ੍ਰੇਮੀਆਂ ਨੂੰ ਗੁੰਮਰਾਹ ਕਰਕੇ ਨਿਪੁੰਸਕ ਬਣਾਉਣ ਵਰਗੇ ਮਾਮਲੇ ਵੀ ਚੱਲ ਰਹੇ ਹਨ।

ਮਾਮਲਾ 2002 ਦਾ ਹੈ ਜਦੋਂ ਇੱਕ ਕਥਿਤ ਸਾਧਵੀ ਨੇ ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਅਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਮੁੱਖ ਜੱਜ ਨੂੰ ਇੱਕ ਚਿੱਠੀ ਲਿਖ ਕੇ ਗੁਰਮੀਤ ਰਾਮ ਰਹੀਮ ਉੱਤੇ ਸਰੀਰਕ ਸ਼ੋਸ਼ਣ ਕਰਨ ਦਾ ਦੋਸ਼ ਲਗਾਇਆ ਸੀ।ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਅਦਾਲਤ ਨੇ ਜਾਂਚ ਦੀ ਜ਼ਿੰਮੇਵਾਰੀ ਸੀਬੀਆਈ ਨੂੰ ਸੌਂਪ ਦਿੱਤੀ ਸੀ।ਉਸੇ ਮਾਮਲੇ ਵਿੱਚ ਸੌਦਾ ਸਾਧ ਇਸ ਸਮੇਂ ਜੇਲ੍ਹ ਵਿਚ ਸਜਾ ਕੱਟ ਰਹੇ ਹਨ।

ਸਵਾਮੀ ’ਤੇ ਮਾਮਲਾ 2010 ਦਾ ਹੈ। ਪੁਲਿਸ ਨੇ ਧਰਮ ਪ੍ਰਚਾਰਕ ਨਿਤਿਆਨੰਦ ਸਵਾਮੀ ਨੂੰ ਹਿਮਾਚਲ ਪ੍ਰਦੇਸ ਤੋਂ ਗ੍ਰਿਫ਼ਤਾਰ ਕੀਤਾ। ਉਸ ਖ਼ਿਲਾਫ਼ ਧੋਖਾਧੜੀ ਤੇ ਅਸ਼ਲੀਲਤਾ ਦੇ ਮਾਮਲੇ ਦਰਜ ਸਨ।ਉਨ੍ਹਾਂ ਦੀ ਕਥਿਤ ਸੈਕਸ ਸੀਡੀ ਸਾਹਮਣੇ ਆਈ ਸੀ। ਜਿਸ ਨੂੰ ਫ਼ੋਰੈਂਸਿਕ ਲੈਬ ਦੀ ਜਾਂਚ ਵਿੱਚ ਸਹੀ ਠਹਿਰਾਇਆ ਗਿਆ ਸੀ। ਪੁਲਿਸ ਜਾਂਚ ਸ਼ੁਰੂ ਹੋਣ ਤੋਂ ਪਹਿਲਾਂ ਹੀ ਨਿਤਿਆਨੰਦ ਨੇ ਦੁਨੀਆਂ ਭਰ ਵਿੱਚ ਫ਼ੈਲੇ ਆਪਣੇ ਮਿਸ਼ਨ ਦੇ ਸਾਰੇ ਅਹੁਦਿਆਂ ਨੂੰ ਛੱਡ ਦਿੱਤਾ ਸੀ। ਨਿਤਿਆਨੰਦ ਨੇ ਪੁਲਿਸ ਜਾਂਚ ਰੋਕੇ ਜਾਣ ਲਈ ਅਦਾਲਤ ਵਿੱਚ ਅਪੀਲ ਵੀ ਕੀਤੀ ਸੀ ਪਰ ਕਰਨਾਟਕ ਹਾਈ ਕੋਰਟ ਨੇ ਉਨ੍ਹਾਂ ਦੀ ਇਹ ਅਪੀਲ ਖਾਰਜ ਕਰ ਦਿੱਤੀ ਸੀ।

ਜ਼ਿਕਰਯੋਗ ਹੈ ਕਿ ਨਿਤਿਆਨੰਦ ਨੂੰ ਬਾਅਦ ਵਿੱਚ ਜ਼ਮਾਨਤ ਮਿਲ ਗਈ ਸੀ।

ਸੈਕਸ ਰੈਕੇਟ ਚਲਾਉਣ ਦੇ ਇਲਜ਼ਾਮਾਂ ਵਾਲੇ ਭੀਮਾਨੰਦ

ਦਿੱਲੀ ਦੇ ਇਹ ਬਾਬਾ ਭੀਮਾਨੰਦ ਆਪਣੇ ਆਪ ਨੂੰ ਇੱਛਾਧਾਰੀ ਸੰਤ ਦੱਸਦੇ ਸਨ। ਭੀਮਾਨੰਦ ਆਪਣੇ ਨਾਗਿਨ ਡਾਂਸ ਕਰਕੇ ਵੀ ਚਰਚਾ ਵਿੱਚ ਰਹਿੰਦੇ ਸਨ।1997 ਵਿੱਚ ਉਨ੍ਹਾਂ ਨੂੰ ਦਿੱਲੀ ਦੇ ਲਾਜਪਤ ਨਗਰ ਇਲਾਕੇ ਤੋਂ ਪੁਲਿਸ ਨੇ ਦੇਹ ਵਪਾਰ ਵਿੱਚ ਸ਼ਾਮਿਲ ਹੋਣ ਦੇ ਇਲਜ਼ਾਮਾਂ ਅਧੀਨ ਗ੍ਰਿਫ਼ਤਾਰ ਕਰ ਲਿਆ ਸੀ। ਉਨ੍ਹਾਂ ’ਤੇ ਇਲਜ਼ਾਮ ਸੀ ਕਿ ਉਹ ਪ੍ਰਵਚਨ ਬਹਾਨੇ ਕੁੜੀਆਂ ਨੂੰ ਬੁਲਾਉਂਦੇ ਹਨ ਤੇ ਗੁੰਮਰਾਹ ਕਰਕੇ ਸੈਕਸ ਰੈਕੇਟ ਚਲਾਉਂਦੇ ਹਨ।

ਆਪਣੇ ਆਪ ਨੂੰ ਸੰਤ ਦੱਸਣ ਵਾਲੇ ਭੀਮਾਨੰਦ ਦਾ ਅਸਲ ਨਾਮ ਸ਼ਿਵਮੂਰਤ ਦਵਿਵੇਦੀ ਹੈ। ਬਾਬਾ ਬਣਨ ਤੋਂ ਪਹਿਲਾਂ ਉਹ ਇੱਕ ਪੰਜ ਤਾਰਾ ਹੋਟਲ ਵਿੱਚ ਸੁਰੱਖਿਆ ਕਰਮੀ ਵਜੋਂ ਨੌਕਰੀ ਕਰਦੇ ਸਨ। ਭੀਮਾਨੰਦ ਦੀ ਕਰੋੜਾਂ ਦੀ ਜਾਇਦਾਦ ਨੂੰ 2015 ਵਿੱਚ ਇਨਫ਼ੋਰਮੈਂਟ ਡਾਇਰੈਕਟੋਰੇਟ ਨੇ ਜ਼ਬਤ ਕਰ ਲਈ ਸੀ। ਹਾਲਾਂਕਿ ਉਨ੍ਹਾਂ ਵਲੋਂ ਹੀ ਚਿਤਰਕੂਟ ਵਿਚ ਬਣਵਾਇਆ ਗਿਆ ਤਿੰਨ ਮੰਜ਼ਿਲਾ ਮੰਦਰ ਧਾਰਮਿਕ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਬੰਦ ਨਹੀਂ ਕੀਤਾ ਗਿਆ ਸੀ।

# ਬੰਦੀ ਸਿੱਖਾਂ ਦਾ ਜੇਲ੍ਹਾਂ ਵਿੱਚ ਹੋਣਾ ਸੰਵਿਧਾਨ ਦੀ ਮੂਲ ਭਾਵਨਾ ਦੀ ਉਲੰਘਣਾ

### ਭੀਮ ਆਰਮੀ ਦੇ ਪ੍ਰਧਾਨ ਚੰਦਰ ਸ਼ੇਖਰ ਆਜ਼ਾਦ ਨੇ ਜਥੇਦਾਰ ਨਾਲ ਮੁਲਾਕਾਤ ਕਰਕੇ ਪੰਥ ਨੂੰ ਸਹਿਯੋਗ ਦੇਣ ਦੀ ਗੱਲ ਕਹੀ



ਅੰਮ੍ਰਿਤਸਰ/ਏ.ਟੀ.ਨਿਊਜ਼ :- ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨਾਲ ਸਕੱਤਰੇਤ ਵਿਖੇ ਭੀਮ ਆਰਮੀ ਉੱਤਰ ਪ੍ਰਦੇਸ਼ ਦੇ ਪ੍ਰਧਾਨ ਚੰਦਰ ਸ਼ੇਖਰ ਆਜ਼ਾਦ ਨੇ ਸਾਥੀਆਂ ਨਾਲ ਮੁਲਾਕਾਤ ਕੀਤੀ। ਚੰਦਰ ਸ਼ੇਖਰ ਅਜ਼ਾਦ ਨੇ ਕਿਹਾ ਕਿ ਉਹ ਕੁਝ ਸ਼ੰਕਿਆਂ ਨੂੰ ਲੈ ਕੇ ਜਥੇਦਾਰ ਨਾਲ ਮੁਲਾਕਾਤ ਲਈ ਆਏ ਸਨ। ਮੁਲਾਕਾਤ ਵਿਚ ਗਿਆਨੀ ਹਰਪ੍ਰੀਤ ਸਿੰਘ ਨੇ ਉਨ੍ਹਾਂ ਨਾਲ ਸੁਖਾਵੇਂ ਮਾਹੌਲ ਵਿਚ ਗੱਲਬਾਤ ਕਰ ਕੇ ਸਾਰੇ ਸ਼ੰਕੇ ਦੂਰ ਕਰ ਦਿੱਤੇ ਹਨ। ਉਨ੍ਹਾਂ ਸਜ਼ਾਵਾਂ ਪੂਰੀਆਂ ਕਰ ਲੈਣ ਦੇ ਬਾਵਜੂਦ ਜੇਲ੍ਹਾਂ ਵਿਚ ਨਜ਼ਰਬੰਦ ਬੰਦੀ ਸਿੱਖਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਦਿਆਂ ਕਿਹਾ ਕਿ ਸਜ਼ਾਵਾਂ ਪੂਰੀਆਂ ਕਰ ਲੈਣ ਦੇ ਬਾਵਜੂਦ ਬੰਦੀ ਸਿੱਖਾਂ ਦਾ ਜੇਲ੍ਹਾਂ ਵਿਚ ਹੋਣਾ ਸੰਵਿਧਾਨ ਦੀ ਮੂਲ ਭਾਵਨਾ ਦੀ ਉਲੰਘਣਾ ਹੈ।

ਆਜ਼ਾਦ ਨੇ ਕਿਹਾ ਕਿ ਅਦਾਲਤ ਕੀਤੇ ਅਪਰਾਧ ਦੀ ਸਜ਼ਾ ਦਾ ਸਮਾਂ ਤੈਅ ਕਰਦੀਆਂ ਹਨ ਪਰ ਸਜ਼ਾ ਭੁਗਤ ਲੈਣ ਤੋਂ ਬਾਅਦ ਕਿਸੇ ਨੂੰ ਵੀ ਜੇਲ੍ਹ ਵਿਚ ਬੰਦ ਰੱਖਣਾ ਵੀ ਇਕ ਅਪਰਾਧ ਹੈ। ਇਹ ਸਿੱਧੇ ਤੌਰ ’ਤੇ ਮਨੁੱਖੀ ਅਧਿਕਾਰਾਂ ਦੀ ਉਲਘੰਣਾ ਹੈ। ਆਪਣੀਆਂ ਰਾਜਨੀਤਕ ਸਾਜ਼ਿਸ਼ਾਂ ਤੇ ਆਪਣੀਆਂ ਰਾਜਨੀਤਕ ਖਾਹਿਸ਼ਾਂ ਪੂਰੀਆਂ ਕਰਨ ਲਈ ਅਜਿਹਾ ਕਰਨਾ ਬਿਲਕੁੱਲ ਗ਼ਲਤ ਹੈ। ਉਨ੍ਹਾਂ ਕਿਹਾ ਕਿ ਉਹ ਵਫਦ ਸਮੇਤ ਬਹੁਤ ਸਾਰੇ ਸਵਾਲ ਲੈ ਕੇ ਜਥੇਦਾਰ ਨੂੰ ਮਿਲਣ ਲਈ ਆਏ ਸੀ। ਉਨ੍ਹਾਂ ਨੂੰ ਦੋ ਘੰਟੇ ਦੀ ਮੀਟਿੰਗ ਵਿਚ ਸਾਡੇ ਸਾਰੇ ਸਵਾਲਾਂ ਦਾ ਜਵਾਬ ਮਿਲ ਗਿਆ ਹੈ। ਉਨ੍ਹਾਂ ਕਿਹਾ ਕਿ ਉਹ ਜਾਣਨਾ ਚਾਹੁੰਦੇ ਹਨ ਕਿ ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਹੀਂ ਬਣੇ ਤੇ ਜਥੇਦਾਰ ਨੇ ਉਸ ਘਟਨਾ ਨਾਲ ਸਬੰਧਤ ਪੁਸਤਕਾਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਭਾਰਤ ਸੈਕੂਲਰ ਦੇਸ਼ ਹੈ ਅਤੇ ਇਸ ਦਾ ਇਕ ਸੰਵਿਧਾਨ ਵੀ ਹੈ ਜੋ ਦੇਸ਼ ਵਿਚ ਰਹਿਣ ਵਾਲੇ ਹਰ ਵਿਅਕਤੀ ਨੂੰ ਆਪੋ ਆਪਣੇ ਧਰਮ ਦਾ ਪ੍ਰਚਾਰ ਕਰਨ ਦੀ ਖੁੱਲ੍ਹ ਦਿੰਦਾ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਨੇ ਸਾਨੂੰ ਅਸ਼ੀਰਵਾਦ ਦਿੱਤਾ ਹੈ ਤੇ ਭਰੋਸਾ ਦਿੱਤਾ ਹੈ ਕਿ ਹਰ ਸਮੇਂ ਸਾਥ ਦੇਣਗੇ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਚੰਦਰ ਸ਼ੇਖਰ ਆਜ਼ਾਦ (ਬਾਕੀ ਸਫ਼ਾ 29 ’ਤੇ)

# ਅਮਰੀਕੀ ਪੱਤਰਕਾਰ ਅੰਗਦ ਸਿੰਘ ਨੂੰ ਓ.ਸੀ.ਆਈ. ਕਾਰਡ ਧਾਰਕ ਹੋਣ ਦੇ ਬਾਵਜੂਦ ਕੀਤਾ ਗਿਆ 'ਬਲੈਕਲਿਸਟ'

## ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ 'ਤੇ ਡਾਕੂਮੈਂਟਰੀ ਫ਼ਿਲਮ ਬਣਾਉਣ ਕਰਕੇ ਕੇਂਦਰ ਸਰਕਾਰ ਸੀ ਨਾਰਾਜ਼

ਨਵੀਂ ਦਿੱਲੀ/ਏ.ਟੀ.ਨਿਊਜ਼ :- ਅਮਰੀਕੀ ਪੱਤਰਕਾਰ ਅੰਗਦ ਸਿੰਘ ਨੂੰ ਓ.ਸੀ.ਆਈ ਕਾਰਡ ਧਾਰਕ ਹੋਣ ਦੇ ਬਾਵਜੂਦ ਪੱਤਰਕਾਰਤਾ ਸਬੰਧੀ ਵੀਜ਼ਾ ਲੈਣ ਲਈ ਦਾਇਰ ਕੀਤੀ ਅਰਜ਼ੀ ਵਿਚ ਗਲਤ ਤੱਥ ਪੇਸ਼ ਕਰਨ ਅਤੇ ਕੁਝ ਨਿਯਮਾਂ ਦੀ ਉਲੰਘਣਾ ਕੀਤੇ ਜਾਣ ਕਰਕੇ ਕਾਲੀ ਸੂਚੀ ਵਿਚ ਪਾ ਦਿੱਤਾ ਗਿਆ ਹੈ। ਜਸਟਿਸ ਪ੍ਰਤਿਭਾ ਐੱਮ ਸਿੰਘ ਨੇ ਕੇਂਦਰ ਦੇ ਵਕੀਲ ਨੂੰ ਨਿਰਦੇਸ਼ ਪ੍ਰਾਪਤ ਕਰਨ ਲਈ ਸਮਾਂ ਦਿੱਤਾ ਅਤੇ ਇਹ ਪੁਸ਼ਟੀ ਕਰਨ ਲਈ ਕਿਹਾ ਕਿ ਅੰਗਦ ਸਿੰਘ ਦਾ ਭਾਰਤ ਦਾ ਓ.ਸੀ.ਆਈ ਕਾਰਡ ਰੱਦ ਕਰਨ ਲਈ ਕੋਈ ਕਾਰਵਾਈ ਸ਼ੁਰੂ ਕੀਤੀ ਹੈ ਜਾਂ ਨਹੀਂ। ਅਦਾਲਤ ਨੇ ਕੇਂਦਰ ਦੇ ਵਕੀਲ ਨੂੰ ਇਹ ਦੱਸਣ ਲਈ ਵੀ ਕਿਹਾ ਕਿ ਕੀ ਪਟੀਸ਼ਨਰ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੈ ? ਕੇਂਦਰ ਵੱਲੋਂ ਪੇਸ਼ ਹੋਏ ਐਡਵੋਕੇਟ ਅਨੁਰਾਗ ਆਹਲੂਵਾਲੀਆ ਨੇ ਅਦਾਲਤ ਨੂੰ ਦੱਸਿਆ ਕਿ ਅੰਗਦ ਸਿੰਘ ਨੇ 1948 ਦੇ ਐਕਟ ਦੀ ਧਾਰਾ 11ਏ ਦਾ ਉਲੰਘਣ ਕੀਤਾ ਹੈ, ਜੋ ਕਿ ਕਿਸੇ ਵਿਦੇਸ਼ੀ ਨੂੰ ਕੇਂਦਰ ਤੋਂ ਲਿਖਤੀ ਇਜਾਜ਼ਤ ਤੋਂ ਬਿਨਾਂ ਕੋਈ ਵੀ ਫੋਟੋ, ਫ਼ਿਲਮ ਜਾਂ ਦਸਤਾਵੇਜ਼ੀ ਬਣਾਉਣ ਤੋਂ ਰੋਕਦਾ ਹੈ। ਅੰਗਦ ਸਿੰਘ ਦੀ ਦਸਤਾਵੇਜ਼ੀ ਫ਼ਿਲਮ 'ਬਰਨਿੰਗ ਇੰਡੀਆ' ਨੇ ਭਾਰਤ ਦੀ ਧਰਮ ਨਿਰਪੱਖਤਾ ਨੂੰ ਬਹੁਤ ਹੀ ਨਾਕਾਰਤਮਕਤਾ ਨਾਲ ਪੇਸ਼ ਕੀਤਾ ਹੈ ਤੇ ਇਹ ਭਾਰਤ ਵਿਰੁੱਧ ਸਾਜਿਸ਼ ਹੈ। ਉਸ ਨੇ ਸਾਲ 2020 ਵਿੱਚ ਪੱਤਰਕਾਰ ਦਾ ਵੀਜ਼ਾ ਲੈਣ ਲਈ ਪਾਈ ਅਰਜੀ ਵਿੱਚ ਤੱਥਾਂ ਨੂੰ ਗਲਤ ਪੇਸ਼ ਕੀਤਾ ਸੀ। ਉਹ ਭਾਰਤ ਨੂੰ ਬਦਨਾਮ ਕਰਨ ਵਾਲੇ ਰਾਸ਼ਟਰ ਵਿਰੋਧੀ ਪ੍ਰਚਾਰ ਵਿੱਚ ਸਪੱਸ਼ਟ ਤੌਰ 'ਤੇ ਸ਼ਾਮਿਲ ਸੀ। ਵੈੱਬਸਾਈਟ ਲਾਈਵ ਲਾਅ ਮੁਤਾਬਕ ਕੇਂਦਰ ਨੇ ਅਦਾਲਤ ਨੂੰ ਕਿਹਾ ਹੈ ਕਿ ਓਸੀਆਈ ਕਾਰਡ ਹੋਲਡਰ ਹੋਣ ਦੇ ਬਾਵਜੂਦ ਵੀ ਸਰਕਾਰ ਨੇ ਅੰਗਦ ਸਿੰਘ ਬਲੈਕ ਲਿਸਟ ਕੀਤਾ ਹੈ।

ਕੇਂਦਰ ਨੇ ਇਹ ਵੀ ਕਿਹਾ ਕਿ ਦੇਖਿਆ ਜਾਵੇਗਾ ਕਿ 'ਕੀ ਕਿਸੇ ਪ੍ਰਕਿਰਿਆ ਤਹਿਤ ਅੰਗਦ ਸਿੰਘ ਦਾ ਓਸੀਆਈ ਕਾਰਡ ਰੱਦ ਕੀਤਾ ਜਾ ਸਕਦਾ ਹੈ ਜਾਂ ਨਹੀਂ।'

ਸਰਕਾਰ ਨੇ ਅਦਾਲਤ ਵਿੱਚ ਕਿਹਾ ਕਿ ਅੰਗਦ ਨੇ ਸਾਫ਼



ਤੌਰ 'ਤੇ ਐਨਓਸੀ ਅਤੇ ਸਪੈਸ਼ਲ ਪਰਮਿਟ ਦੀ ਗਲਤ ਵਰਤੋਂ ਕੀਤੀ ਸੀ। ਹਾਈ ਕੋਰਟ ਵਲੋਂ ਅੰਗਦ ਸਿੰਘ ਨੂੰ ਭਾਰਤ ਵਿਚ ਦਾਖ਼ਲੇ ਦੀ ਇਜਾਜ਼ਤ ਨਾ ਦਿੱਤੇ ਜਾਣ ਖ਼ਿਲਾਫ਼ ਉਸ ਦੀ ਪਟੀਸ਼ਨ 'ਤੇ ਸੁਣਵਾਈ ਕੀਤੀ ਜਾ ਰਹੀ ਸੀ । ਇਸ ਮਾਮਲੇ ਦੀ ਅਗਲੀ ਸੁਣਵਾਈ 28 ਫਰਵਰੀ ਨੂੰ ਹੋਵੇਗੀ। ਅੰਗਦ ਨੂੰ ਪਿਛਲੇ ਸਾਲ ਅਗਸਤ ਵਿਚ ਦਿੱਲੀ ਤੋਂ ਨਿਊਯਾਰਕ ਵਾਪਸ ਭੇਜ ਦਿੱਤਾ ਗਿਆ ਸੀ। ਯਾਦ ਰਹੇ ਕਿ ਸਾਲ 2022 ਵਿੱਚ 24 ਅਗਸਤ ਨੂੰ ਅੰਗਦ ਸਿੰਘ ਨੂੰ ਭਾਰਤ ਤੋਂ ਅਮਰੀਕਾ ਡਿਪੋਰਟ ਕਰ ਦਿੱਤਾ ਗਿਆ ਸੀ ਜਿਸ ਖਿਲਾਫ਼ ਉਹ ਦਿੱਲੀ ਹਾਈਕੋਰਟ ਗਏ ਸਨ।ਉਸ ਸਮੇਂ ਅੰਗਦ ਸਿੰਘ ਦੀ ਮਾਤਾ ਗੁਰਮੀਤ ਕੌਰ ਨੇ ਦਾਅਵਾ ਕੀਤਾ ਸੀ ਕਿ ਉਸ ਨੂੰ ਅਮਰੀਕਾ ਵਾਪਿਸ ਭੇਜੇ ਜਾਣ ਦਾ ਕੋਈ ਕਾਰਨ ਵੀ ਨਹੀਂ ਦੱਸਿਆ ਗਿਆ ਸੀ। ਪੱਤਰਕਾਰ ਅੰਗਦ ਸਿੰਘ ਨੇ ਹਾਲਾਂਕਿ ਇਹ ਡਾਕੂਮੈਂਟਰੀ ਫ਼ਿਲਮ 'ਇੰਡੀਆ ਬਰਨਿੰਗ' ਭਾਰਤ ਉਪਰ ਬਣਾਈ ਸੀ ਪਰ ਇਹ ਡਾਕੂਮੈਂਟਰੀ ਭਾਰਤ ਵਿੱਚ ਰਿਲੀਜ਼ ਨਹੀਂ ਕੀਤੀ ਗਈ ਸੀ। ਪੱਤਰਕਾਰ ਨੂੰ ਕੋਰੋਨਾ ਦੇ ਜਾਨਲੇਵਾ ਡੈਲਟਾ ਵੇਰੀਐਂਟ ਦੀ ਕਵਰੇਜ ਲਈ ਐਮੀ ਐਵਾਰਡ ਲਈ ਵੀ ਨਾਮਜ਼ਦ ਕੀਤਾ ਗਿਆ ਸੀ।

**ਭਾਰਤ ਸਰਕਾਰ ਵੱਲੋਂ ਕਾਲੀ ਸੂਚੀ ਦੀ ਖੇਡ ਕਿਵੇਂ-ਕਿਵੇਂ ਖੇਡੀ ਜਾਂਦੀ ਰਹੀ ਹੈ**

1980ਵਿਆਂ ਵਿਚ ਸ਼ੁਰੂ ਹੋਏ ਸਿੱਖ ਸੰਘਰਸ਼ ਦੇ ਦੌਰ ਵੇਲੇ ਵਿਦੇਸ਼ਾਂ ਵਿਚ ਜਾ ਕੇ ਸਿੱਖ ਸੰਘਰਸ਼ ਲਈ ਸਿਆਸੀ ਸਰਗਰਮੀ ਕਰਨ ਵਾਲੇ ਮਨੁੱਖੀ ਅਧਿਕਾਰਾਂ ਲਈ ਸਿੱਖਾਂ ਨੂੰ ਭਾਰਤ ਸਰਕਾਰ ਨੇ ਚੜ੍ਹਦੇ ਪੰਜਾਬ ਅਤੇ ਭਾਰਤੀ ਉਪਮਹਾਂਦੀਪ ਵਿਚ ਆਉਣ ਤੋਂ ਰੋਕਣ ਲਈ ਉਨ੍ਹਾਂ ਦੀ ਇਕ ਸੂਚੀ ਤਿਆਰ ਕੀਤੀ ਜਾਂਦੀ ਹੈ, ਜਿਸ ਨੂੰ 'ਕਾਲੀ ਸੂਚੀ' ਦਾ ਨਾਂ ਦਿੱਤਾ ਜਾਂਦਾ ਹੈ। ਵਿਦੇਸ਼ ਰਹਿੰਦੇ ਜਿਸ ਸਿੱਖ ਦਾ ਨਾਂ ਇਸ ਸੂਚੀ ਵਿਚ ਸ਼ਾਮਲ ਹੋ ਜਾਵੇ ਭਾਰਤ ਸਰਕਾਰ ਉਸ ਨੂੰ ਚੜ੍ਹਦੇ ਪੰਜਾਬ ਜਾਂ ਭਾਰਤੀ ਉਪਮਹਾਂਦੀਪ ਵਿਚ ਆਉਣ ਦੀ ਇਜਾਜ਼ਤ ਨਹੀਂ (ਭਾਵ ਵੀਜ਼ਾ) ਨਹੀਂ ਦਿੰਦੀ।

**ਥੋਕ ਦੇ ਭਾਅ ਹੀ ਸਿੱਖਾਂ ਦੇ ਨਾਂ ਕਾਲੀ ਸੂਚੀ 'ਚ ਪਾਏ ਜਾਂਦੇ ਰਹੇ**

1980-90ਵਿਆਂ ਦੌਰਾਨ ਭਾਰਤ ਸਰਕਾਰ ਦੇ ਕਰਿੰਦਿਆਂ ਵੱਲੋਂ ਥੋਕ ਦੇ ਭਾਅ ਹੀ ਸਿੱਖਾਂ ਦੇ ਨਾਂ ਇਸ ਅਖੌਤੀ ਕਾਲੀ ਸੂਚੀ ਵਿਚ ਪਾਏ ਗਏ ਸਨ। ਕਾਂਗਰਸ ਸਰਕਾਰ ਤੋਂ ਸ਼ੁਰੂ ਹੋਇਆ ਕੰਮ ਭਾਜਪਾ ਦੇ ਰਾਜ ਵਿਚ ਵੀ ਜਾਰੀ ਹੈ। ਕਈ ਵਾਰੀ ਕਾਲੀ ਸੂਚੀ ਬਣਾਈ ਗਈ ਕਈ ਵਾਰ ਰੱਦ ਕੀਤੀ ਗਈ।

**ਕਾਲੀਆਂ ਸੂਚੀਆਂ ਪ੍ਰਚੱਲਤ ਰਹੀਆਂ**

ਭਾਰਤੀ ਹਕੂਮਤ ਵੱਲੋਂ ਸਿੱਖਾਂ ਵਿਰੁੱਧ ਇਕ ਸਿਆਸੀ ਹਥਿਆਰ ਵਜੋਂ ਵਰਤੀ ਜਾਣ ਵਾਲੀ ਇਸ ਕਾਲੀ ਸੂਚੀ ਦੀ ਖੇਡ ਇੰਨੇ ਖੁੱਲ੍ਹੇ ਤਰੀਕੇ ਨਾਲ ਖੇਡੀ ਜਾਂਦੀ ਰਹੀ ਕਿ ਇਕ ਦੀ ਬਜਾਏ ਕਈ ਕਾਲੀਆਂ ਸੂਚੀਆਂ ਪ੍ਰਚੱਲਤ ਹੋ ਗਈਆਂ ਹਨ। ਹਾਲਾਤ ਇਹ ਬਣ ਗਏ ਕਿ ਜਿੱਥੇ ਇਕ ਕਾਲੀ ਸੂਚੀ ਤਾਂ ਕੇਂਦਰ ਸਰਕਾਰ ਵੱਲੋਂ ਬਣਾਈ ਗਈ ਸੀ ਓਥੇ ਵੱਖ-ਵੱਖ ਦੇਸ਼ਾਂ ਵਿਚਲੇ ਭਾਰਤੀ ਸਫਾਰਤਖਾਨਿਆਂ ਨੇ ਸਿੱਖਾਂ ਦੇ ਨਾਵਾਂ ਵਾਲੀਆਂ

(ਬਾਕੀ ਸਫ਼ਾ 29 'ਤੇ)

### ਕੌਣ ਹੈ ਅੰਗਦ ਸਿੰਘ

ਉਹ ਅਮਰੀਕਾ ਦੇ ਜੰਮਪਲ ਹਨ ਅਤੇ ਕੋਲੰਬੀਆ ਯੂਨੀਵਰਸਿਟੀ ਵਿਖੇ ਰਾਜਨੀਤੀ ਸ਼ਾਸਤਰ ਦੇ ਵਿਦਿਆਰਥੀ ਰਹੇ ਹਨ। ਪਿਛਲੇ ਛੇ ਸਾਲਾਂ ਤੋਂ ਉਹ ਵਾਈਸ ਨਿਊਜ਼ ਨਾਲ ਜੁੜੇ ਹੋਏ ਹਨ।

2001 ਵਿੱਚ ਅਮਰੀਕਾ 'ਤੇ ਅੱਤਵਾਦੀ ਹਮਲੇ ਤੋਂ ਕੁਝ ਸਾਲ ਬਾਅਦ ਉਨ੍ਹਾਂ ਨੇ ਆਪਣੀ ਪਹਿਲੀ ਦਸਤਾਵੇਜ਼ੀ ਫ਼ਿਲਮ 'ਵਨ ਲਾਈਟ' ਬਣਾਈ ਸੀ। ਇਸ ਦਸਤਾਵੇਜ਼ੀ ਫ਼ਿਲਮ ਨੂੰ ਦੇਸ਼ਾਂ ਵਿਦੇਸ਼ਾਂ ਵਿੱਚ ਕਈ ਐਵਾਰਡ ਵੀ ਮਿਲੇ ਹਨ। ਉਨ੍ਹਾਂ ਦੇ ਬਲਾਗ ਮੁਤਾਬਕ ਹਮਲਿਆਂ ਤੋਂ ਬਾਅਦ ਸਿੱਖਾਂ ਦੇ ਦਰਪੇਸ਼ ਆਈਆਂ ਮੁਸ਼ਕਿਲਾਂ ਲਈ ਵੀ ਉਸ ਨੇ ਕੰਮ ਕੀਤਾ। ਦਰਅਸਲ ਅਮਰੀਕਾ ਵਿੱਚ ਆਮ ਲੋਕਾਂ ਨੂੰ ਸਿੱਖਾਂ ਬਾਰੇ ਬਹੁਤੀ ਜਾਣਕਾਰੀ ਨਹੀਂ ਸੀ ਜਿਸ ਕਾਰਨ ਸਿੱਖ ਵੀ ਕਈ ਵਾਰ ਹਮਲੇ ਦਾ ਸ਼ਿਕਾਰ ਹੋਏ ਹਨ। ਇਸ ਦਸਤਾਵੇਜ਼ੀ ਫਿਲਮ ਨੂੰ ਅਮਰੀਕਾ ਦੇ ਵੱਖ-ਵੱਖ ਹਿੱਸਿਆਂ ਵਿੱਚ ਕਈ ਵਾਰ ਦਿਖਾਇਆ ਗਿਆ ਹੈ ਤਾਂ ਜੋ ਲੋਕਾਂ ਨੂੰ ਸਿੱਖਾਂ ਬਾਰੇ ਜਾਣਕਾਰੀ ਮਿਲੇ।

ਉਨ੍ਹਾਂ ਦੇ ਮਾਤਾ ਗੁਰਮੀਤ ਕੌਰ ਇੱਕ ਲੇਖਿਕਾ ਹਨ ਜਿਨ੍ਹਾਂ ਨੇ ਬਾਲ ਸਾਹਿਤ ਦੇ ਖੇਤਰ ਵਿੱਚ ਕੰਮ ਕੀਤਾ ਹੈ ਤੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਬਾਰੇ ਪੁਸਤਕ ਲਿਖੀ ਹੈ। ਮਾਤਾ ਗੁਰਮੀਤ ਕੌਰ ਦਾ ਕਹਿਣਾ ਹੈ ਕਿ ਸਾਨੂੰ ਪਤਾ ਹੈ ਕਿ ਉਸ ਦੀ ਪੱਤਰਕਾਰੀ ਨੇ ਮੋਦੀ ਸਰਕਾਰ ਨੂੰ ਡਰਾਇਆ ਹੋਇਆ ਹੈ। ਇਹ ਆਪਣੀ ਮਾਤਭੂਮੀ ਪ੍ਰਤੀ ਉਸ ਦਾ ਪਿਆਰ ਹੈ, ਜਿਸ ਤੋਂ ਭਾਰਤੀ ਸਿਆਸਤਦਾਨ ਪ੍ਰੇਸ਼ਾਨ ਹਨ।'

ਪੰਜਾਬੀ ਦੇ ਅਖ਼ਬਾਰ ਹੂ-ਬ-ਹੂ ਪੀਟੀਆਈ ਦੀ ਖਬਰ ਅਨੁਵਾਦ ਕਰਕੇ ਤਾਂ ਪ੍ਰਕਾਸ਼ਤ ਕਰ ਰਹੇ ਹਨ, ਪਰ ਸਰਕਾਰੀ ਧੱਕੇਸ਼ਾਹੀ ਦੇ ਸ਼ਿਕਾਰ ਪੱਤਰਕਾਰ ਅੰਗਦ ਸਿੰਘ ਦੇ ਹੱਕ ਵਿਚ ਖੜ੍ਹਨ ਦੀ ਥਾਂ ਮੂਕ-ਦਰਸ਼ਕ ਬਣੇ ਹੋਏ ਹਨ।

# ਗੌਤਮ ਅਡਾਨੀ ਦੀ ਕੁੱਲ ਜਾਇਦਾਦ ਦਾ ਪੰਜਵਾਂ ਹਿੱਸਾ ਸਿਰਫ਼ ਦੋ ਦਿਨਾਂ 'ਚ ਹੀ ਖ਼ਤਮ, 20.8 ਬਿਲੀਅਨ ਡਾਲਰ ਦਾ ਨੁਕਸਾਨ

## ਹਿੰਡਨਬਰਗ ਦੁਆਰਾ ਪ੍ਰਕਾਸ਼ਿਤ ਇੱਕ ਰਿਪੋਰਟ ਵਿੱਚ ਕਿਹਾ ਕਿ 8 ਮਹੀਨਿਆਂ ਤੱਕ ਬੈਠ ਕੇ ਖਾ ਸਕਦਾ ਸੀ ਪਾਕਿਸਤਾਨ

➢ ਅਡਾਨੀ ਨੇ ਧੋਖੇਬਾਜ਼ੀ ਦੇ ਇਲਜ਼ਾਮਾਂ ਨੂੰ ਦੱਸਿਆ 'ਭਾਰਤ 'ਤੇ ਗਿਣਿਆ-ਮਿਥਿਆ ਹਮਲਾ' ➢ ਅਡਾਨੀ ਸਮੂਹ ਭਾਰਤੀ ਝੰਡੇ ਦੀ ਆੜ 'ਚ ਭਾਰਤ ਨੂੰ ਲੁੱਟ ਰਿਹਾ ਏ : ਹਿੰਡਨਬਰਗ

ਨਵੀਂ ਦਿੱਲੀ/ਏ.ਟੀ.ਨਿਊਜ਼ :- ਗੌਤਮ ਅਡਾਨੀ ਨੂੰ ਇੱਕ ਦਿਨ ਵਿੱਚ 20.8 ਬਿਲੀਅਨ ਡਾਲਰ ਦਾ ਨੁਕਸਾਨ ਹੋਇਆ, ਜੋ ਕਿ ਉਸਦੀ ਕੁੱਲ ਜਾਇਦਾਦ ਦਾ ਲਗਭਗ ਪੰਜਵਾਂ ਹਿੱਸਾ ਹੈ। ਬਲੂਮਬਰਗ ਦੀ ਰਿਪੋਰਟ ਮੁਤਾਬਕ ਨੈੱਟਵਰਥ ਵਿਚ ਇਸ ਵੱਡੀ ਗਿਰਾਵਟ ਕਾਰਨ ਗੌਤਮ ਅਡਾਨੀ ਅਮੀਰਾਂ ਦੀ ਸੂਚੀ ਵਿਚ ਇਕ ਝਟਕੇ ਵਿਚ ਉਹ ਦੁਨੀਆ ਦੇ ਟਾਪ-10 ਸਭ ਤੋਂ ਅਮੀਰ ਲੋਕਾਂ ਦੀ ਸੂਚੀ ਵਿਚ ਚੌਥੇ ਸਥਾਨ ਤੋਂ ਖਿਸਕ ਕੇ ਸੱਤਵੇਂ ਸਥਾਨ 'ਤੇ ਆ ਗਿਆ ਹੈ। ਨਵੇਂ ਸਾਲ ਦੀ ਸ਼ੁਰੂਆਤ ਭਾਰਤੀ ਉਦਯੋਗਪਤੀ ਗੌਤਮ ਅਡਾਨੀ ਲਈ ਮਾੜੀ ਰਹੀ, ਜੋ ਪਿਛਲੇ ਸਾਲ 2022 ਵਿੱਚ ਦੁਨੀਆ ਦੇ ਸਾਰੇ ਅਰਬਪਤੀਆਂ ਵਿੱਚੋਂ ਸਭ ਤੋਂ ਵੱਧ ਕਮਾਈ ਕਰਨ ਵਾਲੇ ਚੋਟੀ-3 ਅਮੀਰਾਂ ਵਿੱਚ ਸ਼ਾਮਲ ਸੀ। ਪਹਿਲੇ ਹੀ ਮਹੀਨੇ ਅਮਰੀਕਾ ਤੋਂ ਇਕ ਖੋਜ ਰਿਪੋਰਟ ਆਈ, ਜਿਸ ਨੇ 60 ਸਾਲਾ ਗੌਤਮ ਅਡਾਨੀ ਦੇ ਸਾਮਰਾਜ 'ਤੇ ਇੰਨਾ ਮਾੜਾ ਪ੍ਰਭਾਵ ਪਾਇਆ ਕਿ ਉਨ੍ਹਾਂ ਦੀ ਕੁੱਲ ਜਾਇਦਾਦ ਦਾ ਪੰਜਵਾਂ ਹਿੱਸਾ ਸਿਰਫ ਦੋ ਦਿਨਾਂ ਵਿਚ ਹੀ ਖਤਮ ਹੋ ਗਿਆ। ਇਹ ਅਜਿਹੀ ਰਕਮ ਹੈ ਜਿਸ ਨਾਲ ਆਰਥਿਕ ਮੰਦਹਾਲੀ ਦਾ ਸ਼ਿਕਾਰ ਪਾਕਿਸਤਾਨ ਦੇ ਗਰੀਬ ਲੋਕ ਮਹੀਨਿਆਂਬੱਧੀ ਬੈਠ ਕੇ ਖਾ ਸਕਦੇ ਹਨਅਮਰੀਕੀ ਖੋਜ ਫਰਮ ਹਿੰਡਨਬਰਗ ਦੁਆਰਾ 24 ਜਨਵਰੀ 2023 ਨੂੰ ਪ੍ਰਕਾਸ਼ਿਤ ਇੱਕ ਰਿਪੋਰਟ ਵਿੱਚ ਅਡਾਨੀ ਸਮੂਹ ਦੇ ਸਬੰਧ ਵਿੱਚ 88 ਸਵਾਲ ਖੜ੍ਹੇ ਕੀਤੇ ਗਏ ਸਨ ਅਤੇ ਕਰਜ਼ੇ ਬਾਰੇ ਦਾਅਵੇ ਵੀ ਕੀਤੇ ਗਏ ਸਨ। ਗਰੁੱਪ ਕੰਪਨੀਆਂ ਦੇ ਸ਼ੇਅਰਾਂ 'ਤੇ ਉਸਦਾ ਪ੍ਰਭਾਵ ਅਜਿਹਾ ਸੀ ਕਿ ਉਹ ਕੁਝ ਸਮੇਂ ਵਿੱਚ ਹੀ ਡਿੱਗ ਗਈਆਂ। ਨਿਵੇਸ਼ਕਾਂ ਦੀ ਭਾਵਨਾ 'ਤੇ ਰਿਪੋਰਟ ਦੇ ਪ੍ਰਭਾਵ ਕਾਰਨ ਅਡਾਨੀ ਦੀਆਂ ਵੱਖ-ਵੱਖ ਕੰਪਨੀਆਂ ਦੇ ਬਾਂਡ ਅਤੇ ਸ਼ੇਅਰ ਡਿੱਗੇ। ਬੀਤੇ ਹਫਤੇ ਸ਼ੁੱਕਰਵਾਰ ਨੂੰ ਅਡਾਨੀ ਗ੍ਰੀਨ ਐਨਰਜੀ ਅਤੇ ਅਡਾਨੀ ਟੋਟਲ ਗੈਸ ਦੇ ਸ਼ੇਅਰ 20 ਫੀਸਦੀ ਤੱਕ ਡਿੱਗ ਗਏ।

ਬਲੂਮਬਰਗ ਦੀ ਰਿਪੋਰਟ ਮੁਤਾਬਕ ਅਰਬਪਤੀਆਂ ਦੇ ਸੂਚਕਾਂਕ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਸਿਰਫ ਛੇ ਘੰਟਿਆਂ ਦੇ ਵਪਾਰ ਦੌਰਾਨ ਅਡਾਨੀ ਸਮੂਹ ਦੀਆਂ ਕੰਪਨੀਆਂ ਦੀ ਕੁੱਲ ਮਾਰਕੀਟ ਕੈਪ 50 ਬਿਲੀਅਨ ਡਾਲਰ ਜਾਂ ਲਗਭਗ 4 ਲੱਖ ਕਰੋੜ ਰੁਪਏ ਤੋਂ ਵੱਧ ਘੱਟ ਗਈ ਹੈ। ਇਸ ਦਾ ਸਿੱਧਾ ਅਸਰ ਗੌਤਮ ਅਡਾਨੀ ਦੀ ਕੁੱਲ ਜਾਇਦਾਦ 'ਤੇ ਪਿਆ ।

ਅਡਾਨੀ ਸਮੂਹ ਨੇ ਇਸ ਮਾਮਲੇ ਵਿੱਚ ਆਪਣਾ ਪੱਖ 413 ਸਫ਼ਿਆਂ ਵਿੱਚ ਦਿੰਦਿਆਂ ਇਸ ਨੂੰ 'ਭਾਰਤ 'ਤੇ ਸੋਚ ਸਮਝ ਕੇ ਕੀਤਾ ਗਿਆ ਹਮਲਾ' ਦੱਸਿਆ ਹੈ। ਦੂਜੇ ਪਾਸੇ ਅਮਰੀਕੀ ਫ਼ਾਰੇਂਸਿਕ ਫ਼ਾਈਨੈਂਸ਼ੀਅਲ ਕੰਪਨੀ ਹਿੰਡਨਬਰਗ ਨੇ ਅਡਾਨੀ ਸਮੂਹ ਵਲੋਂ ਦਿੱਤੇ ਗਏ 413 ਪੰਨਿਆਂ ਦੇ ਜਵਾਬ 'ਤੇ ਪ੍ਰਤੀਕ੍ਰਿਆ ਦਿੰਦਿਆਂ ਕਿਹਾ ਕਿ 'ਧੋਖਾਧੜੀ ਨੂੰ ਰਾਸ਼ਟਰਵਾਦ ਪਿੱਛੇ



ਲੁਕੋਇਆ ਨਹੀਂ ਜਾ ਸਕਦਾ। ਹਿੰਡਨਬਰਗ ਨੇ ਆਪਣੀ ਵੈਬਸਾਈਟ 'ਤੇ ਲਿਖਿਆ ਹੈ, 'ਅਡਾਨੀ ਸਮੂਹ ਨੇ ਅਸਲ ਮੁੱਦਿਆਂ ਤੋਂ ਧਿਆਨ ਹਟਾਉਣ ਦੀ ਕੋਸ਼ਿਸ਼ ਕਰਦਿਆਂ ਇਸ ਮਾਮਲੇ ਨੂੰ ਰਾਸ਼ਟਰਵਾਦੀ ਰੰਗ ਦੇਣ ਦਾ ਯਤਨ ਕੀਤਾ ਹੈ। ਉਨ੍ਹਾਂ ਨੇ ਸਾਡੀ ਰਿਪੋਰਟ ਨੂੰ 'ਭਾਰਤ ਉੱਤੇ ਇੱਕ ਸੋਚਿਆ ਸਮਝਿਆ ਹਮਲਾ' ਦੱਸਿਆ ਹੈ। ਸੰਖੇਪ ਵਿੱਚ ਕਹੀਏ ਤਾਂ ਅਡਾਨੀ ਸਮੂਹ ਨੇ ਆਪਣੇ ਤੇ ਆਪਣੇ ਮੁਖੀ ਗੌਤਮ ਅਡਾਨੀ ਦੀ ਜਾਇਦਾਦ ਵਿੱਚ ਭਾਰੀ ਵਾਧੇ ਨੂੰ ਭਾਰਤ ਦੀ ਸਫ਼ਲਤਾ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਹੈ। ਅਸੀਂ ਇਸ ਸਭ ਨਾਲ ਅਸਹਿਮਤ ਹਾਂ। ਸਪੱਸ਼ਟ ਤੌਰ 'ਤੇ ਅਸੀਂ ਮੰਨਦੇ ਹਾਂ ਕਿ ਭਾਰਤ ਇੱਕ ਖੁਸ਼ਹਾਲ ਲੋਕਤੰਤਰ ਦੇ ਨਾਲ-ਨਾਲ ਇੱਕ ਸੁਨਹਿਰੇ ਭਵਿੱਖ ਵਾਲੀ ਉੱਭਰ ਰਹੀ ਮਹਾਂਸ਼ਕਤੀ ਹੈ। ਸਾਡਾ ਇਹ ਵੀ ਮੰਨਣਾ ਹੈ ਕਿ ਅਡਾਨੀ ਸਮੂਹ ਭਾਰਤੀ ਝੰਡੇ ਦੀ ਆੜ ਵਿੱਚ ਭਾਰਤ ਨੂੰ ਲੁੱਟ ਰਿਹਾ ਹੈ। ਹਿੰਡਨਬਰਗ ਨੇ ਆਪਣੀ ਰਿਸਰਚ ਰਿਪੋਰਟ ਵਿੱਚ ਅਡਾਨੀ ਉਪਰ ਸਟਾਕ ਹੇਰਾਫ਼ੇਰੀ ਤੇ ਧੋਖਾਧੜੀ ਦੇ ਇਲਜ਼ਾਮ ਲਗਾਏ ਸਨ।

ਜਿਕਰਯੋਗ ਹੈ ਕਿ ਭਾਰਤ ਵਿਚ ਸਰਮਾਏਦਾਰੀ ਦੀ ਬਣਤਰ ਕੁਝ ਅਜੀਬ ਬਣ ਰਹੀ ਹੈ। ਮਿਹਨਤਕਸ਼ ਲੋਕਾਂ ਦੁਆਰਾ ਬੈਂਕਾਂ ਤੇ ਪੈਨਸ਼ਨ ਫੰਡਾਂ ਵਿਚ ਜਮ੍ਹਾਂ ਪੈਸਾ ਕਾਰਪੋਰੇਟ ਅਤੇ ਵੱਡੇ ਵਪਾਰਕ ਅਦਾਰਿਆਂ ਵਿਚ ਲਗਾਇਆ ਜਾਂਦਾ ਹੈ। ਇਹ ਅਦਾਰੇ ਲੱਖਾਂ ਕਰੋੜ ਰੁਪਏ ਦਾ ਕਰਜ਼ ਵੀ ਲੈਂਦੇ ਹਨ ਪਰ ਇਹ ਰੁਜ਼ਗਾਰ ਤਲਾਸ਼ ਕਰਨ ਵਾਲੇ ਲੋਕਾਂ ਦੇ 2-3% ਨੂੰ ਹੀ ਰੁਜ਼ਗਾਰ ਮੁਹੱਈਆ ਕਰਦੇ ਹਨ। ਇਹੋ ਨਹੀਂ, ਹਰ ਸਾਲ ਵੱਡੇ ਵਪਾਰਕ ਘਰਾਣਿਆਂ ਦਾ ਲੱਖਾਂ ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕੀਤਾ ਜਾਂਦਾ ਹੈ। ਇਸ ਨਾਲ ਇਹ ਅਦਾਰੇ ਤਾਂ ਜਿਉਂਦੇ ਰਹਿੰਦੇ ਹਨ ਪਰ ਨਾ ਤਾਂ ਉਨ੍ਹਾਂ ਕਰੋੜਾਂ ਲੋਕਾਂ ਜਿਨ੍ਹਾਂ ਨੇ ਬੈਂਕਾਂ, ਜੀਵਨ ਬੀਮਾ ਨਿਗਮ ਜਿਹੀਆਂ ਜਨਤਕ ਸੰਸਥਾਵਾਂ, ਪੈਨਸ਼ਨ ਫੰਡਾਂ ਆਦਿ ਵਿਚ ਪੈਸਾ ਲਗਾਇਆ ਹੁੰਦਾ ਹੈ, ਨੂੰ ਵਾਜਿਬ ਲਾਭ ਮਿਲਦਾ ਹੈ ਅਤੇ ਨਾ ਹੀ ਇਹ ਪੈਸਾ ਖੇਤੀ, ਸਿਹਤ, ਸਿੱਖਿਆ ਅਤੇ ਮੂਲ ਢਾਂਚੇ ਦੇ ਖੇਤਰਾਂ ਵਿਚ ਲੱਗਦਾ ਹੈ। ਜੇ ਇਸ ਪੈਸੇ ਦਾ ਕੁਝ ਹਿੱਸਾ ਗ਼ੈਰ-ਰਸਮੀ ਖੇਤਰ ਜਿਸ 'ਚ 95% ਤੋਂ ਜ਼ਿਆਦਾ ਰੁਜ਼ਗਾਰ ਹੈ, ਵਿਚ ਨਿਵੇਸ਼ ਕੀਤਾ ਜਾਵੇ ਤਾਂ ਬੇਰੁਜ਼ਗਾਰੀ ਘਟ ਸਕਦੀ ਹੈ। ਪਰ ਹਕੀਕਤ ਇਸ ਦੇ ਉਲਟ ਹੈ। ਸੰਸਥਾਵਾਂ ਦਾ ਵੱਡਾ ਸਰਮਾਇਆ ਸਿਆਸੀ ਦਖ਼ਲ ਕਾਰਨ ਨਿਵੇਸ਼ ਹੁੰਦਾ ਹੈ। ਸੰਸਥਾਵਾਂ ਉਨ੍ਹਾਂ ਵਪਾਰਕ ਅਦਾਰਿਆਂ ਵਿਚ ਹੀ ਨਿਵੇਸ਼ ਕਰਦੀਆਂ ਹਨ ਜਿਨ੍ਹਾਂ ਨੂੰ ਸਿਆਸੀ ਸਰਪ੍ਰਸਤੀ ਹਾਸਿਲ ਹੁੰਦੀ ਹੈ। ਹਰ ਸਰਕਾਰ ਸਮੇਂ ਕੁਝ ਵਪਾਰਕ ਅਦਾਰੇ ਸੱਤਾਧਾਰੀ ਪਾਰਟੀ ਦੇ ਨਜ਼ਦੀਕ ਹੁੰਦੇ ਹਨ। ਸਿਆਸੀ ਆਗੂ ਉਨ੍ਹਾਂ ਨੂੰ ਫ਼ਾਇਦਾ ਪਹੁੰਚਾਉਂਦੇ ਹਨ ਅਤੇ ਅਦਾਰੇ ਸਿਆਸੀ ਪਾਰਟੀ ਦੀ ਸਹਾਇਤਾ ਕਰਦੇ ਹਨ। ਇਸ ਦੀ ਗਵਾਹੀ ਹਰ ਸਾਲ ਬੈਂਕਾਂ ਦੇ ਹਜ਼ਾਰਾਂ ਕਰੋੜ ਦੇ ਹੁੰਦੇ ਘਪਲਿਆਂ ਤੋਂ ਮਿਲਦੀ ਹੈ। ਲੋਕ ਜੀਵਨ ਬੀਮਾ ਨਿਗਮ, ਜਨਤਕ ਬੈਂਕਾਂ ਅਤੇ ਪੈਨਸ਼ਨ ਫੰਡਾਂ ਵਿਚ ਇਸ ਵਿਸ਼ਵਾਸ ਨਾਲ ਪੈਸਾ ਜਮ੍ਹਾਂ ਕਰਾਉਂਦੇ ਹਨ ਕਿ ਸਰਕਾਰ ਉਨ੍ਹਾਂ ਦੇ ਪੈਸੇ ਦੀ ਜ਼ਾਮਨ ਹੈ ਅਤੇ ਇਹ ਪੈਸਾ ਸਹੀ ਤਰੀਕੇ ਨਾਲ ਵਰਤਿਆ ਜਾਵੇਗਾ ਪਰ ਹਕੀਕਤ ਇਹ ਹੈ ਕਿ ਕਾਰਪੋਰੇਟ ਤੇ ਵਪਾਰਕ ਅਦਾਰੇ ਦਹਾਕਿਆਂ ਤੋਂ ਸਰਕਾਰਾਂ ਦੇ ਕੰਮਕਾਜ ਕਰਨ ਦੀ ਪ੍ਰਕਿਰਿਆ 'ਤੇ ਹਾਵੀ ਹੋ ਰਹੇ ਹਨ। ਸਰਕਾਰਾਂ ਦੀ ਆਜ਼ਾਦਾਨਾ ਹੋਂਦ ਨੂੰ ਖ਼ੋਰਾ ਲੱਗਾ ਹੈ ਅਤੇ ਕਾਰਪੋਰੇਟ ਤੇ ਵਪਾਰਕ ਅਦਾਰਿਆਂ ਦੀ ਸਰਕਾਰੀ ਪ੍ਰਕਿਰਿਆ 'ਤੇ ਪਕੜ ਮਜ਼ਬੂਤ ਹੋਈ ਹੈ।

# ਆਪ ਸਰਕਾਰ ਪੰਜਾਬ ’ਚ ਨਸ਼ਿਆਂ ਨੂੰ ਰੋਕਣ ਵਿੱਚ ਅਸਫ਼ਲ

## ਹਾਈਕੋਰਟ ਨੇ ਨਸ਼ਿਆਂ ਦੇ ਮੁੱਦੇ ’ਤੇ ਜਾਂਚ ਨਾਲ ਸਬੰਧਤ ਚਾਰ ਸੀਲਬੰਦ ਰਿਪੋਰਟਾਂ ਖੋਲ੍ਹੀਆਂ

## ਐਡਵੋਕੇਟ ਨਵਕਿਰਨ ਸਿੰਘ ਨੇ ਪੁਲਿਸ ਅਧਿਕਾਰੀਆਂ ਤੇ ਨਸ਼ਾ ਤਸਕਰਾਂ ਵਿਚਾਲੇ ਗਠਜੋੜ ਨੂੰ ਲੈ ਕੇ ‘ਸਿਟ’ ਵੱਲੋਂ ਹਾਈਕੋਰਟ ਵਿੱਚ ਦਾਇਰ ਤਿੰਨ ਰਿਪੋਰਟਾਂ ਨੂੰ ਖੋਲ੍ਹਣ ਬਾਰੇ ਪਾਈ ਸੀ ਅਰਜ਼ੀ

➢ ਇੱਕ ਹਫ਼ਤੇ ’ਚ 41.26 ਕਿਲੋ ਹੈਰੋਇਨ, 20.48 ਲੱਖ ਰੁਪਏ ਦੀ ਡਰੱਗ ਮਨੀ ਸਮੇਤ 258 ਤਸਕਰ ਕਾਬੂ ➢ ਪੰਜਾਬ ਕੇਂਦਰੀ ਗ੍ਰਹਿ ਮੰਤਰਾਲੇ ਦੇ ਰਾਡਾਰ ’ਤੇ ➢ ਅੰਮ੍ਰਿਤਸਰ ਵਿੱਚ ਐਨ.ਸੀ.ਬੀ. ਦੇ ਖੇਤਰੀ ਦਫ਼ਤਰ ਨੂੰ ਦਿੱਤੀ ਪ੍ਰਵਾਨਗੀ ➢ਐਨ.ਸੀ.ਬੀ. ਦੇ ਦੋ ਦਫ਼ਤਰ ਖੁੱਲ੍ਹਣ ਵਾਲਾ ਪੰਜਾਬ ਪਹਿਲਾ ਸੂਬਾ







*ਆਪ ਸਰਕਾਰ ਦੌਰਾਨ ਨਸ਼ਿਆਂ ਦੀ ਤਸਕਰੀ ਦਾ ਸਿਲਸਿਲਾ ਹੋਰ ਤੇਜ ਚੱਲ ਰਿਹਾ ਹੈ। ਨਸ਼ਿਆਂ ਦੇ ਅਤਿਵਾਦ ਕਾਰਨ ਰੋਜ਼ਾਨਾ ‘ਨਸ਼ੇ ਦੀ ਓਵਰਡੋਜ਼’ ਕਰਕੇ ਸਾਰੇ ਪੰਜਾਬ ਦੇ ਪਿੰਡਾਂ, ਸ਼ਹਿਰਾਂ ਵਿਚੋਂ ਨੌਜਵਾਨਾਂ ਦੀਆਂ ਮੌਤ ਹੋਣ ਦੀਆਂ ਖ਼ਬਰਾਂ ਅਕਸਰ ਪੜ੍ਹਨ ਸੁਣਨ ਨੂੰ ਮਿਲਦੀਆਂ ਹਨ। ਹਾਲਾਤ ਹੁਣ ਇਹ ਬਣ ਚੁੱਕੇ ਹਨ ਕਿ ਛੋਟੇ-ਛੋਟੇ ਬੱਚੇ ਤੇ ਲੜਕੀਆਂ ਨਸ਼ਿਆਂ ਦੀ ਭੇਟ ਚੜ੍ਹਨ ਲੱਗੇ ਹਨ।ਪਰ ਪੰਜਾਬ ਦੀ ਵਰਤਮਾਨ ਸਰਕਾਰ ਨੂੰ ਇਸ ਬਾਰੇ ਚਿੰਤਾ ਨਹੀਂ ਜਾਪਦੀ।ਜਦੋਂ ਤੱਕ ਐਨਸੀਬੀ ਵੱਲੋਂ ਡਰੱਗ ਸਮਗਲਰਾਂ ਨੂੰ ਮਿਲਣ ਵਾਲੀ ਸਿਆਸੀ ਸਰਪ੍ਰਸਤੀ ਅਤੇ ਪੁਲੀਸ ਦੀ ਮਿਲੀਭੁਗਤ ਬਾਰੇ ਵੇਰਵੇ ਜੱਗ-ਜ਼ਾਹਰ ਨਹੀਂ ਕੀਤੇ ਜਾਂਦੇ, ਤਾਂ ਪੰਜਾਬ ਵਿਚ ਕਦੇ ਨਸ਼ੇ ਖਤਮ ਨਹੀਂ ਹੋਣਗੇ।ਪੁਲਿਸ ਵਿਭਾਗ ਨੇ ਇਸ ਤਰ੍ਹਾਂ ਦੀਆਂ ਲੋਕ ਵਿਰੋਧੀ ਕਾਰਵਾਈਆਂ ਨੂੰ ਰੋਕਣਾ ਹੁੰਦਾ ਹੈ ਪਰ ਪੁਲਿਸ ਵਡੇ ਸਮਗਲਰਾਂ ਨੂੰ ਗ੍ਰਿਫਤਾਰ ਨਾ ਕਰਕੇ ਕੇਵਲ ਸਸਤੀ ਸ਼ੁਹਰਤ ਵਾਸਤੇ ਮੀਡੀਆ ਰਾਹੀਂ ਕਾਰਵਾਈਆਂ ਪਾ ਰਹੀ ਹੈ।*

**ਪ੍ਰਗਟ ਸਿੰਘ ਜੰਡਿਆਲਾ ਗੁਰੂ**



ਪੰਜਾਬ ਦੇ ਬਹੁਚਰਚਿਤ ਹਜ਼ਾਰਾਂ ਕਰੋੜ ਰੁਪਏ ਦੇ ਡਰੱਗ ਕੇਸ ਵਿਚ ਬੀਤੇ ਦਿਨੀਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਸੁਣਵਾਈ ਹੋਈ। ਇਸ ਦੌਰਾਨ ਮਾਮਲੇ ਵਿਚ ਕਾਫ਼ੀ ਸਮੇਂ ਤੋਂ ਪਈਆਂ ਸੀਲਬੰਦ ਚਾਰ ਰਿਪੋਰਟਾਂ ਨੂੰ ਖੋਲਿਆ ਗਿਆ। ਇਨ੍ਹਾਂ ਵਿਚ ਦੋ ਰਿਪੋਰਟਾਂ ਈ.ਡੀ., ਇਕ ਰਿਪੋਰਟ ਐਸ.ਟੀ.ਐਫ. ਅਤੇ ਇਕ ਰਿਪੋਰਟ ਭਗੌੜੇ ਅਪਰਾਧੀਆਂ ਦੀ ਹੈ। ਹਾਈਕੋਰਟ ਨੇ ਕਿਹਾ ਕਿ ਸੀਲਬੰਦ ਜਾਂਚ ਰਿਪੋਰਟਾਂ ਸਰਕਾਰ ਦੇਖੇ ਅਤੇ ਬਣਦੀ ਕਾਰਵਾਈ ਕਰੇ। ਸੀਨੀਅਰ ਐਡਵੋਕੇਟ ਨਵਕਿਰਨ ਸਿੰਘ ਦੀ ਪੁਲਿਸ ਅਧਿਕਾਰੀਆਂ ਤੇ ਨਸ਼ਾ ਤਸਕਰਾਂ ਵਿਚਕਾਰ ਗਠਜੋੜ ਨੂੰ ਲੈ ਕੇ ਸਾਬਕਾ ਡੀ.ਜੀ.ਪੀ. ਸਿਧਾਰਥ ਚਟੋਪਾਧਿਆਏ ਦੀ ਅਗਵਾਈ ਵਾਲੀ ‘ਸਿਟ’ ਵਲੋਂ ਹਾਈਕੋਰਟ ਵਿਚ ਦਾਇਰ ਤਿੰਨ ਰਿਪੋਰਟਾਂ ਨੂੰ ਖੋਲ੍ਹਣ ਦੀ ਮੰਗ ਕਰਨ ਵਾਲੀ ਅਰਜ਼ੀ ’ਤੇ ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਨੋਟਿਸ ਕੀਤਾ ਹੈ। ਸਾਲ 2017-2018 ਤੱਕ ਨਸ਼ਿਆਂ ਦੇ ਮੁੱਦੇ ’ਤੇ ਵੱਖ-ਵੱਖ ਏਜੰਸੀਆਂ ਦੁਆਰਾ ਜਾਂਚ ਨਾਲ ਸਬੰਧਤ ਰਿਪੋਰਟਾਂ ਹਾਈਕੋਰਟ ਦੇ ਸਾਹਮਣੇ ਦਾਇਰ ਕੀਤੀਆਂ ਗਈਆਂ ਸਨ।ਇਹ ਮਾਮਲਾ ਜਸਟਿਸ ਜੀ.ਐਸ. ਸੰਧਾਵਲੀਆ ਅਤੇ ਜਸਟਿਸ ਹਰਪ੍ਰੀਤ ਕੌਰ ਜੀਵਨ ਦੀ ਡਵੀਜ਼ਨ ਬੈਂਚ ਅੱਗੇ ਸੁਣਵਾਈ ਲਈ ਆਇਆ। ਹਾਈਕੋਰਟ ਵਲੋਂ ਇਸ ਮਾਮਲੇ ਵਿਚ ਵਿਸਤ੍ਰਿਤ ਆਦੇਸ਼ ਜਾਰੀ ਕੀਤਾ ਜਾਣਾ ਬਾਕੀ ਹੈ। ਮਾਮਲੇ ਦੀ ਸੁਣਵਾਈ 15 ਫਰਵਰੀ ਲਈ ਮੁਲਤਵੀ ਕਰ ਦਿੱਤੀ ਗਈ ਹੈ। ਇਸ ਕਾਰਵਾਈ ਦੌਰਾਨ ਜੋ ਰਿਪੋਰਟਾਂ ਖੋਲ੍ਹੀਆਂ ਗਈਆਂ, ਉਨ੍ਹਾਂ ਵਿਚ ਸਾਬਕਾ ਡੀ.ਜੀ.ਪੀ. ਸੁਰੇਸ਼ ਅਰੋੜਾ ਅਤੇ ਸਾਬਕਾ ਆਈ.ਏ.ਐਸ. ਐਨ.ਐਸ. ਕਲਸੀ ਵਲੋਂ ਰਾਜ ਦੀ ਦੋ ਮੈਂਬਰੀ ਕਮੇਟੀ ਦੀ ਰਿਪੋਰਟ ਸ਼ਾਮਿਲ ਹੈ। ਇਕ ਹੋਰ ਰਿਪੋਰਟ ਜੋ ਹਾਈਕੋਰਟ ਵਲੋਂ ਖੋਲ੍ਹੀ ਗਈ ਉਹ ਦੀਪਕ ਚੌਹਾਨ, ਸਾਬਕਾ ਡਿਪਟੀ ਡਾਇਰੈਕਟਰ (ਐਮ.ਈ.ਏ.) ਦੁਆਰਾ ਦਾਇਰ ਕੀਤੀ ਗਈ ਸੀ। ਇਸ ਤੋਂ ਇਲਾਵਾ ਦੋ ਰਿਪੋਰਟਾਂ ਈ.ਡੀ. ਦੇ ਸਾਬਕਾ ਡਿਪਟੀ ਡਾਇਰੈਕਟਰ ਨਿਰੰਜਨ ਸਿੰਘ ਵਲੋਂ ਦਾਇਰ ਕੀਤੀਆਂ ਗਈਆਂ ਸਨ। ਸਾਲ 2013 ਤੋਂ ਇਹ ਮਾਮਲਾ ਹਾਈਕੋਰਟ ਵਿਚ ਚੱਲ ਰਿਹਾ ਹੈ।

ਇਥੇ ਜਿਕਰਯੋਗ ਹੈ ਕਿ ਪਿਛਲੇ ਲੰਮੇ ਸਮੇਂ ਤੋਂ ਨਸ਼ਿਆਂ ਨੇ ਪੰਜਾਬੀ ਜਵਾਨਾਂ ਦੀ ਸਿਹਤ ਨਾਲ ਖਿਲਵਾੜ ਹੀ ਨਹੀਂ ਕੀਤਾ ਸਗੋਂ ਬੜੀ ਭੈੜੀ ਮੌਤ ਵੀ ਮਾਰਿਆ ਹੈ। ਸਾਲ 2017 ਵਿਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਉਸ ਸਮੇਂ ਦੇ ਪੰਜਾਬ ਕਾਂਗਰਸ ਦੇ ਹਕੂਮਤ ਦੀ ਪੌੜੀ ਚੜ੍ਹਨ ਵਾਲੇ ਚਿਹਰੇ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਹੱਥ ਵਿਚ ਗੁਟਕਾ ਸਾਹਿਬ ਫੜ ਕੇ ਸਹੁੰ ਖਾਧੀ ਸੀ ਕਿ ਪੰਜਾਬ ਵਿਚੋਂ ਨਸ਼ਿਆਂ ਦਾ ਖ਼ਾਤਮਾ ਕਰ ਦਿੱਤਾ ਜਾਵੇਗਾ। ਪਰ ਸਾਢੇ ਚਾਰ ਸਾਲ ਕੈਪਟਨ ਅਮਰਿੰਦਰ ਸਿੰਘ ਕੁਝ ਨਾ ਕਰ ਸਕੇ ਤੇ ਪਾਕਿਸਤਾਨੀ ਪ੍ਰੇਮਿਕਾ ਨਾਲ ਪਿਆਰ ਦੀਆਂ ਪੀਘਾਂ ਪਾਉਂਦੇ ਰਹੇ ਅਤੇ ਫਿਰ ਕਾਂਗਰਸ ਪਾਰਟੀ ਨੇ ਉਸ ਨੂੰ ਗੱਦੀ ਤੋਂ ਲਾਹ ਕੇ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਾਲੀ ਸਰਕਾਰ ਬਣਾ ਦਿੱਤੀ, ਪ੍ਰੰਤੂ ਨਸ਼ਿਆਂ ਦਾ ਮਸਲਾ ਜਿਉਂ ਦੀ ਤਿਉਂ ਹੀ ਰਿਹਾ। 2007 ਤੋਂ 2017 ਤੱਕ ਅਕਾਲੀ ਦਲ ਦੀ ਸਰਕਾਰ ਰਹੀ ਅਤੇ 2017 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਦਿੱਲੀ ਦੇ ਮੁੱਖ ਮੰਤਰੀ ਅਤੇ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਚੋਣ ਪ੍ਰਚਾਰ ਦੌਰਾਨ ਬਿਕਰਮ ਸਿੰਘ ਮਜੀਠੀਆ ’ਤੇ ਨਸ਼ਿਆਂ ਦੇ ਸਪਲਾਇਰ ਹੋਣ ਦੇ ਦੋਸ਼ ਲਾਏ ਸਨ ਅਤੇ ਉਨ੍ਹਾਂ ਦੀ ਪਾਰਟੀ ਨੂੰ ਪੰਜਾਬ ਵਿਚ ਸਰਕਾਰ ਬਣਾਉਣ ਦਾ ਮੌਕਾ ਮਿਲਣ ਉਪਰੰਤ ਪੰਜਾਬ ਵਿਚੋਂ ਨਸ਼ਿਆਂ ਦੀ ਸਪਲਾਈ ਦਾ ਲੱਕ ਤੋੜਨ ਦਾ ਵਾਅਦਾ ਕੀਤਾ ਸੀ। ਇਹ ਵੱਖਰੀ ਗੱਲ ਹੈ ਕਿ ਆਮ ਆਦਮੀ ਪਾਰਟੀ (ਆਪ) ਦੀ 2017 ਵਿਚ ਸਰਕਾਰ ਨਹੀਂ ਸੀ ਬਣੀ ਅਤੇ ਕੇਜਰੀਵਾਲ ਨੇ ਮਜੀਠੀਆ ਸਾਹਿਬ ਤੋਂ ਮੁਆਫ਼ੀ ਮੰਗ ਕੇ ਖਹਿੜਾ ਛੁਡਾਇਆ ਸੀ। 2022 ਦੀਆਂ ਚੋਣਾਂ ਤੋਂ ਪਹਿਲਾਂ ‘ਆਪ’ ਦੇ ਚੋਣ ਏਜੰਡੇ’ ਵਿਚ ਪੰਜਾਬ ਨੂੰ ਨਸ਼ਾ ਮੁਕਤ ਕਰਨ ਦਾ ਵਾਅਦਾ ਵੀ ਸੀ।

ਲੋਕਾਂ ਨੂੰ ਉਮੀਦ ਸੀ ਕਿ ‘ਆਪ’ ਸਰਕਾਰ ਬਦਲਾਅ ਲਿਆਵੇਗੀ ਅਤੇ ਹੋਰਨਾਂ ਮੁਸ਼ਕਿਲਾਂ ਨੂੰ ਦੂਰ ਕਰਨ ਦੇ ਨਾਲ ਨਸ਼ਿਆਂ ਦਾ ਖ਼ਾਤਮਾ ਹੋਵੇਗਾ ਪ੍ਰੰਤੂ ਆਪ ਸਰਕਾਰ ਪੰਜਾਬ ਵਿਚ ਨਸ਼ੇ ਰੋਕਣ ਵਿਚ ਫੇਲ੍ਹ ਰਹੀ ਹੈ। ਪੰਜਾਬ ਵਿਚ ਨਸ਼ਿਆਂ ਦੇ ਪਸਾਰੇ ਬਾਰੇ ਪੰਜਾਬ ਪੁਲਿਸ ਦਸਦੀ ਹੈ ਕਿ ਸਾਲ 2022 ਵਿਚ ਇਕੱਲੀ ਹੈਰੋਇਨ 729.5 ਕਿੱਲੋ ਫੜੀ ਗਈ ਜਦਕਿ ਬਾਕੀ ਨਸ਼ਿਆਂ ਦੀ ਮਾਤਰਾ ਅਲੱਗ ਹੈ। ਸਪਲਾਈ ਕਰਨ ਵਾਲੇ 16798 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ। ਫਿਰ ਵੀ ਨਸ਼ਿਆਂ ਦਾ ਕਾਰੋਬਾਰ ਵਧਿਆ ਹੀ ਹੈ। ਪੰਜਾਬ ਪੁਲਿਸ ਨੇ ਪਿਛਲੇ ਹਫ਼ਤੇ ਸੂਬੇ ਭਰ ਵਿਚ ਐਨ.ਡੀ.ਪੀ.ਐਸ. ਐਕਟ ਤਹਿਤ 194 ਐਫਆਈਆਰ ਦਰਜ ਕਰਕੇ, ਜਿਸ ਵਿੱਚ 31 ਵਪਾਰਕ ਮਾਮਲੇ ਹਨ, 258 ਨਸ਼ਾ ਤਸਕਰਾਂ/ਸਪਲਾਇਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇੰਸਪੈਕਟਰ ਜਨਰਲ ਆਫ਼ ਪੁਲਿਸ (ਹੈਡਕੁਆਰਟਰ) ਸੁਖਚੈਨ ਸਿੰਘ ਗਿੱਲ ਨੇ ਦੱਸਿਆ ਕਿ ਪੁਲਿਸ ਨੇ ਦੋਸ਼ੀਆਂ ਕੋਲੋਂ 41.26 ਕਿਲੋ ਹੈਰੋਇਨ, 13.55 ਕਿਲੋ ਅਫੀਮ, 53.25 ਕਿਲੋ ਗਾਂਜਾ, 4.81 ਕੁਇੰਟਲ ਭੁੱਕੀ ਅਤੇ 5.28 ਲੱਖ ਫਾਰਮਾ ਓਪੀਓਡਜ਼ ਦੀਆਂ ਗੋਲੀਆਂ/ਕੈਪਸੂਲ/ਟੀਕੇ/ਸ਼ੀਸ਼ੀਆਂ ਤੋਂ ਇਲਾਵਾ 20.48 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਉਨ੍ਹਾਂ ਦੱਸਿਆ ਕਿ 5 ਜੁਲਾਈ, 2022 ਨੂੰ ਭਗੌੜਿਆਂ ਨੂੰ ਗ੍ਰਿਫ਼ਤਾਰ ਕਰਨ ਲਈ ਚਲਾਈ ਵਿਸ਼ੇਸ਼ ਮੁਹਿੰਮ ਦੇ ਚਲਦਿਆਂ ਪਿਛਲੇ ਹਫ਼ਤੇ ਦੌਰਾਨ ਐਨਡੀਪੀਐਸ ਕੇਸਾਂ ਵਿੱਚ 15 ਹੋਰ ਭਗੌੜੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਨਾਲ ਗ੍ਰਿਫ਼ਤਾਰੀਆਂ ਦੀ ਕੁੱਲ ਗਿਣਤੀ 623 ਹੋ ਗਈ ਹੈ।

ਕੇਂਦਰ ਸਰਕਾਰ ਸਖਤ : ਪੰਜਾਬ ਵਿਚ ਨਸ਼ਾ ਤਸਕਰੀ ਦੇ ਵਧ ਰਹੇ ਮਾਮਲਿਆਂ ਨਾਲ ਸਿੱਝਣ ਲਈ ਕੇਂਦਰੀ ਗ੍ਰਹਿ ਮੰਤਰਾਲੇ ਨੇ ਸੂਬੇ ਵਿਚ ਨਾਰਕੋਟਿਕਸ ਕੰਟਰੋਲ ਬਿਊਰੋ (ਐਨਸੀਬੀ) ਦਾ (ਬਾਕੀ ਸਫ਼ਾ 30 ’ਤੇ)

## ਨਸ਼ਾ ਤਸਕਰੀ ਦੇਸ਼ ਦੇ ਅਰਥਚਾਰੇ ਨੂੰ ਵੀ ਪਹੁੰਚਾ ਰਹੀ ਹੈ ਨੁਕਸਾਨ: ਹਾਈ ਕੋਰਟ

### ਨਸ਼ਾ ਤਸਕਰੀ ਦੇ ਦੋਸ਼ੀਆਂ ਨਾਲ ਸਖ਼ਤੀ ਨਾਲ ਨਜਿੱਠਿਆ ਜਾਣਾ ਬੇਹੱਦ ਜ਼ਰੂਰੀ

ਚੰਡੀਗੜ੍ਹ : ਨਸ਼ਾ ਤਸਕਰੀ ਨਾ ਸਿਰਫ਼ ਵਿਅਕਤੀ ਅਤੇ ਸਮਾਜ ਨੂੰ ਸਗੋਂ ਦੇਸ਼ ਦੇ ਅਰਥਚਾਰੇ ਨੂੰ ਵੀ ਨੁਕਸਾਨ ਪਹੁੰਚਾ ਰਹੀ ਹੈ ਤੇ ਨਸ਼ੇ ਦੀ ਲਤ ਨਾਲ ਨਾ ਸਿਰਫ਼ ਨੌਜਵਾਨ ਪੀੜ੍ਹੀ ਸਗੋਂ ਦੇਸ਼ ਦਾ ਭਵਿੱਖ ਵੀ ਬਰਬਾਦ ਹੋ ਰਿਹਾ ਹੈ। ਇਸ ਦੇ ਦੋਸ਼ੀਆਂ ਨਾਲ ਸਖ਼ਤੀ ਨਾਲ ਨਜਿੱਠਿਆ ਜਾਣਾ ਬੇਹੱਦ ਜ਼ਰੂਰੀ ਹੈ। ਜਸਟਿਸ ਸੰਦੀਪ ਮੌਦਗਿਲ ਨੇ ਇਹ ਟਿੱਪਣੀ ਐਨਡੀਪੀਐਸ ਕੇਸ ਦੇ ਇਕ ਮੁਲਜ਼ਮ ਵੱਲੋਂ ਮੰਗੀ ਅਗਾਊਂ ਜ਼ਮਾਨਤ ਨੂੰ ਖ਼ਾਰਜ ਕਰਦਿਆਂ ਕੀਤੀ ਹੈ। ਮੁਲਜ਼ਮ ਧਰਮਿੰਦਰ ਸਿੰਘ ਖ਼ਿਲਾਫ਼ ਪਾਕਿਸਤਾਨ ਦੇ ਨਸ਼ਾ ਤਸਕਰਾਂ ਜ਼ਰੀਏ ਪੰਜਾਬ ’ਵਿਚ ਨਸ਼ਾ ਤਸਕਰੀ ਦੇ ਦੋਸ਼ ਨੂੰ ਲੈ ਕੇ ਐਫਆਈਆਰ ਦਰਜ ਕੀਤੀ ਗਈ ਸੀ। ਉਸ ਨੇ ਹਾਈ ਕੋਰਟ ਵਿਚ ਅਗਾਊਂ ਜ਼ਮਾਨਤ ਲਈ ਅਰਜ਼ੀ ਦਾਖ਼ਲ ਕਰ ਕੇ ਕਿਹਾ ਸੀ ਕਿ ਇਸ ਮਾਮਲੇ ’ਚ ਉਸ ਨੂੰ ਨਾਮਜ਼ਦ ਨਹੀਂ ਕੀਤਾ ਸੀ ਸਗੋਂ ਉਸ ਨੂੰ ਹੋਰ ਮੁਲਜ਼ਮਾਂ ਦੇ ਬਿਆਨ ਤੋਂ ਬਾਅਦ ਨਾਮਜ਼ਦ ਕੀਤਾ ਸੀ। ਇਸੇ ਤਰ੍ਹਾਂ ਇਸ ਮਾਮਲੇ ’ਚ ਉਸ ਦੇ ਪਿਤਾ ਨੂੰ ਵੀ ਨਾਮਜ਼ਦ ਕੀਤਾ ਗਿਆ ਸੀ ਪਰ ਉਸ ਦੇ ਪਿਤਾ ਨੂੰ ਟ੍ਰਾਇਲ ਕੋਰਟ ਬਰੀ ਕਰ ਚੁੱਕੀ ਹੈ। ਇਸ ਲਈ ਇਸ ਮਾਮਲੇ ਵਿਚ ਅਗਾਊਂ ਜ਼ਮਾਨਤ ਦਿੱਤੀ ਜਾਵੇ। ਮੁਲਜ਼ਮ ਦੀ ਜ਼ਮਾਨਤ ਦਾ ਵਿਰੋਧ ਕਰਦਿਆਂ ਪੰਜਾਬ ਸਰਕਾਰ ਨੇ ਕਿਹਾ ਕਿ ਪੁਲਿਸ ਕੋਲ ਉਸ ਖ਼ਿਲਾਫ਼ ਪੁਖ਼ਤਾ ਸਬੂਤ ਹਨ ਤੇ ਉਹ ਇਕ ਹੋਰ ਮਾਮਲੇ ਵਿਚ ਵੀ ਨਾਮਜ਼ਦ ਹੈ ਅਤੇ ਇਸ ਮਾਮਲੇ ਵਿਚ ਉਸ ਨੂੰ ਭਗੌੜਾ ਕਰਾਰ ਦਿੱਤਾ ਜਾ ਚੁੱਕਿਆ ਹੈ। ਇਸ ਲਈ ਉਸ ਨੂੰ ਕਿਸੇ ਵੀ ਸੂਰਤ ’ਚ ਜ਼ਮਾਨਤ ਨਹੀਂ ਦਿੱਤੀ ਜਾਣੀ ਚਾਹੀਦੀ। ਹਾਈ ਕੋਰਟ ਨੇ ਦੋਵੇਂ ਧਿਰਾਂ ਨੂੰ ਸੁਣਨ ਤੋਂ ਬਾਅਦ ਕਿਹਾ ਕਿ ਮੁਲਜ਼ਮ ਬੇਗੁਨਾਹ ਹੈ ਜਾਂ ਨਹੀਂ, ਇਹ ਹਾਈ ਕੋਰਟ ਤੈਅ ਨਹੀਂ ਕਰੇਗਾ, ਇਹ ਟ੍ਰਾਇਲ ਕੋਰਟ ਵੱਲੋਂ ਤੈਅ ਕੀਤਾ ਜਾਣਾ ਹੈ ਪਰ ਇਕ ਮੁਲਜ਼ਮ ਜਿਸ ਨੂੰ ਟ੍ਰਾਇਲ ਕੋਰਟ ਭਗੌੜਾ ਕਰਾਰ ਦੇ ਚੁੱਕਿਆ ਹੈ, ਉਸ ਨੂੰ ਵੈਸੇ ਵੀ ਅਗਾਊਂ ਜ਼ਮਾਨਤ ਨਹੀਂ ਦਿੱਤੀ ਜਾ ਸਕਦੀ। ਹਾਈ ਕੋਰਟ ਨੇ ਕਿਹਾ ਕਿ ਵੈਸੇ ਵੀ ਨਸ਼ਾ ਤਸਕਰੀ ਨਾ ਸਿਰਫ਼ ਵਿਅਕਤੀ ਸਗੋਂ ਸਮਾਜ ਅਤੇ ਦੇਸ਼ ਦੇ ਅਰਥਚਾਰੇ ਨੂੰ ਵੀ ਨੁਕਸਾਨ ਪਹੁੰਚਾ ਰਹੀ ਹੈ। ਇਸ ਲਈ ਨਸ਼ਾ ਤਸਕਰੀ ਦੇ ਮੁਲਜ਼ਮਾਂ ਨਾਲ ਸਖ਼ਤੀ ਨਾਲ ਨਜਿੱਠਿਆ ਜਾਣਾ ਬੇਹੱਦ ਜ਼ਰੂਰੀ ਹੈ ਤੇ ਉਨ੍ਹਾਂ ਨੂੰ ਰਾਹਤ ਨਹੀਂ ਦਿੱਤੀ ਜਾ ਸਕਦੀ।

ਦਰਪਣ ਝੂਠ ਨਹੀਂ ਬੋਲਦਾ

# ਯੂ.ਪੀ. ਦੇ ਮੁੱਖ ਮੰਤਰੀ ਯੋਗੀ ਉੱਪਰ ਮਨੁੱਖੀ ਅਧਿਕਾਰਾਂ ਦੇ ਘਾਣ ਦੇ ਦੋਸ਼

## ਵਕੀਲਾਂ ਦੀ ਸੰਸਥਾ ਨੇ ਸਵਿੱਸ ਫੈਡਰਲ ਪ੍ਰਾਸੀਕਿਊਟਰ ਸਾਹਮਣੇ ਇੱਕ ਅਪਰਾਧਿਕ ਸ਼ਿਕਾਇਤ ਦਰਜ ਕਰਾਈ

ਬੀਤੇ ਦਿਨੀਂ ਕੌਮਾਂਤਰੀ ਅਪਰਾਧਾਂ ਤੇ ਮਨੁੱਖੀ ਅਧਿਕਾਰਾਂ ਸੰਬੰਧੀ ਮਾਹਿਰ ਵਕੀਲਾਂ ਦੀ ਸੰਸਥਾ ਨੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਵਿਰੁੱਧ ਸਵਿੱਸ ਫੈਡਰਲ ਪ੍ਰਾਸੀਕਿਊਟਰ ਸਾਹਮਣੇ ਇੱਕ ਅਪਰਾਧਿਕ ਸ਼ਿਕਾਇਤ ਦਰਜ ਕਰਾਈ ਹੈ। ਗੁਏਰਨਿਕਾ 37 ਚੈਂਬਰ ਨਾਂਅ ਦੀ ਇਸ ਸੰਸਥਾ ਨੇ ਇਹ ਸ਼ਿਕਾਇਤ ਉੱਤਰ ਪ੍ਰਦੇਸ਼ ਵਿੱਚ ਦਸੰਬਰ 2019 ਤੋਂ ਬਾਅਦ ਨਾਗਰਿਕਤਾ ਸੋਧ ਕਾਨੂੰਨਾਂ ਦੇ ਖ਼ਿਲਾਫ਼ ਹੋਏ ਵਿਰੋਧ ਪ੍ਰਦਰਸ਼ਨਾਂ ਦੌਰਾਨ ਉਥੋਂ ਦੇ ਪ੍ਰਸ਼ਾਸਨ ਵੱਲੋਂ ਕੀਤੇ ਗਏ ਮਨੁੱਖਤਾ ਵਿਰੁੱਧ ਅਪਰਾਧਾਂ ਵਿਰੁੱਧ ਦਰਜ ਕਰਾਈ ਗਈ ਹੈ ।




ਸੰਸਥਾ ਨੇ ਕਿਹਾ ਹੈ ਕਿ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਨੇ ਸੀ ਏ ਏ ਨੂੰ ਲਾਗੂ ਕਰਨ ਵਿਰੁੱਧ ਹੋਏ ਵਿਰੋਧ ਨੂੰ ਦਬਾਉਣ ਲਈ ਝੂਠੇ ਮੁਕੱਦਮੇ ਤੇ ਜਬਰ ਦਾ ਦੌਰ ਚਲਾਇਆ ਤੇ ਨਾਗਰਿਕਾਂ ਦੀ ਹੱਤਿਆ ਦਾ ਹੁਕਮ ਦਿੱਤਾ। ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ 19 ਦਸੰਬਰ 2019 ਨੂੰ ਮੁੱਖ ਮੰਤਰੀ ਨੇ ਆਪਣੇ ਭਾਸ਼ਣ ਵਿੱਚ ਪੁਲਿਸ ਨੂੰ ਪ੍ਰਦਰਸ਼ਨਕਾਰੀਆਂ ਤੋਂ ਬਦਲਾ ਲੈਣ ਦਾ ਹੁਕਮ ਦਿੱਤਾ ਸੀ। ਇਸ ਬਿਆਨ ਤੋਂ ਬਾਅਦ ਪੁਲਿਸ ਦੀ ਹਿੰਸਾ ਵਿੱਚ ਵਾਧਾ ਹੋਇਆ ਸੀ ।

ਇਸ ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਇਹ ਕਾਰਵਾਈਆਂ ਮਨੁੱਖਤਾ ਵਿਰੁੱਧ ਅਪਰਾਧ ਦੀ ਸ਼੍ਰੇਣੀ ਵਿੱਚ ਆਉਂਦੀਆਂ ਹਨ, ਕਿਉਂਕਿ ਉਨ੍ਹਾਂ ’ਤੇ ਨਾਗਰਿਕਾਂ, ਖ਼ਾਸ ਤੌਰ ’ਤੇ ਮੁਸਲਮਾਨਾਂ ਉੱਤੇ ਹਮਲੇ ਕਰਨ ਲਈ ਉਕਸਾਉਣ ਦਾ ਦੋਸ਼ ਹੈ। ਇੱਕ ਭਾਰਤੀ ਰਾਜਕੀ ਅਹੁਦੇਦਾਰ ਹੋਣ ਦੇ ਬਾਵਜੂਦ ਮੁੱਖ ਮੰਤਰੀ ਨੂੰ ਇਨ੍ਹਾਂ ਅਪਰਾਧਾਂ ਲਈ ਡਿਪਲੋਮੈਟਿਕ ਛੋਟ ਹਾਸਲ ਨਹੀਂ ਹੈ ।

ਸੰਸਥਾ ਵਿੱਚ ਸ਼ਾਮਲ ਵਕੀਲਾਂ ਨੇ ਕਿਹਾ ਕਿ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਛੇ ਮਹੀਨੇ ਤੱਕ ਚੱਲੇ ਇਸ ਸ਼ਾਂਤੀਪੂਰਨ ਲੋਕ ਸੰਘਰਸ਼ ਦੌਰਾਨ ਯੂ ਪੀ ਪੁਲਿਸ ਨੇ ਕਥਿਤ ਤੌਰ ‘ਤੇ 22 ਮੁਜ਼ਾਹਰਾਕਾਰੀਆਂ ਨੂੰ ਮਾਰ ਦਿੱਤਾ ਤੇ ਘੱਟੋ-ਘੱਟ 117 ਦੀ ਕੁੱਟਮਾਰ ਕਰਕੇ ਉਨ੍ਹਾਂ ਨੂੰ ਧਾਰਾ 307 ਅਧੀਨ ਹਿਰਾਸਤ ਵਿੱਚ ਲੈ ਲਿਆ ।

ਉੱਤਰ ਪ੍ਰਦੇਸ਼ ਦੇ ਚੁਣੇ ਹੋਏ ਨੁਮਾਇੰਦਿਆਂ ਨੇ ਪੀੜਤ ਪਰਿਵਾਰਾਂ, ਮਨੁੱਖੀ ਅਧਿਕਾਰ ਸਮੂਹਾਂ ਤੇ ਸੰਯੁਕਤ ਰਾਸ਼ਟਰ ਵੱਲੋਂ ਪੁਲਿਸ ਹਿੰਸਾ ਵਿਰੁੱਧ ਜਾਂਚ ਕਰਨ ਤੇ ਮੁਕੱਦਮੇ ਚਲਾਉਣ ਦੀ ਅਪੀਲ ਦੀ ਵੀ ਅਣਦੇਖੀ ਕੀਤੀ ਹੈ। ਸੰਸਥਾ ਨੇ ਕਿਹਾ ਹੈ ਕਿ ਸਵਿੱਸ ਅਧਿਕਾਰੀਆਂ ਵੱਲੋਂ ਇਹਨਾਂ ਅਪਰਾਧਾਂ ਦੀ ਜਾਂਚ ਅਪਰਾਧਾਂ ਦੀ ਗੰਭੀਰਤਾ ਨੂੰ ਮਾਨਤਾ ਤੇ ਮਨਜ਼ੂਰੀ ਦਾ ਕੰਮ ਕਰੇਗੀ। ਇਸ ਸੰਸਥਾ ਨੇ ਇਸ ਤੋਂ ਪਹਿਲਾਂ ਯੂ ਪੀ ਵਿੱਚ ਪੁਲਿਸ ਬਲਾਂ ਵੱਲੋਂ ਝੂਠੇ ਮੁਕਾਬਲਿਆਂ ਦੌਰਾਨ ਮਾਰੇ ਗਏ ਲੋਕਾਂ ਦੀ ਸ਼ਿਕਾਇਤ ਸੰਯੁਕਤ ਰਾਸ਼ਟਰ ਵਿੱਚ ਵੀ ਦਰਜ ਕਰਾਈ ਸੀ।

# ਕਰਜ਼ਾ ਚੁੱਕ ਕੇ ਕੰਮ ਚਲਾ ਰਹੀ ਹੈ ਮੋਦੀ ਸਰਕਾਰ

## ਮੋਦੀ ਰਾਜ ਦੇ 9 ਸਾਲਾਂ ਦੌਰਾਨ ਭਾਰਤ ਸਿਰ ਕਰਜ਼ਾ ਵਧ ਕੇ 155.31 ਲੱਖ ਕਰੋੜ ਹੋਇਆ



ਮੋਦੀ ਸਰਕਾਰ ਜਿਸ ਤਰ੍ਹਾਂ ਕਰਜ਼ਾ ਚੁੱਕ ਕੇ ਕੰਮ ਚਲਾ ਰਹੀ ਹੈ। ਜੇਕਰ ਭਾਰਤ ਸਿਰ ਕਰਜ਼ੇ ਦਾ ਹਿਸਾਬ ਕੀਤਾ ਜਾਵੇ ਤਾਂ 1947 ਤੋਂ ਲੈ ਕੇ 2014 ਦੇ 67 ਸਾਲਾਂ ਦੌਰਾਨ ਭਾਰਤ ਸਿਰ ਕੁੱਲ ਕਰਜ਼ਾ 55.87 ਲੱਖ ਕਰੋੜ ਰੁਪਏ ਚੜ੍ਹਿਆ ਸੀ। 2014 ਵਿੱਚ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਜਪਾ ਦੀ ਸਰਕਾਰ ਬਣੀ ਸੀ। ਮੋਦੀ ਰਾਜ ਦੇ ਇਨ੍ਹਾਂ 9 ਸਾਲਾਂ ਦੌਰਾਨ ਭਾਰਤ ਸਿਰ ਕਰਜ਼ਾ ਵਧ ਕੇ 155.31 ਲੱਖ ਕਰੋੜ ਹੋ ਗਿਆ। ਇਹ 67 ਸਾਲਾਂ ਦੇ ਕਰਜ਼ੇ ਨਾਲੋਂ 2.77 ਗੁਣਾ ਵੱਧ ਬਣਦਾ ਹੈ। ਜੇਕਰ ਹਰ ਭਾਰਤੀ ਦੇ ਸਿਰ ਚੜ੍ਹੇ ਕਰਜ਼ੇ ਦੀ ਗੱਲ ਕੀਤੀ ਜਾਵੇ ਤਾਂ 2014 ਤੋਂ ਪਹਿਲਾਂ ਇਹ 43,124 ਰੁਪਏ ਪ੍ਰਤੀ ਵਿਅਕਤੀ ਸੀ, ਜੋ ਮੋਦੀ ਰਾਜ ਦੌਰਾਨ 1 ਲੱਖ 9 ਹਜ਼ਾਰ 373 ਰੁਪਏ ਹੋ ਗਿਆ ਹੈ। ਇਸ ਤਰ੍ਹਾਂ ਇਨ੍ਹਾਂ ਨੌਂ ਸਾਲਾਂ ਦੌਰਾਨ ਪ੍ਰਤੀ ਵਿਅਕਤੀ ਕਰਜ਼ੇ ਵਿੱਚ 2.53 ਗੁਣਾ ਵਾਧਾ ਹੋ ਚੁੱਕਾ ਹੈ । ਕੌਮਾਂਤਰੀ ਮੁਦਰਾ ਕੋਸ਼ ਅਨੁਸਾਰ ਭਾਰਤ ਸਿਰ ਕਰਜ਼ਾ ਜੀ ਡੀ ਪੀ ਦੇ 83 ਪ੍ਰਤੀਸ਼ਤ ਤੱਕ ਪਹੁੰਚ ਗਿਆ, ਜੋ ਵਿਕਾਸਸ਼ੀਲ ਦੇਸ਼ਾਂ ਦੇ 64.5 ਫੀਸਦੀ ਕਰਜ਼ੇ ਤੋਂ ਕਿਤੇ ਵੱਧ ਹੈ ।

ਆਕਸਫੈਮ ਦੀ ਰਿਪੋਰਟ ਮੁਤਾਬਕ ਭਾਰਤ ਵਿੱਚ ਸਭ ਤੋਂ ਅਮੀਰ 5 ਫੀਸਦੀ ਲੋਕਾਂ ਕੋਲ ਦੇਸ਼ ਦਾ 60 ਫੀਸਦੀ ਧਨ ਹੈ, ਜਦੋਂ ਕਿ ਹੇਠਲੀ ਅੱਧੀ ਅਬਾਦੀ ਕੋਲ ਸਿਰਫ਼ 3 ਫੀਸਦੀ ਧਨ ਹੈ। ਦੂਜੇ ਪਾਸੇ ਜੀ ਐੱਸ ਟੀ ਰਾਹੀਂ ਇਕੱਠੇ ਹੁੰਦੇ ਪੈਸੇ ਵਿੱਚੋਂ 64 ਫੀਸਦੀ ਹੇਠਲੀ 50 ਫੀਸਦੀ ਅਬਾਦੀ ਤੋਂ ਆਉਂਦੇ ਹਨ ਤੇ ਜਦੋਂ ਕਿ ਉੱਪਰਲੀ 10 ਫੀਸਦੀ ਤੋਂ 3 ਫ਼ੀਸਦੀ ਆਉਂਦੇ ਹਨ। ਸਪੱਸ਼ਟ ਹੈ ਕਿ ਉੱਪਰਲੇ ਅਮੀਰਾਂ ਪੱਖੀ ਰਵੱਈਏ ਕਾਰਨ ਉਨ੍ਹਾਂ ਦੀ ਦੌਲਤ ਵਧੀ ਜਾਂਦੀ ਹੈ ਤੇ ਟੈਕਸਾਂ ਦਾ ਭਾਰ ਲੋਕਾਂ ਉੱਤੇ ਵਧੀ ਜਾਂਦਾ ਹੈ । ਕਾਰਪੋਰੇਟਾਂ ਪ੍ਰਤੀ ਮਿੱਤਰਚਾਰੇ ਕਾਰਨ ਉਨ੍ਹਾਂ ਉੱਤੇ ਟੈਕਸ ਲਾਉਣ ਦੀ ਥਾਂ ਕਰਜ਼ਾ ਚੁੱਕ ਕੇ ਕੰਮ **(ਬਾਕੀ ਸਫ਼ਾ 30 ’ਤੇ)**

# ਟਿੱਕੀਆਂ ਵੇਚਣ ਵਾਲੀ ਸਰਦਾਰਨੀ ਮਨਜੀਤ ਕੌਰ ਪੰਜਾਬ ਦੇ ਬੇਰੁਜ਼ਗਾਰਾਂ ਲਈ ਰੋਲ ਮਾਡਲ



ਮੋਗਾ ਸ਼ਹਿਰ ਦੀ ਗਲੀ ਹੀ ਮਨਜੀਤ ਕੌਰ ਟਿੱਕੀਆਂ ਵਾਲੀ ਦੇ ਨਾਮ ਨਾਲ ਜਾਣੀ ਜਾਂਦੀ ਹੈ। ਮਨਜੀਤ ਕੌਰ ਆਪਣੇ ਪਿਤਾ ਦੀ ਦੁਕਾਨ ‘ਤੇ ਹੱਥ ਵਟਾਉਂਦੀ ਹੈ। ਮਨਜੀਤ ਮਹਿਜ਼ 10-12 ਸਾਲ ਦੀ ਸੀ ਜਦੋਂ ਇੱਕ ਹਾਦਸੇ ਕਾਰਨ ਉਨ੍ਹਾਂ ਦੇ ਪਿਤਾ ਕੰਮ ਕਰਨ ਤੋ ਅਸਮਰਥ ਹੋ ਗਏ ਸਨ।ਅਜਿਹੇ ਵਿੱਚ ਪਰਿਵਾਰ ਲਈ ਕਮਾਈ ਕਰਨ ਦੀ ਜ਼ਿੰਮੇਵਾਰੀ ਛੇਵੀਂ ਵਿੱਚ ਪੜ੍ਹਦੀ ਮਨਜੀਤ ਅਤੇ ਉਸਦੇ ਭਰਾ ਸਿਰ ਆ ਪਈ। ਇਨ੍ਹਾਂ ਹਾਲਾਤਾਂ ਦਾ ਸਾਹਮਣਾ ਮਨਜੀਤ ਨੇ ਦਲੇਰੀ ਨਾਲ ਤਾਂ ਕੀਤਾ ਪਰ ਅਜਿਹੇ ਵਿੱਚ ਉਨ੍ਹਾਂ ਦੀ ਪੜ੍ਹਾਈ ਅੱਧ ਵਿਚਾਲੇ ਹੀ ਛੁੱਟ ਗਈ ਅਤੇ ਮਨਜੀਤ ਆਪਣੇ ਭਰਾ ਨਾਲ ਪਿਤਾ ਦੀ ਟਿੱਕੀਆਂ ਵਾਲੀ ਰੇਹੜੀ ਸੰਭਾਲਣ ਲੱਗ ਗਈ। ਚਹਿਲ-ਪਹਿਲ ਵਾਲੇ ਬਜ਼ਾਰ ਵਿੱਚ ਦੁਕਾਨ ਸੰਭਾਲਦੀ ਮਨਜੀਤ ਸਿਰ ਉੱਤੇ ਮੁੰਡਿਆਂ ਵਾਂਗ ਜੂੜਾ ਕਰਕੇ ਰੁਮਾਲ ਬੰਨ੍ਹਦੀ ਹੈ ਉਹ ਕਹਿੰਦੀ ਹੈ, “ਮੈਂ ਛੋਟੀ ਸੀ ਜਦੋਂ ਜੂੜਾ ਕਰਕੇ ਇੱਕ ਦਿਨ ਦੁਕਾਨ ’ਤੇ ਗਈ, ਫਿਰ ਆਦਤ ਪੈ ਗਈ, ਹੁਣ ਮੈਨੂੰ ਐਵੇਂ ਹੀ ਚੰਗਾ ਲਗਦਾ ਹੈ। ਪੰਜਾਬ ਦੇ ਇੱਕ ਛੋਟੇ ਜਿਹੇ ਸ਼ਹਿਰ ਮੋਗਾ ਦੇ ਬਜ਼ਾਰ ਵਿੱਚ ਟਿੱਕੀਆਂ ਤੇ ਖਾਣ ਵਾਲੇ ਹੋਰ ਸਮਾਨ ਦੀ ਦੁਕਾਨ ਚਲਾਉਂਦੀ ਮਨਜੀਤ ਕੌਰ ਨੇ ਕਿਹਾ, “ਉਸ ਵੇਲੇ ਸੋਚਿਆ ਨਹੀਂ ਹੋਣਾ ਕਿ ਮਨਜੀਤ ਦੀਆਂ ਟਿੱਕੀਆਂ ਪੂਰੇ ਸ਼ਹਿਰ ਤੇ ਸ਼ਹਿਰ ਤੋਂ ਬਾਹਰ ਤੱਕ ਮਸ਼ਹੂਰ ਹੋ ਜਾਣਗੀਆਂ।” ਮਨਜੀਤ ਦੇ ਪਿਤਾ ਉਸ ਦੇ ਹੌਂਸਲੇ ਦੀ ਗੱਲ ਕਰਦਿਆਂ ਭਾਵੁਕ ਹੋ ਜਾਂਦੇ ਹਨ ਉਹ ਆਖਦੇ ਹਨ, “ਮੁੰਡੇ ਕਿੱਥੋਂ ਕੁੜੀਆਂ ਦੀ ਰੀਸ ਕਰ ਲੈਣਗੇ ਜੀ।” ਉਨ੍ਹਾਂ ਨੇ ਅੱਖਾਂ ਪੂੰਝਦਿਆਂ ਦੱਸਿਆ ਕਿ ਮਨਜੀਤ ਉਦੋਂ ਬਾਰ੍ਹਾਂ ਸਾਲ ਦੀ ਸੀ, ਜਦੋਂ ਤੋਂ ਆਪਣੇ ਭਰਾ ਨਾਲ ਕੰਮ ਸੰਭਾਲਣ ਲੱਗ ਗਈ ਸੀ। ਮਨਜੀਤ ਉਦੋਂ ਛੇਵੀਂ ਜਮਾਤ ਵਿੱਚ ਪੜ੍ਹਦੀ ਸੀ। ਉਨ੍ਹਾਂ ਦੇ ਪਿਤਾ ਇੱਕ ਹਾਦਸੇ ਬਾਅਦ ਕੰਮ ਕਰਨੋਂ ਅਸਮਰਥ ਸੀ। ਇਸੇ ਮਜਬੂਰੀ ਨੇ ਮਨਜੀਤ ਨੂੰ ਨਿੱਕੀ ਉਮਰੇ ਜ਼ਿੰਮੇਵਾਰੀ ਵਿੱਚ ਪਾ ਦਿੱਤਾ। ਪਰ ਮਨਜੀਤ ਆਪਣਾ ਕਾਰੋਬਾਰ ਬਹੁਤ ਖੁਸ਼ੀ ਨਾਲ ਸੰਭਾਲਦੀ ਹੈ।ਉਹ ਦੱਸਦੀ ਹੈ, “ਘਰ ਵਿੱਚ ਕੋਈ ਕਮਾਉਣ ਵਾਲਾ ਨਹੀਂ ਸੀ, ਇਸ ਲਈ ਮੈਂ ਅਤੇ ਮੇਰਾ ਭਰਾ ਦੁਕਾਨ ਸੰਭਾਲਣ ਲੱਗ ਗਏ। ਪਹਿਲਾਂ ਰੇਹੜੀ ਹੁੰਦੀ ਸੀ, ਹੁਣ ਦੁਕਾਨ ਹੈ।” ਮਨਜੀਤ ਦੱਸਦੀ ਹੈ ਕਿ ਉਹ ਸੱਤ ਵਜੇ ਉੱਠਦੀ ਹੈ, ਫਿਰ ਦੁਕਾਨ ’ਤੇ ਵੇਚੇ ਜਾਣ ਵਾਲੇ ਸਮਾਨ ਦੀ ਆਪਣੇ ਪਰਿਵਾਰ ਨਾਲ ਤਿਆਰੀ ਕਰਵਾਉਂਦੀ ਹੈ ਅਤੇ ਸਵੇਰੇ 10 ਵਜੇ ਦੁਕਾਨ ’ਤੇ ਪਹੁੰਚ ਜਾਂਦੀ ਹੈ। ਰਾਤ 10 ਵਜੇ ਘਰ ਪਰਤਦੀ ਹੈ। ਮਨਜੀਤ ਨੇ ਦੱਸਿਆ ਕਿ ਉਸ ਦੀਆਂ ਚਾਰ ਭੈਣਾਂ ਹਨ ਜਿਨ੍ਹਾਂ ਦੇ ਵਿਆਹ ਹੋ ਚੁੱਕੇ ਹਨ। ਮਨਜੀਤ ਅਤੇ ਉਸ ਦੇ ਪਿਤਾ ਦਾ ਕਹਿਣਾ ਹੈ ਕਿ ਮਨਜੀਤ ਲਈ ਅਜਿਹਾ ਜੀਵਨ ਸਾਥੀ ਹੀ ਤਲਾਸ਼ ਰਹੇ ਹਨ, ਜੋ ਉਸ ਨੂੰ ਦੁਕਾਨ ਸੰਭਾਲਦੇ ਰਹਿਣ ਵਿੱਚ ਸਹਿਯੋਗ ਕਰੇ।ਮਨਜੀਤ ਦੂਜੇ ਨੌਜਵਾਨਾਂ ਨੂੰ ਸੁਨੇਹਾ ਦਿੰਦਿਆਂ ਕਹਿੰਦੀ ਹੈ, “ਸਾਨੂੰ ਵਿਦੇਸ਼ਾਂ ਵੱਲ ਭੱਜਣ ਜਾਂ ਸਰਕਾਰੀ ਨੌਕਰੀਆਂ ਦੀ ਝਾਕ ਰੱਖਣ ਦੀ ਲੋੜ ਨਹੀਂ, ਜੇ ਮਿਹਨਤ ਕਰੀਏ ਤਾਂ ਇੱਥੇ ਹੀ ਬਹੁਤ ਕੁਝ ਹੈ।”

# ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਯੂ.ਐੱਨ.ਓ. ਤੇ ਇੰਟਰਨੈਸ਼ਨਲ ਕੋਰਟ ਆਫ਼ ਜਸਟਿਸ ਤੱਕ ਲੈ ਕੇ ਜਾਏਗੀ ਸ਼੍ਰੋਮਣੀ ਕਮੇਟੀ

## 9 ਬੰਦੀ ਸਿੰਘਾਂ ਨੂੰ ਸਨਮਾਨ ਭੱਤੇ ਵਜੋਂ ਹਰ ਮਹੀਨੇ 20-20 ਹਜ਼ਾਰ ਰੁਪਏ ਦੇਣ ਦਾ ਫ਼ੈਸਲਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲੰਮੇ ਸਮੇਂ ਤੋਂ ਦੇਸ਼ ਦੀਆਂ ਜੇਲ੍ਹਾਂ ਵਿੱਚ 9 ਬੰਦੀ ਸਿੰਘਾਂ ਨੂੰ ਸਨਮਾਨ ਭੱਤੇ ਵਜੋਂ ਹਰ ਮਹੀਨੇ 20-20 ਹਜ਼ਾਰ ਰੁਪਏ ਦੇਣ ਦਾ ਫੈਸਲਾ ਕੀਤਾ ਹੈ। ਇਸ ਦੇ ਨਾਲ ਹੀ ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ਸਬੰਧੀ ਯੂ.ਐੱਨ.ਓ. ਅਤੇ ਇੰਟਰਨੈਸ਼ਨਲ ਕੋਰਟ ਆਫ਼ ਜਸਟਿਸ ਤਕ ਵੀ ਪਹੁੰਚ ਕੀਤੀ ਜਾਵੇਗੀ।



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਤਿੰਨ-ਤਿੰਨ ਦਹਾਕਿਆਂ ਤੋਂ ਜੇਲ੍ਹਾਂ ਵਿੱਚ ਬੰਦ ਸਿੱਖਾਂ ਪ੍ਰਤੀ ਸਰਕਾਰਾਂ ਦਾ ਅਨਿਆਂ ਮਨੁੱਖੀ ਅਧਿਕਾਰਾਂ ਦਾ ਵੱਡਾ ਉਲੰਘਣ ਹੈ, ਜਿਸ ਨੂੰ ਲੈ ਕੇ ਅੰਤਰਰਾਸ਼ਟਰੀ ਮੰਚਾਂ ’ਤੇ ਅਵਾਜ਼ ਉਠਾਈ ਜਾਵੇਗੀ। ਉਨ੍ਹਾਂ ਕਿਹਾ ਕਿ ਅੰਤ੍ਰਿੰਗ ਕਮੇਟੀ ਨੇ ਲੰਮੀਆਂ ਸਜ਼ਾਵਾਂ ਵਾਲੇ 9 ਸਿੱਖ ਬੰਦੀਆਂ ਨੂੰ 20-20 ਹਜ਼ਾਰ ਰੁਪਏ ਮਹੀਨਾਵਾਰ ਸਨਮਾਨ ਭੱਤਾ ਦੇਣ ਅਤੇ ਲੋੜ ਅਨੁਸਾਰ ਕਾਨੂੰਨੀ ਮਦਦ ਦਾ ਫੈਸਲਾ ਕੀਤਾ ਹੈ। ਇਨ੍ਹਾਂ ਵਿੱਚ ਭਾਈ ਗੁਰਦੀਪ ਸਿੰਘ ਖੇੜਾ, ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ, ਭਾਈ ਬਲਵੰਤ ਸਿੰਘ ਰਾਜੋਆਣਾ, ਭਾਈ ਜਗਤਾਰ ਸਿੰਘ ਹਵਾਰਾ, ਭਾਈ ਜਗਤਾਰ ਸਿੰਘ ਤਾਰਾ, ਭਾਈ ਲਖਵਿੰਦਰ ਸਿੰਘ ਲੱਖਾ, ਭਾਈ ਗੁਰਮੀਤ ਸਿੰਘ, ਭਾਈ ਸ਼ਮਸ਼ੇਰ ਸਿੰਘ ਅਤੇ ਭਾਈ ਪਰਮਜੀਤ ਸਿੰਘ ਭਿਓਰਾ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿੱਚੋਂ ਭਾਈ ਰਾਜੋਆਣਾ ਨੂੰ ਪਹਿਲਾ ਹੀ ਇਹ ਸਨਮਾਨ ਭੱਤਾ ਦਿੱਤਾ ਜਾ ਰਿਹਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਸਬੰਧ ਵਿੱਚ ਕਾਨੂੰਨੀ ਲੋੜਾਂ ਲਈ ਸੀਨੀਅਰ ਐਡਵੋਕੇਟ ਪੂਰਨ ਸਿੰਘ ਹੁੰਦਲ, ਪਰਮਜੀਤ ਸਿੰਘ ਥਿਆੜਾ, ਬਲਤੇਜ ਸਿੰਘ ਢਿੱਲੋਂ, ਭਗਵੰਤ ਸਿੰਘ ਸਿਆਲਕਾ, ਅਮਰਜੀਤ ਸਿੰਘ ਧਾਰਨੀ ਅਤੇ ਅਰਸ਼ਦੀਪ ਸਿੰਘ ਕਲੇਰ ’ਤੇ ਅਧਾਰਿਤ ਕਾਨੂੰਨੀ ਸਲਾਹਕਾਰ ਬੋਰਡ ਦਾ ਗਠਨ ਕੀਤਾ ਗਿਆ ਹੈ, ਜੋ ਬੰਦੀ ਸਿੰਘਾਂ ਦੇ ਪਰਿਵਾਰਾਂ ਦੀ ਕਾਨੂੰਨੀ ਮਦਦ ਲਈ ਕਾਰਜਸ਼ੀਲ ਰਹੇਗਾ।

# ਬਲਾਤਕਾਰ ਪੀੜਤ ਦਲਿਤ ਔਰਤਾਂ ਦੇ ਇਨਸਾਫ਼ ਲਈ ਆਵਾਜ਼ ਬੁਲੰਦ ਕਰਦੀਆਂ ਨੇ ਮੰਜੁਲਾ ਪ੍ਰਦੀਪ ਤੇ ਭਾਵਨਾ ਨਾਰਕਰ

## ਉੱਚ ਜਾਤੀਆਂ ਵੱਲੋਂ ਬਲਾਤਕਾਰ ਵਰਗਾ ਗ਼ੈਰ-ਮਨੁੱਖੀ ਕਾਰਾ ਦਲਿਤ ਭਾਈਚਾਰੇ ਨੂੰ ਸਜ਼ਾ ਦੇਣ ਲਈ ਕੀਤਾ ਜਾਂਦੈ : ਭਾਵਨਾ

28 ਸਾਲਾ ਦਲਿਤ ਔਰਤਾਂ ਕਾਰਕੁਨ ਭਾਵਨਾ ਨਾਰਕਰ ਪਿਛਲੇ ਕਈ ਸਾਲਾਂ ਤੋਂ ਦਲਿਤ ਔਰਤਾਂ ਦੇ ਅਧਿਕਾਰਾਂ ਲਈ ਲੜ ਰਹੀ ਹੈ। ਨਾਰਕਰ ਪੱਛਮੀ ਭਾਰਤੀ ਸੂਬੇ ਗੁਜਰਾਤ ਦੇ ਇੱਕ ਛੋਟੇ ਜਿਹੇ ਕਸਬੇ ਵਿਚ ਰਹਿੰਦੀ ਹੈ। ਇਸ ਇਲਾਕੇ ਵਿਚ ਗਰੀਬ ਦਲਿਤ ਔਰਤਾਂ ਨੂੰ ਸਿੱਖਿਆ ਅਤੇ ਰੁਜ਼ਗਾਰ ਦੇ ਮੌਕੇ ਬਹੁਤ ਘੱਟ ਮਿਲਦੇ ਹਨ। ਉਸ ਨੇ ਦੋ ਸਾਲ ਪਹਿਲਾਂ ਆਪਣੀ ਉਸਤਾਦ) ਮੰਜੁਲਾ ਪ੍ਰਦੀਪ (52) ਦੀ ਅਗਵਾਈ ਵਿਚ ਬੀਬੀਆਂ ਦੀ ਰਾਸ਼ਟਰੀ ਕੌਂਸਲ ਦੀ ਸਥਾਪਨਾ ਕੀਤੀ ਹੈ। ਮੰਜੁਲਾ ਪ੍ਰਦੀਪ ਦਰਜਨਾਂ ਹੀ ਬਲਾਤਕਾਰ ਪੀੜਤਾਂ-ਖਾਸ ਕਰਕੇ ਦਲਿਤ ਭਾਈਚਾਰੇ ਨਾਲ ਸੰਬੰਧ ਰੱਖਣ ਵਾਲੀਆਂ ਪੀੜਤਾਂ ਨੂੰ ਨਿਆਂ ਦਿਵਾਉਣ ਵਿਚ ਮਦਦ ਕਰਨ ਲਈ ਸਿਖਲਾਈ ਦੇ ਰਹੀ ਹੈ। ਪ੍ਰਦੀਪ ਉਸ ਸਮੇਂ ਮਹਿਜ਼ ਚਾਰ ਸਾਲਾਂ ਦੀ ਸੀ, ਜਦੋਂ ਗੁਆਂਢ ਦੇ ਚਾਰ ਆਦਮੀਆਂ ਨੇ ਉਸ ਨਾਲ ਜਬਰ ਜਨਾਹ ਕੀਤਾ ਸੀ। ਉਹ ਦੱਸਦੀ ਹੈ, 'ਉਸ ਜਿਨਸੀ ਸ਼ੋਸ਼ਣ ਨੇ ਮੈਨੂੰ ਬਦਲ ਕੇ ਰੱਖ ਦਿੱਤਾ, ਮੈਂ ਇੱਕ ਡਰੀ ਹੋਈ ਅਤੇ ਸ਼ਰਮੀਲੀ ਬੱਚੀ ਬਣ ਗਈ ਸੀ। ਉਸ ਦਾ ਕਹਿਣਾ ਹੈ ਕਿ ਮੈਂ ਆਪਣੇ ਮਾਪਿਆਂ ਨੂੰ ਵੀ ਇਸ ਬਾਰੇ ਨਾ ਦੱਸ ਸਕੀ ਕਿਉਂਕਿ ਮੈਂ ਉਸ ਸਮੇਂ ਆਪਣੇ ਆਪ ਨੂੰ ਕਮਜ਼ੋਰ ਮਹਿਸੂਸ ਕਰ ਰਹੀ ਸੀ।'

ਉਸ ਦੇ ਪਿਤਾ ਨਾਖੁਸ਼ ਸਨ ਕਿਉਂਕਿ ਉਹ ਇੱਕ ਹੋਰ ਧੀ ਦੀ ਥਾਂ 'ਤੇ ਪੁੱਤਰ ਚਾਹੁੰਦੇ ਸਨ। ਉਨ੍ਹਾਂ ਨੇ ਦੱਸਿਆ, 'ਉਹ ਮੇਰੀ ਮਾਂ ਨਾਲ ਹਮੇਸ਼ਾ ਹੀ ਮਾੜਾ ਵਤੀਰਾ ਕਰਦੇ ਸਨ। ਉਹ ਮੇਰਾ ਵੀ ਮਜ਼ਾਕ ਉਡਾਉਂਦੇ ਤੇ ਮੈਨੂੰ ਬਦਸੂਰਤ ਕਹਿੰਦੇ ਸਨ। ਉਸ ਦੇ ਪਿਤਾ, ਜੋ ਕਿ ਹੁਣ





ਇਸ ਦੁਨੀਆਂ ਵਿਚ ਨਹੀਂ ਹਨ, ਉਨ੍ਹਾਂ ਦਾ ਜਨਮ ਉੱਤਰ ਪ੍ਰਦੇਸ਼ ਵਿਚ ਹੋਇਆ ਸੀ ਅਤੇ ਉਹ ਕੰਮ ਦੇ ਮਾਮਲੇ ਵਿਚ ਗੁਜਰਾਤ ਆ ਕੇ ਵਸ ਗਏ ਸਨ। ਇੱਥੇ ਆ ਕੇ ਉਨ੍ਹਾਂ ਨੇ ਆਪਣੇ ਦਲਿਤ ਹੋਣ ਦੀ ਗੱਲ ਛੁਪਾਈ ਸੀ। ਉਨ੍ਹਾਂ ਨੇ ਆਪਣੀ ਪਤਨੀ ਅਤੇ ਧੀ ਨੂੰ ਆਪਣਾ ਪਹਿਲਾ ਨਾਮ-ਪ੍ਰਦੀਪ ਆਪਣੇ ਆਖਰੀ ਨਾਮ ਜਾਂ ਗੋਤ ਵਜੋਂ ਅਪਣਾਉਣ ਲਈ ਕਿਹਾ। ਮੰਜੁਲ ਪ੍ਰਦੀਪ ਨੇ ਕਿਹਾ ਕਿ ਇੰਨਾਂ ਕੁਝ ਕਰਨ ਦੇ ਬਾਵਜੂਦ ਉਨ੍ਹਾਂ ਦੀ ਪਛਾਣ ਛੁਪੀ ਨਹੀਂ ਰਹੀ।

ਵਡੋਦਰਾ ਵਰਗੇ ਵੱਡੇ ਸ਼ਹਿਰ ਵਿਚ ਜਿੱਥੇ ਉਹ ਰਹਿੰਦੇ ਸਨ, ਉੱਥੇ ਵੀ ਉਨ੍ਹਾਂ ਨਾਲ ਕਈ ਢੰਗ ਨਾਲ ਵਿਤਕਰੇ ਹੁੰਦੇ ਹੀ ਰਹੇ।ਉਹ ਦੱਸਦੀ ਹੈ, 'ਜਦੋਂ ਮੈਂ 9 ਸਾਲਾਂ ਦੀ ਸੀ, ਉਸ ਸਮੇਂ ਮੇਰੇ ਅਧਿਆਪਕ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਫ਼ਾਈ ਦੇ ਆਧਾਰ 'ਤੇ ਦਰਜਾਬੰਦੀ ਕਰਨ ਲਈ ਕਿਹਾ ਅਤੇ ਜਮਾਤ ਦੇ ਸਾਫ਼-ਸੁਥਰੇ ਬੱਚਿਆਂ ਵਿਚੋਂ ਇੱਕ ਹੋਣ ਦੇ ਬਾਵਜੂਦ, ਮੈਨੂੰ ਆਖਰੀ ਦਰਜੇ 'ਤੇ ਰੱਖਿਆ ਗਿਆ ਸੀ, ਕਿਉਂਕਿ ਦਲਿਤਾਂ ਨੂੰ ਹਮੇਸ਼ਾ ਹੀ ਅਸ਼ੁੱਧ ਅਤੇ ਗੰਦਾ ਸਮਝਿਆ ਜਾਂਦਾ ਹੈ। ਇਸ ਘਟਨਾ ਨੇ ਮੈਨੂੰ ਬਹੁਤ ਅਪਮਾਨਿਤ ਮਹਿਸੂਸ ਕਰਵਾਇਆ ਸੀ। ਸਕੂਲੀ ਪੜ੍ਹਾਈ ਮੁਕੰਮਲ ਕਰਨ ਤੋਂ ਬਾਅਦ ਪ੍ਰਦੀਪ ਨੇ ਸਮਾਜਿਕ ਕਾਰਜ ਅਤੇ ਕਾਨੂੰਨ ਦੀ ਡਿਗਰੀ ਹਾਸਲ ਕਰਨ ਦਾ ਫ਼ੈਸਲਾ ਲਿਆ। ਪੇਂਡੂ ਖੇਤਰਾਂ ਦੇ ਦੌਰਿਆਂ ਨੇ ਉਨ੍ਹਾਂ ਨੂੰ ਦਲਿਤਾਂ ਦੇ ਮੁੱਦੇ ਚੁੱਕਣ ਲਈ ਪ੍ਰੇਰਿਤ ਕੀਤਾ। 1992 ਦੇ ਆਸ-ਪਾਸ, ਉਹ ਨਵਸਰਜਨ ਵਿਚ ਸ਼ਾਮਲ ਹੋਣ ਵਾਲੀ ਪਹਿਲੀ ਔਰਤ ਬਣੀ, ਜੋ ਕਿ ਇੱਕ ਦਲਿਤ ਅਧਿਕਾਰ ਸੰਗਠਨ ਹੈ। ਇਸ ਸੰਗਠਨ ਦੀ ਸਥਾਪਨਾ ਉਸ ਸਮੇਂ ਪੰਜ ਵਿਅਕਤੀਆਂ ਵੱਲੋਂ ਕੀਤੀ ਗਈ ਸੀ, ਜਦੋਂ ਉਨ੍ਹਾਂ ਦੇ ਇੱਕ ਸਾਥੀ ਨੂੰ ਉੱਚ ਜਾਤੀ ਦੇ ਲੋਕਾਂ ਨੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਸੀ।ਪ੍ਰਦੀਪ ਨੇ ਕਿਹਾ, 'ਦਲਿਤ ਸਮਾਜ ਦੀਆਂ ਆਗੂ ਬੀਬੀਆਂ ਨੂੰ ਪ੍ਰੇਰਿਤ ਕਰਨਾ ਅਤੇ ਅੱਗੇ ਲਿਆਉਣਾ ਇੱਕ ਲੰਮੇ ਸਮੇਂ ਦਾ ਸੁਪਨਾ ਸੀ। ਜਦੋਂ ਮੈਂ ਕੋਵਿਡ ਮਹਾਂਮਾਰੀ ਦੌਰਾਨ ਜਿਨਸੀ ਹਿੰਸਾ ਦੇ ਮਾਮਲਿਆਂ ਦਾ ਦਸਤਾਵੇਜ਼ੀਕਰਨ ਕਰ ਰਹੀ ਸੀ ਤਾਂ ਮੈਂ ਮਹਿਸੂਸ ਕੀਤਾ ਕਿ ਹੁਣ ਉਚਿਤ ਸਮਾਂ ਹੈ ਕਿ ਇੱਕ ਸੰਗਠਨ ਨੂੰ ਹੋਂਦ ਵਿਚ ਲਿਆਂਦਾ ਜਾਵੇ, ਜੋ ਕਿ ਆਗੂ ਬੀਬੀਆਂ ਨੂੰ ਸੰਗਠਿਤ ਕਰੇ ਅਤੇ ਔਰਤਾਂ ਨੂੰ ਸਨਮਾਨ ਅਤੇ ਮਾਣ ਨਾਲ ਰਹਿਣ, ਜਿਉਣ ਵਿਚ ਮਦਦ ਕਰੇ।'

ਭਾਵਨਾ ਨਾਰਕਰ ਦਾ ਕਹਿਣਾ ਹੈ ਕਿ ਦਲਿਤ, ਜਿਨ੍ਹਾਂ ਨੂੰ ਪਹਿਲੇ ਜ਼ਮਾਨੇ ਵਿਚ ਅਛੂਤ ਵੀ ਕਿਹਾ ਜਾਂਦਾ ਸੀ, ਵਿਤਕਰਾ ਭਰਪੂਰ ਹਿੰਦੂ ਜਾਤੀ ਪ੍ਰਣਾਲੀ ਦੇ ਸਭ ਤੋਂ ਹੇਠਲੇ ਪੱਧਰ ਵਿਚ ਆਉਂਦੇ ਹਨ। ਉਨ੍ਹਾਂ ਨੂੰ ਪ੍ਰਣਾਲੀਗਤ ਅਤੇ ਵਿਆਪਕ ਪੱਖਪਾਤ ਦਾ ਸਾਹਮਣਾ ਲਗਾਤਾਰ ਕਰਨਾ ਪੈ ਰਿਹਾ ਹੈ। ਦਲਿਤ ਬੀਬੀਆਂ, ਜੋ ਕਿ ਭਾਰਤ ਦੀਆਂ ਔਰਤਾਂ ਦੇ ਲਗਭਗ 16% ਹਿੱਸੇ ਦੀ ਅਗਵਾਈ ਕਰਦੀਆਂ ਹਨ, ਨੂੰ ਜਿਨਸੀ ਹਿੰਸਾ ਦਾ ਸਾਹਮਣਾ ਕਰਨਾ ਪੈਂਦਾ ਹੈ। ਭਾਵਨਾ ਨਾਰਕਰ ਦਾ ਕਹਿਣਾ ਹੈ ਕਿ ਉੱਚ ਜਾਤੀ ਸਮੂਹਾਂ ਵੱਲੋਂ ਜਬਰ ਜਨਾਹ ਵਰਗਾ ਗੈਰ-ਮਨੁੱਖੀ ਕਾਰਾ ਦਲਿਤ ਭਾਈਚਾਰੇ ਨੂੰ ਸਜ਼ਾ ਦੇਣ ਜਾਂ ਉਨ੍ਹਾਂ ਨੂੰ ਸ਼ਰਮਿੰਦਾ ਕਰਨ ਲਈ ਕੀਤਾ ਜਾਂਦਾ ਹੈ।

ਨਾਰਕਰ ਦਾ ਕਹਿਣਾ ਹੈ, 'ਔਰਤਾਂ ਉਸ ਸਮੇਂ ਪ੍ਰੇਸ਼ਾਨ ਹੁੰਦੀਆਂ ਹਨ ਜਦੋਂ ਉਨ੍ਹਾਂ ਨਾਲ ਇੱਕ ਪਾਸੇ ਜਿਨਸੀ ਹਿੰਸਾ ਹੁੰਦੀ ਹੈ ਅਤੇ ਦੂਜੇ ਪਾਸੇ ਜਦੋਂ ਉਹ ਨਿਆਂ ਦੀ ਮੰਗ ਕਰਦੀਆਂ ਹਨ ਤਾਂ ਪਰਿਵਾਰਾਂ ਅਤੇ ਸਮਾਜ ਵਿਚ ਆਪਣੇ ਹੱਕਾਂ ਅਤੇ ਆਪਣੇ ਨਾਲ ਹੋਏ ਜ਼ੁਲਮਾਂ ਖਿਲਾਫ਼ ਆਵਾਜ਼ ਚੁੱਕਣੀ ਵੀ ਮੁਸ਼ਕਲ ਹੁੰਦੀ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਸਾਨੂੰ ਆਪਣੇ ਅਧਿਕਾਰਾਂ ਅਤੇ ਉਨ੍ਹਾਂ ਦੀ ਸੁਰੱਖਿਆ ਲਈ ਬਣੇ ਕਾਨੂੰਨਾਂ ਬਾਰੇ ਜਾਣਕਾਰੀ ਹੀ ਨਹੀਂ ਹੈ।' ਉਸ ਨੇ ਕਿਹਾ ਕਿ ਪੂਰੀ ਅਪਰਾਧਿਕ ਨਿਆਂ ਪ੍ਰਣਾਲੀ ਦਲਿਤ ਔਰਤਾਂ ਪ੍ਰਤੀ ਪੱਖਪਾਤੀ ਹੈ। ਅਦਾਲਤਾਂ ਵਿਚ ਪੀੜਤਾਂ ਨੂੰ ਸ਼ਰਮਿੰਦਾ ਕਰਨ ਵਾਲੇ ਸਵਾਲ ਕੀਤੇ ਜਾਂਦੇ ਹਨ। ਜਿਵੇਂ ਕਿ 'ਉੱਚ ਜਾਤੀ ਦੇ ਮਰਦ ਨੇ ਉਸ ਨਾਲ ਬਲਾਤਕਾਰ ਕਿਉਂ ਕਰਨਗੇ ? ਉਹ ਇੱਕ ਅਛੂਤ ਹੈ। ਜ਼ਰੂਰ ਉਸ ਨੇ ਹੀ ਆਪਣੇ ਨਾਲ ਜਿਨਸੀ ਸੰਪਰਕ ਬਣਾਉਣ ਲਈ ਉਨ੍ਹਾਂ ਨੂੰ ਸੱਦਾ ਦਿੱਤਾ ਹੋਵੇਗਾ।'

ਹੁਣ ਪ੍ਰਣਾਲੀ ਨੂੰ ਨੈਵੀਗੇਟ ਕਰਨ ਅਤੇ ਅਪਰਾਧੀਆਂ ਦੀਆਂ ਧਮਕੀਆਂ ਅਤੇ ਪ੍ਰਤੀਕਰਮਾਂ ਨਾਲ ਨਜਿੱਠਣ ਦੀ ਸਮਰੱਥਾ ਨਾਲ ਲੈਸ ਹੋਣ ਕਰਕੇ ਨਾਰਕਰ ਆਪਣੇ ਆਪ ਨੂੰ ਸ਼ਕਤੀਸ਼ਾਲੀ ਮਹਿਸੂਸ ਕਰਦੀ ਹੈ। ਉਹ ਜਦੋਂ ਕਿਤੇ ਵੀ (ਬਾਕੀ ਸਫ਼ਾ 30 'ਤੇ)

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਮੋਹਾਲੀ ਦਾ ਗੱਭਰੂ ਅਮਰੀਕਾ ਜਾਣ ਦੇ ਲਾਲਚ 'ਚ ਏਜੰਟਾਂ ਨੇ ਠੱਗਿਆ

## ਸੌਦਾ 40 ਲੱਖ 'ਚ ਤੈਅ ਹੋਇਆ ਜਿਸ 'ਚ 20 ਲੱਖ ਰੁ. ਮੈਕਸੀਕੋ ਪਹੁੰਚ ਕੇ ਅਤੇ ਬਾਕੀ ਪੈਸੇ ਅਮਰੀਕਾ ਪਹੁੰਚਣ 'ਤੇ ਦੇਣੇ ਸਨ

## ਏਜੰਟਾਂ ਨੇ ਅਗਵਾ ਕਰਕੇ ਕੁੱਟਮਾਰ ਕੀਤੀ ਅਤੇ ਚਾਰ ਲੱਖ ਰੁਪਏ ਦੇ ਕੇ ਵਾਪਸ ਦੇਸ਼ ਪਰਤਿਆ

ਆਸ਼ੂਤੋਸ਼ ਪੰਜਾਬ ਦੇ ਮੁਹਾਲੀ ਜ਼ਿਲ੍ਹੇ ਦੇ ਬਹਿਲੋਲਪੁਰ ਪਿੰਡ ਦਾ ਰਹਿਣ ਵਾਲਾ 22 ਸਾਲਾ ਨੌਜਵਾਨ ਹੈ ਅਤੇ ਉਹ ਗ਼ੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਜਾਣਾ ਚਾਹੁੰਦਾ ਸੀ। 12ਵੀਂ ਪਾਸ ਆਸ਼ੂਤੋਸ਼ ਦੇ ਵਿਦੇਸ਼ ਜਾਣ ਦੀ ਜ਼ਿੱਦ ਕਾਰਨ ਹੀ ਉਹ ਏਜੰਟ ਦੇ ਝਾਂਸੇ ਵਿੱਚ ਆ ਗਿਆ ਸੀ। ਸੌਦਾ 40 ਲੱਖ ਰੁਪਏ ਵਿੱਚ ਤੈਅ ਹੋਇਆ ਜਿਸ ਵਿੱਚ 20 ਲੱਖ ਰੁਪਏ ਮੈਕਸੀਕੋ ਪਹੁੰਚ ਕੇ ਅਤੇ ਬਾਕੀ ਪੈਸਾ ਅਮਰੀਕਾ ਪਹੁੰਚਣ 'ਤੇ ਦੇਣੇ ਸਨ। ਏਜੰਟਾਂ ਦੇ ਕਹਿਣ ਮੁਤਾਬਕ ਆਸ਼ੂਤੋਸ਼ ਨੇ 27 ਦਸੰਬਰ 2022 ਨੂੰ ਅੰਮ੍ਰਿਤਸਰ ਏਅਰਪੋਰਟ ਤੋਂ ਇੰਡੋਨੇਸ਼ੀਆ ਲਈ ਉਡਾਣ ਭਰੀ। ਉਹ ਪਹਿਲੀ ਵਾਰ ਬਹੁਤ ਚਾਅ ਨਾਲ ਜਹਾਜ਼ ਵਿੱਚ ਬੈਠਿਆ ਸੀ। ਇੰਡੋਨੇਸ਼ੀਆ ਵਿੱਚ ਆਸ਼ੂਤੋਸ਼ ਨੂੰ ਏਜੰਟਾਂ ਨੇ ਅਗਵਾ ਕਰਕੇ ਕੁੱਟਮਾਰ ਕੀਤੀ ਅਤੇ ਉਹ ਉਨ੍ਹਾਂ ਨੂੰ ਚਾਰ ਲੱਖ ਰੁਪਏ ਦੇ ਕੇ ਵਾਪਸ ਦੇਸ਼ ਪਰਤਿਆ ਸੀ।



ਆਸ਼ੂਤੋਸ਼ ਦੇ ਚਾਚਾ ਸੁਖਵਿੰਦਰ ਸਿੰਘ ਵਿੱਕੀ ਨੇ ਦੱਸਿਆ ਕਿ ਉਸ ਦੇ ਇੱਕ ਜਾਣਕਾਰ ਨੇ ਦੋ ਨੰਬਰ ਵਿੱਚ ਭਤੀਜੇ ਨੂੰ ਮੈਕਸੀਕੋ ਰਾਹੀਂ ਅਮਰੀਕਾ ਭੇਜਣ ਬਾਰੇ ਦੱਸਿਆ ਸੀ। ਸੌਦਾ 40 ਲੱਖ ਰੁਪਏ ਵਿੱਚ ਤੈਅ ਹੋਇਆ, ਜਿਸ ਵਿੱਚ 20 ਲੱਖ ਰੁਪਏ ਮੈਕਸੀਕੋ ਪਹੁੰਚ ਕੇ ਅਤੇ ਬਾਕੀ ਪੈਸੇ ਅਮਰੀਕਾ ਪਹੁੰਚਣ ਉੱਤੇ ਦੇਣੇ ਸਨ। ਏਜੰਟਾਂ ਦੇ ਕਹਿਣ ਮੁਤਾਬਕ ਆਸ਼ੂਤੋਸ਼ ਨੇ 27 ਦਸੰਬਰ 2022 ਨੂੰ ਅੰਮ੍ਰਿਤਸਰ ਏਅਰਪੋਰਟ ਤੋਂ ਇੰਡੋਨੇਸ਼ੀਆ ਲਈ ਉਡਾਣ ਭਰੀ। ਆਸ਼ੂਤੋਸ਼ ਅਨੁਸਾਰ 'ਇੰਡੋਨੇਸ਼ੀਆ ਦੇ ਸ਼ਹਿਰ ਬਾਲੀ ਪਹੁੰਚਣ ਤੱਕ ਸਭ ਕੁਝ ਠੀਕ ਸੀ।' ਉਸ ਨੇ ਇੱਕ ਹੋਟਲ ਵਿੱਚ ਦੋ ਦਿਨ ਬਤੀਤ ਕੀਤੇ ਅਤੇ ਉੱਥੇ ਉਸ ਦੀ ਮੁਲਾਕਾਤ ਪੰਜਾਬ ਦੇ ਹੀ ਦੀਦਾਰ ਸਿੰਘ ਨਾਮਕ ਨੌਜਵਾਨ ਨਾਲ ਹੋਈ। ਦੋ ਦਿਨ ਹੋਟਲ ਵਿੱਚ ਬਤੀਤ ਕਰਨ ਤੋਂ ਬਾਅਦ ਆਸ਼ੂਤੋਸ਼ ਨੇ ਬਾਲੀ ਸਥਿਤ ਏਜੰਟ ਨੂੰ ਆਪਣੇ ਪਹੁੰਚਣ ਬਾਰੇ ਜਾਣਕਾਰੀ ਦਿੱਤੀ। ਆਸ਼ੂਤੋਸ਼ ਦੱਸਦਾ ਹੈ ਕਿ, 'ਦੂਜੇ ਦਿਨ ਏਜੰਟ ਵੱਲੋਂ ਭੇਜੇ ਗਏ ਨੌਜਵਾਨ ਉਸ ਨੂੰ ਅਤੇ ਸਾਥੀ ਦੀਦਾਰ ਸਿੰਘ ਨੂੰ ਹੋਟਲ ਵਿੱਚੋਂ ਲੈ ਗਏ ਅਤੇ ਇੱਕ ਘਰ ਵਿੱਚ ਨਜ਼ਰਬੰਦ ਕਰ ਦਿੱਤਾ।'

ਆਸ਼ੂਤੋਸ਼ ਨੇ ਦੱਸਿਆ ਉੱਥੇ ਉਸ ਨਾਲ ਅਤੇ ਦੀਦਾਰ ਸਿੰਘ ਨਾਲ ਕੁੱਟਮਾਰ ਕਰਨੀ ਸ਼ੁਰੂ ਕਰ ਕੀਤੀ ਗਈ। ਆਸ਼ੂਤੋਸ਼ ਮੁਤਾਬਕ ਏਜੰਟ ਇਸ ਗੱਲ ਲਈ ਦਬਾਅ ਪਾ ਰਿਹਾ ਸੀ ਕਿ ਆਪਣੇ ਘਰ ਵਾਲਿਆਂ ਨੂੰ ਫ਼ੋਨ ਕਰ ਕੇ ਆਖੋ ਕਿ ਪੈਸੇ ਏਜੰਟਾਂ ਨੂੰ ਦੇ ਦਿੱਤੇ ਜਾਣ।

ਆਸ਼ੂਤੋਸ਼ ਨਾਲ ਇਹ ਕੁੱਟਮਾਰ ਕਈ ਦਿਨ ਹੁੰਦੀ ਗਈ। ਆਸ਼ੂਤੋਸ਼ ਨੇ ਦੱਸਿਆ ਕਿ ਏਜੰਟ ਨੇ ਗੰਨ ਪੁਆਇੰਟ ਉੱਤੇ ਉਸ ਤੋਂ ਇਹ ਅਖਵਾਉਣ ਲਈ ਜ਼ੋਰ ਪਾਇਆ ਕਿ ਆਪਣੇ ਘਰ ਵਾਲਿਆਂ ਨੂੰ ਸੂਚਿਤ ਕਰੋ ਕਿ ਤੁਸੀਂ ਮੈਕਸੀਕੋ ਪਹੁੰਚ ਗਏ ਹੋ ਅਤੇ ਪੈਸੇ ਏਜੰਟ ਨੂੰ ਦੇ ਦਿੱਤੇ ਜਾਣ ਜਦ ਕਿ ਉਹ ਬਾਲੀ ਵਿੱਚ ਸਨ। ਆਸ਼ੂਤੋਸ਼ ਦੇ ਚਾਚਾ ਸੁਖਵਿੰਦਰ ਸਿੰਘ ਵਿੱਕੀ ਨੇ ਦੱਸਿਆ ਕਿ ਉਸ ਨੂੰ ਭਤੀਜੇ ਦੀਆਂ ਗੱਲਾਂ ਉੱਤੇ ਕੁਝ ਸ਼ੱਕ ਹੋਇਆ ਤਾਂ ਉਸ ਨੂੰ ਵੀਡੀਓ ਕਾਲ ਕਰਨ ਲਈ ਆਖਿਆ। ਇਸ ਤੋਂ ਬਾਅਦ ਆਸ਼ੂਤੋਸ਼ ਨੇ ਫ਼ੋਨ ਕੱਟ ਦਿੱਤਾ।

ਕੁਝ ਸਮੇਂ ਬਾਅਦ ਆਸ਼ੂਤੋਸ਼ ਨੇ ਫਿਰ ਵੀਡੀਓ ਕਾਲ ਕੀਤੀ ਤਾਂ ਉਸ ਨੇ ਦਾਅਵਾ ਕੀਤਾ ਕਿ ਉਹ ਫਲਾਈਟ ਵਿੱਚ ਹੈ ਜਦ ਕਿ ਹਕੀਕਤ ਇਹ ਸੀ ਕਿ ਉਹ ਕਮਰੇ ਵਿੱਚ ਸੀ। ਸ਼ੱਕ ਹੋਣ ਉੱਤੇ ਉਸ ਨੇ ਉਸ ਬੰਦੇ ਨਾਲ ਗੱਲ ਕੀਤੀ, ਜਿਸ ਨੇ ਅਮਰੀਕਾ ਭੇਜਣ ਵਾਲੇ ਏਜੰਟ ਦੀ ਦੱਸ ਪਾਈ ਸੀ। ਸੁਖਵਿੰਦਰ ਸਿੰਘ ਵਾਰ-ਵਾਰ ਏਜੰਟਾਂ ਨੂੰ ਫ਼ੋਨ ਕਰਦਾ ਪਰ ਉਹ ਪੈਸੇ ਦੀ ਵਾਰ-ਵਾਰ ਮੰਗ ਕਰਦੇ। ਅੰਤ ਵਿੱਚ ਏਜੰਟ ਨੇ ਸਪੱਸ਼ਟ ਆਖ ਦਿੱਤਾ ਕਿ ਜੇਕਰ ਆਸ਼ੂਤੋਸ਼ ਜ਼ਿੰਦਾ ਚਾਹੀਦਾ ਹੈ ਤਾਂ ਪੈਸਿਆਂ ਦਾ ਤੁਰੰਤ ਭੁਗਤਾਨ ਕਰ ਦਿੱਤਾ ਜਾਵੇ।

ਸੁਖਵਿੰਦਰ ਸਿੰਘ ਨੇ ਦੱਸਿਆ, 'ਆਪਣੇ ਨਾਲ ਹੋਏ ਧੋਖੇ ਦੀ ਜਾਣਕਾਰੀ ਬਲੌਂਗੀ ਪੁਲਿਸ ਥਾਣੇ ਵਿੱਚ ਦਿੱਤੀ ਪਰ ਕੋਈ ਕਾਰਵਾਈ ਨਹੀਂ ਹੋਈ। ਇਸ ਦੌਰਾਨ ਏਜੰਟ ਵਾਰ-ਵਾਰ ਪੈਸੇ ਲਈ ਫ਼ੋਨ ਕਰਦੇ ਰਹੇ। ਅੰਤ ਵਿੱਚ ਉਨ੍ਹਾਂ ਪੁਲਿਸ ਦੇ ਸੀਨੀਅਰ ਅਫ਼ਸਰਾਂ ਦੇ ਧਿਆਨ ਵਿੱਚ ਇਹ ਮਾਮਲਾ ਲਿਆਂਦਾ ਤਾਂ ਬਲੌਂਗੀ ਪੁਲਿਸ ਸਟੇਸ਼ਨ ਵਿੱਚ ਐਫ.ਆਈ.ਆਰ. ਦਰਜ ਹੋਈ। ਇਸ ਦੌਰਾਨ ਸੁਖਵਿੰਦਰ ਸਿੰਘ ਨੇ ਆਸ਼ੂਤੋਸ਼ ਦੀ ਘਰ ਵਾਪਸੀ ਲਈ ਏਜੰਟਾਂ ਨੂੰ ਚਾਰ ਲੱਖ ਰੁਪਏ ਦਿੱਤੇ। ਇਸ ਤੋਂ ਇਲਾਵਾ ਆਪ ਟਿਕਟ ਕਰਵਾ ਕੇ ਉਸ ਦੀ ਘਰ ਵਾਪਸੀ ਕਰਵਾਈ।

(ਬਾਕੀ ਸਫ਼ਾ 30 'ਤੇ)

# ਮਨੁੱਖੀ ਤਸਕਰੀ ਦੇ ਮਾਮਲੇ 'ਚ ਦੋ ਔਰਤਾਂ ਸਣੇ 5 ਮੁਲਜ਼ਮ ਗ੍ਰਿਫ਼ਤਾਰ

## ਸਿੰਗਾਪੁਰ, ਥਾਈਲੈਂਡ, ਮਲੇਸ਼ੀਆ, ਇੰਡੋਨੇਸ਼ੀਆ, ਪੂਰਬੀ ਯੂਰਪ ਦੇ ਦੇਸ਼ਾਂ ਅਤੇ ਮੈਕਸੀਕੋ ਰਾਹੀਂ ਗ਼ੈਰ-ਕਾਨੂੰਨੀ ਤਰੀਕੇ ਨਾਲ ਲੋਕਾਂ ਨੂੰ ਯੂਰਪ, ਅਮਰੀਕਾ, ਕੈਨੇਡਾ, ਇੰਗਲੈਂਡ ਆਦਿ ਪਹੁੰਚਾਉਣ ਦਾ ਗ਼ੈਰ ਕਾਨੂੰਨੀ ਕਾਰੋਬਾਰ ਜਾਰੀ

ਬੀਤੇ ਦਿਨੀਂ ਪੰਜਾਬ ਪੁਲਿਸ ਨੇ ਮਨੁੱਖੀ ਤਸਕਰੀ ਦੇ ਮਾਮਲੇ ਵਿੱਚ ਦੋ ਔਰਤਾਂ ਸਣੇ ਪੰਜ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਮੁਲਜ਼ਮਾਂ ਕੋਲੋਂ 2 ਕਰੋੜ 13 ਲੱਖ ਰੁਪਏ ਦੀ ਨਗਦੀ ਅਤੇ ਕਰੀਬ 64 ਤੋਲੇ ਸੋਨਾ ਅਤੇ ਚਾਰ ਲਗਜ਼ਰੀ ਗੱਡੀਆਂ (ਸਵਿਫ਼ਟ, ਫੀਗੋ, ਤਾਈਗੁਨ ਅਤੇ ਥਾਰ) ਵੀ ਬਰਾਮਦ ਕੀਤੀਆਂ ਹਨ। ਮੁਹਾਲੀ ਦੇ ਐੱਸਐੱਸਪੀ ਡਾ. ਸੰਦੀਪ ਗਰਗ ਅਨੁਸਾਰ ਕਾਬੂ ਕੀਤੇ ਮੁਲਜ਼ਮਾਂ ਬਲਦੀਸ਼ ਕੌਰ ਵਾਸੀ ਪਿੰਡ ਰਾਊਵਾਲੀ (ਜਲੰਧਰ), ਗੁਰਜੀਤ ਸਿੰਘ ਉਰਫ਼ ਮੰਗਾ ਵਾਸੀ ਪਿੰਡ ਮੱਲੀਆਂ (ਜਲੰਧਰ), ਸਾਹਿਲ ਭੱਟੀ, ਸੋਮ ਰਾਜ ਅਤੇ ਵੀਨਾ ਸਾਰੇ ਵਾਸੀ ਪਿੰਡ ਸਲੈਰੀਆ ਖ਼ੁਰਦ (ਹੁਸ਼ਿਆਰਪੁਰ) ਦੀ ਚੱਲ ਅਤੇ ਅਚੱਲ ਜਾਇਦਾਦ, ਬੈਂਕ ਲਾਕਰਾਂ ਅਤੇ ਬੈਂਕ ਖਾਤਿਆਂ ਦੀ ਪੜਤਾਲ ਕੀਤੀ ਜਾ ਰਹੀ ਹੈ।



ਐੱਸਐੱਸਪੀ ਮੁਤਾਬਕ ਉਕਤ ਮੁਲਜ਼ਮਾਂ ਨੂੰ ਬਲੌਂਗੀ ਅਤੇ ਖਰੜ ਸਦਰ ਥਾਣੇ ਵਿੱਚ ਦਰਜ ਦੋ ਵੱਖ-ਵੱਖ ਮਾਮਲਿਆਂ ਵਿੱਚ ਨਾਮਜ਼ਦ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮਨੁੱਖੀ ਤਸਕਰਾਂ ਅਤੇ ਅਗਵਾਕਾਰਾਂ ਤੋਂ ਇੰਡੋਨੇਸ਼ੀਆ ਅਤੇ ਸਿੰਗਾਪੁਰ ਵਿੱਚ ਅਗਵਾ ਕੀਤੇ ਗਏ ਦੋ ਦਰਜਨ ਤੋਂ ਵੱਧ ਵਿਅਕਤੀਆਂ ਨੂੰ ਬਚਾ ਲਿਆ ਗਿਆ ਹੈ। ਐੱਸਐੱਸਪੀ ਨੇ ਦੱਸਿਆ ਕਿ ਮੁਲਜ਼ਮ ਪੰਜਾਬ ਵਿੱਚ ਆਪਣੇ ਹੋਰ ਸਾਥੀਆਂ ਦੀ ਮਦਦ ਨਾਲ ਇੰਡੋਨੇਸ਼ੀਆ ਅਤੇ ਸਿੰਗਾਪੁਰ ਵਿੱਚ ਬੈਠੇ ਕਥਿਤ ਮਨੁੱਖੀ ਤਸਕਰ ਅਤੇ ਅਗਵਾਕਾਰਾਂ ਦੇ ਸਰਗਣੇ ਸਨੀ ਕੁਮਾਰ ਵਾਸੀ ਪਿੰਡ ਸਲੈਰੀਆ ਖ਼ੁਰਦ (ਹੁਸ਼ਿਆਰਪੁਰ), ਜੋ ਇਸ ਸਮੇਂ ਇੰਡੋਨੇਸ਼ੀਆ ਵਿੱਚ ਰਹਿੰਦਾ ਹੈ ਤੇ ਜਸਵੀਰ ਸਿੰਘ ਸੰਜੇ ਹਾਲ ਵਾਸੀ ਸਿੰਗਾਪੁਰ ਦੀ ਸਹਾਇਤਾ ਨਾਲ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਉਤਰਾਖੰਡ ਦੇ ਭੋਲੇ-ਭਾਲੇ ਲੋਕਾਂ ਨੂੰ ਅਮਰੀਕਾ ਭੇਜਣ ਦਾ ਝਾਂਸਾ ਦੇ ਕੇ ਉਨ੍ਹਾਂ ਨੂੰ ਇੰਡੋਨੇਸ਼ੀਆ ਅਤੇ ਸਿੰਗਾਪੁਰ ਦੀ ਟਿਕਟ ਕਟਵਾ ਕੇ ਭੇਜ ਦਿੰਦੇ ਸਨ। ਉੱਥੇ ਸੰਨੀ ਕੁਮਾਰ (ਇੰਡੋਨੇਸ਼ੀਆ) ਅਤੇ ਜਸਵੀਰ ਸਿੰਘ ਉਰਫ਼ ਸੰਜੇ (ਸਿੰਗਾਪੁਰ) ਪੀੜਤ ਵਿਅਕਤੀਆਂ 'ਤੇ ਤਸ਼ੱਦਦ ਢਾਹੁਣ ਮਗਰੋਂ ਉਨ੍ਹਾਂ ਤੋਂ ਫੋਨ 'ਤੇ ਮੈਕਸੀਕੋ ਪਹੁੰਚਣ ਦੀ ਗੱਲ ਅਖਵਾਉਂਦਿਆਂ ਘਰਦਿਆਂ ਨੂੰ 40 ਲੱਖ ਰੁਪਏ ਏਜੰਟਾਂ ਨੂੰ ਦੇਣ ਲਈ ਕਹਿੰਦੇ ਸਨ। ਜਿਸ ਮਗਰੋਂ ਉਨ੍ਹਾਂ ਦੇ ਵਾਰਿਸ ਪੰਜਾਬ ਵਿੱਚ ਮਨੁੱਖੀ ਤਸਕਰੀ ਦਾ ਕੰਮ ਕਰਨ ਵਾਲੇ ਏਜੰਟ ਬਲਦੀਸ਼ ਕੌਰ, ਵੀਨਾ, ਸਾਹਿਲ ਭੱਟੀ, ਸੋਮਰਾਜ ਅਤੇ ਗੁਰਜੀਤ ਸਿੰਘ ਉਰਫ਼ ਮੰਗਾ, ਸੋਨੀਆ, ਅਭਿਸ਼ੇਕ, ਮਲਕੀਤ, ਟੋਨੀ, ਭੁਪਿੰਦਰ ਸਿੰਘ ਉਰਫ਼ ਭਿੰਦਾ, ਸੰਦੀਪ ਆੜ੍ਹਤੀਆ ਅਤੇ ਸੁਮਨ ਨਾਲ ਤਾਲਮੇਲ ਕਰਕੇ ਏਜੰਟਾਂ ਵੱਲੋਂ ਦੱਸੀ ਥਾਂ 'ਤੇ ਪੈਸੇ ਲੈ ਕੇ ਪਹੁੰਚ ਜਾਂਦੇ ਸਨ। ਐੱਸਐੱਸਪੀ ਨੇ ਦੱਸਿਆ ਕਿ ਮੁਲਜ਼ਮ ਅਜਿਹੇ ਸੈਂਕੜੇ ਨੌਜਵਾਨਾਂ ਨੂੰ ਅਗਵਾ ਕਰਕੇ ਕਰੋੜਾਂ ਰੁਪਏ ਵਸੂਲ ਕਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਕਈ ਮਨੁੱਖੀ ਤਸਕਰ ਏਜੰਟ ਹਾਲੇ ਫਰਾਰ ਹਨ ਜਿਨ੍ਹਾਂ ਨੂੰ ਫੜਨ ਲਈ ਛਾਪੇ ਮਾਰੇ ਜਾ ਰਹੇ ਹਨ।

ਇਹ ਘਟਨਾ ਪੰਜਾਬ ਵਿੱਚ ਲਗਾਤਾਰ ਵਾਪਰ ਰਹੇ ਦੁਖਾਂਤ ਦਾ ਇਕ ਪੱਖ ਪੇਸ਼ ਕਰਦੀ ਹੈ। ਪੰਜਾਬੀ ਨੌਜਵਾਨ ਹਰ ਹੀਲੇ ਪਰਵਾਸ ਕਰ ਕੇ ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ, ਦੁਬਈ ਅਤੇ ਹੋਰ ਦੇਸ਼ਾਂ ਵਿੱਚ ਪਹੁੰਚਣਾ ਚਾਹੁੰਦੇ ਹਨ। ਹਰ ਸਾਲ ਹਜ਼ਾਰਾਂ ਨੌਜਵਾਨ ਵਿਦਿਆਰਥੀ ਵੀਜ਼ਿਆਂ 'ਤੇ ਕੈਨੇਡਾ, ਅਮਰੀਕਾ, ਇੰਗਲੈਂਡ ਤੇ ਹੋਰ ਦੇਸ਼ਾਂ ਨੂੰ ਜਾਂਦੇ ਹਨ। ਜਿਹੜੇ ਨੌਜਵਾਨ ਪੜ੍ਹਨ ਨਹੀਂ ਜਾ ਸਕਦੇ, ਉਹ ਗ਼ੈਰ-ਕਾਨੂੰਨੀ ਤਰੀਕਿਆਂ ਰਾਹੀਂ ਪਰਵਾਸ

(ਬਾਕੀ ਸਫ਼ਾ 30 'ਤੇ)

# ਇੱਕ ਨੌਜਵਾਨ ਨੂੰ ਅਮਰੀਕਾ ਭੇਜਣ ਦਾ ਲਾਰਾ ਲਗਾ ਕੇ ਏਜੰਟ ਨੇ ਕੀਤੀ 20 ਲੱਖ ਦੀ ਠੱਗੀ

## ਠੱਗ ਏਜੰਟ ਨੌਜਵਾਨ ਦੇ ਪੈਸਿਆਂ ਨਾਲ ਆਸਟ੍ਰੇਲੀਆ ਹੋਇਆ ਫਰਾਰ

ਫਿਰੋਜ਼ਪੁਰ/ਏ.ਟੀ.ਨਿਊਜ਼ :- ਇਕ ਨੌਜਵਾਨ ਨੂੰ ਅਮਰੀਕਾ ਭੇਜਣ ਦਾ ਲਾਰਾ ਲਗਾ ਕੇ ਉਸ ਕੋਲੋਂ 20 ਲੱਖ ਰੁਪਏ ਠੱਗਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਮਾਮਲੇ ਵਿੱਚ ਦਿਲਚਸਪ ਤੱਥ ਇਹ ਹੈ ਕਿ ਦੋਸ਼ੀ ਉਕਤ ਪੈਸਿਆਂ ਦੇ ਨਾਲ ਖੁਦ ਆਸਟ੍ਰੇਲੀਆ ਚਲਾ ਗਿਆ। ਪੀੜਤ ਅਨੁਜ ਸਚਦੇਵਾ ਵਾਸੀ ਅਜ਼ਾਦੀ ਨਗਰ ਨੇ ਦਸੰਬਰ 2019 ਵਿੱਚ ਜ਼ਿਲ੍ਹਾ ਪੁਲਿਸ ਨੂੰ ਸ਼ਿਕਾਇਤ ਦੇ ਕੇ ਦੱਸਿਆ ਸੀ ਕਿ ਉਸ ਨੇ ਅਮਰੀਕਾ ਸੈਟਲ ਹੋਣ ਦੇ ਲਈ ਵਿਨੋਦ ਕੁਮਾਰ ਵਾਸੀ ਕਾਂਸ਼ੀ ਨਗਰੀ ਦੇ ਨਾਲ ਸੰਪਰਕ ਕੀਤਾ ਜੋ ਦਿੱਲੀ ਗੇਟ ਵਿੱਚ ਜੂਸ ਦੀ ਦੁਕਾਨ ਦੇ ਨਾਲ ਟਰੈਵਲ ਏਜੰਸੀ ਦਾ ਕੰਮ ਕਰਦਾ ਸੀ।ਸ਼ਿਕਾਇਤਕਰਤਾ ਦੇ ਅਨੁਸਾਰ ਵਿਨੋਦ ਕੁਮਾਰ ਨੇ ਉਸ ਕੋਲੋਂ ਕੁੱਲ 30 ਲੱਖ ਰੁਪਏ ਦੀ ਮੰਗ ਕੀਤੀ ਜਿਸ ਵਿੱਚੋਂ 20 ਲੱਖ ਰੁਪਏ ਉਸ ਨੇ ਐਡਵਾਂਸ ਦੇ ਦਿੱਤੇ ਜਦਕਿ ਬਾਕੀ 10 ਲੱਖ ਰੁਪਏ ਅਮਰੀਕਾ ਪਹੁੰਚਣ ਦੇ ਬਾਅਦ ਦੇਣੇ ਤੈਅ ਹੋਏ ਸਨ। ਉਸ ਨੇ ਦੱਸਿਆ ਕਿ ਪੈਸੇ ਲੈਣ ਤੋਂ ਬਾਅਦ ਦੋਸ਼ੀ ਉਸਦੇ ਪੈਸਿਆਂ ਨਾਲ ਖੁਦ ਆਸਟ੍ਰੇਲੀਆ ਚਲਾ ਗਿਆ। ਥਾਣਾ ਸਿਟੀ ਦੇ ਏ.ਐੱਸ.ਆਈ. ਹਰਨੇਕ ਸਿੰਘ ਨੇ ਦੱਸਿਆ ਕਿ ਸ਼ਿਕਾਇਤ ਦੀ ਜਾਂਚ ਵਿੱਚ ਦੋਸ਼ ਸਹੀ ਪਾਏ ਜਾਣ ਤੇ ਵਿਨੋਦ ਕੁਮਾਰ ਦੇ ਖਿਲਾਫ਼ ਧੋਖਾਧੜੀ ਅਤੇ ਟਰੈਵਲ ਪ੍ਰੋਫੈਸ਼ਨ ਰੈਗੂਲੇਸ਼ਨ ਐਕਟ ਦਾ ਪਰਚਾ ਦਰਜ ਕਰ ਲਿਆ ਗਿਆ ਹੈ।

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜ਼ਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

1 ਫ਼ਰਵਰੀ ਤੋਂ 7 ਫਰਵਰੀ, 2023

## ਸੰਤ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਨੂੰ ਯਾਦ ਕਰਦਿਆਂ

ਸਿੱਖ ਰਾਜ ਦੇ ਖੁਸ ਜਾਣ ਤੋਂ ਬਾਅਦ ਢਹਿੰਦੀ ਕਲਾ ਵਿਚ ਜਾ ਰਹੀ ਸਿੱਖ ਵਸੋਂ ਨੂੰ ਮੁੜ ਪੰਥਕ ਵਿਹੜੇ ਵਿਚ ਚੜ੍ਹਦੀ ਕਲਾ ਦੇ ਨਾਲ ਵਾਪਸੀ ਕਰਵਾਉਣ ਵਾਲੀ ਸ਼ਖ਼ਸੀਅਤ ਸੰਤ ਅਤਰ ਸਿੰਘ ਜੀ ਹੋਏ ਹਨ। ਜਿਹਨਾ ਨੇ ਮਾਲਵੇ ਅੰਦਰ ਉਦਮ ਕਰਕੇ ਸੰਗਤਾਂ ਕਾਇਮ ਕੀਤੀਆਂ ਅਤੇ ਮਸਤੂਆਣਾ ਸਾਹਿਬ ਅਸਥਾਨ ਪ੍ਰਗਟ ਕੀਤਾ ਜਿੱਥੇ ਗੁਰਮਤਿ ਕਾਲਜ, ਲੜਕੀਆਂ ਦੀ ਸਿੱਖਿਆ ਦੇ ਸਕੂਲ, ਅਕਾਲ ਕਾਲਜ ਖੋਲ੍ਹਿਆ, ਜਿਥੋਂ ਸੰਤਾਂ ਦੇ ਨਾਂ ਨਾਲ ਮਸਤੂਆਣਾ ਸਾਹਿਬ ਜੁੜਿਆ।

ਅੰਗਰੇਜ਼ੀ ਫ਼ੌਜ ਦੇ ਸਿੱਖ ਰੈਜੀਮੈਂਟ ਵਿਚ ਕੁਝ ਸਾਲ ਰਿਜ਼ਰਵ ਦੇ ਤੌਰ 'ਤੇ ਨੌਕਰੀ ਕਰਨ ਤੋਂ ਬਾਅਦ ਸੰਤ ਅਤਰ ਸਿੰਘ ਜੀ ਨੇ ਨੌਕਰੀ ਛੱਡ ਦਿੱਤੀ ਅਤੇ ਗੁਰਮਤਿ ਦੇ ਪ੍ਰਚਾਰ ਨੂੰ ਸਮਰਪਿਤ ਹੋ ਗਏ। ਉਹਨਾਂ ਨੇ ਸ਼ਬਦ ਰਾਹੀਂ ਗੁਰਮਤਿ ਪ੍ਰਚਾਰ ਕੀਤਾ। ਜਿਸ ਤਰ੍ਹਾਂ ਗੁਰੂ ਸਾਹਿਬਾਨ ਨੇ ਸੰਗਤ ਨੂੰ ਨਾਮ ਨਾਲ ਜੋੜਿਆ, ਸੰਤ ਅਤਰ ਸਿੰਘ ਜੀ ਨੇ ਵੀ ਗੁਰਬਾਣੀ ਕੀਰਤਨ ਦੇ ਆਸਰੇ, ਨਾਮ ਸਿਮਰਨ ਰਾਹੀਂ ਅਤੇ ਮਿੱਠੇ ਬਚਨਾਂ ਨਾਲ ਪੰਥ ਪਰਿਵਾਰ ਨੂੰ ਵਧਾਇਆ।

ਕੱਲਰ ਕਨੋਹਾ ਵਿਚ ਸਿਮਰਨ ਬੰਦਗੀ ਤੋਂ ਬਾਅਦ ਇਕੱਠੀ ਹੋਈ ਸੰਗਤ ਨੇ ਸੰਤ ਜੀ ਨੂੰ ਜਦੋਂ ਬੇਨਤੀ ਕਰਕੇ ਉਨ੍ਹਾਂ ਦੇ ਬਚਨ ਸੁਣਨ ਦੀ ਬੇਨਤੀ ਕੀਤੀ ਤਾਂ ਹੋਰ ਕੋਈ ਗੱਲ ਕਰਨ ਦੀ ਬਜਾਏ ਗੁਰਬਾਣੀ ਦੇ ਸ਼ਬਦ ਨਾਲ ਸੰਗਤ ਨੂੰ ਜੋੜਿਆ। ਸੰਤ ਜੀ ਸ਼ਬਦ ਪੜ੍ਹਦੇ ਅਤੇ ਸੰਗਤ ਦੇ ਨਾਲ ਸ਼ਬਦ ਗਾਉਂਦੇ। ਸੰਤ ਜੀ ਦੀ ਕਮਾਈ ਦੇ ਪ੍ਰਤਾਪ ਸਦਕਾ ਸੰਗਤ ਦਾ ਮੁੜ ਗੁਰਬਾਣੀ ਨਾਲ ਪਿਆਰ ਬਣ ਗਿਆ। ਸੰਤ ਜੀ ਹਮੇਸ਼ਾ ਗੁਰਬਾਣੀ ਪੜ੍ਹਨ ਅਤੇ ਸ਼ਬਦ ਗਾਉਣ ਵਿਚ ਲੱਗੇ ਰਹਿੰਦੇ ਸਨ, ਗੁਰਬਾਣੀ ਪੜ੍ਹਨ ਵਾਲੇ ਗੁਰਸਿੱਖਾਂ ਨੂੰ ਪ੍ਰੇਮ ਕਰਦੇ ਸਨ।

ਗੁਰਦੁਆਰਾ ਗੁਰਸਾਗਰ ਸਾਹਿਬ, ਮਸਤੂਆਣਾ ਸਾਹਿਬ ਬਹਾਰਦਰਪੁਰ ਅਤੇ ਬਡਰੁੱਖਾਂ ਦੇ ਵਿਚਕਾਰ ਇਕਾਂਤ ਜਗ੍ਹਾ ਉਪਰ ਤਾਮੀਰ ਕਰਵਾਇਆ। ਦੁਨਿਆਵੀ ਵਿਦਿਆ ਦੇ ਨਾਲ-ਨਾਲ ਗੁਰਮਤਿ ਵਿਦਿਆ ਦੇਣ ਦੇ ਲਈ ਸੰਤਾਂ ਨੇ ਮਸਤੂਆਣਾ ਸਾਹਿਬ ਅਤੇ ਦਮਦਮਾ ਸਾਹਿਬ ਵਿਦਿਆਲੇ ਖੋਲ੍ਹੇ। ਗੁਰਬਾਣੀ ਸੰਥਿਆ, ਕੀਰਤਨ, ਕਥਾ ਦੀ ਸਿਖਲਾਈ ਲੈਣ ਵਾਲੇ ਗੁਰਸਿੱਖ ਬੱਚਿਆਂ ਨਾਲ ਸੰਤ ਜੀ ਸਮਾਂ ਬਿਤਾਉਂਦੇ, ਗੁਰੂ ਖਾਲਸਾ ਪੰਥ ਦੀ ਨਵੀਂ ਪਨੀਰੀ ਨਾਲ ਬਚਨ ਬਿਲਾਸ ਕਰਦੇ।

ਸੰਤ ਅਤਰ ਸਿੰਘ ਜੀ ਨੇ ਆਪਣੀ ਘਾਲਣਾ ਦੇ ਜ਼ਰੀਏ ਇਹ ਦਿਖਾਇਆ ਕਿ ਗੁਰੂ ਕਾ ਸਿੱਖ ਕਿਹੋ ਜਿਹਾ ਹੁੰਦਾ ਹੈ। ਸੰਤਾਂ ਦੇ ਜੀਵਨ ਵਿਚੋਂ 'ਅਕਾਲੀ' ਜੀਵਨ ਰੌਂ ਦੀ ਖ਼ੁਸ਼ਬੋ ਫ਼ੈਲਦੀ ਹੈ। ਗੁਰੂ ਖਾਲਸਾ ਪੰਥ ਦੇ ਬੇਅੰਤ ਕਾਰਜ ਸੰਤਾਂ ਨੇ ਪੂਰੇ ਕੀਤੇ ਪਰ ਆਪ ਹਮੇਸ਼ਾ ਨਿਸ਼ਕਾਮ ਰਹੇ, ਕਿਸੇ ਇੱਕ ਵੀ ਕਾਰਜ ਨੂੰ ਅਪਣਾ ਨਾਮ ਨਹੀਂ ਦਿੱਤਾ। ਸਾਰੀ ਉਮਰ ਗੁਰਮਤਿ ਦੇ ਪ੍ਰਚਾਰ ਦੌਰਾਨ ਉਨ੍ਹਾਂ ਨੇ ਸੰਗਤ ਨੂੰ ਸ੍ਰੀ ਦਸਮੇਸ਼ ਸਤਿਗੁਰਾਂ ਦੇ ਚਰਨਾਂ ਨਾਲ ਜੋੜਿਆ, ਕਦੇ ਇਹ ਨਹੀਂ ਚਾਹਿਆ ਕਿ ਉਨ੍ਹਾਂ ਦਾ ਕੋਈ ਨਾਮ ਦੁਨੀਆਂ 'ਤੇ ਰਹੇ।

ਗੁਰਦੁਆਰਾ ਗੁਰਸਾਗਰ ਸਾਹਿਬ, ਮਸਤੂਆਣਾ ਸਾਹਿਬ ਬਹਾਰਦਰਪੁਰ ਅਤੇ ਬਡਰੁੱਖਾਂ ਦੇ ਵਿਚਕਾਰ ਇਕਾਂਤ ਜਗ੍ਹਾ ਉਪਰ ਤਾਮੀਰ ਕਰਵਾਇਆ। ਦੁਨਿਆਵੀ ਵਿਦਿਆ ਦੇ ਨਾਲ-ਨਾਲ ਗੁਰਮਤਿ ਵਿਦਿਆ ਦੇਣ ਦੇ ਲਈ ਸੰਤਾਂ ਨੇ ਮਸਤੂਆਣਾ ਸਾਹਿਬ ਅਤੇ ਦਮਦਮਾ ਸਾਹਿਬ ਵਿਦਿਆਲੇ ਖੋਲ੍ਹੇ। ਗੁਰਬਾਣੀ ਸੰਥਿਆ, ਕੀਰਤਨ, ਕਥਾ ਦੀ ਸਿਖਲਾਈ ਲੈਣ ਵਾਲੇ ਗੁਰਸਿੱਖ ਬੱਚਿਆਂ ਨਾਲ ਸੰਤ ਜੀ ਸਮਾਂ ਬਿਤਾਉਂਦੇ, ਗੁਰੂ ਖਾਲਸਾ ਪੰਥ ਦੀ ਨਵੀਂ ਪਨੀਰੀ ਨਾਲ ਬਚਨ ਬਿਲਾਸ ਕਰਦੇ।

ਇਸ ਹਫ਼ਤੇ ਮਸਤੂਆਣਾ ਸਾਹਿਬ ਵਿਖੇ ਸੰਤ ਅਤਰ ਸਿੰਘ ਜੀ ਦੀ 96ਵੀਂ ਬਰਸੀ ਸਬੰਧੀ ਸਮਾਗਮ ਚੱਲ ਰਹੇ ਹਨ। ਹਰ ਸਾਲ ਦੀ ਤਰ੍ਹਾਂ ਦੂਰੋਂ-ਦੂਰੋਂ ਸੰਗਤਾਂ ਹਾਜਰੀ ਭਰ ਰਹੀਆਂ ਹਨ। ਜਦੋਂ ਕਿਸੇ ਪਵਿੱਤਰ ਰੂਹ ਨੂੰ ਯਾਦ ਕਰਨਾ ਹੁੰਦਾ ਹੈ ਤਾਂ ਸਾਡਾ ਉਸ ਨੂੰ ਯਾਦ ਕਰਨ ਦਾ ਅਮਲ ਕਿਸ ਤਰ੍ਹਾਂ ਦਾ ਹੈ, ਇਹ ਬਹੁਤ ਅਹਿਮ ਹੁੰਦਾ ਹੈ। ਜੇਕਰ ਇਹ ਅਹਿਸਾਸ ਧੁੰਦਲਾ ਪੈਣ ਲੱਗ ਜਾਵੇ ਤਾਂ ਦਾਅਵੇ ਅਤੇ ਅਮਲ ਦਾ ਪਾੜਾ ਵੱਧਦਾ ਰਹਿੰਦਾ ਹੈ ਅਤੇ ਇਕ ਦਿਨ ਆਉਂਦਾ ਹੈ ਜਦੋਂ ਅਮਲ ਬਿਲਕੁਲ ਉਲਟ ਪਾਸੇ ਜਾ ਖੜ੍ਹਦਾ ਹੈ। ਹੁਣ ਜਿੱਥੇ ਦੂਰੋਂ ਨੇੜਿਉਂ ਸੰਗਤ ਇਹਨਾਂ ਸਮਾਗਮਾਂ ਵਿੱਚ ਬੜੇ ਪਵਿੱਤਰ ਖਿਆਲ ਨਾਲ ਸ਼ਾਮਲ ਹੋ ਰਹੀ ਹੈ ਉੱਥੇ ਹੀ ਬਹੁਤ ਕੁਝ ਅਜਿਹਾ ਅਮਲ ਵਿੱਚ ਆ ਗਿਆ ਹੈ ਜੋ ਇਸ ਪਵਿੱਤਰ ਯਾਦ ਦੇ ਅਹਿਸਾਸ ਨੂੰ ਲਗਾਤਾਰ ਧੁੰਦਲਾ ਕਰਦਾ ਜਾ ਰਿਹਾ ਹੈ।

ਜਿਸ ਤਰ੍ਹਾਂ ਦੀ ਇਕਾਂਤ ਅਤੇ ਬੰਦਗੀ ਵਾਲੀ ਜਗ੍ਹਾ ਦੇ ਤੌਰ 'ਤੇ ਸੰਤਾਂ ਨੇ ਮਸਤੂਆਣਾ ਸਾਹਿਬ ਨੂੰ ਚਿਤਵਿਆ ਸੀ, ਉਸ ਦਿਸ਼ਾ ਵੱਲ ਲਿਜਾਣ ਲਈ ਸਿੱਖ ਸੰਗਤ ਨੂੰ ਉਦਮ ਵਧਾਉਣ ਦੀ ਲੋੜ ਹੁਣ ਕਾਫ਼ੀ ਬਣ ਗਈ ਹੈ। ਬਰਸੀ ਸਮਾਗਮ ਨੂੰ ਜਿਸ ਤਰ੍ਹਾਂ ਮਨਾਇਆ ਜਾਣਾ ਚਾਹੀਦਾ ਸੀ, ਮਨ ਨੂੰ ਇਕਾਗਰ ਅਤੇ ਚਿੱਤ ਵਿਚ ਸ਼ਾਂਤੀ ਵਰਤਾਉਣ ਵਾਲੇ ਪਾਸੇ ਮਸਤੂਆਣਾ ਸਾਹਿਬ ਦੇ ਬਰਸੀ ਸਮਾਗਮ ਨੂੰ ਲਿਜਾਣ ਦੀ ਬਜਾਏ ਇਨ੍ਹਾਂ ਸਮਾਗਮਾਂ ਦੀ ਦਿਸ਼ਾ ਹੁਣ ਚਿੱਤ ਵਿੱਚ ਕਾਹਲ ਵਰਤਾਉਣ, ਮਨ ਨੂੰ ਭਟਕਾਉਣ ਵਾਲੇ, ਦੁਨਿਆਵੀ ਮੌਜ ਮੇਲੇ ਦੇ ਵੱਲ ਮੁੜਦੀ ਜਾ ਰਹੀ ਹੈ। ਕਿਸੇ ਨਵੇਂ ਆਉਣ ਵਾਲੇ ਗੁਰਸਿੱਖ ਲਈ ਬਰਸੀ ਸਮਾਗਮ ਦਾ ਮਾਹੌਲ ਵੇਖ ਕੇ ਇਹ ਅੰਦਾਜ਼ਾ ਲਗਾਉਣਾ ਔਖਾ ਹੈ ਕਿ ਇਨ੍ਹਾਂ ਦਿਨਾਂ ਵਿੱਚ ਸੰਗਤ ਸੰਤਾਂ ਦੀ ਯਾਦ ਵਿੱਚ ਇਕੱਤਰ ਹੁੰਦੀ ਹੈ। ਮੇਲੇ ਵਾਲੇ ਪਾਸੇ ਦਾ ਰੂਪ ਮਨ ਵਿਚ ਇਨ੍ਹਾਂ ਗੂੜ੍ਹਾ ਉਤਰ ਗਿਆ ਹੈ ਕਿ ਬਰਸੀ ਸਮਾਗਮ ਜਾਣਦੇ ਹੋਏ ਵੀ ਲੋਕ ਇਹਨਾਂ ਸਮਾਗਮਾਂ ਨੂੰ ਮੇਲੇ ਦੇ ਤੌਰ 'ਤੇ ਹੀ ਕਲਪਨਾ ਕਰਦੇ ਹਨ।

ਸੰਤਾਂ ਦੇ ਸੁਭਾਅ ਦੇ ਬਿਲਕੁਲ ਉਲਟ ਹੁਣ ਜਗ੍ਹਾ ਜਗ੍ਹਾ ਤੋਂ ਖੇਡ ਖਿਡੌਣਿਆਂ ਦੇ ਸ਼ੋਰ ਦੀਆਂ ਆਵਾਜ਼ਾਂ, ਗੁਰਮਿਤ ਤੋਂ ਉਲਟ ਵੱਖੋ-ਵੱਖਰੇ ਤਰ੍ਹਾਂ ਦੀਆਂ ਲੱਗੀਆਂ ਦੁਕਾਨਾਂ, ਅਲੱਗ ਅਲੱਗ ਲੰਗਰਾਂ ਤੋਂ ਸਪੀਕਰਾਂ ਦੀਆਂ ਅਵਾਜ਼ਾਂ, ਟਰੈਕਟਰਾਂ ਦੀ ਛੱਤਰੀਆਂ 'ਤੇ ਬੈਠੇ ਨਵੀਂ ਉਮਰ ਦੇ ਮੁੰਡੇ ਇੱਧਰੋਂ ਉਧਰ-ਉਧਰੋਂ ਇੱਧਰ ਲਾ ਰਹੇ ਗੇੜੇ, ਟਰੈਕਟਰਾਂ ਉਪਰ ਵੱਜ ਰਹੇ ਸਪੀਕਰ ਅਸਲ ਸ਼ਰਧਾ ਵਾਲੀਆਂ ਰੂਹਾਂ ਦੀ ਇਕਾਗਰਤਾ ਵਿਚ ਵਿਘਨ ਪਾਉਂਦੇ ਹਨ। ਬਾਣੀ ਸੁਣਨ ਵੇਲੇ, ਨਿਤਨੇਮ ਦੇ ਵੇਲੇ, ਅਰਦਾਸ ਵੇਲੇ ਗੁਰਸਿੱਖ ਸੰਗਤ ਜਦੋਂ ਆਪੋ ਆਪਣੇ ਪੜਾਅ ਉਪਰੋਂ ਬਾਣੀ ਵਿੱਚ ਜੁੜਦੀ ਹੈ ਤਾਂ ਸਪੀਕਰਾਂ ਦੀਆਂ ਅਵਾਜ਼ਾਂ ਸੰਗਤ ਦੀ ਇਕਾਗਰਤਾ ਭੰਗ ਕਰਦੀਆਂ ਹਨ।

ਸੰਤਾਂ ਨੂੰ ਯਾਦ ਕਰਕੇ ਮਹਿਸੂਸ ਕਰੀਏ ਕਿ ਬਾਣੀ ਸੁਣਨ ਪੜ੍ਹਨ, ਨਾਮ ਜਪਣ ਤੋਂ ਬਿਨਾਂ ਹੋਰ ਕਿਸੇ ਵੀ ਤਰ੍ਹਾਂ ਦੀ ਖੇਡ ਦਾ ਕੀ ਸੰਤਾਂ ਨੂੰ ਕੋਈ ਸਰੋਕਾਰ ਹੋਵੇਗਾ ? ਆਪਣੇ ਜੀਵਨ ਵਿੱਚ ਸੰਤਾਂ ਨੇ ਇਕਾਂਤ ਅਤੇ ਇਕਾਗਰਤਾ ਨੂੰ ਇੱਕ ਵੱਡੀ ਅਤੇ ਅਹਿਮ ਥਾਂ ਦਿੱਤੀ ਹੋਈ ਸੀ। ਸੰਗਤ ਨਾਲ ਕੀਰਤਨ ਕਰਦੇ ਸਨ ਪਰ ਸਮਾਪਤੀ ਤੋਂ ਬਾਅਦ ਇਕਾਂਤ ਬੈਠਦੇ ਅਤੇ ਸਿਮਰਨ ਵੀ ਕਰਦੇ ਸਨ। ਸਾਡੀ ਕੋਸ਼ਿਸ਼ ਸੰਤਾਂ ਦੇ ਰਾਹ ਵੱਲ ਜਾਣ ਦੀ ਹੋਣੀ ਚਾਹੀਦੀ ਹੈ। ਆਓ ! ਆਉਂਦੇ ਸਾਲ ਦੇ ਸਮਾਗਮਾਂ ਤੱਕ ਸੰਤਾਂ ਨੂੰ ਯਾਦ ਕਰਨ ਦੇ ਇਸ ਅਮਲ ਵਿੱਚ ਲੋੜੀਂਦੇ ਸੁਧਾਰ ਕਰਨ ਲਈ ਆਪਣੀ ਸਮਰੱਥਾ ਅਨੁਸਾਰ ਉੱਦਮ ਕਰੀਏ।

-ਸੰਪਾਦਕ

# ਬੀਬੀਸੀ ਦਸਤਾਵੇਜ਼ੀ : ਯੂਨੀਵਰਸਿਟੀਆਂ ਦੇ ਵਾਈਸ-ਚਾਂਸਲਰ ਬਣ ਗਏ ਨੇ ਬਹੁਗਿਣਤੀਵਾਦੀ ਤਾਨਾਸ਼ਾਹੀ ਦੇ ਲੱਠਮਾਰ ਗ਼ੁਲਾਮ



ਅਪੂਰਵਾਨੰਦ
ਪ੍ਰੋਫੈਸਰ ਦਿੱਲੀ ਯੂਨੀਵਰਸਿਟੀ




> ਬੀਬੀਸੀ ਦੀ ਡਾਕੂਮੈਂਟਰੀ ਨੇ ਉਨ੍ਹਾਂ ਨੂੰ ਆਪਣੀ ਚਿੰਤਾ ਸਾਂਝੀ ਕਰਨ ਦਾ ਮੌਕਾ ਦਿੱਤਾ।ਇਹ ਫਿਲਮ ਸਾਨੂੰ 20 ਸਾਲ ਪਹਿਲਾਂ ਦਿੱਲੀ ਤੋਂ ਦੂਰ ਗੁਜਰਾਤ ਹਿੰਸਾ ਦੀ ਯਾਦ ਦਿਵਾਉਂਦੀ ਹੈ। ਦਸੰਬਰ ਅਤੇ ਜਨਵਰੀ ਦੀਆਂ ਸਰਦੀਆਂ ਵਿੱਚ, ਜਾਮੀਆ ਦੇ ਵਿਦਿਆਰਥੀਆਂ ਨੂੰ ਉਹ ਹਿੰਸਾ ਯਾਦ ਆਉਂਦੀ ਹੈ ਜੋ ਕਿ ਭਾਰਤੀ ਗਣਰਾਜ ਦੀ ਪੁਲਿਸ ਨੇ ਉਨ੍ਹਾਂ 'ਤੇ ਕੀਤੀ ਸੀ। ਨੈਤਿਕਤਾ ਪੱਧਰ 'ਤੇ ਜਾਮੀਆ ਦੇ ਵਾਈਸ-ਚਾਂਸਲਰ ਨੂੰ ਉਸ ਤੋਂ ਬਾਅਦ ਅਸਤੀਫ਼ਾ ਦੇ ਦੇਣਾ ਚਾਹੀਦਾ ਸੀ। ਪਰ ਅਸੀਂ ਉਨ੍ਹਾਂ ਤੋਂ ਹੀ ਇਹ ਉਮੀਦ ਕਰ ਸਕਦੇ ਹਾਂ ਜਿਨ੍ਹਾਂ ਕੋਲ ਅਣਖ ਹੈ, ਮਨੁੱਖਤਾ ਹੈ।

ਅਣਖ ਬਹੁਤ ਬੇਲੋੜੀ ਅਤੇ ਬੇਕਾਰ ਚੀਜ਼ ਹੈ। ਇਸ ਤੋਂ ਬਿਨਾਂ ਮਨੁੱਖ ਬਣੇ ਰਹਿਣਾ ਭਾਵੇਂ ਮੁਸ਼ਕਲ ਹੋਵੇ, ਇੱਜ਼ਤ ਨਾਲ ਵਾਈਸ ਚਾਂਸਲਰ ਬਣੇ ਰਹਿਣਾ ਅਸੰਭਵ ਹੈ। ਜਾਮੀਆ ਅਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਉਪ ਕੁਲਪਤੀ ਸਮੇਂ-ਸਮੇਂ 'ਤੇ ਇਸ ਦੀ ਪੁਸ਼ਟੀ ਕਰਦੇ ਰਹਿੰਦੇ ਹਨ।ਸਾਡੀਆਂ ਯੂਨੀਵਰਸਿਟੀਆਂ ਦੇ ਵਾਈਸ-ਚਾਂਸਲਰ ਬਹੁਗਿਣਤੀਵਾਦੀ ਤਾਨਾਸ਼ਾਹੀ ਦੇ ਪੁਜਾਰੀ ਅਤੇ ਬੁਲਾਰੇ ਬਣ ਗਏ ਹਨ। ਜਾਮੀਆ ਮਿਲੀਆ ਇਸਲਾਮੀਆ ਦੇ ਵਾਈਸ-ਚਾਂਸਲਰ ਨੇ ਵਿਦਿਆਰਥੀਆਂ ਨੂੰ ਬੀਬੀਸੀ ਦੀ ਇੱਕ ਡਾਕੂਮੈਂਟਰੀ ਦਿਖਾਉਣ ਤੋਂ ਰੋਕਣ ਲਈ ਪੁਲਿਸ ਨੂੰ ਬੁਲਾਇਆ। ਯਾਦ ਰਹੇ ਕਿ ਇਸ ਡਾਕੂਮੈਂਟਗੀ ਵਿੱਚ ਗੁਜਰਾਤ ਵਿਖੇ ਹੋਈ 2002 ਦੀ ਹਿੰਸਾ ਦੀ ਪੜਚੋਲ ਕੀਤੀ ਗਈ ਸੀ। ਇੰਟਰਨੈੱਟ ਬੰਦ ਕਰ ਦਿੱਤਾ ਗਿਆ ਸੀ, ਸੈਂਕੜੇ ਪੁਲਿਸ ਨੇ ਜਾਮੀਆ ਨੂੰ ਘੇਰ ਲਿਆ ਸੀ ਅਤੇ ਯੂਨੀਵਰਸਿਟੀ ਦੇ ਗੇਟ ਬੰਦ ਕਰ ਦਿੱਤੇ ਗਏ ਸਨ।10 ਵਿਦਿਆਰਥੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ।ਜਾਮੀਆ ਦੇ ਵਾਈਸ-ਚਾਂਸਲਰ ਨੇ ਸਖ਼ਤ ਬਿਆਨ ਜਾਰੀ ਕੀਤਾ ਹੈ ਕਿ ਯੂਨੀਵਰਸਿਟੀ ਦੇ ਮਾਹੌਲ ਵਿੱਚ ਸ਼ਾਂਤੀ ਨੂੰ ਹਰ ਕੀਮਤ 'ਤੇ ਬਰਕਰਾਰ ਰੱਖਿਆ ਜਾਵੇਗਾ। ਇਸ ਦੇ ਲਈ ਚਾਹੇ ਵਿਦਿਆਰਥੀਆਂ ਨੂੰ ਗ੍ਰਿਫਤਾਰ ਕਰਨਾ ਪਵੇ। ਉਨ੍ਹਾਂ ਮੁਤਾਬਕ ਕੈਂਪਸ ਵਿੱਚ ਸ਼ਾਂਤੀ ਬਣੀ ਹੋਈ ਹੈ। ਵਿਦਿਆਰਥੀ ਪੜ੍ਹਨਾ ਅਤੇ ਪ੍ਰੀਖਿਆ ਦੇਣਾ ਚਾਹੁੰਦੇ ਹਨ। ਸਿਰਫ਼ ਮੁੱਠੀ ਭਰ ਵਿਦਿਆਰਥੀ, ਜੋ ਸਿਆਸੀ ਹਨ, ਉਹ ਕੈਂਪਸ ਵਿੱਚ ਮਾਹੌਲ ਖਰਾਬ ਕਰਨਾ ਚਾਹੁੰਦੇ ਹਨ। ਇਸ ਦੀ ਬਿਲਕੁਲ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਪੁਲਿਸ ਵਲੋਂ ਗ੍ਰਿਫਤਾਰ ਇਹ ਵਿਦਿਆਰਥੀ ਸੰਵਿਧਾਨ ਵਿੱਚ ਦਰਸਾਏ ਆਜ਼ਾਦੀ ਦੇ ਅਧਿਕਾਰ ਦੇ ਮਤੇ ਨੂੰ ਅਮਲੀ ਜਾਮਾ ਪਹਿਨਾਉਣ ਕਰਕੇ ਗਣਤੰਤਰ ਦਿਵਸ ਦੀ ਵਰ੍ਹੇਗੰਢ ਜੇਲ੍ਹ ਵਿੱਚ ਮਨਾਉਣਗੇ। ਆਖ਼ਰਕਾਰ, ਕੋਈ ਹੋਰ ਨਾਗਰਿਕ ਗਣਤੰਤਰ ਦਿਵਸ 'ਤੇ ਸੰਵਿਧਾਨ ਪ੍ਰਤੀ ਆਪਣੀ ਵਚਨਬੱਧਤਾ ਦਾ ਪ੍ਰਗਟਾਵਾ ਕਿਵੇਂ ਕਰ ਸਕਦਾ ਹੈ ? ਸੰਵਿਧਾਨ ਦੀ ਕਿਤਾਬ ਅੱਗੇ ਧੂਪ ਧੁਖਾਉਣਾ ਇਕ ਗੱਲ ਹੈ ਅਤੇ ਇਸ ਦੇ ਸੰਕਲਪ ਨੂੰ ਪੂਰਾ ਕਰਨ ਲਈ ਆਪਣੇ ਆਪ ਨੂੰ ਖ਼ਤਰੇ ਵਿਚ ਪਾਉਣਾ ਹੋਰ ਗੱਲ ਹੈ। ਇਸ ਲਈ, ਸਾਡੇ ਜਾਮੀਆ ਦੇ ਇਨ੍ਹਾਂ ਵਿਦਿਆਰਥੀਆਂ ਨੂੰ ਪੂਰੇ ਦੇਸ਼ ਵਲੋਂ ਸਲਾਮ।ਪਰ ਅਸੀਂ ਵਾਈਸ ਚਾਂਸਲਰ ਦਾ ਕੀ ਕਰੀਏ ? ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਜਾਮੀਆ ਵਿੱਚ ਸ਼ਾਂਤੀ ਨਹੀਂ ਹੈ। ਜਾਮੀਆ ਦਾ ਅਰਥ ਹੈ ਜਾਮੀਆ ਦੇ ਵਿਦਿਆਰਥੀ ਅਤੇ ਅਧਿਆਪਕ। ਉਨ੍ਹਾਂ ਦੇ ਦਿਲ ਬੇਚੈਨੀ ਨਾਲ ਧੜਕ ਰਹੇ ਹਨ। ਬੀਬੀਸੀ ਦੀ ਡਾਕੂਮੈਂਟਰੀ ਨੇ ਉਨ੍ਹਾਂ ਨੂੰ ਆਪਣੀ ਚਿੰਤਾ ਸਾਂਝੀ ਕਰਨ ਦਾ ਮੌਕਾ ਦਿੱਤਾ।ਇਹ ਫਿਲਮ ਸਾਨੂੰ 20 ਸਾਲ ਪਹਿਲਾਂ ਦਿੱਲੀ ਤੋਂ ਦੂਰ ਗੁਜਰਾਤ ਹਿੰਸਾ ਦੀ ਯਾਦ ਦਿਵਾਉਂਦੀ ਹੈ। ਦਸੰਬਰ ਅਤੇ ਜਨਵਰੀ ਦੀਆਂ ਸਰਦੀਆਂ ਵਿੱਚ, ਜਾਮੀਆ ਦੇ ਵਿਦਿਆਰਥੀਆਂ ਨੂੰ ਇਸ ਹਿੰਸਾ ਯਾਦ ਆਉਂਦੀ ਹੈ ਜੋ ਕਿ ਭਾਰਤੀ ਗਣਰਾਜ ਦੀ ਪੁਲਿਸ ਨੇ ਉਨ੍ਹਾਂ 'ਤੇ ਕੀਤੀ ਸੀ। ਨੈਤਿਕਤਾ ਪੱਧਰ 'ਤੇ ਜਾਮੀਆ ਦੇ ਵਾਈਸ-ਚਾਂਸਲਰ ਨੂੰ ਉਸ ਤੋਂ ਬਾਅਦ ਅਸਤੀਫਾ ਦੇ ਦੇਣਾ ਚਾਹੀਦਾ ਸੀ। ਪਰ ਅਸੀਂ ਉਨ੍ਹਾਂ ਤੋਂ ਹੀ ਇਹ ਉਮੀਦ ਕਰ ਸਕਦੇ ਹਾਂ ਜਿਨ੍ਹਾਂ ਕੋਲ ਅਣਖ ਹੈ, ਮਨੁੱਖਤਾ ਹੈ। ਗੈਰਤ ਦਾ ਅਹਿਸਾਸ ਤਿੰਨ ਸਾਲ ਪਹਿਲਾਂ ਬਚਿਆ ਸੀ ਜਦੋਂ ਵਾਈਸ ਚਾਂਸਲਰ ਨੇ ਪੁਲਿਸ ਹਿੰਸਾ ਦੀ ਜਾਂਚ ਦੀ ਮੰਗ ਕੀਤੀ ਸੀ ਅਤੇ ਕਿਹਾ ਸੀ ਕਿ ਉਹ ਵਿਦਿਆਰਥੀਆਂ ਦੇ ਨਾਲ ਹਨ। ਪਰ ਸਮੇਂ ਦੇ ਬੀਤਣ ਨਾਲ ਉਸ ਨੇ ਮਹਿਸੂਸ ਕੀਤਾ ਕਿ ਇਹ ਅਣਖ ਬਹੁਤ ਬੇਲੋੜੀ ਅਤੇ ਬੇਕਾਰ ਹੈ। ਇਸ ਤੋਂ ਬਿਨਾਂ ਮਨੁੱਖ ਬਣਨਾ ਭਾਵੇਂ ਮੁਸ਼ਕਲ ਹੋਵੇ ਪਰ ਇੱਜ਼ਤ ਨਾਲ ਵਾਈਸ ਚਾਂਸਲਰ ਬਣੇ ਰਹਿਣਾ ਅਸੰਭਵ ਹੈ।

ਇਸ ਲਈ ਉਨ੍ਹਾਂ ਨੇ ਗੈਰਤ ਨੂੰ ਕਿਤੇ ਡੂੰਘੀ ਕਬਰ ਵਿਚ ਦਫ਼ਨ ਕਰ ਦਿੱਤਾ।ਜਾਮੀਆ ਦੇ ਵਾਈਸ-ਚਾਂਸਲਰ ਤੋਂ ਪਹਿਲਾਂ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਨੇ ਭਾਰਤ ਦੀ ਅੱਜ ਦੀ ਬਹੁਗਿਣਤੀਵਾਦੀ ਪ੍ਰਣਾਲੀ ਪ੍ਰਤੀ ਆਪਣੀ ਵਫ਼ਾਦਾਰੀ ਨੂੰ ਪ੍ਰਗਟ ਕਰਨ ਲਈ ਬੀਬੀਸੀ ਦੀ ਦਸਤਾਵੇਜ਼ੀ ਫਿਲਮ ਦੇ ਵਿਰੁੱਧ ਇੱਕ ਲੇਖ ਲਿਖਿਆ ਸੀ। ਉਹ ਜਾਣਦੇ ਹਨ ਕਿ ਇੱਕ ਤਾਨਾਸ਼ਾਹ ਖਾਮੋਸ਼ ਵਫ਼ਾਦਾਰੀ ਨਾਲ ਸੰਤੁਸ਼ਟ ਨਹੀਂ ਹੁੰਦਾ। ਇਸ ਦਾ ਐਲਾਨ ਉਸ ਨੂੰ ਵਾਰ-ਵਾਰ ਸੁਣਨਾ ਪੈਂਦਾ ਹੈ।

ਇਸੇ ਲਈ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਨੇ ਭਾਰਤੀ ਜਨਤਾ ਪਾਰਟੀ ਦੇ ਬੁਲਾਰੇ ਦੀ ਜ਼ੁਬਾਨ ਵਿਚ ਵਿੱਚ ਘੱਟੋ-ਘੱਟ ਇਸ ਫ਼ਿਲਮ ਨੂੰ ਪੁਰਾਣੇ ਜ਼ਖ਼ਮਾਂ ਨੂੰ ਕੁਰੇਦਣ ਦੀ ਬੇਲੋੜੀ ਕੋਸ਼ਿਸ਼ ਕਰਾਰ ਦਿੱਤਾ ਹੈ। ਦਸਤਾਵੇਜ਼ੀ ਫਿਲਮਾਂ ਦੇ ਨਿਰਮਾਤਾਵਾਂ ਨੂੰ 'ਚਿੱਟਾ ਮੀਡੀਆ' ਆਖ ਕੇ ਜਲੀਲ ਕੀਤਾ।ਉਹ ਇੱਕ ਅਧਿਆਪਕ ਵੀ ਰਿਹਾ ਹੈ। ਉਸਨੇ ਇਹ ਦੇਖਣ ਦੀ ਖੇਚਲ ਵੀ ਨਹੀਂ ਕੀਤੀ ਕਿ ਦਸਤਾਵੇਜ਼ੀ ਬਣਾਉਣ ਵਾਲੀ ਗੋਰੀ ਨਹੀਂ, ਭਾਰਤੀ ਹੈ। ਪਰ ਵਾਈਸ ਚਾਂਸਲਰ ਵਰਗੇ ਲੋਕਾਂ ਤੋਂ ਜਾਂਚ ਪੜਤਾਲ ਦੀ ਉਮੀਦ ਕਰਨਾ ਗਲਤ ਹੈ। ਉਹ ਸਟੇਟ ਦੇ ਦਰਬਾਰ ਵਿੱਚ ਆਪਣੀ ਵਫ਼ਾਦਾਰੀ ਦਾ ਸਬੂਤ ਦੇਣ ਵਾਲੇ ਪਹਿਲੇ ਵਿਅਕਤੀ ਬਣਨਾ ਚਾਹੁੰਦੇ ਹਨ। ਸਟੇਟ ਨੂੰ ਅਜਿਹੇ ਸੁਆਰਥੀ ਲੋਕਾਂ ਦੀ ਲੋੜ ਹੁੰਦੀ ਹੈ। ਡਾਕੂਮੈਂਟਰੀ ਦਿਖਾਉਣ ਵਾਲਿਆਂ ਨੂੰ ਤਾੜਨਾ ਕਰਦਿਆਂ ਵਾਈਸ-ਚਾਂਸਲਰ ਨੇ ਕਿਹਾ ਕਿ ਉਨ੍ਹਾਂ ਦੇ ਆਪਣੇ ਭਾਈਚਾਰੇ ਨੂੰ ਅਜਿਹੇ ਖੁਦਮੁਖਤਿਆਰ ਨੇਤਾ ਨਹੀਂ ਚਾਹੀਦੇ। ਇਹ ਭਾਈਚਾਰਾ 2002 ਨੂੰ ਬਹੁਤ ਪਿੱਛੇ ਛੱਡ ਆਇਆ ਹੈ। ਉਹ ਇਸ ਨਿਜ਼ਾਮ ਦਾ ਸ਼ੁਕਰਗੁਜ਼ਾਰ ਹੈ। ਉਪ-ਕੁਲਪਤੀ ਨੂੰ ਵਿਸ਼ੇਸ਼ ਤੌਰ 'ਤੇ ਮੁਸਲਿਮ ਔਰਤਾਂ ਨੂੰ ਮਿਲਣ ਤੋਂ ਬਾਅਦ ਪਤਾ ਲੱਗਾ, ਜਿਨ੍ਹਾਂ ਨੂੰ ਮਹਾਨ ਨੇਤਾ ਨੇ ਧਾਰਮਿਕ ਕਨੂੰਨ ਤੋਂ ਆਜ਼ਾਦ ਕਰਵਾਇਆ ਹੈ।

ਪਤਾ ਨਹੀਂ ਵਾਈਸ ਚਾਂਸਲਰ ਕਿਸ ਮੁਸਲਮਾਨ ਭਾਈਚਾਰੇ ਦੀ ਗੱਲ ਕਰ ਰਹੇ ਹਨ ? ਕੀ ਇਹ ਉਪ-ਕੁਲਪਤੀ ਦਾ ਭਾਈਚਾਰਾ ਹੈ ਜਾਂ ਸਰਕਾਰੀ ਮੁਸਲਮਾਨਾਂ ਦਾ ? ਹੋਰ ਤਾਂ ਹੋਰ, ਜ਼ਕੀਆ ਜਾਫਰੀ ਵੀ ਇੱਕ ਮੁਸਲਿਮ ਔਰਤ ਹੈ ਜੋ 20 ਸਾਲ ਬੀਤ ਜਾਣ ਤੋਂ ਬਾਅਦ ਵੀ ਇਨਸਾਫ਼ ਲਈ ਪੁਕਾਰ ਕਰ ਰਹੀ ਹੈ ਅਤੇ ਬਿਲਕੀਸ ਬਾਨੋ ਵੀ ਇੱਕ ਮੁਸਲਿਮ ਔਰਤ ਹੈ। ਇਸ ਤੋਂ ਸਮਝਣਾ ਜਰੂਰੀ ਹੈ ਕਿ ਉਪ-ਕੁਲਪਤੀ ਨੇ ਅਜਿਹਾ ਇਸ ਲਈ ਸਟੇਟ ਦੇ ਹਕ ਵਿਚ ਪ੍ਰਵਚਨ ਘੜਿਆ ਤਾਂ ਜੋ ਸਟੇਟ ਨੂੰ ਉਸਦੀ ਬੇਗੈਰਤੀ ਬਾਰੇ ਅੰਦਾਜ਼ਾ ਹੋ ਸਕੇ।ਫਿਲਹਾਲ ਅਸੀਂ ਇਸ ਤੱਥ ਦੀ ਗੱਲ ਨਹੀਂ ਕਰ ਰਹੇ ਹਾਂ ਕਿ ਉਨ੍ਹਾਂ ਨੇ ਖੁਦ ਹੀ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਨੂੰ ਦਹਿਸ਼ਤ ਵਿੱਚ ਬਦਲ ਦਿੱਤਾ ਹੈ। ਜੇਕਰ ਕੋਈ ਅਧਿਆਪਕ ਇਸ ਸਰਕਾਰ ਦੀ ਆਲੋਚਨਾ ਕਰਦਾ ਕੁਝ ਲਿਖਦਾ ਹੈ ਤਾਂ ਉਸ ਨੂੰ ਉੱਪਰੋਂ ਝੱਟ ਝਿੜਕਿਆ ਜਾਂਦਾ ਹੈ। ਉਪਰੋਂ ਵਿਦਿਆਰਥੀਆਂ ਵੱਲੋਂ ਕਰਵਾਏ ਜਾ ਰਹੇ ਸਾਹਿਤਕ ਮੇਲਿਆਂ ਨੂੰ ਰੋਕਣ ਦਾ ਯਤਨ ਵੀ ਕੀਤਾ ਗਿਆ ਸੀ।ਜਿਵੇਂ 2019 ਵਿੱਚ ਜਦੋਂ ਪੁਲਿਸ ਨੇ ਜਾਮੀਆ ਵਿੱਚ ਦਾਖਲ ਹੋ ਕੇ ਵਿਦਿਆਰਥੀਆਂ ਉੱਤੇ ਹਮਲਾ ਕੀਤਾ ਸੀ, ਉਸੇ ਤਰ੍ਹਾਂ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿੱਚ ਵੀ ਅਜਿਹਾ ਕੀਤਾ। ਇਸ ਗੱਲ ਨੂੰ ਵਾਪਰਿਆਂ ਸਿਰਫ਼ ਤਿੰਨ ਸਾਲ ਹੀ ਹੋਏ ਹਨ ਅਤੇ ਉਹ ਵੀ ਵਾਈਸ ਚਾਂਸਲਰ ਲਈ ਬੀਤੇ ਦੀ ਗੱਲ ਬਣ ਗਈ ਹੈ। ਫਿਰ 2002 ਦੀ ਹਿੰਸਾ ਉਨ੍ਹਾਂ ਲਈ ਪੁਰਾਣੇ ਜ਼ਮਾਨੇ ਦੀ ਗੱਲ ਹੋਵੇਗੀ।ਇਸ ਸਭ ਤੋਂ ਹੈਰਾਨ ਹੋਣ ਦੀ ਲੋੜ ਨਹੀਂ। ਜਾਮੀਆ ਦੇ ਵਾਈਸ ਚਾਂਸਲਰ ਨੇ ਅਹੁਦਾ ਮਿਲਣ ਤੋਂ ਬਾਅਦ ਆਪਣੀਆਂ ਪਹਿਲੀਆਂ ਤਸਵੀਰਾਂ ਜਾਰੀ ਕੀਤੀਆਂ ਸਨ, ਜਿਸ ਵਿਚ ਉਹ ਰਾਸ਼ਟਰੀ ਸਵੈਮ ਸੇਵਕ ਸੰਘ ਵੱਲੋਂ ਮੁਸਲਮਾਨਾਂ ਨੂੰ ਪਾਲਣ ਲਈ ਨਿਯੁਕਤ ਕੀਤੇ ਗਏ ਵਿਅਕਤੀ ਤੋਂ ਆਸ਼ੀਰਵਾਦ ਲੈ ਰਹੇ ਸੀ।ਇਸ ਸੰਘੀ ਆਗੂ 'ਤੇ ਭਗਵੇਂ ਅੱਤਵਾਦੀ ਹਮਲਿਆਂ ਦੀ ਸਾਜ਼ਿਸ਼ ਰਚਣ ਦਾ ਦੋਸ਼ ਹੈ ਜਿਸ ਵਿਚ ਮੁਸਲਮਾਨ ਮਾਰੇ ਗਏ ਸਨ। ਇਹ ਠੀਕ ਹੈ ਕਿ ਭਾਰਤ ਦੀਆਂ ਸਰਕਾਰੀ ਜਾਂਚ ਏਜੰਸੀਆਂ ਨੇ ਉਸ ਨੂੰ ਬਰੀ ਕਰ ਦਿੱਤਾ ਸੀ, ਪਰ ਵਾਈਸ ਚਾਂਸਲਰ ਨੇ 2002 ਦੀ ਹਿੰਸਾ ਦੇ ਮਾਮਲੇ ਵਿੱਚ ਗੁਜਰਾਤ ਦੇ ਤਤਕਾਲੀ ਮੁੱਖ ਮੰਤਰੀ ਨੂੰ ਬਰੀ ਕਰ ਦਿੱਤਾ ਹੈ।

# ਵਧ ਰਹੇ ਆਰਥਿਕ ਪਾੜੇ ਘਟਾਉਣ ਲਈ ਖੇਤੀਬਾੜੀ ਤੇ ਉਦਯੋਗਿਕ ਖੇਤਰ ਨੂੰ ਰਿਆਇਤਾਂ ਦੇਣੀਆਂ ਜ਼ਰੂਰੀ



ਡਾ. ਗਿਆਨ ਸਿੰਘ

16 ਜਨਵਰੀ 2023 ਨੂੰ ਔਕਸਫੈਮ ਦੁਆਰਾ ਵਰਲਡ ਇਕਨੌਮਿਕ ਫੋਰਮ ਦੇ ਦਾਵੋਸ ਪਹਾੜੀ ਰਿਜ਼ੋਰਟ (ਸਵਿਟਜ਼ਰਲੈਂਡ) ਵਿੱਚ ਸ਼ੁਰੂ ਹੋਣ ਮੌਕੇ ਜਾਰੀ ਕੀਤੀ ਗਈ 'ਸਰਵਾਇਵਲ ਆਫ ਦਿ ਰਿਚਟੈਸਟ' ਰਿਪੋਰਟ ਨੇ ਦੁਨੀਆ ਦੇ ਵੱਖ-ਵੱਖ ਮੁਲਕਾਂ ਵਿਚ ਵੱਖ-ਵੱਖ ਵਰਗਾਂ ਦਰਮਿਆਨ ਲਗਾਤਾਰ ਵਧ ਰਹੇ ਆਰਥਿਕ ਪਾੜਿਆਂ ਨੂੰ ਸਾਹਮਣੇ ਲਿਆਂਦਾ ਹੈ। ਇਸ ਰਿਪੋਰਟ ਵਿਚ ਭਾਰਤ ਵਿਚ ਲਗਾਤਾਰ ਵਧ ਰਹੇ ਆਰਥਿਕ ਪਾੜੇ ਦੇ ਕੁਝ ਅਹਿਮ ਪਹਿਲੂਆਂ ਸਬੰਧੀ ਅੰਕੜੇ ਵੀ ਜਾਰੀ ਕੀਤੇ ਹਨ। ਇਸ ਰਿਪੋਰਟ ਅਨੁਸਾਰ 2012 ਤੋਂ 2021 ਦਰਮਿਆਨ ਪੈਦਾ ਕੀਤੇ ਧਨ ਵਿਚੋਂ 40 ਫ਼ੀਸਦ ਸਿਰਫ਼ ਉੱਪਰਲੇ 1 ਫ਼ੀਸਦ ਲੋਕਾਂ ਨੂੰ ਗਿਆ ਹੈ, ਜਦੋਂਕਿ ਥੱਲੇ ਵਾਲੇ 50 ਫ਼ੀਸਦ ਦੇ ਹਿੱਸੇ ਵਿਚ ਸਿਰਫ਼ 3 ਫ਼ੀਸਦ ਹੀ ਆਇਆ ਹੈ। ਮੁਲਕ ਵਿਚ ਇਕੱਤਰ ਕੀਤੇ ਗਏ ਕੁੱਲ ਜੀ.ਐੱਸ.ਟੀ. ਵਿਚੋਂ ਸਿਰਫ਼ 4 ਫ਼ੀਸਦ ਉੱਪਰਲੇ 10 ਫ਼ੀਸਦ ਲੋਕਾਂ ਤੋਂ ਆਇਆ ਹੈ, ਜਦੋਂਕਿ ਥੱਲੇ ਵਾਲੇ 50 ਫ਼ੀਸਦ ਲੋਕਾਂ ਤੋਂ 64 ਫ਼ੀਸਦ ਆਇਆ ਹੈ। ਅਮੀਰ ਲੋਕਾਂ ਨੂੰ ਘਟਾਈਆਂ ਹੋਈਆਂ ਕਾਰਪੋਰੇਟ ਕਰਾਂ ਦੀਆਂ ਦਰਾਂ, ਕਰ ਛੋਟਾਂ ਅਤੇ ਹੋਰ ਰਿਆਇਤਾਂ ਤੋਂ ਫਾਇਦਾ ਹੋਇਆ ਹੈ। ਕੋਰੋਨਾ ਮਹਾਂਮਾਰੀ ਦੇ ਸਮੇਂ ਦੌਰਾਨ ਥੱਲੇ ਵਾਲੇ 50 ਫ਼ੀਸਦ ਲੋਕਾਂ ਦੀ ਆਮਦਨ ਅਤੇ ਧਨ ਘਟੇ ਹਨ। ਭਾਰਤ ਵਿਚ ਅਰਬਪਤੀਆਂ ਦੀ ਗਿਣਤੀ ਜਿਹੜੀ 2020 ਵਿਚ 102 ਸੀ, 2022 ਵਿਚ ਵਧ ਕੇ 166 ਹੋ ਗਈ। ਕਰੋਨਾ ਮਹਾਮਾਰੀ ਦੇ ਸ਼ੁਰੂ ਹੋਣ ਤੋਂ ਲੈ ਕੇ ਨਵੰਬਰ 2022 ਤੱਕ ਅਰਬਪਤੀਆਂ ਦੀ ਸੰਪਤੀ ਵਿਚ 3608 ਕਰੋੜ ਰੁਪਏ ਪ੍ਰਤੀ ਦਿਨ ਵਾਧਾ ਹੋਇਆ। ਔਰਤ ਕਿਰਤੀਆਂ, ਅਨੁਸੂਚਿਤ ਜਾਤੀਆਂ ਅਤੇ ਪੇਂਡੂ ਕਿਰਤੀਆਂ ਦੀ ਮਾੜੀ ਆਰਥਿਕ ਹਾਲਤ ਨੂੰ ਵੀ ਇਸ ਰਿਪੋਰਟ ਨੇ ਸਾਹਮਣੇ ਲਿਆਂਦਾ ਹੈ।

ਮੁਲਕ ਦੇ ਆਜ਼ਾਦ ਹੋਣ ਤੋਂ ਬਾਅਦ 1950 ਵਿਚ ਯੋਜਨਾ ਕਮਿਸ਼ਨ ਬਣਿਆ। 1951 ਤੋਂ ਪੰਜ ਸਾਲਾਂ ਯੋਜਨਾਵਾਂ ਦੀ ਸ਼ੁਰੂਆਤ ਹੋਈ। ਇਨ੍ਹਾਂ ਯੋਜਨਾਵਾਂ ਵਿਚ ਮੁਲਕ ਦੀ ਆਰਥਿਕ ਤਰੱਕੀ ਅਤੇ ਲੋਕਾਂ ਦੀ ਭਲਾਈ ਨੂੰ ਮੁੱਖ ਮੁੱਦਾ ਬਣਾਇਆ ਗਿਆ। ਜਨਤਕ ਖੇਤਰ ਦੀਆਂ ਇਕਾਈਆਂ ਨੂੰ ਤਰਜੀਹ ਦੇਣ ਦੇ ਨਾਲ ਨਾਲ ਨਿੱਜੀ ਖੇਤਰ ਦੀਆਂ ਇਕਾਈਆਂ ਉੱਪਰ ਨਿਗਰਾਨੀ ਅਤੇ ਨਿਯੰਤਰਣ ਨੂੰ ਯਕੀਨੀ ਬਣਾਇਆ ਗਿਆ। 1951-80 ਤੱਕ ਦੇ ਸਮੇਂ ਨੂੰ ਯੋਜਨਾਬੰਦੀ ਦਾ ਸਮਾਂ ਮੰਨਿਆ ਜਾਂਦਾ ਹੈ। ਇਸ ਸਮੇਂ ਦੌਰਾਨ ਸਮਾਜ ਦੇ ਵੱਖ ਵੱਖ ਵਰਗਾਂ ਦਰਮਿਆਨ ਆਰਥਿਕ ਅਸਮਾਨਤਾਵਾਂ ਘਟੀਆਂ। 1980 ਤੋਂ ਬਾਅਦ ਯੋਜਨਾਬੰਦੀ ਨੂੰ ਪੁੱਠੇ ਗੇਅਰ ਵਿਚ ਪਾ ਦਿੱਤਾ ਗਿਆ। 1991 ਤੋਂ ਸਰਮਾਏਦਾਰ/ਕਾਰਪੋਰੇਟ ਜਗਤ-ਪੱਖੀ ਨਵੀਆਂ ਆਰਥਿਕ ਨੀਤੀਆਂ ਨੂੰ ਅਪਣਾਇਆ ਗਿਆ। 2015 ਦੌਰਾਨ ਤਾਂ ਯੋਜਨਾ ਕਮਿਸ਼ਨ ਦਾ ਭੋਗ ਪਾ ਕੇ ਉਸ ਦੀ ਜਗ੍ਹਾ ਸਰਮਾਏਦਾਰ/ਕਾਰਪੋਰੇਟ ਜਗਤ-ਪੱਖੀ ਨੀਤੀ ਆਯੋਗ ਦੀ ਸਥਾਪਨਾ ਕਰ ਦਿੱਤੀ ਗਈ। 1981 ਤੋਂ ਬਾਅਦ ਤੋਂ ਵਰਤਮਾਨ ਸਮੇਂ ਤੱਕ ਮੁਲਕ ਦੇ ਵੱਖ ਵੱਖ ਵਰਗਾਂ ਦਰਮਿਆਨ ਆਰਥਿਕ ਅਸਮਾਨਤਾਵਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਕੋਰੋਨਾ ਮਹਾਂਮਾਰੀ ਦੇ ਸਮੇਂ ਦੌਰਾਨ ਜਦੋਂ ਜ਼ਿਆਦਾਤਰ ਕਿਰਤੀ ਦੋ ਡੰਗ ਦੀ ਰੋਟੀ ਲਈ ਔਖੇ ਸਨ ਉਸ ਸਮੇਂ ਦੌਰਾਨ ਵੀ ਸਰਮਾਏਦਾਰ/ਕਾਰਪੋਰੇਟ ਜਗਤ ਦੀ ਆਮਦਨ ਅਤੇ ਦੌਲਤ ਵਿਚ ਅਥਾਹ ਵਾਧਾ ਦਰਜ ਹੋਇਆ।



1951 ਦੌਰਾਨ ਮੁਲਕ ਦੀ 81 ਫ਼ੀਸਦ ਦੇ ਕਰੀਬ ਅਬਾਦੀ ਆਪਣੀ ਰੋਜ਼ੀ-ਰੋਟੀ ਲਈ ਖੇਤੀਬਾੜੀ ਖੇਤਰ ਉੱਪਰ ਨਿਰਭਰ ਸੀ ਜਿਸ ਨੂੰ ਰਾਸ਼ਟਰੀ ਆਮਦਨ ਵਿਚੋਂ 55 ਫ਼ੀਸਦ ਦੇ ਕਰੀਬ ਹਿੱਸਾ ਦਿੱਤਾ ਗਿਆ ਸੀ। ਵਰਤਮਾਨ ਸਮੇਂ ਦੌਰਾਨ ਮੁਲਕ ਦੀ 50 ਫ਼ੀਸਦ ਦੇ ਕਰੀਬ ਅਬਾਦੀ ਜੋ ਆਪਣੀ ਰੋਜ਼ੀ-ਰੋਟੀ ਲਈ ਖੇਤੀਬਾੜੀ ਖੇਤਰ ਉੱਪਰ ਨਿਰਭਰ ਹੈ, ਉਸ ਨੂੰ 2018-19 ਦੇ ਅੰਕੜਿਆਂ ਅਨੁਸਾਰ ਰਾਸ਼ਟਰੀ ਆਮਦਨ ਵਿਚੋਂ ਸਿਰਫ਼ 16 ਫ਼ੀਸਦ ਦੇ ਕਰੀਬ ਹਿੱਸਾ ਦਿੱਤਾ ਗਿਆ। ਮੁਲਕ ਦਾ ਖੇਤੀਬਾੜੀ ਉਤਪਾਦਨ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਮਿਹਨਤ ਉੱਪਰ ਨਿਰਭਰ ਕਰਦਾ ਹੈ। 1960ਵਿਆਂ ਦੌਰਾਨ ਜਦੋਂ ਮੁਲਕ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਦਾ ਸਾਹਮਣਾ ਕਰ ਰਿਹਾ ਸੀ ਤਾਂ ਸਰਕਾਰ ਨੇ ਇਸ ਸਮੱਸਿਆ ਉੱਤੇ ਕਾਬੂ ਪਾਉਣ ਲਈ 'ਖੇਤੀਬਾੜੀ ਦੀ ਨਵੀਂ ਜੁਗਤ' ਨੂੰ ਅਪਣਾਉਣ ਦਾ ਫ਼ੈਸਲਾ ਕੀਤਾ। 'ਖੇਤੀਬਾੜੀ ਦੀ ਨਵੀਂ ਜੁਗਤ' ਵੱਧ ਝਾੜ ਦੇਣ ਵਾਲੇ ਬੀਜਾਂ, ਯਕੀਨੀ ਸਿੰਚਾਈ, ਰਸਾਇਣਿਕ ਖਾਦਾਂ, ਕੀਟਨਾਸ਼ਕਾਂ, ਉੱਲੀਨਾਸ਼ਕਾਂ, ਨਦੀਨਨਾਸ਼ਕਾਂ ਅਤੇ ਹੋਰ ਰਸਾਇਣਾਂ, ਮਸ਼ੀਨਰੀ ਅਤੇ ਖੇਤੀਬਾੜੀ ਕਰਨ ਦੀਆਂ ਆਧੁਨਿਕ ਵਿਧੀਆਂ ਦਾ ਇਕ ਪੁਲੰਦਾ ਸੀ। ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਕਾਰੀਗਰਾਂ ਦੀ ਹੱਡ-ਭੰਨਵੀਂ ਮਿਹਨਤ ਅਤੇ ਕੁਦਰਤੀ ਸਾਧਨਾਂ ਦੀ ਲੋੜੋਂ ਵੱਧ ਵਰਤੋਂ ਦੇ ਨਤੀਜੇ ਵਜੋਂ ਮੁਲਕ ਵਿਚ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਉੱਪਰ ਸ਼ਾਨਦਾਰ ਤਰੀਕੇ ਨਾਲ ਕਾਬੂ ਪਾ ਲਿਆ ਗਿਆ, ਪਰ ਮੁਲਕ ਵਿਚ ਅਪਣਾਈਆਂ ਗਈਆਂ ਖੇਤੀਬਾੜੀ ਨੀਤੀਆਂ ਕਾਰਨ ਦਿਨੋਂ-ਦਿਨ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀਆਂ ਆਰਥਿਕ ਹਾਲਤਾਂ ਨਿੱਘਰਦੀਆਂ ਗਈਆਂ। ਸਰਕਾਰੀ ਅੰਕੜਿਆਂ ਅਨੁਸਾਰ ਮੁਲਕ ਦੇ ਵੱਖ-ਵੱਖ ਸੂਬਿਆਂ ਵਿਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਲਗਾਤਾਰ ਜਾਰੀ ਹਨ।

2011 ਦੀ ਜਨਸੰਖਿਆ ਦੇ ਅੰਕੜਿਆਂ ਅਨੁਸਾਰ ਮੁਲਕ ਵਿਚ 11.88 ਕਰੋੜ ਕਿਸਾਨ ਅਤੇ 14.43 ਕਰੋੜ ਖੇਤ ਮਜ਼ਦੂਰ ਹਨ। ਮੁਲਕ ਦੇ ਕਿਸਾਨਾਂ ਵਿਚੋਂ 68.45 ਫ਼ੀਸਦ ਸੀਮਾਂਤ ਕਿਸਾਨ (1 ਹੈਕਟੇਅਰ ਤੋਂ ਘੱਟ), 17.62 ਫ਼ੀਸਦ ਛੋਟੇ ਕਿਸਾਨ (1 ਹੈਕਟੇਅਰ ਤੋਂ 2 ਹੈਕਟੇਅਰ ਤੋਂ ਘੱਟ) ਅਤੇ ਬਾਕੀ ਦੇ 13.93 ਫ਼ੀਸਦ ਅਰਧ-ਦਰਮਿਆਨੇ, ਦਰਮਿਆਨੇ ਅਤੇ ਵੱਡੇ ਕਿਸਾਨ ਹਨ। ਇਨ੍ਹਾਂ ਵੱਖ ਵੱਖ ਕਿਸਾਨ ਸ਼੍ਰੇਣੀਆਂ ਵਿਚੋਂ ਸੀਮਾਂਤ ਅਤੇ ਛੋਟੇ ਕਿਸਾਨ ਦੀ ਆਰਥਿਕ ਹਾਲਤ ਬਹੁਤ ਹੀ ਮਾੜੀ ਹੈ। ਇਨ੍ਹਾਂ ਸ਼੍ਰੇਣੀਆਂ ਵਿਚੋਂ ਜ਼ਿਆਦਾਤਰ ਕਿਸਾਨਾਂ ਕੋਲ ਮੰਡੀ ਵਿਚ ਵੇਚਣ ਲਈ ਜਿਨਸਾਂ ਬਹੁਤ ਹੀ ਘੱਟ ਹੁੰਦੀਆਂ ਹਨ। ਕੁਝ ਕਿਸਾਨ ਤਾਂ ਆਪਣੀਆਂ ਕੱਪੜਿਆਂ, ਦਵਾਈਆਂ ਆਦਿ ਦੀਆਂ ਲੋੜਾਂ ਪੂਰੀਆਂ ਕਰਨ ਲਈ ਸਾਰੇ ਸਾਲ ਲਈ ਰੱਖੇ ਅਨਾਜ ਵਿਚੋਂ ਕੁਝ ਹਿੱਸਾ ਮੰਡੀ ਵਿਚ ਵੇਚ ਦਿੰਦੇ ਹਨ ਅਤੇ ਬਾਅਦ ਵਿੱਚ ਆਪਣੀ ਅਨਾਜ ਦੀ ਲੋੜ ਨੂੰ ਪੂਰਾ ਕਰਨ ਲਈ ਮੰਡੀ ਵਿਚੋਂ ਉੱਚੀਆਂ ਕੀਮਤਾਂ ਉੱਤੇ ਅਤਿ ਲੋੜੀਂਦਾ ਅਨਾਜ ਖ਼ਰੀਦਣ ਲਈ ਮਜਬੂਰ ਹੁੰਦੇ ਹਨ।

ਆਪਣੀ ਰੋਜ਼ੀ-ਰੋਟੀ ਲਈ ਖੇਤੀਬਾੜੀ ਖੇਤਰ ਉੱਪਰ ਨਿਰਭਰ ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਪੇਂਡੂ ਆਰਥਿਕਤਾ ਦੀ ਪੌੜੀ ਦੇ ਥੱਲੇ ਵਾਲੇ ਉਹ ਦੋ ਡੰਡੇ ਹਨ ਜੋ ਘਸਦੇ ਵੀ ਜ਼ਿਆਦਾ

(ਬਾਕੀ ਸਫ਼ਾ 30 'ਤੇ)

# ਸ਼੍ਰੋਮਣੀ ਕਮੇਟੀ ਨੇ ਇੰਦੌਰ 'ਚ ਸਿੰਧੀ ਸਮਾਜ ਨੂੰ ਸਿੱਖ ਧਰਮ ਨਾਲ ਪੁਨਰ ਜੋੜਕੇ ਉਸਾਰੂ ਨੀਤੀ ਅਪਣਾਈ

ਰਜਿੰਦਰ ਸਿੰਘ ਪੁਰੇਵਾਲ

- ਸਿੰਧੀ ਆਗੂਆਂ ਨਾਲ ਕੀਤੀ ਮੀਟਿੰਗ ਤੇ ਸਿੱਖ ਮਰਯਾਦਾ ਦ੍ਰਿੜ ਕਰਵਾਉਣ ਲਈ ਨਿਯੁਕਤ ਕੀਤੇ ਪ੍ਰਚਾਰਕ
- ਸਿੰਧੀ ਭਾਈਚਾਰਾ ਅਕਾਲ ਤਖ਼ਤ ਸਾਹਿਬ ਜਾਵੇਗਾ ਤੇ ਜਥੇਦਾਰ ਨੂੰ ਮਿਲੇਗਾ

ਬੀਤੇ ਦਿਨੀਂ ਮੱਧ ਪ੍ਰਦੇਸ਼ ਵਿਖੇ ਬੀਤੇ ਦਿਨੀਂ ਕੁਝ ਸਿੱਖ ਜਥੇਬੰਦੀਆਂ ਵਲੋਂ ਮਰਿਯਾਦਾ ਦੇ ਨਾਮ ਉਪਰ ਸਿੰਧੀ ਸਮਾਜ ਦੇ ਅਸਥਾਨਾਂ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਚੁੱਕਣ ਦੀਆਂ ਘਟਨਾਵਾਂ ਦੇ ਮੱਦੇਨਜ਼ਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਫ਼ਦ ਨੇ ਬੀਤੇ ਦਿਨੀਂ ਇੰਦੌਰ ਪੁੱਜ ਕੇ ਇੱਥੇ ਵਾਪਰੀਆਂ ਘਟਨਾਵਾਂ ਸਬੰਧੀ ਸਮੁੱਚੀ ਜਾਣਕਾਰੀ ਪ੍ਰਾਪਤ ਕਰਕੇ ਸ੍ਰੀ ਗੁਰੂ ਸਿੰਘ ਸਭਾ, ਇੰਦੌਰ ਅਤੇ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਛੱਤੀਸਗੜ੍ਹ ਮੱਧ ਪ੍ਰਦੇਸ਼ ਦੇ ਸਹਿਯੋਗ ਨਾਲ ਸਵਾਮੀ ਪ੍ਰੀਤਮ ਦਾਸ ਸਭਾ ਗ੍ਰਹਿ, ਸਿੰਧੀ ਕਾਲੋਨੀ, ਇੰਦੌਰ ਵਿਖੇ ਅਖਿਲ ਭਾਰਤੀਯ ਸਿੰਧੂ ਸੰਤ ਸਮਾਜ ਟ੍ਰਸਟ ਦੇ ਮਹਾਂਮੰਡਲੇਸ਼ਵਰ ਸਵਾਮੀ ਹੰਸ ਰਾਮ (ਭੀਲਵਾੜਾ, ਰਾਜਸਥਾਨ) ਸਮੇਤ 20 ਦੇ ਕਰੀਬ ਸਨਾਤਨੀ ਮੱਤ ਵਾਲੇ ਸਿੰਧੀ ਆਗੂਆਂ ਨਾਲ ਸੁਖਾਵੇਂ ਮਾਹੌਲ ਵਿਚ ਮੁਲਾਕਾਤ ਕਰਕੇ ਸਿੰਧੀ ਭਾਈਚਾਰੇ ਨੂੰ ਸਿੱਖ ਧਰਮ ਨਾਲ ਮੁੜ ਜੋੜਨ ਵਿਚ ਸਫਲ ਹੋਇਆ। ਅਕਾਲ ਤਖਤ ਸਾਹਿਬ ਦਾ ਇਹ ਸੰਦੇਸ਼ ਵੀ ਸਾਂਝਾ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਮਰਯਾਦਾ ਅਨੁਸਾਰ ਰੱਖਣਾ ਸਾਡਾ ਸਭ ਤੋਂ ਪਹਿਲਾ ਫਰਜ਼ ਹੈ। ਇਕੱਤਰਤਾ ਵਿਚ ਹਾਜ਼ਰ ਸਿੰਧੀ ਸਮਾਜ ਦੇ ਆਗੂਆਂ ਨੇ ਤਸੱਲੀ ਪ੍ਰਗਟ ਕਰਦਿਆਂ ਗੱਲਬਾਤ ਨੂੰ ਅੱਗੇ ਵਧਾਉਣ ਦੀ ਗੱਲ ਆਖੀ ਹੈ ਅਤੇ ਜਲਦ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਜਾਣ ਤੇ ਜਥੇਦਾਰ ਹਰਪ੍ਰੀਤ ਸਿੰਘ ਨੂੰ ਮਿਲਣ ਦੀ ਗੱਲ ਆਖੀ। ਸਿੰਧੀ ਆਗੂਆਂ ਦਾ ਮੰਨਣਾ ਹੈ ਕਿ 'ਅਸੀਂ ਵੱਡ-ਵਡੇਰਿਆਂ ਤੋਂ ਬਾਬਾ ਗੁਰੂ ਨਾਨਕ ਜੀ ਦੇ ਸ਼ਰਧਾਲੂ ਹਾਂ ਅਤੇ ਸਾਡਾ ਗੁਰਬਾਣੀ ਵਿਚ ਅਟੁੱਟ ਵਿਸ਼ਵਾਸ ਹੈ। ਯਾਦ ਰਹੇ ਕਿ ਪਿਛਲੇ ਦਿਨੀਂ ਇੰਦੌਰ ਵਿਚ, ਸਿੰਧੀ ਪਰਿਵਾਰਾਂ ਕੋਲੋਂ ਸਤਿਕਾਰ ਕਮੇਟੀ ਦੁਆਰਾ ਮਰਯਾਦਾ ਦੇ ਨਾਂ 'ਤੇ ਡਰਾ-ਧਮਕਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਵਾਪਸ ਲੈਣ ਦੀ ਕਾਰਵਾਈ ਤੋਂ ਬਾਅਦ, ਸਿੰਧੀ ਭਾਈਚਾਰਾ ਆਪਣੇ ਆਪ ਨੂੰ ਸਿੱਖ ਧਰਮ ਤੋਂ ਬੇਗਾਨਾ ਮਹਿਸੂਸ ਕਰ ਰਿਹਾ ਸੀ। ਪਰ ਅਕਾਲ ਤਖਤ ਸਾਹਿਬ ਦੇ ਹੁਕਮ ਤਹਿਤ ਸ਼੍ਰੋਮਣੀ ਕਮੇਟੀ ਉਨ੍ਹਾਂ ਨੂੰ ਸਿੱਖ ਧਰਮ ਨਾਲ ਪੁਨਰ ਜੋੜਨ ਵਿਚ ਸਫਲ ਰਹੀ ਹੈ। ਇਸ ਤੋਂ ਪਹਿਲਾਂ ਪੰਜਾਬ ਤੋਂ ਗਈ ਇਕ ਸਤਿਕਾਰ ਕਮੇਟੀ ਨੇ ਇੰਦੌਰ ਦੀ ਇਕ ਸਿੰਧੀ ਧਰਮਸ਼ਾਲਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਅੰਦਰ ਕਰਮ-ਕਾਂਡ ਅਤੇ ਮਨਮਤਿ ਹੋਣ ਦੀ ਸ਼ਿਕਾਇਤ ਮਿਲਣ ਤੋਂ ਬਾਅਦ, ਇੰਦੌਰ ਦੇ ਸਮੁੱਚੇ ਸਿੰਧੀ ਪਰਿਵਾਰਾਂ ਨੂੰ ਚਿਤਾਵਨੀ ਦੇ ਦਿੱਤੀ ਸੀ



ਕਿ ਉਹ ਮਰਯਾਦਾ ਦਾ ਪਾਲਣ ਨਹੀਂ ਕਰ ਰਹੇ, ਜਿਸ ਕਾਰਨ ਘਰਾਂ ਵਿਚ ਰੱਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਵਾਪਸ ਕਰ ਦੇਣ। ਸਿੰਧੀ ਸਮਾਜ ਦੇ ਅਨੇਕਾਂ ਪਰਿਵਾਰਾਂ ਨੇ 92 ਦੇ ਕਰੀਬ ਪਾਵਨ ਸਰੂਪ ਗੁਰਦੁਆਰਾ ਇਮਲੀ ਸਾਹਿਬ ਪਹੁੰਚਾ ਦਿੱਤੇ, ਜਿਨ੍ਹਾਂ ਵਿਚੋਂ ਬਹੁਤ ਸਾਰੇ ਪੁਰਾਤਨ ਹੱਥ-ਲਿਖਤ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਉਕਤ ਘਟਨਾ ਦਾ ਸਖ਼ਤ ਨੋਟਿਸ ਲੈਂਦਿਆਂ ਸਿੰਧੀ ਸਮਾਜ ਨੂੰ ਖੌਫ਼ਜ਼ਦਾ ਕਰਨ ਵਾਲੇ ਸਿੱਖ ਆਗੂਆਂ ਨੂੰ ਤਲਬ ਕੀਤਾ ਸੀ। ਸ਼੍ਰੋਮਣੀ ਕਮੇਟੀ ਨੇ ਵੀ ਆਪਣਾ ਵਫ਼ਦ ਭੇਜ ਕੇ ਜਿੱਥੇ ਸਿੰਧੀ ਪਰਿਵਾਰਾਂ ਨੂੰ ਭਰੋਸੇ ਵਿਚ ਲਿਆ ਸੀ, ਉੱਥੇ ਉਨ੍ਹਾਂ ਨੂੰ ਦੇ ਪਾਵਨ ਸਰੂਪ ਵਾਪਸ ਵੀ ਕਰਵਾ ਦਿੱਤੇ ਸਨ। ਸ਼੍ਰੋਮਣੀ ਕਮੇਟੀ ਨੇ 5 ਪ੍ਰਚਾਰਕ ਸਿੰਧੀ ਸਮਾਜ ਲਈ ਨਿਯੁਕਤ ਕਰ ਦਿੱਤੇ ਹਨ ਜੋ ਸਿੰਧੀ ਸਮਾਜ ਸਿੱਖ ਰਹਿਤ ਮਰਯਾਦਾ ਬਾਰੇ ਜਾਗਰੂਕਤਾ ਲਿਆਉਣ ਦੀ ਜ਼ਿੰਮੇਵਾਰੀ ਨਿਭਾਉਣਗੇ।

ਸਿੰਧੀ ਸਮਾਜ ਦਾ ਸਿੱਖ ਧਰਮ ਨਾਲ ਰਿਸ਼ਤਾ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਜੁੜਿਆ ਹੋਇਆ ਹੈ। ਜਦੋਂ ਗੁਰੂ ਨਾਨਕ ਦੇਵ ਜੀ ਮੱਕਾ ਤੇ ਮਦੀਨਾ ਨੂੰ ਜਾਂਦੇ ਹੋਏ ਭੁਜ ਅਤੇ ਕੱਛ ਗਏ ਸਨ ਤਾਂ ਉਸ ਦੌਰਾਨ ਉੱਥੇ ਬਹੁਤ ਸਾਰੇ ਸਿੰਧੀ ਗੁਰੂ ਨਾਨਕ ਸਾਹਿਬ ਦੇ ਸ਼ਰਧਾਲੂ ਬਣ ਗਏ ਸਨ। ਸਿੰਧੀਆਂ ਵਲੋਂ ਗੁਰੂ ਸਾਹਿਬਾਨਾਂ ਦੇ ਸਮੇਂ ਤੋਂ ਆਪਣੀਆਂ ਧਰਮਸ਼ਾਲਾਵਾਂ ਵਿਚ ਵੀ ਗੁਰਬਾਣੀ ਦਾ ਪ੍ਰਚਾਰ ਅਤੇ ਗਾਇਨ ਕੀਤਾ ਜਾਂਦਾ ਹੈ। ਸਿੰਧੀਆਂ ਦੀ ਅਬਾਦੀ ਕੱਛ ਅਤੇ ਭੁਜ ਤੋਂ ਕਰਾਚੀ, ਹੈਦਰਾਬਾਦ, ਗੁਜਰਾਤ, ਰਾਜਸਥਾਨ, ਮਹਾਰਾਸ਼ਟਰ ਅਤੇ ਮੱਧ ਪ੍ਰਦੇਸ਼ ਤੱਕ ਫੈਲੀ ਹੋਈ ਹੈ। ਭਾਰਤ ਵਿਚ ਇਸ ਵੇਲੇ ਸਿੰਧੀ ਭਾਈਚਾਰੇ ਦੀ ਅਬਾਦੀ 2 ਲੱਖ ਦੇ ਕਰੀਬ ਹੈ। ਮੁੰਬਈ ਦੇ ਨਾਲ ਲਗਦੇ ਖੇਤਰ ਉਲਹਾਸ ਨਗਰ ਨੂੰ ਹਾਲ ਹੀ ਦੇ ਸਮੇਂ ਵਿਚ ਸਿੰਧੀ ਸਿੱਖਾਂ ਨੇ ਇਕ ਵਿਸ਼ੇਸ਼ ਹੈੱਡਕੁਆਰਟਰ ਵਜੋਂ ਰੱਖਿਆ ਹੋਇਆ ਹੈ। ਇੱਥੋਂ ਦਾ ਗੁਰਦੁਆਰਾ ਗੁਰੂ ਨਾਨਕ ਦਰਬਾਰ ਦੇਸ਼-ਵਿਦੇਸ਼ ਦੇ ਸਿੱਖਾਂ ਵਿਚ ਵਿਸ਼ੇਸ਼ ਖਿੱਚ ਦਾ ਕੇਂਦਰ ਬਣ ਰਿਹਾ ਹੈ। ਭਾਰਤ ਵਿਚ ਆਏ ਸਿੰਧੀਆਂ ਵਿੱਚੋਂ ਦਾਦਾ ਚੇਲਾਰਾਮ ਦਿੱਲੀ ਵਿਚ ਆ ਕੇ ਵਸਿਆ ਅਤੇ ਪੂਸਾ ਰੋਡ, ਦਿੱਲੀ ਉੱਤੇ 'ਨਿਜ ਟਾਊਨ' ਨਾਮ ਦਾ ਆਪਣਾ ਆਸ਼ਰਮ ਸਥਾਪਤ ਕੀਤਾ। ਦਾਦਾ ਚੇਲਾ ਰਾਮ ਦੇ ਅਕਾਲ ਚਲਾਣੇ ਤੋਂ ਬਾਅਦ ਉਨ੍ਹਾਂ ਦੀ ਬੇਟੀ ਕਮਲਾ ਨੇ ਧਰਮ ਪ੍ਰਚਾਰ ਦੀ ਸੇਵਾ ਸੰਭਾਲੀ ਅਤੇ ਹੁਣ ਦਾਦਾ ਜੀ ਦਾ ਪੁੱਤਰ ਲਛਮਣ ਚੇਲਾਰਾਮ ਗੁਰੂ ਨਾਨਕ ਦੇਵ ਜੀ ਦੇ ਧਰਮ ਦੇ ਪ੍ਰਚਾਰ ਵਿਚ ਰੁਚੀ ਰੱਖਦਾ ਹੈ। ਇਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿੰਧੀ ਅਤੇ ਹਿੰਦੀ ਵਿਚ ਸਾਹਿਤ ਤਿਆਰ ਕੀਤਾ ਹੈ ਅਤੇ ਦੇਸ਼ ਦੀਆਂ ਹੋਰ ਪ੍ਰਮੁੱਖ ਭਾਸ਼ਾਵਾਂ ਵਿਚ ਅੰਗਰੇਜ਼ੀ, ਗੁਜਰਾਤੀ, ਬੰਗਾਲੀ, ਦੇਵ ਨਗਰੀ ਅਤੇ ਸਿੰਧੀ ਵਿਚ ਟੀਕਾਕਰਨ ਦਾ ਉੱਦਮ ਕੀਤਾ ਹੈ। ਇਸ ਨੇ ਹਿਮਾਚਲ ਪ੍ਰਦੇਸ਼ ਦੇ ਸੋਲਨ ਨੇੜੇ ਸਪਰੂਨ ਵਿਖੇ 'ਦਾਦਾ ਚੇਲਾ ਰਾਮ ਆਸ਼ਰਮ' ਵੀ ਸਥਾਪਤ ਕੀਤਾ ਹੈ। ਉਨ੍ਹਾਂ ਸੁਖਮਨੀ ਸਾਹਿਬ ਬਾਣੀ ਨੂੰ ਉੜੀਆ, ਤੇਲਗੂ, ਤਾਮਿਲ ਅਤੇ ਰੋਮਨ ਲਿਪੀ ਵਿਚ ਛਾਪਣ ਦਾ ਵੀ ਪ੍ਰਬੰਧ

(ਬਾਕੀ ਸਫ਼ਾ 29 'ਤੇ)

# ਖ਼ਾਲਸੇ ਦਾ ਮਨੁੱਖੀ ਹੱਕਾਂ ਤੇ ਨਿਆਂ ਬਾਰੇ 26 ਜਨਵਰੀ ਦਾ ਮਾਰਚ

## ➢ ਪੰਜਾਬ ਦੀ ਚੜ੍ਹਦੀ ਜਵਾਨੀ ਇਨਸਾਫ਼ ਮਾਰਚ ਦੀ ਸ਼ਾਨ ਅਤੇ ਮਾਣ
## ➢ ਫ਼ੈਸਲੇ ਦੀ 'ਕਮਾਂਡ' ਵਿੱਚ ਬੁਨਿਆਦੀ ਤਬਦੀਲੀ

## ਮੇਰੀ ਰਿਹਾਈ ਹੋਵੇ ਭਾਵੇਂ ਨਾ ਹੋਵੇ ਪਰ ਸਿੰਘਾਂ ਦੀ ਰਿਹਾਈ 'ਤੇ ਪਹਿਰਾ ਦੇਣਾ ਸਭ ਤੋਂ ਜ਼ਰੂਰੀ : ਜਗਤਾਰ ਸਿੰਘ ਹਵਾਰਾ



ਕਰਮਜੀਤ ਸਿੰਘ ਚੰਡੀਗੜ੍ਹ
ਸੀਨੀਅਰ ਪਤਰਕਾਰ
9915091063



ਅੱਜ ਪੰਜਾਬ ਦੇ ਇਤਿਹਾਸ ਨੇ ਨਵੀਂ ਕਰਵਟ ਲਈ। ਸਾਹਿਬਜ਼ਾਦਾ ਅਜੀਤ ਸਿੰਘ ਨਗਰ ਮੋਹਾਲੀ ਦੀਆਂ ਸੜਕਾਂ ਉੱਤੇ ਕੇਸਰੀ ਝੰਡਿਆਂ ਦਾ ਇਕ ਦਰਿਆ ਵਗ ਰਿਹਾ ਸੀ ਅਤੇ ਜੇ ਸੱਚ ਪੁੱਛੋ ਤਾਂ ਇਸ ਦਰਿਆ ਵਿਚ ਇਕੋ ਜਹਾਜ਼ ਚੱਲ ਰਿਹਾ ਸੀ ਜਿਸ ਵਿੱਚ 95 ਫੀਸਦ ਮੁਸਾਫ਼ਰ ਪੰਜਾਬ ਦੇ ਗੱਭਰੂ ਹੀ ਸਨ। ਇਸ ਅਲੌਕਿਕ ਦ੍ਰਿਸ਼ ਨੂੰ ਬਿਆਨ ਕਰਨ ਲਈ ਮੇਰੇ ਕੋਲ ਉਹ ਸ਼ਬਦ ਨਹੀਂ ਜੋ ਇਸ ਬੇਮਿਸਾਲ ਵਰਤਾਰੇ ਨਾਲ ਪੂਰਾ ਪੂਰਾ ਇਨਸਾਫ਼ ਕਰ ਸਕਣ, ਪਰ ਫਿਰ ਵੀ ਜੇ ਰਾਜਨੀਤਕ ਨਜ਼ਰੀਏ ਤੋਂ ਇਸ ਇਤਿਹਾਸਿਕ ਮਾਰਚ ਨੂੰ ਬਿਆਨ ਕਰਨਾ ਹੋਵੇ ਤਾਂ ਇਹ ਇਕ ਤਰ੍ਹਾਂ ਨਾਲ 'ਪੁਰਅਮਨ ਜੰਗ ਦਾ ਐਲਾਨ ਸੀ-ਇਕ ਅਜਿਹੀ ਸ਼ਾਂਤਮਈ ਜੰਗ ਜਿਸ ਦੀਆਂ ਹੇਠਲੀਆਂ ਤੈਹਾਂ ਵਿਚ ਰੋਸ ਵੀ ਸੀ, ਗੁੱਸਾ ਵੀ ਸੀ, ਬੇਚੈਨੀ ਵੀ ਸੀ,ਅਮੋੜ ਜਜ਼ਬਾਤ ਵੀ ਸਨ ਅਤੇ ਉਹ ਸਾਰੇ ਇਸ਼ਾਰੇ ਸ਼ਾਮਲ ਸਨ ਜੋ ਖਾਲਸਾ ਤਰਜ਼ੇ-ਜ਼ਿੰਦਗੀ ਦਾ ਅਟੁੱਟ ਹਿੱਸਾ ਰਹੇ ਹਨ ਅਤੇ ਕਿਸੇ ਸਮੇਂ ਵੀ ਇਤਿਹਾਸਕ ਅਮਲ ਵਿਚ ਉਤਰ ਸਕਦੇ ਹਨ। ਦੋਸਤੋ ਨਾ ਹੀ ਪੁੱਛੋ ਕਿ ਉਹ ਗਿਣਤੀ ਕਿੰਨੀ ਸੀ ਜਿਵੇਂ ਤੁਸੀਂ ਇਹ ਜਾਨਣ ਲਈ ਉਤਾਵਲੇ ਹੋ? ਭਲਾ ਕੋਈ ਸਮੁੰਦਰ ਨੂੰ ਮਿਣ ਸਕਦਾ ਹੈ? ਨਾ ਹੀ ਇਹ ਪੁੱਛੋ ਕਿ ਮਾਰਚ ਵਿਚ ਹਿੱਸਾ ਲੈਣ ਵਾਲਿਆਂ ਵਿਚ ਜੋਸ਼ ਅਤੇ ਹੋਸ਼ ਦੇ ਜਜ਼ਬਿਆਂ ਦਾ ਵਹਾਅ ਕਿਹੋ ਜਿਹਾ ਸੀ? ਭਲਾ ਦਰਿਆਵਾਂ ਦੇ ਹੜ੍ਹ ਕਦੇ ਕੋਈ ਰੋਕ ਸਕਿਆ ਹੈ? ਬਸ ਇਸ ਮਾਰਚ ਬਾਰੇ ਇਹੋ ਕਿਹਾ ਜਾ ਸਕਦਾ ਹੈ-ਬੇਮਿਸਾਲ, ਲਾਮਿਸਾਲ,ਜਜ਼ਬਿਆਂ ਦਾ ਸ਼ਾਂਤ ਤੂਫ਼ਾਨ, ਸਿੱਖ ਇਤਿਹਾਸ ਦੀ ਪਿਆਰੀ ਯਾਦਗਾਰ, ਜੋਸ਼ ਨਾਲ ਲੱਦੇ ਚਿਹਰੇ, ਵੱਡੀਆਂ ਆਸਾਂ ਅਤੇ ਉਮੀਦਾਂ ਦਾ ਸੰਦੇਸ਼ ਆਪਣੇ ਨਾਲ ਲੈ ਕੇ ਆਇਆ ਹੈ ਇਹ ਮੋਰਚਾ।

ਤੁਹਾਡਾ ਪੱਤਰਕਾਰ ਜਦੋਂ ਵਾਈ ਪੀ ਐਸ ਚੌਕ ਵਿੱਚ ਪਹੁੰਚਿਆ ਤਾਂ ਇਨਸਾਫ ਮਾਰਚ ਰਵਾਨਾ ਹੋ ਚੁੱਕਿਆ ਸੀ।ਪਰ ਦਸ ਹਜ਼ਾਰ ਤੋਂ ਉਪਰ ਸੰਗਤ ਜੋ ਪੰਜਾਬ ਦੇ ਵੱਖ ਵੱਖ ਇਲਾਕਿਆਂ ਤੋਂ ਰਤਾ ਦੇਰ ਨਾਲ ਆਈ ਸੀ, ਉਹ ਸੰਗਤ ਵੀ ਮੋਰਚਾ ਕੰਪਲੈਕਸ ਵਿੱਚ ਨਜ਼ਰ ਆ ਰਹੀ ਸੀ।ਸਤ ਫੇਜ਼ ਦੀਆਂ ਲਾਈਟਾਂ ਤੋਂ ਲੈ ਕੇ ਮੋਰਚਾ ਕੰਪਲੈਕਸ ਤੱਕ ਕਰੀਬ ਇੱਕ ਕਿਲੋਮੀਟਰ ਵਿੱਚ 6 ਕਤਾਰਾਂ ਵਿੱਚ ਦੋਵੇਂ ਸੜਕਾਂ ਤੇ ਗੱਡੀਆਂ ਹੀ ਗੱਡੀਆਂ ਪਾਰਕ ਕੀਤੀਆਂ ਹੋਈਆਂ ਸਨ। ਅਸੀਂ ਪਤਾ ਕਰਕੇ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਇਤਿਹਾਸਕ ਗੁਰਦੁਆਰਾ ਵਿੱਚ ਕਿਸੇ ਨਾ ਕਿਸੇ ਤਰ੍ਹਾਂ ਪਹੁੰਚ ਹੀ ਗਏ, ਜਿੱਥੇ ਇਨਸਾਫ ਮਾਰਚ ਅਜੇ ਪਹੁੰਚਿਆ ਹੀ ਸੀ।

ਦੋਸਤੋ, ਦੁਪਹਿਰ 1 ਵਜ ਕੇ 39 ਮਿੰਟ ਤੇ ਮਾਰਚ ਦਾ ਪਹਿਲਾ ਜਥਾ ਗੁਰਦੁਆਰਾ ਸਾਹਿਬ ਪਹੁੰਚਿਆ ਅਤੇ ਮਾਰਚ ਦੀ ਲੰਬਾਈ ਏਨੀ ਜ਼ਿਆਦਾ ਸੀ ਕਿ ਸਾਢੇ ਤਿੰਨ ਵਜੇ ਤੱਕ ਵੀ ਮਾਰਚ ਮੋਟਰਸਾਇਕਲਾਂ, ਟਰੈਕਟਰਾਂ, ਜੀਪਾਂ, ਕਾਰਾਂ, ਸਾਈਕਲਾਂ, ਮਿੰਨੀ ਬੱਸਾਂ, ਘੋੜ ਸਵਾਰਾਂ ਅਤੇ ਬੱਸਾਂ ਰਾਹੀਂ ਵੰਨ ਸੁਵੰਨੀਆਂ ਝਾਕੀਆਂ ਅਤੇ ਦ੍ਰਿਸ਼ ਪੇਸ਼ ਕਰਦਾ ਆਪਣੀ ਮੰਜ਼ਲ ਵੱਲ ਵਧ ਰਿਹਾ ਸੀ ਪਰ ਅਸੀਂ ਤਾਂ ਅਜੇ ਸਟੋਰੀ ਵੀ ਤਿਆਰ ਕਰਨੀ ਸੀ। ਇਸ ਲਈ ਸਾਨੂੰ ਚਾਰ ਵਜੇ ਮੈਦਾਨ ਛੱਡਣਾ ਪਿਆ। ਉਂਜ ਇਸ ਮਾਰਚ ਦੀ ਲੰਬਾਈ ਦਸ ਕਿਲੋਮੀਟਰ ਦਸੀ ਜਾ ਰਹੀ ਹੈ ਪਰ ਲੰਬਾਈ ਨਾਲੋਂ ਕਿਤੇ ਵੱਧ ਉਸ ਹੁੰਗਾਰੇ ਦੀ ਕਰਾਮਾਤ ਹੈ ਜਿਸ ਨੇ ਇਸ ਮਾਰਚ ਦੀ ਸ਼ਾਨ ਅਤੇ ਆਣ ਨੂੰ ਚਾਰ ਚੰਨ ਲਾਏ।

ਪੱਤਰਕਾਰੀ ਦੇ ਖੇਤਰ ਵਿੱਚ ਚਾਲੀ ਸਾਲਾਂ ਦੇ ਲੰਮੇ ਅਨੁਭਵ ਵਿਚ ਮੈਂ ਕਈ ਵੱਡੇ ਵੱਡੇ ਇਤਿਹਾਸਿਕ ਮਾਰਚ ਦੇਖੇ ਹਨ। ਉਨ੍ਹਾਂ ਦਾ ਵਿਸ਼ਲੇਸ਼ਣ ਵੀ ਕਰਦਾ ਰਿਹਾ ਹਾਂ। ਪਰ ਤੁਸੀਂ ਅੱਜ ਪੁੱਛੋਗੇ ਕਿ ਇਸ ਮਾਰਚ ਦੀ ਵੱਖਰੀ ਅਤੇ ਵਿਸ਼ੇਸ਼ ਸੱਚਾਈ ਕੀ ਸੀ ਜੋ ਇਸ ਨੂੰ ਹੋਰ ਮਾਰਚਾਂ ਨਾਲੋਂ ਵਖ ਕਰਦੀ ਹੈ।ਇਸ ਮਾਰਚ ਦੀ ਵਰਨਣਯੋਗ ਪ੍ਰਾਪਤੀ ਇਹ ਸੀ ਕਿ ਇਸ ਮਾਰਚ ਵਿੱਚ ਲੀਡਰਸ਼ਿਪ ਅਤੇ ਨੌਜਵਾਨਾਂ ਵਿੱਚ ਉੱਨੀ ਇੱਕੀ ਦਾ ਫਾਸਲਾ ਹੀ ਹੈ ਜਦ ਕਿ ਪਹਿਲੇ ਮਾਰਚਾਂ ਦੇ ਫੈਸਲਿਆਂ ਵਿਚ ਨੌਜਵਾਨ ਹੁੰਦੇ ਤਾਂ ਸਨ ਪਰ ਜਦੋਂ ਕੌਮ ਦੀ ਤਕਦੀਰ ਦੇ ਫ਼ੈਸਲੇ ਹੋਣ ਦੀ ਘੜੀ ਆਉਂਦੀ ਸੀ ਤਾਂ ਉਨ੍ਹਾਂ ਫੈਸਲਿਆਂ ਵਿੱਚ ਨੌਜਵਾਨਾਂ ਦੀ ਏਥੋਂ ਤੱਕ ਕਿ ਰਸਮੀ ਪੁੱਛ-ਗਿੱਛ ਵੀ ਨਹੀਂ ਹੁੰਦੀ ਸੀ।ਪਰ ਇਸ ਮੋਰਚੇ ਵਿਚ ਨੌਜਵਾਨ ਅਤੇ ਲੀਡਰਸ਼ਿਪ ਕਦਮ ਮਿਲਾ ਕੇ ਚੱਲ ਰਹੇ ਹਨ ਅਤੇ ਇਕ ਦੂਜੇ ਨੂੰ ਬਦਲਦੇ ਵੀ ਹਨ ਅਤੇ ਪ੍ਰਭਾਵਿਤ ਵੀ ਕਰਦੇ ਹਨ।

5-ਮੈਂਬਰੀ ਕਮੇਟੀ ਵਿਚ ਸ਼ਾਮਲ ਐਡਵੋਕੇਟ ਸਰਦਾਰ ਅਮਰ ਸਿੰਘ ਚਾਹਲ ਅਤੇ ਸਰਦਾਰ ਬਲਵਿੰਦਰ ਸਿੰਘ ਨਾਲ ਲੰਮੀ ਮੁਲਾਕਾਤ ਦੌਰਾਨ ਕੀਤੇ ਗਏ ਗੁੰਝਲਦਾਰ ਸਵਾਲਾਂ ਜਵਾਬਾਂ ਵਿੱਚ ਮੈਂ ਇਹ ਮਹਿਸੂਸ ਕੀਤਾ ਕਿ ਕੁਝ ਹਾਸਿਲ ਕਰਕੇ ਹੀ ਇਹ ਮੋਰਚਾ ਸਮਾਪਤ ਹੋ ਸਕੇਗਾ। ਇਸ ਲਈ ਆਉਣ ਵਾਲੇ ਫੈਸਲਾਕੁੰਨ ਦਿਨਾਂ ਵਿੱਚ ਸਰਕਾਰ ਅਤੇ ਲੀਡਰਸ਼ਿਪ ਵਿੱਚ ਡਿਪਲੋਮੈਟਿਕ ਅਭਿਆਸ ਅਤੇ ਮੁਕਾਬਲਾ ਕਾਫੀ ਮੁਸ਼ਕਲਾਂ ਦੇ ਦੌਰ ਵਿੱਚੋਂ ਗੁਜ਼ਰੇਗਾ। ਇਸ ਦਾ ਵੱਡਾ ਕਾਰਨ ਪੰਜ ਮੈਂਬਰੀ ਕਮੇਟੀ ਦੀ ਮੰਗਾਂ ਪ੍ਰਤੀ ਵਚਨਬੱਧਤਾ, ਨੌਜਵਾਨਾਂ ਦਾ ਅਸਰ ਅਤੇ ਸਭ ਤੋਂ ਵਧ ਭਾਈ ਜਗਤਾਰ ਸਿੰਘ ਹਵਾਰਾ ਦਾ ਕੁੰਡਾ ਅਤੇ ਦਿਬਦ੍ਰਿਸ਼ਟੀ ਵੱਡਾ ਰੋਲ ਅਦਾ ਕਰੇਗੀ। ਉਨ੍ਹਾਂ ਨੂੰ ਹਾਲ ਵਿਚ ਹੀ ਮਿਲਣ ਗਏ ਕੁਝ ਦੋਸਤਾਂ ਦਾ ਕਹਿਣਾ ਹੈ ਕਿ ਸਰਬੱਤ ਖਾਲਸਾ ਵਲੋਂ ਕਾਇਮ ਕੀਤੇ ਇਸ ਜਥੇਦਾਰ ਦਾ ਰੂਹਾਨੀ ਕਦ ਅਤੇ ਕੌਮ ਪ੍ਰਤੀ ਪਿਆਰ ਇਸ ਹਦ ਤੱਕ ਬੁਲੰਦ ਹੋ ਗਿਆ ਹੈ ਕਿ ਉਸ ਨੇ ਹਦਾਇਤ ਕੀਤੀ ਹੈ ਕਿ ਮੇਰੀ ਰਿਹਾਈ ਦੀ ਕੋਈ ਪ੍ਰਵਾਹ ਨਹੀਂ ਕਰਨੀ ਪਰ ਬਾਕੀ ਸਿੰਘਾਂ ਦੀ ਰਿਹਾਈ ਲਈ ਆਖਰ ਤੱਕ ਅੜਨਾਂ ਅਤੇ ਪਹਿਰਾ ਦੇਣਾ ਹੈ। ਇਸ ਸਬੰਧੀ ਬਾਪੂ ਗੁਰਚਰਨ ਸਿੰਘ ਵੀ ਰਿਹਾਈਆਂ ਹਾਸਲ ਕਰਕੇ ਹੀ ਦਮ ਲੈਣਗੇ।

ਸੱਚ ਮੁੱਚ ਮੋਰਚਾ ਕੰਪਲੈਕਸ ਇਕ ਤਰ੍ਹਾਂ ਨਾਲ ਇਕ ਪਿੰਡ ਦੀ ਤਰ੍ਹਾਂ ਸਜ ਗਿਆ ਹੈ,ਜਿਸ ਵਿੱਚ ਤਮਾਮ ਰਾਜਨੀਤਕ ਲੀਡਰਾਂ ਦਾ ਸਹਿਯੋਗ ਲਿਆ ਜਾਵੇਗਾ, ਉਨ੍ਹਾਂ ਨੂੰ ਖਿੜੇ ਮੱਥੇ ਸੱਦਿਆ ਜਾਵੇਗਾ, ਉਨ੍ਹਾਂ ਨੂੰ ਬਾਕਾਇਦਾ ਸਤਿਕਾਰ ਵੀ ਦਿੱਤਾ ਜਾਵੇਗਾ ਪਰ ਆਖਰੀ 'ਕਮਾਂਡ' ਇਸ ਵਾਰ ਉਨ੍ਹਾਂ ਦੇ ਕੋਲ ਨਹੀਂ ਹੋਵੇਗੀ। ਅਸਲ ਵਿੱਚ ਇਸ ਮੋਰਚੇ ਦੀ ਇਤਿਹਾਸਕ ਪ੍ਰਾਪਤੀ ਵੀ ਇਹੋ ਕਹੀ ਜਾ ਸਕਦੀ ਹੈ।

ਅੱਜ ਦੇ ਹੈਰਾਨਕੁਨ ਮਾਰਚ ਨਾਲ ਇਕ ਤਰ੍ਹਾਂ ਨਾਲ ਰਾਜਸੀ ਅਤੇ ਧਾਰਮਿਕ ਵਿਹੜਿਆਂ ਵਿੱਚ ਕੰਬਣੀ ਛਿੜੀ ਹੋਈ ਹੈ, ਕਿਉਂਕਿ ਇਸ ਮੋਰਚੇ ਵਿਚ ਕੋਈ ਵੀ ਰਾਜਨੀਤਕ ਧਿਰ ਜਾਂ ਵਿਸ਼ੇਸ਼ ਸੰਸਥਾ ਇਹ ਦਾਅਵਾ ਨਹੀਂ ਕਰ ਸਕਦੀ ਕਿ ਉਸੇ ਦਾ ਹੀ ਇਸ ਮੋਰਚੇ ਨੂੰ ਥਾਪੜਾ ਹੈ। ਕੁਝ ਪਲਾਂ ਲਈ ਸਭ ਬੇਅਸਰ ਹੋ ਗਏ ਜਾਪਦੇ ਹਨ। ਇਕ 26 ਜਨਵਰੀ ਸਾਰੇ ਦੇਸ਼ ਵਿੱਚ ਮਨਾਈ ਗਈ ਹੈ ਪਰ ਜਿਹੜੀ 26 ਜਨਵਰੀ ਦਸ਼ਮੇਸ਼ ਪਿਤਾ ਦੇ ਸਪੁੱਤਰ ਸਾਹਿਬਜ਼ਾਦਾ ਅਜੀਤ ਸਿੰਘ ਦੇ ਨਾਂ ਹੇਠਾਂ ਉਸਰੇ ਸ਼ਹਿਰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਚ ਮਨਾਈ ਗਈ, ਉਹ ਇਤਿਹਾਸਕ ਯਾਦਗਾਰ ਬਣ ਗਈ ਹੈ। ਇਤਿਹਾਸ ਵੀ ਕਈ ਵਾਰ ਅਜੀਬ ਲੁਕਣਮੀਚੀਆਂ ਖੇਡਦਾ ਹੈ। ਕੋਈ ਜਣਾ ਸਾਡਾ ਆਪਣਾ ਇਤਿਹਾਸਕਾਰ ਹੈ ਜੋ ਅਜੇ ਦੇ ਮਾਰਚ ਦੀ ਉਹ ਵਿਆਖਿਆ ਕਰੇ ਜੋ ਸਾਡੀ ਰੂਹ ਦੀ ਆਵਾਜ਼ ਹੋਵੇ? ਕੋਈ ਵੀ ਤਾਂ ਨਹੀਂ। ਕਿਸੇ ਨੇ ਸੱਚ ਕਿਹਾ ਹੈ ਕਿ ਜਦੋਂ ਤਕ ਸ਼ੇਰਾਂ ਦੇ ਆਪਣੇ ਇਤਿਹਾਸਕਾਰ ਨਹੀਂ ਹੁੰਦੇ, ਉਦੋਂ ਤੱਕ ਸ਼ਿਕਾਰ ਦੀਆਂ ਕਹਾਣੀਆਂ ਵਿਚ ਸ਼ਿਕਾਰੀਆਂ ਦੀ ਹੀ ਮਹਿਮਾ ਹੁੰਦੀ ਰਹੇਗੀ। ਇਤਿਹਾਸ ਵਿਹੂਣੀ ਕੌਮ ਚਰਾਗਾਹਾਂ ਵਿਚ ਵਗਦੀ ਹਵਾ ਵਾਂਗ ਹੁੰਦੀ ਹੈ।

# ਪੰਜ ਪਿਆਰਿਆਂ ਦਾ ਇਤਿਹਾਸ 4 ਮਹੀਨਿਆਂ ਵਿੱਚ ਸ਼੍ਰੋਮਣੀ ਕਮੇਟੀ ਟੂਰਿਜ਼ਮ ਵਿਭਾਗ ਨੂੰ ਨਹੀਂ ਦੇ ਸਕੀ

## ਸਿੱਖ ਰਿਸਰਚ ਬੋਰਡ ਕੋਲ ਵੀ ਪੰਜਾਂ ਪਿਆਰਿਆਂ ਦਾ ਇਤਿਹਾਸ ਨਹੀਂ ਹੈ

ਸ੍ਰੀ ਅਨੰਦਪੁਰ ਸਾਹਿਬ/ਏ.ਟੀ.ਨਿਊਜ਼ :- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁੱਖ ਕੰਮ ਗੁਰਦੁਆਰਿਆਂ ਦੀ ਸੇਵਾ ਸੰਭਾਲ ਤੇ ਧਰਮ ਦਾ ਪ੍ਰਚਾਰ ਕਰਨਾ ਹੈ। ਪਰ ਇਹ ਧਰਮ ਪ੍ਰਚਾਰ ਕਿਸ ਪੱਧਰ 'ਤੇ ਹੋ ਰਿਹਾ ਹੈ ਇਸ ਦੀ ਮਿਸਾਲ ਇਸ ਗੱਲ ਤੋਂ ਹੀ ਸਾਹਮਣੇ ਆਉਂਦੀ ਹੈ ਕਿ ਸ਼੍ਰੋਮਣੀ ਕਮੇਟੀ 4 ਮਹੀਨਿਆਂ ਵਿਚ ਪੰਜ ਪਿਆਰਿਆਂ ਦਾ ਇਤਿਹਾਸ ਵੀ ਉਪਲਬੱਧ ਨਹੀਂ ਕਰਵਾ ਸਕੀ। ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਜਿੱਥੇ ਪੰਜ ਪਿਆਰੇ ਸਾਜੇ ਗਏ ਸੀ ਤੇ ਇੱਥੇ ਹੀ ਸਿੱਖ ਕੌਮ ਦਾ ਪਾਵਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਮੌਜੂਦ ਹੈ ਪਰ ਇੱਥੇ ਪੰਜ ਪਿਆਰਿਆਂ ਦਾ ਇਤਿਹਾਸ ਉਪਲਬਧ ਨਹੀਂ ਹੈ। ਇਥੋਂ ਤੱਕ ਕਿ ਸ਼੍ਰੋਮਣੀ ਕਮੇਟੀ ਵੱਲੋਂ ਬਣਾਇਆ ਗਿਆ ਸਿੱਖ ਰਿਸਰਚ ਬੋਰਡ ਵੀ ਪੰਜਾਂ ਪਿਆਰਿਆਂ ਦਾ ਇਤਿਹਾਸ ਦੇਣ ਤੋਂ ਅਸਮਰੱਥ ਹੈ।

ਜਦੋਂ ਇਸ ਸਬੰਧੀ ਟੂਰਿਜ਼ਮ ਵਿਭਾਗ ਦੇ ਐਸਡੀਓ ਸੁਰਿੰਦਰਪਾਲ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਅਸੀਂ ਪੰਜ ਪਿਆਰਾ ਪਾਰਕ ਵਿਚ ਪੰਜਾਂ ਪਿਆਰਿਆਂ ਦਾ ਇਤਿਹਾਸ ਲਿਖਣ ਲਈ ਸ਼੍ਰੋਮਣੀ ਕਮੇਟੀ ਨੂੰ ਲਿਖਤੀ ਤੌਰ 'ਤੇ ਅਤੇ ਆਪ ਮਿਲ ਕੇ ਵੀ ਬੇਨਤੀ ਕੀਤੀ ਪਰ ਸਾਨੂੰ ਚਾਰ ਮਹੀਨੇ ਬੀਤਣ ਤੋਂ ਬਾਅਦ ਵੀ ਕੋਈ ਜੁਆਬ ਨਹੀਂ ਮਿਲਿਆ, ਜਦੋਂ ਕਿ ਅਸੀਂ ਕਈ ਵਾਰ ਰਿਮਾਇੰਡਰ ਵੀ ਭੇਜ ਚੁੱਕੇ ਹਾਂ। ਤਖਤ ਸ੍ਰੀ



ਕੇਸਗੜ੍ਹ ਸਾਹਿਬ ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 30 ਮਾਰਚ 1699 ਨੂੰ ਪੰਜ ਪਿਆਰੇ ਸਾਜੇ ਸੀ, ਜੇਕਰ ਉਸੇ ਪਾਵਨ ਇਤਿਹਾਸਕ ਅਸਥਾਨ ਤੋਂ ਪੰਜਾਂ ਪਿਆਰਿਆਂ ਦੀ ਜਾਣਕਾਰੀ ਨਹੀਂ ਮਿਲ ਸਕਦੀ ਤਾਂ ਬਾਕੀ ਥਾਵਾਂ 'ਤੇ ਕਿਸ ਤਰ੍ਹਾਂ ਦਾ ਧਰਮ ਪ੍ਰਚਾਰ ਹੋਵੇਗਾ, ਇਸ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਇਸ ਸਬੰਧੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਗੁਰਦੀਪ ਸਿੰਘ ਕੰਗ ਨੇ ਮੰਨਿਆ ਕਿ ਉਨ੍ਹਾਂ ਕੋਲੋਂ ਪੰਜਾਂ ਪਿਆਰਿਆਂ ਦੇ ਇਤਿਹਾਸ ਦੀ ਜਾਣਕਾਰੀ ਮੰਗੀ ਗਈ ਸੀ ਤੇ ਉਨ੍ਹਾਂ ਇਸ ਸਬੰਧੀ ਸਿੱਖ ਇਤਿਹਾਸ ਰਿਸਰਚ ਬੋਰਡ ਨੂੰ ਪੱਤਰ ਵੀ ਲਿਖਿਆ ਹੈ ਪਰ ਅਜੇ ਤੱਕ ਕੋਈ ਜਾਣਕਾਰੀ ਨਹੀਂ ਮਿਲੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨਾਲ ਦੁਬਾਰਾ ਸੰਪਰਕ ਕਰ ਕੇ ਜਾਣਕਾਰੀ ਮੰਗੀ ਜਾਵੇਗੀ। ਇਸ ਸਬੰਧੀ ਹਲਕੇ ਦੇ ਸ਼੍ਰੋਮਣੀ ਕਮੇਟੀ ਮੈਂਬਰ ਅਤੇ ਪੰਥਕ ਸਲਾਹਕਾਰ ਬੋਰਡ ਦੇ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਨੇ ਕਿਹਾ ਕਿ ਸਿੱਖ ਇਤਿਹਾਸ ਰਿਸਰਚ ਬੋਰਡ ਵੱਲੋਂ ਪੰਜਾਂ ਪਿਆਰਿਆਂ ਦੇ ਇਤਹਾਸ ਦੀ ਜਾਣਕਾਰੀ ਲਈ ਲਗਾਤਾਰ ਯਤਨ ਜਾਰੀ ਹਨ ਤੇ ਜਲਦ ਹੀ ਇਸ ਸਬੰਧੀ ਹੋਰ ਜਾਣਕਾਰੀ ਪ੍ਰਾਪਤ ਕੀਤੀ ਜਾਵੇਗੀ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਇਹ ਬਹੁਤ ਦੁੱਖ ਦੀ ਗੱਲ ਹੈ ਕਿ ਗੁਰੂ ਸਾਹਿਬ ਦੇ ਸਾਜੇ ਪੰਜਾਂ ਪਿਆਰਿਆਂ ਦੀ ਜਾਣਕਾਰੀ ਵੀ ਮੁਹੱਈਆ ਨਹੀਂ ਕਰਵਾਈ ਗਈ। ਉਨ੍ਹਾਂ ਕਿਹਾ ਇਸ ਸਬੰਧੀ ਪ੍ਰਧਾਨ ਸ਼੍ਰੋਮਣੀ ਕਮੇਟੀ ਨੂੰ ਤੁਰੰਤ ਧਿਆਨ ਦੇਣ ਦੀ ਲੋੜ ਹੈ ਤਾਂ ਕਿ ਇਸ ਤਰ੍ਹਾਂ ਦੇ ਮਸਲੇ ਪੈਦਾ ਨਾ ਹੋਣ।

**ਸ਼੍ਰੋਮਣੀ ਕਮੇਟੀ ਕੋਲ ਹੀ ਇਤਿਹਾਸ ਨਾ ਹੋਣਾ ਮੰਦਭਾਗਾ : ਡਾਢੀ**

ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਕਮਿੱਕਰ ਸਿੰਘ ਡਾਢੀ ਨੇ ਕਿਹਾ ਕਿ ਜੇਕਰ ਸ਼੍ਰੋਮਣੀ ਕਮੇਟੀ ਕੋਲ ਹੀ ਪੰਜਾਂ ਪਿਆਰਿਆਂ ਦਾ ਇਤਿਹਾਸ ਨਾ ਹੋਵੇ ਤਾਂ ਇਸ ਤੋਂ ਮੰਦਭਾਗੀ ਗੱਲ ਹੋਰ ਕੀ ਹੋ ਸਕਦੀ ਹੈ। ਉਨ੍ਹਾਂ ਕਿਹਾ ਹੋਲਾ-ਮਹੱਲਾ ਨਜ਼ਦੀਕ ਆ ਰਿਹਾ ਹੈ ਤੇ ਇਸ ਤੋਂ ਪਹਿਲਾਂ ਪੰਜਾਬ ਸਰਕਾਰ ਵੱਲੋਂ ਪੰਜ ਪਿਆਰਾ ਪਾਰਕ ਵਿਚ ਇਤਿਹਾਸ ਲਿਖਿਆ ਜਾਣਾ ਹੈ ਪਰ ਅਫਸੋਸ ਸ਼੍ਰੋਮਣੀ ਕਮੇਟੀ ਇਸ ਵਿਚ ਨਾਕਾਮ ਸਾਬਤ ਹੋ ਰਹੀ ਹੈ।

# ਆਮਦਨ ਕਰ ਵਿਭਾਗ ਵੱਲੋਂ ਪਾਸਟਰਾਂ ਦੇ ਟਿਕਾਣਿਆਂ 'ਤੇ ਛਾਪੇ

**ਅਧਿਕਾਰੀਆਂ ਵਲੋਂ ਅਹਿਮ ਦਸਤਾਵੇਜ਼, ਕੰਪਿਊਟਰ, ਲੈਪਟਾਪ ਤੇ ਮੋਬਾਈਲ ਜ਼ਬਤ**





ਜਲੰਧਰ/ਏ.ਟੀ.ਨਿਊਜ਼ :- ਆਮਦਨ ਕਰ ਵਿਭਾਗ ਦੀਆਂ ਟੀਮਾਂ ਨੇ ਬੀਤੇ ਦਿਨੀਂ ਸਵੇਰੇ ਦੋ ਨਾਮੀ ਪਾਦਰੀਆਂ ਹਰਪ੍ਰੀਤ ਸਿੰਘ ਦਿਓਲ (ਖੋਜੇਵਾਲ) ਤੇ ਬਜਿੰਦਰ ਸਿੰਘ (ਤਾਜਪੁਰ) ਦੇ ਵੱਖ-ਵੱਖ ਗਿਰਜਾਘਰਾਂ ਅਤੇ ਪੰਜਾਬ ਵਿਚਲੇ ਹੋਰ ਟਿਕਾਣਿਆਂ 'ਤੇ ਛਾਪੇ ਮਾਰੇ। ਅਧਿਕਾਰਤ ਤੌਰ 'ਤੇ ਭਾਵੇਂ ਇਸ ਬਾਰੇ ਕੁੱਝ ਨਹੀਂ ਦੱਸਿਆ ਪਰ ਪ੍ਰਾਪਤ ਜਾਣਕਾਰੀ ਅਨੁਸਾਰ ਆਮਦਨ ਕਰ ਵਿਭਾਗ ਦੀਆਂ ਟੀਮਾਂ ਵੱਲੋਂ ਹਰਪ੍ਰੀਤ ਸਿੰਘ ਦਿਓਲ ਦੇ ਖੋਜੇਵਾਲ ਅਤੇ ਬਜਿੰਦਰ ਸਿੰਘ ਦੇ ਤਾਜਪੁਰ ਅਤੇ ਪਿੰਡ ਬੜੌਦੀ ਵਿਚਲੀ ਚਰਚ ਤੋਂ ਇਲਾਵਾ ਨਿਊ ਚੰਡੀਗੜ੍ਹ ਸਥਿਤ ਰਿਹਾਇਸ਼ 'ਤੇ ਛਾਪੇ ਮਾਰੇ ਗਏ। ਇਸ ਦੌਰਾਨ ਉਹ ਚਰਚਾਂ ਵਿਚੋਂ ਜਾਇਦਾਦਾਂ ਨਾਲ ਸਬੰਧਤ ਅਹਿਮ ਦਸਤਾਵੇਜ਼, ਕੰਪਿਊਟਰ, ਪੈੱਨਡਰਾਈਵ, ਲੈਪਟਾਪ ਅਤੇ ਮੋਬਾਈਲ ਫੋਨ ਆਪਣੇ ਨਾਲ ਲੈ ਗਏ। ਇਨ੍ਹਾਂ ਪਾਦਰੀਆਂ 'ਤੇ ਲੋਕਾਂ ਦਾ ਚਮਤਕਾਰੀ ਢੰਗ ਨਾਲ ਇਲਾਜ ਕਰਨ ਦੇ ਨਾਮ 'ਤੇ ਲੋਕਾਂ ਕੋਲੋਂ ਪੈਸੇ ਵਸੂਲਣ ਤੇ ਧਰਮ ਬਦਲੀ ਦੇ ਦੋਸ਼ ਲੱਗਦੇ ਆ ਰਹੇ ਹਨ। ਸਿੱਖ ਜਥੇਬੰਦੀਆਂ ਨੇ ਇਨ੍ਹਾਂ ਪਾਦਰੀਆਂ ਦੇ ਪਖੰਡਾਂ ਵਿਰੁਧ ਮੋਰਚਾ ਵੀ ਖੋਲਿਆ ਹੋਇਆ ਹੈ। ਯੂ ਟਿਊਬ ਉਪਰ ਇਨ੍ਹਾਂ ਦੀਆਂ ਫਿਲਮਾਂ ਮੌਜੂਦ ਹਨ, ਜਿਸ ਵਿਚ ਉਹ ਤਾਂਤਰਿਕਾਂ ਵਾਂਗ ਅਜੀਬ ਵਰਤਾਰੇ ਦਿਖਾਕੇ ਖਤਰਨਾਕ ਬਿਮਾਰੀਆਂ ਨਾਲ ਪੀੜਤ ਮਰੀਜ਼ਾਂ ਨੂੰ ਠੀਕ ਕਰਨ ਦਾ ਦਾਅਵਾ ਕਰਦੇ ਹਨ।

(ਬਾਕੀ ਸਫ਼ਾ 29 'ਤੇ)

# ਕੈਨੇਡਾ ’ਚ ਮਹਿੰਗਾਈ ਕਾਰਨ ਰਿਸ਼ਤੇ ਵਿਗੜੇ

## ਕੈਲਗਰੀ, ਵੈਨਕੂਵਰ, ਮਾਂਟਰੀਅਲ ਤੋਂ ਵੱਧ ਕਿਫ਼ਾਇਤੀ, ਵੱਡੇ ਸ਼ਹਿਰਾਂ ਵਿੱਚੋਂ ਲੋਕ ਸੈਟਲ ਹੋ ਰਹੇ ਨੇ ਕੈਲਗਰੀ

- ☛ ਕੈਨੇਡਾ ਜਾਣ ਵਾਲੇ ਵਿਦਿਆਰਥੀ ਇਕੱਲਾਪਨ ਤੇ ਖ਼ਰਚਾ ਪੂਰਾ ਨਾ ਹੋਣ ਦੇ ਕਾਰਨ ਹੋ ਰਹੇ ਨੇ ਨਸ਼ਿਆਂ ਦੇ ਸ਼ਿਕਾਰ
- ☛ ਪੰਜਾਬ ਤੋਂ ਬਾਅਦ ਕੈਨੇਡਾ ਵਿੱਚ ਵੀ ਪੰਜਾਬੀ ਨੌਜਵਾਨਾਂ ਦੀ ਨਸ਼ਿਆਂ ਨਾਲ ਮੌਤ ਹੋਣ ਲੱਗੀ




ਸਰੀ : ਦੁਨੀਆ ਭਰ ਵਿੱਚ ਫੈਲੀ ਕੋਰੋਨਾ ਮਹਾਂਮਾਰੀ ਨੇ ਲੋਕਾਂ ਦਾ ਜਿਊਣਾ ਮੁਸ਼ਕਲ ਕਰ ਦਿੱਤਾ ਹੈ। ਇਸ ਮਹਾਂਮਾਰੀ ਕਾਰਨ ਨਾ ਸਿਰਫ਼ ਮਹਿੰਗਾਈ ਇੱਕ ਵੱਡੀ ਸਮੱਸਿਆ ਬਣ ਕੇ ਉੱਭਰ ਰਹੀ ਹੈ, ਸਗੋਂ ਕਈ ਜੋੜੇ ਰਿਸ਼ਤਿਆਂ ਵਿੱਚ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਨਾਲ ਵੀ ਜੂਝ ਰਹੇ ਹਨ। ਇੱਕ ਮਾਹਿਰ ਦੇ ਅਨੁਸਾਰ, ਬਹੁਤ ਸਾਰੇ ਕੈਨੇਡੀਅਨ ਇਸ ਸਮੇਂ ਆਪਣੇ ਸਬੰਧਾਂ ਨੂੰ ਲੈ ਕੇ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ ਅਤੇ ਇਸ ਦਾ ਕਾਰਨ ਕੋਰੋਨਾ ਦੇ ਵਿਚਕਾਰ ਵਧਦੀ ਮਹਿੰਗਾਈ ਹੈ। ਰਿਲੇਸ਼ਨਸ਼ਿਪ ਕੋਚ ਨਤਾਸ਼ਾ ਵਾਈਬੇ ਦਾ ਕਹਿਣਾ ਹੈ ਕਿ ਰਿਸ਼ਤੇ ਭਰੋਸੇ ’ਤੇ ਬਣੇ ਹੁੰਦੇ ਹਨ। ਹਾਲਾਂਕਿ, ਵਿੱਤੀ ਸਮੱਸਿਆਵਾਂ ਅਤੇ ਤੈਅ ਕੀਤੇ ਜਾਣ ਵਾਲੀਆਂ ਤਰਜੀਹਾਂ ਅਤੇ ਕੋਵਿਡ-19 ਅਨਿਸ਼ਚਿਤਤਾ ਦੇ ਕਾਰਨ, ਬਹੁਤ ਸਾਰੇ ਜੋੜਿਆਂ ਦਾ ਵਿਸ਼ਵਾਸ ਬੁਰੀ ਤਰ੍ਹਾਂ ਹਿੱਲ ਗਿਆ ਹੈ।

ਵਾਈਬੇ ਨੇ ਕਿਹਾ ਕਿ ਘਰ ਦੀ ਕੀਮਤ ਹੋਵੇ, ਗੈਸ ਦੀ ਕੀਮਤ ਹੋਵੇ ਜਾਂ ਪੈਸੇ ਨਾਲ ਜੁੜੀਆਂ ਸਮੱਸਿਆਵਾਂ, ਇਹ ਸਾਰੀਆਂ ਚੀਜ਼ਾਂ ਲੋਕਾਂ ਦੇ ਵਿਸ਼ਵਾਸ ਨੂੰ ਵੀ ਪ੍ਰਭਾਵਿਤ ਕਰਦੀਆਂ ਹਨ। ਉਨ੍ਹਾਂ ਕਾਰਨ ਲੋਕ ਰਿਸ਼ਤੇ ਨੂੰ ਲੈ ਕੇ ਕਾਫੀ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਉਹ ਕਹਿੰਦੀ ਹੈ ਕਿ ਵਿੱਤੀ ਸਮੱਸਿਆਵਾਂ ਲੋਕਾਂ ਨੂੰ ਸਵੈ-ਸੰਭਾਲ ਨੂੰ ਨਜ਼ਰਅੰਦਾਜ਼ ਕਰਨ ਲਈ ਮਜਬੂਰ ਕਰ ਰਹੀਆਂ ਹਨ। ਇਸ ਨਾਲ ਰਿਸ਼ਤਿਆਂ ’ਤੇ ਵੀ ਮਾੜਾ ਅਸਰ ਪੈ ਰਿਹਾ ਹੈ।

ਕੋਰੋਨਾ ਮਹਾਂਮਾਰੀ ਨਾਲ ਪ੍ਰਭਾਵਿਤ ਵਿਸ਼ਵ ਦੀ ਮੌਜੂਦਾ ਸਥਿਤੀ ਅਤੇ ਇਹ ਰਿਸ਼ਤਿਆਂ ਨੂੰ ਕਿਵੇਂ ਪ੍ਰਭਾਵਤ ਕਰ ਰਿਹਾ ਹੈ, ਕੁਝ ਕੈਲਗਰੀ ਵਸਨੀਕਾਂ ਦੁਆਰਾ ਦੇਖਿਆ ਗਿਆ ਹੈ। ਕੈਲਗਰੀ ਦੇ ਵਸਨੀਕ ਰੌਬਿਨ ਨੇ ਕਿਹਾ, ‘ਕੋਵਿਡ-19 ਮਹਿੰਗਾਈ ਦੌਰਾਨ ਮੈਨੂੰ ਦੋ ਵਾਰ ਡੰਪ ਕੀਤਾ ਗਿਆ ਸੀ। ਲੋਕਾਂ ਨੂੰ ਮਿਲਣਾ ਬਹੁਤ ਔਖਾ ਹੋ ਗਿਆ ਹੈ। ਰਿਸ਼ਤਿਆਂ ਨੂੰ ਸੰਭਾਲਣਾ ਵੀ ਹੁਣ ਬਹੁਤ ਔਖਾ ਹੈ। ਕੈਲਗਰੀ ਦੇ ਇੱਕ ਵਿਦਿਆਰਥੀ, ਸ਼ੌਰਿਆ ਨੇ ਕਿਹਾ ਕਿ ਉਸ ਨੂੰ ਬਹੁਤਾ ਫਰਕ ਮਹਿਸੂਸ ਨਹੀਂ ਹੋਇਆ। ਸ਼ੌਰਿਆ ਨੇ ਕਿਹਾ ਕਿ ਜੋ ਲੋਕ ਡੇਟ ਕਰਨਾ ਚਾਹੁੰਦੇ ਹਨ, ਉਹ ਕਿਸੇ ਵੀ ਤਰ੍ਹਾਂ ਡੇਟ ਕਰ ਰਹੇ ਹਨ। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਇਹ ਕੋਵਿਡ ਹੈ ਜਾਂ ਮਹਿੰਗਾਈ ਜਾਂ ਕੁਝ ਹੋਰ।

ਇਕ ਹੋਰ ਨੌਜਵਾਨ ਐਮਾ ਨੇ ਕਿਹਾ ਕਿ ਉਸ ਨੂੰ ਲੱਗਦਾ ਹੈ ਕਿ ਕੋਵਿਡ ਨੇ ਬਹੁਤ ਸਾਰੇ ਲੋਕਾਂ ਨੂੰ ਬਦਲ ਦਿੱਤਾ ਹੈ। ਐਮਾ ਨੇ ਕਿਹਾ, ‘ਮੈਨੂੰ ਲੱਗਦਾ ਹੈ ਕਿ ਕੋਰੋਨਾ ਨੇ ਸੱਚਮੁੱਚ ਲੋਕਾਂ ਨੂੰ ਬਹੁਤ ਵਿਰੋਧੀ ਬਣਾ ਦਿੱਤਾ ਹੈ। ਦਰਅਸਲ, ਮਹਾਂਮਾਰੀ ਕਾਰਨ ਬਹੁਤ ਸਾਰੇ ਰਿਸ਼ਤੇ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ ਅਤੇ ਲੋਕਾਂ ਦਾ ਸਮਾਜਿਕ ਸੰਪਰਕ ਵੀ ਕਾਫ਼ੀ ਕਮਜ਼ੋਰ ਹੋ ਗਿਆ ਹੈ। ਵਾਈਬੇ ਕਹਿੰਦਾ ਹੈ ਕਿ ਕੈਨੇਡਾ ਵਿੱਚ ਇਸ ਸਮੇਂ ਬਹੁਤ ਸਾਰੀਆਂ ਚੀਜ਼ਾਂ ਹੋ ਰਹੀਆਂ ਹਨ। ਮੈਨੂੰ ਲੱਗਦਾ ਹੈ ਕਿ ਬਹੁਤ ਸਾਰੇ ਲੋਕ ਕੈਲਗਰੀ ਵੱਲ ਜਾ ਰਹੇ ਹਨ ਕਿਉਂਕਿ ਕੈਲਗਰੀ ਅਜੇ ਵੀ ਵੈਨਕੂਵਰ ਜਾਂ ਟੋਰਾਂਟੋ, ਮਾਂਟਰੀਅਲ ਤੋਂ ਵੱਧ ਕਿਫਾਇਤੀ ਵੱਡੇ ਸ਼ਹਿਰਾਂ ਵਿੱਚੋਂ ਇੱਕ ਹੈ।

ਪੜ੍ਹਾਈ ਲਈ ਕੈਨੇਡਾ ਗਏ ਪੰਜਾਬੀ ਨੌਜਵਾਨਾਂ ਦਾ ਬੇਹੱਦ ਡਰਾਉਣਾ ਸੱਚ, ਹੈਰਾਨ-ਪ੍ਰੇਸ਼ਾਨ ਕਰ ਦੇਵੇਗੀ ਰਿਪੋਰਟ

**ਨਸ਼ਿਆਂ ਦੇ ਸ਼ਿਕਾਰ ਵਿਦਿਆਰਥੀ**

ਪੜ੍ਹਾਈ ਲਈ ਕੈਨੇਡਾ ਜਾਣ ਵਾਲੇ ਕੁਝ ਨੌਜਵਾਨ ਨਸ਼ਿਆਂ ਦਾ ਸ਼ਿਕਾਰ ਹੋ ਰਹੇ ਹਨ। ਇਸ ਤਰ੍ਹਾਂ ਹੁਣ ਪੰਜਾਬ ਤੋਂ ਬਾਅਦ ਕੈਨੇਡਾ ਵਿਚ ਵੀ ਪੰਜਾਬੀ ਨੌਜਵਾਨਾਂ ਦੀ ਨਸ਼ਿਆਂ ਨਾਲ ਮੌਤ ਹੋਣ ਲੱਗੀ ਹੈ। ਰਿਪੋਰਟਾਂ ਦੇ ਮੁਤਾਬਕ ਇਸ ਸਾਲ ਜਨਵਰੀ ਮਹੀਨੇ ਵਿਚ ਹੀ 4 ਨੌਜਵਾਨਾਂ ਦੀ ਨਸ਼ਿਆਂ ਕਾਰਨ ਮੌਤ ਹੋ ਚੁੱਕੀ ਹੈ।

ਇਸ ਬਾਰੇ ਕੈਨੇਡਾ ਦੇ ਸਰੀ ਸਥਿਤ ਗੁਰਦੁਆਰਾ ਦੁੱਖ ਨਿਵਾਰਣ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨਰਿੰਦਰ ਸਿੰਘ ਵਾਲੀਆ ਨੇ ਦੱਸਿਆ ਕਿ ਉਕਤ ਨੌਜਵਾਨਾਂ ਦੀਆਂ ਮ੍ਰਿਤਕ ਦੇਹਾਂ ਨੂੰ ਭਾਰਤ ਭੇਜਣ ਦਾ ਪ੍ਰਬੰਧ ਕਮੇਟੀ ਵੱਲੋਂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਨਵੰਬਰ ਮਹੀਨੇ ਤੋਂ ਲੈ ਕੇ ਹੁਣ ਤੱਕ ਨਸ਼ੇ ਦੀ ਓਵਰਡੋਜ਼ ਕਾਰਨ ਮੌਤਾਂ ਦੇ 6 ਮਾਮਲੇ ਉਨ੍ਹਾਂ ਸਾਹਮਣੇ ਆ ਚੁੱਕੇ ਹਨ ਅਤੇ ਗੁਰਦੁਆਰਾ ਸਾਹਿਬ ਵੱਲੋਂ ਤਾਜਾ ਮਾਮਲਿਆਂ ਵਿਚ ਮ੍ਰਿਤਕ ਦੇਹਾਂ ਨੂੰ ਭਾਰਤ ਵਾਪਸ ਭੇਜਿਆ ਗਿਆ ਸੀ । ਨਰਿੰਦਰ ਸਿੰਘ ਵਾਲੀਆ ਨੇ ਦੱਸਿਆ ਕਿ ਇਕੱਲਾਪਨ, ਪੜ੍ਹਾਈ ਦਾ ਦਬਾਅ ਅਤੇ ਖ਼ਰਚਾ ਪੂਰਾ ਨਾ ਹੋਣ ਦੇ ਕਾਰਨ ਨੌਜਵਾਨ ਨਸ਼ਿਆਂ ਦੀ ਦਲਦਲ ਵਿਚ ਧੱਸ ਜਾਂਦੇ ਹਨ।

ਉਨ੍ਹਾਂ ਦੱਸਿਆ ਕਿ ਸਟੱਡੀ ਵੀਜ਼ਾ ਅਤੇ ਵਰਕ ਵੀਜ਼ਾ ’ਤੇ ਆਉਣ ਵਾਲੇ ਜ਼ਿਆਦਾਤਰ ਨੌਜਵਾਨਾਂ ਦਾ ਕੈਨੇਡਾ ਵਿਚ ਕੋਈ ਰਿਸ਼ਤੇਦਾਰ ਨਹੀਂ ਹੁੰਦਾ ਅਤੇ ਉਨ੍ਹਾਂ ਨੂੰ ਕੋਈ ਸਹਾਰਾ ਨਹੀਂ ਮਿਲਦਾ, ਜਿਸ ਕਾਰਨ ਕਈ ਨੌਜਵਾਨ ਨਸ਼ਾ ਕਰਨ ਲੱਗ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਨੌਜਵਾਨਾਂ ਦੀ ਮੌਤ ਹੋ ਜਾਂਦੀ ਹੈ, ਉਨ੍ਹਾਂ ਦੇ ਮਾਤਾ-ਪਿਤਾ ਸਾਨੂੰ ਭਾਰਤ ਤੋਂ ਫੋਨ ਕਰਕੇ ਮ੍ਰਿਤਕ ਦੇਹ ਭੇਜਣ ਦੀ ਮੰਗ ਕਰਦੇ ਹਨ। ਉਨ੍ਹਾਂ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਵੱਲੋਂ ਭਾਰਤ ਭੇਜੀਆਂ ਜਾਣ ਵਾਲੀਆਂ ਮ੍ਰਿਤਕ ਦੇਹਾਂ ਦੀ ਜਾਣਕਾਰੀ ਕੈਨੇਡਾ ਦੀ ਏਜੰਸੀ ਕੋਲ ਦਰਜ ਹੈ। ਰਿਪੋਰਟਾਂ ਦੇ ਮੁਤਾਬਕ ਬ੍ਰਿਟਿਸ਼ ਕੋਲੰਬੀਆ ਵਿਚ ਬੀਤੇ ਸਾਲਾਂ ਦੌਰਾਨ ਡਰੱਗ ਓਵਰਡੋਜ਼ ਇਕ ਵੱਡੀ ਸਮੱਸਿਆ ਬਣ ਰਹੀ ਹੈ। ਉੱਥੋਂ ਦੀ ਸਰਕਾਰ ਦੇ ਮੁਤਾਬਕ ਬੀਤੇ ਸਾਲ ਜਨਵਰੀ ਤੋਂ ਸਤੰਬਰ ਤੱਕ ਨਸ਼ੇ ਕਾਰਨ 1644 ਜਾਨਾਂ ਗਈਆਂ ਹਨ, ਜੋ ਕਿ ਇਕ ਸਾਲ ਦੇ ਕੈਲੰਡਰ ਦੇ ਪਹਿਲੇ 9 ਮਹੀਨਿਆਂ ਵਿਚ ਦਰਜ ਕੀਤੀ ਗਈ ਸਭ ਤੋਂ ਵੱਡੀ ਗਿਣਤੀ ਹੈ।ਕੈਨੇਡਾ ਵਿਚ ਭਾਰਤੀ ਹਾਈ ਕਮਿਸ਼ਨ ਤੋਂ 2017-22 ਦੌਰਾਨ ਹੋਈਆਂ ਮੌਤਾਂ ਨਾਲ ਸਬੰਧਤ ਅੰਕੜੇ ਮੰਗਣ ਵਾਲੇ ਆਰਟੀਆਈ ਕਾਰਕੁਨ ਹਰਮਿਲਾਪ ਗਰੇਵਾਲ ਨੇ ਕਿਹਾ, ‘ਕੈਨੇਡਾ ਵਿਚ ਪੰਜਾਬ ਦੇ ਵਿਦਿਆਰਥੀਆਂ ਦੀਆਂ ਅਜਿਹੀਆਂ ਮੌਤਾਂ ਦੀਆਂ ਰਿਪੋਰਟਾਂ ਹਨ ਪਰ ਇਹ ਮੌਤਾਂ ਕੈਨੇਡਾ ਵਿਚ ਭਾਰਤੀ ਹਾਈ ਕਮਿਸ਼ਨ ਦੁਆਰਾ ਆਰਟੀਆਈ ਦੇ ਜਵਾਬ ਵਿਚ ਨਹੀਂ ਦਰਸਾਈਆਂ ਗਈਆਂ ਹਨ। ਜਾਂ ਤਾਂ ਹਾਈ ਕਮਿਸ਼ਨ ਅੰਕੜੇ ਨਹੀਂ ਰੱਖ ਰਿਹਾ ਜਾਂ ਉਹ ਮੌਤਾਂ ਦੀ ਗਿਣਤੀ ਘੱਟ ਦੱਸਣ ਦੀ ਕੋਸ਼ਿਸ਼ ਕਰ ਰਿਹਾ ਹੈ।’

ਕੈਨੇਡਾ ਵਿਚ ਪੰਜਾਬ ਦੇ ਵਿਦਿਆਰਥੀ - ਅਰਸ਼ਦੀਪ ਸਿੰਘ ਖੋਸਾ (26), ਸੁਖਬੀਰ ਸਿੰਘ (24), ਨਵਰੀਤ ਸਿੰਘ ਮਾਣਕ, ਗੁਰਆਸੀਸ ਸਿੰਘ, ਜਤਿਨ ਪੁਰੀ, ਪ੍ਰੀਤਇੰਦਰ ਸਿੰਘ ਅਤੇ ਜਗਦੀਪ ਸਿੰਘ ਦੀ 2022 ਵਿਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ, ਜਦਕਿ ਮਨਦੀਪ ਸਿੰਘ (24), ਸੰਦੀਪ ਸਿੰਘ (21), ਅਮਰਜੀਤ ਸਿੰਘ (26), ਜੋਬਨਜੀਤ ਸਿੰਘ, ਅਤੇ ਧਰਮਪ੍ਰੀਤ ਸਿੰਘ (21) ਦੀ ਵੀ 2021 ਵਿਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ। ਇਹ ਮੌਤਾਂ ਕੈਨੇਡੀਅਨ ਮੀਡੀਆ ਵਿਚ ਰਿਪੋਰਟ ਕੀਤੀਆਂ ਗਈਆਂ ਸਨ। ਹੋਰ ਵੀ ਮੌਤਾਂ ਹੋ ਸਕਦੀਆਂ ਹਨ ਜਿਨ੍ਹਾਂ ਦੀ ਰਿਪੋਰਟ ਨਹੀਂ ਹੋ ਸਕੀ ਹੈ।ਦਿਲ ਦੇ ਦੌਰੇ ਤੋਂ ਇਲਾਵਾ ਪੰਜਾਬ ਦੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਡੁੱਬਣ, ਖੁਦਕੁਸ਼ੀਆਂ ਅਤੇ ਹਾਦਸਿਆਂ ਕਾਰਨ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਵੀ ਬਹੁਤ ਜ਼ਿਆਦਾ ਹਨ। ਗਰੇਵਾਲ ਨੇ ਇੱਕ ਆਰਟੀਆਈ ਸਵਾਲ ਦਾਇਰ ਕਰਕੇ 2017 ਤੋਂ ਅਕਤੂਬਰ 2022 ਤੱਕ ਕੈਨੇਡਾ, ਅਮਰੀਕਾ, ਰੂਸ, ਚੀਨ ਅਤੇ ਨਿਊਜ਼ੀਲੈਂਡ ਵਿਚ ਮਰਨ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਜਾਣਨ ਦੀ ਮੰਗ ਕੀਤੀ ਸੀ। ਆਰਟੀਆਈ ਸਵਾਲ ਦੇ ਜਵਾਬ ਵਿਚ ਕੈਨੇਡਾ ਵਿਚ ਭਾਰਤੀ ਹਾਈ ਕਮਿਸ਼ਨ ਨੇ ਕਿਹਾ, ‘ਮੌਜੂਦ ਰਿਕਾਰਡਾਂ ਅਨੁਸਾਰ ਅਸੀਂ 2017 ਵਿਚ 1 ਮੌਤ ਅਤੇ 2018 ਵਿਚ 2 ਭਾਰਤੀ ਵਿਦਿਆਰਥੀਆਂ ਦੀ ਮੌਤ ਐਚਸੀਆਈ, ਓਟਾਵਾ ਦੇ ਕੌਂਸਲਰ ਅਧਿਕਾਰ ਖੇਤਰ ਅਧੀਨ ਦਰਜ ਕੀਤੀਆਂ ਹਨ। ਹਾਲਾਂਕਿ ਉਨ੍ਹਾਂ ਦੇ ਭਾਰਤੀ ਰਾਜ ਦੇ ਸਬੰਧ ਵਿਚ ਕੋਈ ਜਾਣਕਾਰੀ ਉਪਲਬਧ ਨਹੀਂ ਹੈ।’

**ਅਮਰੀਕਾ ਵਿਚ ਭਾਰਤੀ ਵਿਦਿਆਰਥੀਆਂ ਦਾ ਮੌਤ ਦੀ ਰਿਪੋਰਟ**

ਉੱਤਰੀ ਅਮਰੀਕਾ ਦੇ ਦੇਸ਼ ਵਿਚ ਚਿੰਤਾਜਨਕ ਦਰ ਨਾਲ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਨਸ਼ੇ ਦੀ ਓਵਰਡੋਜ਼ ਨਾਲ ਮਰਨ ਦੀਆਂ ਮੀਡੀਆ ਰਿਪੋਰਟਾਂ ਵੀ ਸਾਹਮਣੇ ਆਈਆਂ ਹਨ। ਰਿਪੋਰਟ ਮੁਤਾਬਕ ਪੀੜਤਾਂ ਦੇ ਮਾਪੇ ਵੀ ਬਦਨਾਮੀ ਕਾਰਨ ਇਸ ਬਾਰੇ ਸਫਾਈ ਦੇਣ ਤੋਂ ਡਰਦੇ ਹਨ।

ਅਮਰੀਕਾ ਵਿਚ ਭਾਰਤੀ ਦੂਤਾਵਾਸ ਨੇ ਇਕੱਲੇ 2022 ਦੇ ਪਹਿਲੇ 10 ਮਹੀਨਿਆਂ ਵਿਚ 68 ਮੌਤਾਂ ਦੀ ਰਿਪੋਰਟ ਕੀਤੀ। ਅਮਰੀਕਾ ਵਿਚ 2019 ਅਤੇ 2021 ਵਿਚ 39-39 ਭਾਰਤੀਆਂ ਦੀ ਮੌਤ ਹੋਈ। ਮੌਤਾਂ ਦੀ ਗਿਣਤੀ 2017, 2018 ਅਤੇ 2020 ਵਿਚ ਕ੍ਰਮਵਾਰ 20, 17 ਅਤੇ 22 ਸੀ। ਨਿਊਜ਼ੀਲੈਂਡ ਵਿਚ 2017 ਤੋਂ 2022 ਤੱਕ ਹਰ ਸਾਲ ਕ੍ਰਮਵਾਰ 43, 51, 49, 20, 31 ਅਤੇ 35 ਭਾਰਤੀਆਂ ਦੀ ਮੌਤ ਹੋਈ। ਰੂਸ ਵਿਚ 2020 ਵਿਚ ਦਸ ਭਾਰਤੀਆਂ ਦੀ ਮੌਤ ਹੋਈ, ਜੋ ਪਿਛਲੇ ਛੇ ਸਾਲਾਂ ਵਿਚ ਸਭ ਤੋਂ ਵੱਧ ਹੈ। 2022 ਵਿਚ ਰੂਸ ਵਿਚ ਕੁੱਲ ਪੰਜ ਭਾਰਤੀਆਂ ਦੀ ਮੌਤ ਹੋਈ। ਚੀਨ ਵਿਚ ਭਾਰਤੀ ਦੂਤਾਵਾਸ ਨੇ ਪਿਛਲੇ ਛੇ ਸਾਲਾਂ ਵਿਚ ਅਜਿਹੀਆਂ ਸਿਰਫ਼ ਚਾਰ ਮੌਤਾਂ ਦੀ ਰਿਪੋਰਟ ਕੀਤੀ ਹੈ।

## ਸਿੱਖ ਨੌਜਵਾਨ ਦੀ ਟੋਰਾਂਟੋ ਵਿੱਚ ਭੇਦਭਰੇ ਹਾਲਾਤ ਵਿੱਚ ਮੌਤ, 5 ਸਾਲਾਂ ਤੋਂ ਕਰ ਰਿਹਾ ਸੀ ਪੜ੍ਹਾਈ



ਗੁਰਦਾਸਪੁਰ : ਥਾਣਾ ਕਾਹਨੂੰਵਾਨ ਅਧੀਨ ਪੈਂਦੇ ਪਿੰਡ ਭਰੋ ਹਾਰਨੀ ਵਾਸੀ ਏ.ਐਸ.ਆਈ. ਅਮਰੀਕ ਸਿੰਘ ਦੇ ਟੋਰਾਂਟੋ ਰਹਿੰਦੇ ਪੁੱਤਰ ਗੁਰਪ੍ਰਤਾਪ ਸਿੰਘ ਦੀ ਭੇਦਭਰੇ ਹਾਲਾਤ ਵਿਚ ਮੌਤ ਹੋ ਗਈ। ਇਸ ਸਬੰਧੀ ਅਮਰੀਕ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਪੁੱਤਰ 5 ਸਾਲ ਪਹਿਲਾਂ ਸਟੱਡੀ ਵੀਜ਼ੇ ’ਤੇ ਕੈਨੇਡਾ ਗਿਆ ਸੀ। ਬੀਤੇ ਦਿਨ ਉਨ੍ਹਾਂ ਨੂੰ ਐਨ.ਆਰ.ਆਈ. ਥਾਣਾ ਗੁਰਦਾਸਪੁਰ ਰਾਹੀਂ ਗੁਰਪ੍ਰਤਾਪ ਸਿੰਘ ਦੀ ਮੌਤ ਦੀ ਸੂਚਨਾ ਮਿਲੀ। ਮ੍ਰਿਤਕ ਨੌਜਵਾਨ ਦੇ ਮਾਪਿਆਂ ਨੇ ਦੱਸਿਆ ਕਿ ਕੀ ਉਨ੍ਹਾਂ ਨੂੰ ਕਦੇ-ਕਦੇ ਗੁਰਪ੍ਰਤਾਪ ਦਾ ਫੋਨ ਆਉਂਦਾ ਸੀ ਅਤੇ ਹੁਣ ਇਕ ਮਹੀਨੇ ਤੋਂ ਕਿਸੇ ਵੀ ਪਰਿਵਾਰਕ ਮੈਂਬਰ ਨਾਲ ਉਸ ਦੀ ਗੱਲਬਾਤ ਨਹੀਂ ਹੋਈ ਸੀ।

## ਸ਼ਰਾਬ ਪੀਣ ’ਤੇ ਕੈਨੇਡਾ ਸਰਕਾਰ ਨੇ ਲਾਈਆਂ ਸ਼ਰਤਾਂ

### ਜ਼ਿਆਦਾ ਸ਼ਰਾਬ ਪੀਣ ਨਾਲ ਛਾਤੀ ਦੇ ਕੈਂਸਰ ਦਾ ਖ਼ਤਰਾ ਵਧ ਜਾਂਦਾ ਏ

ਟੋਰਾਂਟੋ : ਕੈਨੇਡਾ ਵਿੱਚ ਸ਼ਰਾਬ ਪੀਣ ਵਾਲਿਆਂ ਨੂੰ ਝਟਕਾ ਲੱਗ ਸਕਦਾ ਹੈ। ਰੋਜ਼ਾਨਾ ਜਾਮ ’ਤੇ ਪਾਬੰਦੀ ਲਗਾਈ ਜਾ ਸਕਦੀ ਹੈ। ਦਰਅਸਲ, ਸ਼ਰਾਬ ਦੇ ਨਵੇਂ ਦਿਸ਼ਾ-ਨਿਰਦੇਸ਼ਾਂ ਦੀ ਸਿਫ਼ਾਰਸ਼ ਕੀਤੀ ਗਈ ਹੈ, ਜਿਸ ਵਿੱਚ ਹਫ਼ਤੇ ਵਿੱਚ ਸਿਰਫ਼ 2 ਵਾਰ ਹੀ ਸ਼ਰਾਬ ਦਾ ਸੇਵਨ ਕਰਨ ਲਈ ਕਿਹਾ ਗਿਆ ਹੈ। ਇਸ ਸਿਫ਼ਾਰਿਸ਼ ਨੇ ਇੱਕ ਨਵੀਂ ਬਹਿਸ ਨੂੰ ਜਨਮ ਦਿੱਤਾ ਹੈ। ਕਿਹਾ ਜਾਂਦਾ ਹੈ ਕਿ ਕੈਨੇਡਾ ਵਿਚ ਜ਼ਿਆਦਾਤਰ ਲੋਕ ਸ਼ਰਾਬ ਦਾ ਸੇਵਨ ਨਿਯਮਿਤ ਤੌਰ ’ਤੇ ਕਰਦੇ ਹਨ।ਕੈਨੇਡੀਅਨ ਸੈਂਟਰ ਆਨ ਸਬਸਟੈਂਸ ਯੂਜ਼ ਐਂਡ ਐਡਿਕਸ਼ਨ (ਸੀਸੀਐਸਏ) ਨੇ ਇਸ ਹਫ਼ਤੇ ਸ਼ਰਾਬ ਦੀ ਖਪਤ ਵਿੱਚ ਭਾਰੀ ਕਮੀ ਦੀ ਅਪੀਲ ਕੀਤੀ ਹੈ। ਉਸਨੇ ਚੇਤਾਵਨੀ ਦਿੱਤੀ ਕਿ ਮਾਡਰੇਟ ਸ਼ਰਾਬ ਪੀਣ ਨਾਲ ਕੈਂਸਰ, ਦਿਲ ਦੀ ਬਿਮਾਰੀ ਤੇ ਸਟ੍ਰੋਕ ਸਮੇਤ ਕਈ ਗੰਭੀਰ ਸਿਹਤ ਖਤਰੇ ਪੈਦਾ ਹੁੰਦੇ ਹਨ। ਹੈਲਥ ਕੈਨੇਡਾ ਦੇ ਨਵੇਂ ਦਿਸ਼ਾ-ਨਿਰਦੇਸ਼ 2011 ਵਿੱਚ ਜਾਰੀ ਕੀਤੀਆਂ ਸਿਫ਼ਾਰਸ਼ਾਂ ਤੋਂ ਇੱਕ ਵੱਡੀ ਤਬਦੀਲੀ ਹੈ। ਪਿਛਲੀਆਂ ਸਿਫ਼ਾਰਸ਼ਾਂ ਵਿੱਚ ਕਿਹਾ ਗਿਆ ਸੀ ਕਿ ਔਰਤਾਂ ਇੱਕ ਹਫ਼ਤੇ ਵਿੱਚ 10 ਅਤੇ ਪੁਰਸ਼ ਹਫ਼ਤੇ ਵਿੱਚ 15 ਡ੍ਰਿੰਕ ਪੀ ਸਕਦੇ ਹਨ।ਸਸਕੈਚਵਨ ਯੂਨੀਵਰਸਿਟੀ ਦੇ ਫੈਮਿਲੀ ਮੈਡੀਸਨ ਦੇ ਪ੍ਰੋਫੈਸਰ ਪੀਟਰ ਬੱਟ, ਜਿਸ ਨੇ ਇਹ ਦਿਸ਼ਾ-ਨਿਰਦੇਸ਼ ਤਿਆਰ ਕੀਤੇ ਹਨ, ਨੇ ਕਿਹਾ, ‘ਅਸੀਂ ਸਿਰਫ ਕੈਨੇਡੀਅਨ ਲੋਕਾਂ ਦੇ ਸਾਹਮਣੇ ਸਬੂਤ ਪੇਸ਼ ਕਰਨਾ ਚਾਹੁੰਦੇ ਸੀ, ਤਾਂ ਜੋ ਉਹ ਆਪਣੇ ਸ਼ਰਾਬ ਪੀਣ ਬਾਰੇ ਵਿਚਾਰ ਕਰ ਸਕਣ ਅਤੇ ਫੈਸਲੇ ਲੈ ਸਕਣ। ਇਹ ਅਸਲ ਵਿੱਚ ਜਾਣਨ ਦੇ ਅਧਿਕਾਰ ’ਤੇ ਆਧਾਰਿਤ ਹੈ।’ ਸਟੈਂਡਰਡ ਡਰਿੰਕਸ ਦੀ ਗੱਲ ਕਰੀਏ ਤਾਂ, 355✡🠇 ਬੀਅਰ ਵਿੱਚ 5% ਅਲਕੋਹਲ ਹੋਣੀ ਚਾਹੀਦੀ ਹੈ, ਜਦੋਂ ਕਿ 148✡🠇 ਵਾਈਨ ਵਿੱਚ 12% ਅਲਕੋਹਲ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਇੱਕ ਸ਼ਾਟ ਗਲਾਸ ਵਿੱਚ 40% ਸਪਿਰਟ ਹੋਣੀ ਚਾਹੀਦੀ ਹੈ। ਸੀਸੀਐਸਏ ਨੇ ਇਹ ਜਾਣਕਾਰੀ ਦਿੱਤੀ ਹੈ।

ਕੈਨੇਡੀਅਨ ਮਾਹਿਰਾਂ ਦਾ ਕਹਿਣਾ ਹੈ ਕਿ ਨਵੀਂ ਖੋਜ ਸੁਝਾਅ ਦਿੰਦੀ ਹੈ ਕਿ ਹਫ਼ਤੇ ਵਿਚ 3 ਤੋਂ 6 ਡ੍ਰਿੰਕ ਮਰਦਾਂ ਅਤੇ ਔਰਤਾਂ ਲਈ ਮੱਧਮ ਜੋਖਮ ਸਮਝੇ ਜਾਣੇ ਚਾਹੀਦੇ ਹਨ। ਹਾਲਾਂਕਿ, ਹਫ਼ਤੇ ਵਿੱਚ 7 ਜਾਂ ਇਸ ਤੋਂ ਵੱਧ ਪੀਣ ਨੂੰ ਉੱਚ ਜੋਖਮ ਮੰਨਿਆ ਜਾਂਦਾ ਹੈ। CCSA ਨੇ ਰਿਪੋਰਟ ਦਿੱਤੀ ਹੈ ਕਿ ਅਲਕੋਹਲ ਦੀ ਭਾਰੀ ਖਪਤ ਕੋਲਨ ਤੇ ਛਾਤੀ ਦੇ ਕੈਂਸਰ ਦੇ ਨਾਲ-ਨਾਲ ਦਿਲ ਦੀ ਬਿਮਾਰੀ ਅਤੇ ਸਟ੍ਰੋਕ ਦੇ ਜੋਖਮ ਨੂੰ ਵਧਾਉਂਦੀ ਹੈ। ਇਸ ਤੋਂ ਇਲਾਵਾ ਸ਼ਰਾਬ ਪੀਣ ਦੇ ਮਾੜੇ ਨਤੀਜਿਆਂ ਦੇ ਰੂਪ ਵਿੱਚ ਹਿੰਸਾ ਵੀ ਵਧਦੀ ਹੈ। ਬੱਟ ਨੇ ਕਿਹਾ, ‘ਇਹ (ਗਾਈਡਲਾਈਨ) ਮਨਾਹੀ ਬਾਰੇ ਨਹੀਂ ਹੈ। ਇਹ ਸਿਰਫ਼ ਇੱਕ ਪੀਣ ਦੀ ਮਾਤਰਾ ਨੂੰ ਘਟਾਉਣ ਬਾਰੇ ਹੈ।’

# ਜਾਪਾਨ, ਇਟਲੀ ਅਤੇ ਜਰਮਨੀ ਵਿਚ ਬਜ਼ੁਰਗਾਂ ਦੀ ਵਧ ਰਹੀ ਅਬਾਦੀ ਸਮਾਜ ਲਈ ਸੰਕਟ ਦਾ ਕਾਰਨ



ਜੀ. ਐਸ ਗੁਰਦਿਤ

ਅੱਜ ਦੁਨੀਆ ਦੀ ਕੁੱਲ ਅਬਾਦੀ 8 ਅਰਬ (8 ਬਿਲੀਅਨ) ਹੋ ਚੁੱਕੀ ਹੈ ਅਤੇ ਅਨੁਮਾਨ ਹੈ ਕਿ 2060 ਤੱਕ ਇਹ 10 ਅਰਬ ਹੋ ਜਾਏਗੀ। ਪ੍ਰੰਤੂ ਇਸ ਦੇ ਨਾਲ ਹੀ ਇਹ ਵੀ ਵੇਖਣ ਦੀ ਲੋੜ ਹੈ ਕਿ ਕਿਹੜੇ ਮੁਲਕ ਵਿਚ ਕਿੰਨੇ ਫ਼ੀਸਦੀ ਬੱਚੇ, ਕਿੰਨੇ ਨੌਜਵਾਨ ਅਤੇ ਕਿੰਨੇ ਬਜ਼ੁਰਗ ਹਨ। 15 ਸਾਲ ਤੋਂ ਘੱਟ ਉਮਰ ਦੇ ਬੱਚੇ ਅਤੇ 64 ਸਾਲ ਤੋਂ ਉੱਪਰ ਦੇ ਬਜ਼ੁਰਗ ਆਸ਼ਰਿਤ ਨਾਗਰਿਕ ਮੰਨੇ ਜਾਂਦੇ ਹਨ ਜੋ ਕਿ ਆਮ ਕਰਕੇ 15 ਸਾਲ ਤੋਂ 64 ਸਾਲ ਤੱਕ ਦੇ ਕੰਮ ਕਰਨ ਵਾਲੇ ਨਾਗਰਿਕਾਂ ਉੱਤੇ ਹੀ ਨਿਰਭਰ ਹੁੰਦੇ ਹਨ। ਇਸ ਹਿਸਾਬ ਨਾਲ ਜਿਹੜੇ ਮੁਲਕਾਂ ਵਿਚ 15 ਸਾਲ ਤੋਂ 64 ਸਾਲ ਵਾਲੇ ਨਾਗਰਿਕਾਂ ਦੀ ਗਿਣਤੀ ਵੱਧ ਹੋਏਗੀ ਉਨ੍ਹਾਂ ਵਿਚ ਤਰੱਕੀ ਦੀ ਰਫ਼ਤਾਰ ਵੱਧ ਹੋਏਗੀ, ਪਰ ਸ਼ਰਤ ਇਹ ਹੈ ਕਿ ਮੁਲਕ ਵਿਚ ਬੇਰੁਜ਼ਗਾਰੀ ਘੱਟ ਤੋਂ ਘੱਟ ਹੋਵੇ। ਉਦਾਹਰਨ ਵਜੋਂ ਭਾਰਤ ਵਿਚ ਅੱਜ ਦੇ ਸਮੇਂ ਅਨੁਮਾਨਿਤ 26 ਫ਼ੀਸਦੀ ਬੱਚੇ, 7 ਫ਼ੀਸਦੀ ਬਜ਼ੁਰਗ ਅਤੇ 67 ਫ਼ੀਸਦੀ ਕੰਮ ਕਰਨ ਵਾਲੀ ਅਬਾਦੀ ਹੈ ਪਰ ਜਾਪਾਨ ਵਿਚ ਅੱਜ ਦੇ ਸਮੇਂ ਅਨੁਮਾਨਿਤ 12 ਫ਼ੀਸਦੀ ਬੱਚੇ, 29 ਫ਼ੀਸਦੀ ਬਜ਼ੁਰਗ ਅਤੇ 58 ਫ਼ੀਸਦੀ ਕੰਮ ਕਰਨ ਵਾਲੀ ਆਬਾਦੀ ਹੈ। ਇਸੇ ਤਰ੍ਹਾਂ ਇਟਲੀ, ਜਰਮਨੀ, ਯੂਨਾਨ, ਲਾਤਵੀਆ, ਲਿਥੂਆਨੀਆ ਅਤੇ ਪੋਲੈਂਡ ਵਰਗੇ ਮੁਲਕਾਂ ਵਿਚ ਵੀ ਬਜ਼ੁਰਗਾਂ ਦੀ ਪ੍ਰਤੀਸ਼ਤ ਅਬਾਦੀ ਵਧਦੀ ਜਾ ਰਹੀ ਹੈ ਅਤੇ ਨੌਜਵਾਨ ਘਟਦੇ ਜਾ ਰਹੇ ਹਨ।ਜਾਪਾਨ, ਇਟਲੀ ਅਤੇ ਜਰਮਨੀ ਵਰਗੇ ਮੁਲਕਾਂ ਵਿਚ ਤਾਂ ਅੱਜ ਹੀ ਬਜ਼ੁਰਗਾਂ ਨੂੰ ਸੰਭਾਲਣ ਵਾਲੇ ਲੋਕਾਂ ਦੀ ਬਹੁਤ ਹੀ ਘਾਟ ਹੈ। ਇਸ ਦੇ ਲਈ ਉਨ੍ਹਾਂ ਨੂੰ ਏਸ਼ੀਆ, ਅਫ਼ਰੀਕਾ ਅਤੇ ਦੱਖਣੀ ਅਮਰੀਕਾ ਦੇ ਇਲਾਕਿਆਂ ਤੋਂ ਨੈਨੀ ਦੇ ਰੂਪ ਵਿਚ ਕੰਮ ਕਰਨ ਵਾਲੇ ਲੋਕਾਂ ਦੀ ਜ਼ਰੂਰਤ ਪੈ ਰਹੀ ਹੈ। ਇਸੇ ਕਰਕੇ ਪੰਜਾਬ ਤੋਂ ਕੈਨੇਡਾ, ਅਮਰੀਕਾ, ਆਸਟ੍ਰੇਲੀਆ ਅਤੇ ਯੂਰਪ ਨੂੰ ਨੌਜਵਾਨਾਂ ਦੀਆਂ ਵਹੀਰਾਂ ਦੀਆਂ ਵਹੀਰਾਂ ਤੁਰੀਆਂ ਜਾ ਰਹੀਆਂ ਹਨ। ਇਸ ਦਾ ਵੱਡਾ ਕਾਰਨ ਇਹੀ ਹੈ ਕਿ ਉਹ ਮੁਲਕ ਬੁੱਢੇ ਹੁੰਦੇ ਜਾ ਰਹੇ ਹਨ ਅਤੇ ਅਸੀਂ ਉਨ੍ਹਾਂ ਨੂੰ ਜਵਾਨ ਕਰਨ ਲਈ ਜਾ ਰਹੇ ਹਾਂ। ਸਾਡੇ ਨੌਜਵਾਨ ਉੱਥੇ ਜਾ ਕੇ ਨੌਜਵਾਨਾਂ ਦੀ ਕਮੀ ਪੂਰੀ ਕਰ ਰਹੇ ਹਨ। ਪ੍ਰੰਤੂ ਕੀ ਇਸ ਨਾਲ ਸਾਡੇ ਮੁਲਕ ਨੂੰ ਨੌਜਵਾਨਾਂ ਦਾ ਘਾਟਾ ਨਹੀਂ ਸਹਿਣਾ ਪਏਗਾ ? ਅੱਜ ਤਾਂ ਹੋ ਸਕਦਾ ਹੈ ਕਿ ਅਸੀਂ ਉਸ ਘਾਟੇ ਨੂੰ ਮਹਿਸੂਸ ਨਾ ਕਰੀਏ ਪ੍ਰੰਤੂ ਅਗਲੇ 20-30 ਸਾਲਾਂ ਵਿਚ ਸਾਨੂੰ ਪੰਜਾਬ ਵਾਲਿਆਂ ਨੂੰ ਤਾਂ ਇਹ ਘਾਟਾ ਸਾਫ਼ ਨਜ਼ਰ ਆਉਣ ਲੱਗ ਪਏਗਾ।



ਇਹ ਵੀ ਚਿੰਤਾ ਦਾ ਵਿਸ਼ਾ ਹੈ ਕਿ 2050 ਵਿਚ ਦੁਨੀਆ ਦੀ ਕੁੱਲ ਬਜ਼ੁਰਗ ਅਬਾਦੀ ਦਾ 80 ਫ਼ੀਸਦੀ ਹਿੱਸਾ ਗ਼ਰੀਬ ਅਤੇ ਮੱਧਵਰਗੀ ਆਮਦਨ ਵਾਲੇ ਮੁਲਕਾਂ ਵਿਚ ਰਹਿ ਰਿਹਾ ਹੋਵੇਗਾ। ਇਹ ਵੀ ਇਕ ਸਮੱਸਿਆ ਹੋਏਗੀ ਕਿ ਉਦੋਂ ਤੱਕ ਸਾਂਝੇ ਪਰਿਵਾਰਾਂ ਦੀ ਗਿਣਤੀ ਤਕਰੀਬਨ ਨਾ ਦੇ ਬਰਾਬਰ ਹੀ ਰਹਿ ਸਕਦੀ ਹੈ। ਇਸ ਦਾ ਮਤਲਬ ਹੈ ਕਿ ਬਜ਼ੁਰਗ ਜਾਂ ਤਾਂ ਇਕੱਲੇ ਹੋਣਗੇ ਅਤੇ ਜਾਂ ਫਿਰ ਆਪਣੀ ਕੁਆਰੀ ਔਲਾਦ ਨਾਲ ਹੀ ਰਹਿ ਰਹੇ ਹੋਣਗੇ। ਬਹੁਤੇ ਪੱਛਮੀ ਮੁਲਕਾਂ ਵਿਚ ਤਾਂ ਅੱਜ ਵੀ ਇਹੀ ਹਾਲਾਤ ਹਨ।

ਭਾਰਤ ਅਤੇ ਇਜ਼ਰਾਈਲ ਵਰਗੇ ਮੁਲਕਾਂ ਵਿਚ ਅੱਜ ਲਗਭਗ 65-70 ਫ਼ੀਸਦੀ ਆਬਾਦੀ ਨੌਜਵਾਨਾਂ ਦੀ ਹੈ। ਇੱਥੋਂ ਅਸੀਂ ਇਹ ਅੰਦਾਜ਼ਾ ਸਹਿਜੇ ਹੀ ਲਗਾ ਸਕਦੇ ਹਾਂ ਕਿ ਇਨ੍ਹਾਂ ਮੁਲਕਾਂ ਵਿਚ ਅੱਜ ਤੋਂ 30-40 ਸਾਲ ਬਾਅਦ ਕੀ ਹਾਲਾਤ ਹੋਣਗੇ, ਕਿਉਂਕਿ ਅੱਜ ਜਿੰਨੇ ਵੱਧ ਨੌਜਵਾਨ ਹਨ ਓਨੇ ਹੀ ਵੱਧ ਕੱਲ੍ਹ ਨੂੰ ਬਜ਼ੁਰਗ ਹੋਣਗੇ ਅਤੇ ਨੌਜਵਾਨ ਘਟਦੇ ਜਾਣਗੇ ਕਿਉਂਕਿ ਹੁਣ ਸਾਡੀ ਜਨਮ ਦਰ ਪਹਿਲਾਂ ਨਾਲੋਂ ਘਟਦੀ ਜਾ ਰਹੀ ਹੈ। ਭਾਵੇਂ ਕਿ ਭਾਰਤ ਵਿਚ ਅੱਜ 26 ਫ਼ੀਸਦੀ ਬੱਚੇ ਹਨ ਜੋ ਕਿ ਅਗਲੇ ਸਾਲਾਂ ਵਿਚ ਨੌਜਵਾਨ ਆਬਾਦੀ ਬਣ ਕੇ ਦੇਸ਼ ਨੂੰ ਜਵਾਨ ਬਣਾਈ ਰੱਖਣਗੇ ਪ੍ਰੰਤੂ ਫਿਰ ਵੀ ਇਹ ਦੌਰ ਕਿੰਨਾ ਕੁ ਲੰਬਾ ਚੱਲੇਗਾ ? ਜਲਦੀ ਹੀ ਉਹ ਸਮਾਂ ਆ ਜਾਏਗਾ ਜਦੋਂ ਬਜ਼ੁਰਗ ਅਬਾਦੀ ਇਕਦਮ ਵਧਣੀ ਸ਼ੁਰੂ ਹੋ ਜਾਏਗੀ। ਜਾਪਾਨ ਅਤੇ ਇਟਲੀ ਵਰਗੇ ਮੁਲਕਾਂ ਵਿਚ ਤਾਂ ਅੱਜ ਹੀ ਬੱਚਿਆਂ ਦੀ ਅਬਾਦੀ 13 ਫ਼ੀਸਦੀ ਤੋਂ ਵੀ ਘੱਟ ਹੈ। ਅਰਥਾਤ ਉਸੇ ਹਿਸਾਬ ਨਾਲ ਉੱਥੇ ਅਗਲੇ ਸਾਲਾਂ ਵਿਚ ਨੌਜਵਾਨ ਅਬਾਦੀ ਦੀ ਕਮੀ ਰਹੇਗੀ ਅਤੇ ਬਜ਼ੁਰਗ ਅਬਾਦੀ ਵਿਚ ਵਾਧਾ ਹੋਰ ਵੱਧ ਨਜ਼ਰ ਆਏਗਾ। ਮੰਨਿਆ ਜਾ ਰਿਹਾ ਹੈ ਕਿ 2030 ਤੱਕ ਜਾਪਾਨ ਵਿਚ ਕਾਮਿਆਂ ਦੀ ਗਿਣਤੀ ਅੱਜ ਨਾਲੋਂ 80 ਲੱਖ ਘਟ ਜਾਏਗੀ। ਚੀਨ ਵਰਗਾ ਮੁਲਕ ਜਿਸਨੇ ਹੁਣ ਤੱਕ ਕੇਵਲ ਇੱਕ ਹੀ ਬੱਚਾ ਪੈਦਾ ਕਰਨ ਦੀ ਨੀਤੀ ਜਾਰੀ ਰੱਖੀ ਹੋਈ ਸੀ, ਹੁਣ ਇਸ ਗੱਲੋਂ ਫ਼ਿਕਰਮੰਦ ਹੈ ਕਿ ਅਗਲੇ ਸਾਲਾਂ ਵਿਚ ਉੱਥੇ ਬਜ਼ੁਰਗ ਅਬਾਦੀ ਵਧਦੀ ਜਾਏਗੀ ਅਤੇ ਨੌਜਵਾਨ ਘਟਦੇ ਜਾਣਗੇ ਕਿਉਂਕਿ ਪਿਛਲੇ ਲੰਬੇ ਸਮੇਂ ਤੋਂ ਉੱਥੇ ਬੱਚੇ ਘੱਟ ਪੈਦਾ ਹੋਏ ਹਨ। ਇਹੀ ਹਾਲਤ ਆਉਣ ਵਾਲੇ 30-40 ਸਾਲਾਂ ਤੱਕ ਭਾਰਤ ਦੀ ਵੀ ਹੋਣ ਵਾਲੀ ਹੈ ਕਿਉਂਕਿ ਚੀਨ ਤੋਂ ਬਾਅਦ ਸਭ ਤੋਂ ਵੱਧ ਅਬਾਦੀ ਵਾਲਾ ਮੁਲਕ ਭਾਰਤ ਹੀ ਹੈ।

ਸਾਡੀ ਦੁਨੀਆ ਦਿਨੋ-ਦਿਨ ਬੁੱਢੀ ਹੁੰਦੀ ਜਾ ਰਹੀ ਹੈ ਅਤੇ ਇਸ ਨਾਲ ਕਈ ਮੁਲਕਾਂ ਵਿਚ ਬਜ਼ੁਰਗਾਂ ਵਾਸਤੇ ਚਲਾਈਆਂ ਜਾ ਰਹੀਆਂ ਕਲਿਆਣਕਾਰੀ ਯੋਜਨਾਵਾਂ ਨੂੰ ਫੰਡਾਂ ਦੀ ਘਾਟ ਹੋ ਰਹੀ ਹੈ। ਇਸ ਲਈ ਜਿਹੜੇ ਮੁਲਕਾਂ ਦੀਆਂ ਸਰਕਾਰਾਂ, ਜਨਤਕ ਸਿਹਤ ਲਈ ਘੱਟ ਬਜਟ ਰੱਖਦੀਆਂ ਹਨ, ਆਉਣ ਵਾਲੇ ਸਮੇਂ ਵਿਚ, ਉਨ੍ਹਾਂ ਮੁਲਕਾਂ ਦੇ ਪਰਿਵਾਰਾਂ ਨੂੰ ਵੱਧ ਬੋਝ ਉਠਾਉਣਾ ਪੈ ਸਕਦਾ ਹੈ। ਉਦਾਹਰਨ ਵਜੋਂ, ਭਾਰਤ ਵਰਗੇ ਮੁਲਕ ਨੇ 2004 ਵਿਚ ਹੀ ਪੁਰਾਣੀ ਪੈਨਸ਼ਨ ਸਕੀਮ ਬੰਦ ਕਰ ਦਿੱਤੀ ਸੀ ਅਤੇ ਉਸ ਦੀ ਥਾਂ ਉੱਤੇ ਨਵੀਂ ਪੈਨਸ਼ਨ ਸਕੀਮ ਲਾਗੂ ਕਰ ਦਿੱਤੀ ਸੀ। ਇਸ ਦਾ ਨੁਕਸਾਨ ਆਉਣ ਵਾਲੇ ਸਮੇਂ ਵਿਚ ਕੇਵਲ ਬਜ਼ੁਰਗਾਂ ਨੂੰ ਹੀ ਨਹੀਂ ਬਲਕਿ ਉਨ੍ਹਾਂ ਨੂੰ ਸੰਭਾਲਣ ਵਾਲੇ ਪਰਿਵਾਰਾਂ ਨੂੰ ਹੋਰ ਵੀ ਵੱਧ ਉਠਾਉਣਾ ਪਏਗਾ, ਕਿਉਂਕਿ ਨਵੀਂ ਪੈਨਸ਼ਨ ਨੀਤੀ ਅਧੀਨ ਸੇਵਾ ਮੁਕਤ ਹੋਣ ਤੋਂ ਬਾਅਦ ਕਿਸੇ ਮੁਲਾਜ਼ਮ ਨੂੰ ਬਹੁਤ ਹੀ ਨਿਗੂਣੀ ਜਿਹੀ ਪੈਨਸ਼ਨ ਹੀ ਮਿਲੇਗੀ। ਪ੍ਰੰਤੂ ਸਵਾਲ ਇਹ ਵੀ ਹੈ ਕਿ ਉਨ੍ਹਾਂ ਬਜ਼ੁਰਗਾਂ ਦਾ ਕੀ ਬਣੇਗਾ ਜੋ ਆਮ ਗ਼ਰੀਬ ਕਿਸਾਨ ਜਾਂ ਮਜ਼ਦੂਰ ਪਰਿਵਾਰਾਂ ਵਿਚ ਹੋਣਗੇ ?

# ਚੀਨ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਤੋਂ ਲੈ ਕੇ ਭੁੱਖਮਰੀ ਤੱਕ ਮਾੜੇ ਹਾਲਾਤ

## ਵਿਸ਼ਵ ਬੈਂਕ ਦੀ ਰਿਪੋਰਟ ਦੇ ਅਨੁਸਾਰ 100 ਮਿਲੀਅਨ ਚੀਨੀ ਬਤੀਤ ਕਰ ਰਹੇ ਨੇ ਬੇਸਹਾਰਾ ਜੀਵਨ

- ☛ ਚੀਨੀਆਂ ਦੀ ਆਮਦਨ 82 ਰੁਪਏ ਪ੍ਰਤੀ ਦਿਨ ਤੋਂ ਵੀ ਘੱਟ
- ☛ ਪੂਰੀ ਦੁਨੀਆ ਤੋਂ ਚੀਨ ਵਿੱਚ ਮੌਤ ਦੀ 4 ਗੁਣਾ ਜ਼ਿਆਦਾ ਦਿੱਤੀ ਜਾਂਦੀ ਹੈ ਸਜ਼ਾ





ਸ਼ੰਘਾਈ/ਏ.ਟੀ.ਨਿਊਜ਼ :- ਚੀਨ ਦੁਨੀਆ ਦਾ ਸਭ ਤੋਂ ਵੱਧ ਅਬਾਦੀ ਵਾਲਾ ਦੇਸ਼ ਹੈ ਅਤੇ ਇਹ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਦੇਸ਼ ਵੀ ਹੈ। ਚੀਨ ਭਾਵੇਂ ਆਪਣੇ ਆਪ ਨੂੰ ਅਮਰੀਕਾ ਦੇ ਬਰਾਬਰ ਸਮਝਦਾ ਹੋਵੇ ਪਰ ਇਸ ਦੇਸ਼ ਦੇ ਪੇਂਡੂ ਹਿੱਸਿਆਂ ਵਿਚ ਗਰੀਬੀ ਅਤੇ ਭੁੱਖਮਰੀ ਇੱਕ ਅਜਿਹਾ ਸੱਚ ਹੈ ਜੋ ਚੀਨ ਕਦੇ ਵੀ ਸਾਹਮਣੇ ਨਹੀਂ ਲਿਆਉਣਾ ਚਾਹੁੰਦਾ। ਵਿਸ਼ਵ ਬੈਂਕ ਦੀ ਰਿਪੋਰਟ ਦੇ ਅਨੁਸਾਰ, 100 ਮਿਲੀਅਨ ਚੀਨੀ ਲੋਕ ਬੇਸਹਾਰਾ ਜੀਵਨ ਬਤੀਤ ਕਰ ਰਹੇ ਹਨ ਅਤੇ ਉਨ੍ਹਾਂ ਦੀ ਆਮਦਨ 82 ਰੁਪਏ ਪ੍ਰਤੀ ਦਿਨ ਤੋਂ ਘੱਟ ਹੈ। ਚੀਨ ਆਪਣੇ ਸਖ਼ਤ ਕਾਨੂੰਨ ਲਈ ਜਾਣਿਆ ਜਾਂਦਾ ਹੈ। ਜਦੋਂ ਮੌਤ ਦੀ ਸਜ਼ਾ ਦੀ ਗੱਲ ਆਉਂਦੀ ਹੈ ਤਾਂ ਚੀਨ ਵਿੱਚ ਗੋਲੀ ਮਾਰਨ ਅਤੇ ਘਾਤਕ ਟੀਕੇ ਲਗਾਉਣ ਵਰਗੇ ਬੇਰਹਿਮ ਤਰੀਕੇ ਵਰਤੇ ਜਾਂਦੇ ਹਨ। ਇੰਨਾ ਹੀ ਨਹੀਂ, ਪੂਰੀ ਦੁਨੀਆ ਵਿਚ ਮੌਤ ਦੀ ਸਜ਼ਾ ਤੋਂ 4 ਗੁਣਾ ਜ਼ਿਆਦਾ ਮੌਤ ਦੀ ਸਜ਼ਾ ਚੀਨ ਵਿਚ ਦਿੱਤੀ ਜਾਂਦੀ ਹੈ।ਚੀਨ ਵਿਚ ਪ੍ਰਦੂਸ਼ਣ ਦਾ ਪੱਧਰ ਇੰਨਾ ਜ਼ਿਆਦਾ ਹੈ ਕਿ ਲੋਕਾਂ ਲਈ ਮਾਸਕ ਤੋਂ ਬਿਨਾਂ ਰਹਿਣਾ ਮੁਸ਼ਕਲ ਹੋ ਗਿਆ ਹੈ। ਚੀਨ ਦੇ ਵਿਕਾਸ ਦੇ ਨਾਲ-ਨਾਲ ਉਦਯੋਗੀਕਰਨ ਅਤੇ ਸ਼ਹਿਰੀ ਵਿਕਾਸ ਨੇ ਇਸ ਦੇਸ਼ ਵਿੱਚ ਹਵਾ ਪ੍ਰਦੂਸ਼ਣ ਨੂੰ ਸਿਖਰ 'ਤੇ ਪਹੁੰਚਾਇਆ ਹੈ। ਇਸ ਕਾਰਨ ਲੋਕਾਂ ਨੂੰ ਸਿਹਤ ਸਬੰਧੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਚੀਨ ਵਿੱਚ ਬੋਲਣ ਤੇ ਪ੍ਰਗਟਾਵੇ ਦੀ ਅਜ਼ਾਦੀ ਨਹੀਂ ਹੈ। ਇੱਥੇ ਸਰਕਾਰ ਵਲੋਂ ਕਰੀਬ 3000 ਵੈੱਬਸਾਈਟਾਂ ਨੂੰ ਅੰਦਰੂਨੀ ਸੈਂਸਰਸ਼ਿਪ ਨੀਤੀ ਤਹਿਤ ਬਲਾਕ ਕੀਤਾ ਗਿਆ ਹੈ। ਲੋਕ ਸਿਰਫ਼ ਉਨ੍ਹਾਂ ਵੈੱਬਸਾਈਟਾਂ ਨੂੰ ਦੇਖ ਸਕਦੇ ਹਨ ਜਿਨ੍ਹਾਂ ਲਈ ਸਰਕਾਰ ਵਲੋਂ ਮਨਜ਼ੂਰੀ ਹੈ।

ਨਿਰਮਾਣ ਅਤੇ ਆਰਕੀਟੈਕਚਰ ਦੇ ਪੱਖੋਂ ਚੀਨ ਦਾ ਕੋਈ ਜਵਾਬ ਨਹੀਂ ਹੈ ਪਰ ਇੱਥੇ ਦੁਨੀਆ ਦਾ ਸਭ ਤੋਂ ਵੱਡਾ ਖਾਲੀ ਮਾਲ ਮੌਜੂਦ ਹੈ। ਵੱਡੀ ਗਿਣਤੀ ਵਿੱਚ ਮਜ਼ਦੂਰ ਹੋਣ ਦੇ ਬਾਵਜੂਦ, ਇਸ ਦੇਸ਼ ਵਿੱਚ ਕੰਪਲੈਕਸ ਖਾਲੀ ਪਏ ਹਨ। ਚੀਨ ਦਾ ਸ਼ਾਂਕਸੀ ਪ੍ਰਾਂਤ ਆਪਣੀ ਪੋਰਰ ਅਤੇ ਪੋਰਰ ਮਿੱਟੀ ਲਈ ਜਾਣਿਆ ਜਾਂਦਾ ਹੈ। ਇਸ ਇਲਾਕੇ ਵਿੱਚ ਲੋਕ ਘਰਾਂ ਦੀ ਬਜਾਏ ਗੁਫਾਵਾਂ ਬਣਾਕੇ ਰਹਿੰਦੇ ਹਨ। ਸੰਯੁਕਤ ਰਾਸ਼ਟਰ ਮਨੁੱਖੀ ਵਸੇਬਾ ਪ੍ਰੋਗਰਾਮ ਮੁਤਾਬਕ ਚੀਨ ਦੇ 35 ਮਿਲੀਅਨ ਲੋਕ ਗੁਫਾਵਾਂ ਵਿੱਚ ਰਹਿੰਦੇ ਹਨ। ਚੀਨ ਦੇ ਆਧੁਨਿਕ ਤਕਨੀਕ ਵਾਲੇ ਡਰੇਨੇਜ ਸਿਸਟਮ ਦੀ ਹਾਲਤ ਇੰਨੀ ਮਾੜੀ ਹੈ ਕਿ ਇੱਥੋਂ ਦੇ ਸੀਵਰੇਜ ਦਾ ਗੰਦਾ ਪਾਣੀ ਲੋਕਾਂ ਦੀ ਸਿਹਤ ਨੂੰ ਭਾਰੀ ਨੁਕਸਾਨ ਪਹੁੰਚਾਉਂਦਾ ਹੈ। ਅਨੁਮਾਨ ਮੁਤਾਬਕ ਚੀਨ ਦੀ ਲਗਭਗ ਅੱਧੀ ਅਬਾਦੀ ਕੋਲ ਪੀਣ ਲਈ ਸਾਫ਼ ਪਾਣੀ ਨਹੀਂ ਹੈ। ਚੀਨ ਵਿੱਚ ਵਿੱਚ ਪੈਦਾ ਹੋਣ ਵਾਲੇ ਬੱਚੇ ਸਿਹਤ ਸਮੱਸਿਆਵਾਂ ਦਾ ਸਭ ਤੋਂ ਵੱਧ ਸਾਹਮਣਾ ਕਰ ਰਹੇ ਹਨ। ਚੀਨ ਵਿੱਚ ਧਰਮ ਦੀ ਗੱਲ ਕਰੀਏ ਤਾਂ ਇੱਥੇ ਈਸਾਈ ਤੇਜ਼ੀ ਨਾਲ ਵੱਧ ਰਹੇ ਹਨ। ਕਿਹਾ ਜਾਂਦਾ ਹੈ ਕਿ ਚੀਨ ਵਿਚ ਇਟਲੀ ਨਾਲੋਂ ਜ਼ਿਆਦਾ ਈਸਾਈ ਅਬਾਦੀ ਹੈ ਅਤੇ ਚਰਚ ਜਾਣ ਵਾਲਿਆਂ ਦੀ ਗਿਣਤੀ ਅਮਰੀਕਾ ਨਾਲੋਂ ਜ਼ਿਆਦਾ ਹੈ। ਤੁਸੀਂ ਚੀਨ ਦੇ ਭੂਤ ਸ਼ਹਿਰ ਬਾਰੇ ਵੀ ਸੁਣਿਆ ਹੋਵੇਗਾ। ਇਹ ਸ਼ਹਿਰ ਕਿਸੇ ਸਮੇਂ ਯੋਜਨਾਬੰਦੀ ਤਹਿਤ ਬਣਾਇਆ ਗਿਆ ਸੀ ਪਰ ਅੱਜ ਇੱਥੇ 65 ਲੱਖ ਖਾਲੀ ਪਏ ਘਰਾਂ ਤੋਂ ਇਲਾਵਾ ਕੁਝ ਵੀ ਨਹੀਂ ਹੈ ਕਿਉਂਕਿ ਇੰਨੇ ਮਹਿੰਗੇ ਘਰ ਕੋਈ ਖਰੀਦ ਨਹੀਂ ਸਕਦਾ।

# ਵੱਡਾ ਘੱਲੂਘਾਰਾ ਅਠਾਰ੍ਹਵੀਂ ਸਦੀ ਦੇ ਸਿੱਖ ਸੰਘਰਸ਼ ਦੀ ਸਿਖਰ ਹੈ

ਇੰਦਰਪ੍ਰੀਤ ਸਿੰਘ

ਘੱਲੂਘਾਰਾ ਸ਼ਬਦ ਦੇ ਅਰਥ ਹਨ ਬਰਬਾਦੀ ਜਾਂ ਕਤਲੇਆਮ। 5 ਫਰਵਰੀ 1762 ਨੂੰ ਕੁੱਪ-ਰੁਹੀੜੇ ਦੇ ਇਲਾਕੇ ਵਿੱਚ ਅਫ਼ਗਾਨ ਬਾਦਸ਼ਾਹ ਅਹਿਮਦ ਸ਼ਾਹ ਅਬਦਾਲੀ ਅਤੇ ਸਿੱਖਾਂ ਵਿਚਾਲੇ ਜੰਗ ਹੁੰਦੀ ਹੈ। ਇਸ ਜੰਗ ਵਿੱਚ ਸਿੱਖ ਕੌਮ ਦੀ ਵੱਡੀ ਗਿਣਤੀ ਲਗਭਗ 15,000-20,000 ਸ਼ਹੀਦੀ ਪਾ ਜਾਂਦੀ ਹੈ। ਸਿੱਖ ਇਤਿਹਾਸ ਵਿਚ ਇਸ ਦਿਹਾੜੇ ਨੂੰ ਵੱਡੇ ਘੱਲੂਘਾਰੇ ਵਜੋਂ ਯਾਦ ਕੀਤਾ ਜਾਂਦਾ ਹੈ।

ਵੱਡੇ ਘੱਲੂਘਾਰੇ ਨੂੰ ਯਾਦ ਕਰਦਿਆਂ ਜ਼ਬਰ ਜ਼ੁਲਮ ਸ਼ਬਦਾਂ ਰਾਹੀਂ ਨਕਾਰਾਤਮਕ ਤਸਵੀਰ ਪੇਸ਼ ਕੀਤੀ ਜਾਂਦੀ ਰਹੀ ਹੈ, ਜ਼ਬਰ ਅਤੇ ਜ਼ੁਲਮ ਦੀ ਦਾਸਤਾ ਕਹਿੰਦਿਆਂ ਇਸ ਢੰਗ ਸਮਝ ਬਣਦੀ ਹੈ ਜਿਵੇਂ ਸਿੱਖ, ਅਹਿਮਦ ਸ਼ਾਹ ਅਬਦਾਲੀ ਨਾਲ ਕਿਸੇ ਟਕਰਾਅ ਵਿੱਚ ਪੈਣਾ ਹੀ ਨਹੀਂ ਚਾਹੁੰਦੇ ਸਨ ਅਤੇ ਨਤੀਜੇ ਵਜੋਂ ਇਸ ਵਿੱਚ ਸਿੱਖਾਂ ਦਾ ਵੱਡਾ ਨੁਕਸਾਨ ਹੋਇਆ। ਜਦਕਿ ਸਿੱਖੀ ਵਿਚ ਸ਼ਹੀਦੀਆਂ ਨੂੰ ਨੁਕਸਾਨ ਵਜੋਂ ਵੇਖਣ ਦਾ ਕੋਈ ਸਿਧਾਂਤ ਨਹੀਂ ਹੈ। ਵੱਡਾ ਘੱਲੂਘਾਰਾ ਜ਼ੁਲਮ ਦਾ ਨਹੀਂ ਬਲਕਿ ਅਠਾਰ੍ਹਵੀਂ ਸਦੀ ਦੇ ਸਿੱਖ ਸੰਘਰਸ਼ ਦਾ ਸਿਖਰ ਸੀ। ਉਹ ਸੰਘਰਸ਼ ਜੋ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸ਼ੁਰੂ ਹੁੰਦਾ ਹੈ।

ਜਦੋਂ ਅਹਿਮਦ ਸ਼ਾਹ ਅਬਦਾਲੀ ਪਾਣੀਪਤ ਦੀ ਲੜਾਈ ਮਰਹੱਟਿਆਂ ਤੋਂ ਜਿੱਤ ਕੇ ਵਾਪਸ ਜਾ ਰਿਹਾ ਸੀ ਤਾਂ ਸਿੱਖ ਉਸ ਵੇਲੇ ਅਬਦਾਲੀ ਦੀ ਫ਼ੌਜ ਤੇ ਹਮਲਾ ਕਰਦੇ ਹਨ। ਕਿਸੇ ਜੇਤੂ ਬਾਦਸ਼ਾਹ ਤੇ ਇਸ ਤਰ੍ਹਾਂ ਹਮਲਾ ਕਰਨ ਦੇ ਅਰਥ ਉਸ ਦੇ ਮਾਣ ਅਤੇ ਪ੍ਰਤਿਸ਼ਠਾ ਤੇ ਡੂੰਘੀ ਸੱਟ ਸੀ। ਅਬਦਾਲੀ ਲਈ ਇਸ ਲੁੱਟ ਦੇ ਅਰਥ ਆਰਥਿਕ ਨੁਕਸਾਨ ਤੋਂ ਕਿਤੇ ਵੱਧ ਸਨ।

ਅਹਿਮਦ ਸ਼ਾਹ ਦੁਰਾਨੀ ਉਰਫ ਅਬਦਾਲੀ ਦਾ ਇਕ ਚਿੱਤਰ

ਅਬਦਾਲੀ ਦੀ ਰਵਾਨਗੀ ਸ਼ਾਮ ਤੋਂ ਬਾਅਦ ਹੀ ਪੰਜਾਬ ਦੇ ਪ੍ਰਸ਼ਾਸਨਿਕ ਪ੍ਰਬੰਧਾਂ ਵਿੱਚ ਸਿੱਖਾਂ ਵੱਲੋਂ ਵਿਘਨ ਪਾਉਣ ਦੀਆਂ ਖ਼ਬਰਾਂ ਅਬਦਾਲੀ ਕੋਲ ਪਹੁੰਚ ਚੁੱਕੀਆਂ ਸਨ। ਹਕੂਮਤੀ ਪ੍ਰਬੰਧਾਂ ਵਿਚ ਸਿੱਖਾਂ ਵਲੋਂ ਰੁਕਾਵਟ ਪਾਉਣ ਦੀਆਂ ਕਾਰਵਾਈਆਂ ਇਕ ਸੰਕੇਤਕ ਪ੍ਰਤਿਕਰਮ ਸਨ ਕਿ ਪੰਜਾਬ ਵਿਚ ਕਿਸੇ ਬਾਹਰੀ ਬਾਦਸ਼ਾਹ ਵੱਲੋਂ ਕਾਇਮ ਕੀਤੀ ਹਕੂਮਤ ਸਾਨੂੰ ਕਦੇ ਚਿੱਤ ਮਨਜ਼ੂਰ ਨਹੀਂ।

ਜਦੋਂ ਅਫ਼ਗਾਨ ਬਾਦਸ਼ਾਹ ਪੰਜਾਬ, ਕਸ਼ਮੀਰ ਅਤੇ ਸਿੰਧ ਨੂੰ ਦੁਰਾਨੀ ਹਕੂਮਤ ਹੇਠ ਲਿਆਉਣ ਲਈ ਯਤਨਸ਼ੀਲ ਸੀ ਤਾਂ ਸਿੱਖ ਪੰਜਾਬ ਵਿਚ ਮਿਸਲਾਂ ਅਧੀਨ ਛੋਟੇ ਆਜ਼ਾਦ ਰਾਜ ਪ੍ਰਬੰਧ ਸਿਰਜ ਰਹੇ ਸਨ ਰਾਖੀ ਪ੍ਰਬੰਧ ਹੇਠ ਬਿਨਾਂ ਕਿਸੇ ਭੇਦ-ਭਾਵ ਪੰਜਾਬ ਦੇ ਲੋਕਾਂ ਨੂੰ ਬਾਹਰੀ ਹਮਲਿਆਂ ਤੋਂ ਸੁਰੱਖਿਆ ਦੇਣ ਦੀ ਵਚਨਬੱਧਤਾ ਵੀ ਅਬਦਾਲੀ ਵਾਸਤੇ ਉਸ ਦੇ ਸਵੈਮਾਣ ਨੂੰ ਵੰਗਾਰ ਸੀ। ਸਿੱਖ ਸਰਦਾਰਾਂ ਵੱਲੋਂ ਛੋਟੀਆਂ ਆਜ਼ਾਦ ਹਕੂਮਤੀ ਸਟੇਟਾਂ ਦੀ ਸਥਾਪਨਾ ਜਿਥੇ ਅਬਦਾਲੀ ਲਈ ਸੈਨਿਕ ਪ੍ਰਤੀਰੋਧ ਤਾਂ ਸੀ ਉੱਥੇ ਅਜਿਹੀ ਹਿੰਮਤ ਉਸ ਦੇ ਗੌਰਵ ਨੂੰ ਠੇਸ ਪਹੁੰਚਾਉਂਦੀ ਸੀ।

ਸੋ, ਉਪਰੋਕਤ ਕਾਰਨਾਂ ਦੇ ਮੱਦੇਨਜ਼ਰ ਅਹਿਮਦ ਸ਼ਾਹ ਅਬਦਾਲੀ ਸਿੱਖਾਂ ਨਾਲ ਦੋ-ਦੋ ਹੱਥ ਕਰਨ ਲਈ ਉਤਾਵਲਾ ਸੀ।

27 ਅਕਤੂਬਰ 1761 ਨੂੰ ਦੀਵਾਲੀ ਦਾ ਦਿਹਾੜਾ ਸੀ। ਖ਼ਾਲਸਾ ਪੰਥ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਇਕੱਠਾ ਹੋਇਆ। ਸਰੱਬਤ ਖਾਲਸੇ ਨੇ ਅਗਲੇਰੀ ਰਣਨੀਤੀ ਲਈ ਗੁਰਮਤਾ ਕੀਤਾ ਕਿ ਪੰਜਾਬ ਵਿੱਚ ਦੁਰਾਨੀ ਬਾਦਸ਼ਾਹ ਦੇ ਮੁਖ਼ਬਰ ਅਤੇ ਭਾਈਵਾਲ ਮੌਜੂਦ ਹਨ। ਦੱਸਣਯੋਗ ਹੈ ਕਿ ਇਸ ਸਮੇਂ ਪੰਜਾਬ ਦਾ ਬਹੁਤ ਸਾਰਾ ਇਲਾਕਾ ਖ਼ਾਲਸੇ ਅਧੀਨ ਆ ਚੁੱਕਾ ਸੀ ਹੁਣ ਬਾਕੀ ਰਹਿੰਦੇ ਇਲਾਕੇ ਤੇ ਕਬਜ਼ਾ ਤਾਂ ਹੀ ਸੰਭਵ ਸੀ ਜੇਕਰ ਪੰਜਾਬ ਵਿਚੋਂ ਦੁਰਾਨੀ ਬਾਦਸ਼ਾਹ ਦੇ ਏਜੰਟ ਲਾਂਭੇ ਕੀਤੇ ਜਾਣ। ਜਿਨ੍ਹਾਂ ਵਿੱਚ ਮੁੱਖ ਤੌਰ ਤੇ ਜੰਡਿਆਲੇ ਦੇ ਨਿਰੰਜਨੀਏ ਮਹੰਤ ਆਕਿਲ ਦਾਸ, ਕਸੂਰੀਏ, ਮਲੇਰਕੋਟਲੇ ਦੇ ਅਫ਼ਗਾਨ ਅਤੇ ਸਰਹਿੰਦ ਦਾ ਫ਼ੌਜਦਾਰ ਜੈਨ ਖ਼ਾਂ ਸ਼ਾਮਿਲ ਸੀ। ਕਸੂਰੀ ਅਤੇ ਮਲੇਰਕੋਟਲੇ ਵਾਲੇ ਤਾਂ ਅਬਦਾਲੀ ਨਾਲ ਨਸਲੀ ਸਾਂਝ ਰੱਖਦੇ ਸਨ। ਜੈਨ ਖਾਂ ਨੂੰ ਉਸ ਨੇ ਸਰਹਿੰਦ ਦਾ ਫ਼ੌਜਦਾਰ ਨਿਯੁਕਤ ਕੀਤਾ ਹੋਇਆ ਸੀ ਅਤੇ ਨਿਰੰਜਨੀਆ ਆਕਿਲ ਦਾਸ ਸਿੱਖਾਂ ਨਾਲ ਵੈਸੇ ਹੀ ਨਫ਼ਰਤ ਰੱਖਦਾ ਸੀ।

ਸਰੱਬਤ ਖਾਲਸੇ ਵਿੱਚ ਗੁਰਮਤਾ ਹੋਇਆ। ਗੁਰਮਤੇ ਨੂੰ ਅਮਲੀਜਾਮਾ ਪਹਿਨਾਉਣ ਲਈ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਅਤੇ ਬਾਬਾ ਜੱਸਾ ਸਿੰਘ ਆਹਲੂਵਾਲੀਆ ਨੇ ਆਕਿਲ ਦਾਸ ਕੋਲ ਖ਼ਬਰ ਪਹੁੰਚਾ ਦਿੱਤੀ ਕਿ ਉਹ ਬਿਨਾਂ ਲੜਾਈ ਖ਼ਾਲਸੇ ਦੀ ਈਨ ਮੰਨ ਲਵੇ ਤਾਂ ਚੰਗਾ ਹੈ ਅਤੇ ਜੰਡਿਆਲੇ ਨੂੰ ਘੇਰਾ ਪਾ ਲਿਆ। ਪਰ ਹੰਕਾਰੀ ਆਕਿਲ ਦਾਸ ਨੇ ਇਸ ਗੱਲ ’ਤੇ ਗੌਰ ਕਰਨ ਦੀ ਥਾਂ ਤੇਜ਼ ਸੁਨੇਹਾ ਅਬਦਾਲੀ ਵੱਲ ਭੇਜ ਦਿੱਤਾ। ਤਾਰੀਖ਼-ਏ-ਪੰਜਾਬ ਦੇ ਕਰਤਾ ਘਨ੍ਹਈਆ ਲਾਲ ਲਿਖਦੇ ਹਨ ਕਿ ‘ਮਹੰਤ ਆਕਿਲ ਦਾਸ ਨੇ ਇਕ ਤੇਜ਼ ਊਠਣੀ-ਸਵਾਰ ਨੂੰ ਇਕ ਬੇਨਤੀ ਪੱਤਰ ਦੇ ਕੇ ਕਾਬਲ ਵੱਲ ਤੋਰਿਆ ਅਤੇ ਬਾਦਸ਼ਾਹ ਕੋਲੋਂ ਮਦਦ ਮੰਗੀ’। ਅਬਦਾਲੀ, ਜੋ ਕਿ ਪਹਿਲਾਂ ਤੋਂ ਹੀ ਹਿੰਦੋਸਤਾਨ ਵੱਲ ਚੜ੍ਹਿਆ ਆਉਂਦਾ ਸੀ ਅਤੇ ਸਿੱਖਾਂ ਨਾਲ ਲੜਾਈ ਲਈ ਪਹਿਲਾਂ ਹੀ ਇੱਛਾਵਾਨ ਸੀ, ਉਸ ਨੂੰ ਇਹ ਸੁਨੇਹਾ ਰੋਹਤਾਸ ਕੋਲ ਮਿਲਿਆ। ਉਹ ਤੇਜ਼ੀ ਨਾਲ ਜੰਡਿਆਲੇ ਵੱਲ ਵਧਿਆ।

ਇਸ ਸਮੇਂ ਸਰਦਾਰ ਜੱਸਾ ਸਿੰਘ ਨੂੰ ਅਬਦਾਲੀ ਦੇ ਆਉਣ ਦੀ ਸੂਹ ਲੱਗ ਚੁੱਕੀ ਸੀ। ਸਾਰੇ ਸਰਦਾਰਾਂ ਨੇ ਸਲਾਹ ਕਰਕੇ ਜੰਡਿਆਲੇ ਤੋਂ ਘੇਰਾ ਚੁੱਕ ਲਿਆ ਤਾਂ ਜੋ ਆਪਣੇ ਟੱਬਰਾਂ ਨੂੰ ਸਤਲੁਜ ਪਾਰ ਕਿਸੇ ਸੁਰੱਖਿਅਤ ਥਾਂ ’ਤੇ ਪਹੁੰਚਾਇਆ ਜਾ ਸਕੇ ਅਤੇ ਉਪਰੰਤ ਉਹ ਬੇਫਿਕਰੀ ਨਾਲ ਅਬਦਾਲੀ ਨਾਲ ਸਿੱਝ ਸਕਣ।

ਡਾ. ਗੰਡਾ ਸਿੰਘ ਘੇਰਾ ਚੁੱਕਣ ਦਾ ਦੂਜਾ ਕਾਰਨ ਇਹ ਲਿਖਦੇ ਹਨ ਕਿ ਸਿੱਖ ਸਰਦਾਰ ਇਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਅਬਦਾਲੀ ਦੀਆਂ ਪਿਛਲੀਆਂ ਲੜਾਈਆਂ ਮਥੁਰਾ, ਬ੍ਰਿੰਦਾਬਨ ਅਤੇ ਪਾਣੀਪਤ ਦੌਰਾਨ ਕਿਵੇਂ ਔਰਤਾਂ ਅਤੇ ਬੱਚਿਆਂ ਨੂੰ ਕੈਦ ਕਰਕੇ ਆਪਣੇ ਨਾਲ ਲੈ ਗਿਆ ਸੀ ਜਿਸ ਨੂੰ ਉਪਰੰਤ ਬਾਬਾ ਜੱਸਾ ਸਿੰਘ ਆਹਲੂਵਾਲੀਆ ਨੇ ਛੁਡਾਇਆ ਸੀ ਅਤੇ ਸਿੱਖ ਇਸ ਸਮੇਂ ਅਜਿਹੀ ਕਿਸੇ ਵੀ ਪਰਿਸਥਿਤੀ ਵਿੱਚ ਨਹੀਂ ਪੈਣਾ ਚਾਹੁੰਦੇ ਸਨ। ਸਿੱਖਾਂ ਘੇਰਾ ਚੁੱਕਣ ਤੋਂ ਬਾਅਦ ਮਲੇਰਕੋਟਲੇ ਕੋਲ ਡੇਰਾ ਕੀਤਾ। ਇਸ ਸਮੇਂ ਵਹੀਰ ਵਿਚ ਛੋਟੇ ਬੱਚੇ, ਬਜ਼ੁਰਗ ਅਤੇ ਔਰਤਾਂ ਸ਼ਾਮਿਲ ਸਨ। ਭੀਖਣ ਖਾਂ, ਮਲੇਰਕੋਟਲੇ ਦਾ ਅਫ਼ਗਾਨ ਹਾਕਮ, ਨੂੰ ਜਦੋਂ ਪਤਾ ਲੱਗਾ ਕਿ ਸਿੱਖ ਰਾਏਪੁਰ ਗੁੱਜਰਵਾਲੋਂ ਦੱਖਣ ਵੱਲ, ਮਲੇਰਕੋਟਲੇ ਤੋਂ ਅੱਠ-ਦੱਸ ਮੀਲ ਦੂਰੀ ਤੇ ਹਨ ਤਾਂ ਉਸ ਨੇ ਇਹ ਖ਼ਬਰ ਜੈਨ ਖਾਂ, ਸਰਹਿੰਦ ਦੇ ਫ਼ੌਜਦਾਰ ਨੂੰ ਪਹੁੰਚਾ ਦਿੱਤੀ ਅਤੇ ਅਬਦਾਲੀ ਨੂੰ ਸੁਨੇਹਾ ਭੇਜ ਦਿੱਤਾ।

3 ਫਰਵਰੀ 1762 ਨੂੰ ਅਬਦਾਲੀ ਨੇ ਲਾਹੌਰੋਂ ਕੂਚ ਕੀਤਾ ਅਤੇ ਜੈਨ ਖ਼ਾਨ ਨੂੰ ਸੁਨੇਹਾ ਲਾ ਦਿੱਤਾ ਕਿ ਉਹ ਸਿੱਖਾਂ ਤੇ ਅਗਲੇ ਪਾਸਿਓਂ ਹਮਲਾ ਕਰੇ।

ਅਬਦਾਲੀ ਦਾ ਸੁਨੇਹਾ ਮਿਲਦੇ ਸਾਰ ਹੀ ਜੈਨ ਖਾਂ, ਭੀਖਣ ਖਾਂ, ਮੁਰਤਜ਼ਾ ਖਾਂ ਵੜਾਇਚ, ਕਾਸਿਮ ਖਾਂ, ਦੀਵਾਨ ਲਕਸ਼ਮੀ ਨਾਰਾਇਣ ਸਿੱਖਾਂ ਦੇ ਵਿਆਪਕ ਕਤਲੇਆਮ ਦੀ ਤਿਆਰੀ ਕਰਨ ਲੱਗੇ।

5 ਫਰਵਰੀ 1762 ਦੀ ਹਨ੍ਹੇਰੀ ਸਵੇਰ ਨੂੰ ਜੈਨ ਖਾਂ ਦੀਆਂ ਫ਼ੌਜਾਂ ਕੁੱਪ ਪਿੰਡ ਪਹੁੰਚ ਗਈਆਂ ਜਿਥੇ ਸਿੰਘ ਰੁਕੇ ਹੋਏ ਸਨ। ਜੈਨ ਖ਼ਾਂ ਦੇ ਕਮਾਂਡਰ ਕਾਸਿਮ ਖਾਂ ਨੇ ਸਿੱਖਾਂ ਤੇ ਪਹਿਲਾ ਹਮਲਾ ਕੀਤਾ। ਸਿੱਖਾਂ ਲਈ ਇਹ ਹਮਲਾ ਅਚੰਭਿਤ ਸੀ ਉਹ ਕਿਸੇ ਵੀ ਤਰ੍ਹਾਂ ਜੰਗ ਲਈ ਤਿਆਰ ਨਹੀਂ ਸਨ। ਅਚਨਚੇਤ ਹਮਲੇ ਬਾਰੇ ਜਦੋਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਚੜ੍ਹਤ ਸਿੰਘ ਨੂੰ ਹਮਲੇ ਦਾ ਪਤਾ ਲੱਗਾ ਤਾਂ ਉਹ ਤੇਜ਼ੀ ਨਾਲ ਵਹੀਰ ਦੀ ਸੁਰੱਖਿਆ ਲਈ ਅੱਗੇ ਵਧੇ। ਸਿੱਖ ਸਰਦਾਰਾਂ ਨੇ ਜਿਸ ਜੋਸ਼ ਅਤੇ ਸੂਰਬੀਰਤਾ ਨਾਲ ਜਵਾਬੀ ਹਮਲਾ ਕੀਤਾ ਉਸ ਨੂੰ ਤਹਿਮਾਸ ਨਾਮੇ ਦਾ ਕਰਤਾ ਇਉਂ ਲਿਖਦਾ ਹੈ, ‘ਕਾਸਿਮ ਖਾਂ ਸਿੱਖਾਂ ਦੇ ਹਮਲੇ ਅੱਗੇ ਨਾ ਖੜ੍ਹ ਸਕਿਆ। ਉਹ ਪਿੱਛੇ ਹਟਣ ਲੱਗਿਆ ਮੈਂ ਉਸ ਨੂੰ ਰੋਕਿਆ ਕਿ ਅਜਿਹਾ ਨਾ ਕਰੇ। ਪਰ ਉਸ ਨੇ ਮੇਰੀ ਸੁਣੀ ਨਹੀਂ। ਉਹ ਮਲੇਰਕੋਟਲੇ ਵੱਲ ਭੱਜ ਗਿਆ।’ ਤਹਿਮਾਸ ਖਾਂ ਨੇ ਫਿਰ ਆਪਣੀ ਫ਼ੌਜ ਨੂੰ ਮੁਰਤਜ਼ਾ ਖਾਂ ਵੜਾਇਚ ਨਾਲ ਮਿਲਾ ਲਿਆ ਜੋ ਕਿ ਪੰਜ ਸੌ ਫ਼ੌਜ ਦੀ ਟੁਕੜੀ ਨਾਲ ਉੱਥੇ ਮੌਜੂਦ ਸੀ।

ਸੂਰਜ ਦੀ ਟਿੱਕੀ ਚੜਨ ਨਾਲ ਅਹਿਮਦ ਸ਼ਾਹ ਅਬਦਾਲੀ ਵੀ ਜੰਗ ਵਿੱਚ ਪਹੁੰਚ ਚੁਕਿਆ ਸੀ ।

ਤਹਿਮਾਸ ਖਾਂ ਲਿਖਦਾ ਹੈ ਕਿ ‘ਅਬਦਾਲੀ ਨੇ ਸਾਡੀ ਫ਼ੌਜ ਨੂੰ ਘੇਰਾ ਪਾ ਲਿਆ। ਮੈਂ ਇਕੱਲਾ ਹੀ ਸੀ ਜਿਸਨੇ ਕੁਲ੍ਹਾ (ਮੁਸਲਮਾਨੀ ਕਵਚ) ਪਹਿਨਿਆ ਹੋਇਆ ਸੀ। ਮੈਂ ਸ਼ਾਹੀ ਫ਼ੌਜ ਨੂੰ ਸਮਝਾਇਆ ਕਿ ਅਸੀਂ ਸ਼ਾਹ ਦੇ ਮਦਦਗਾਰ ਹੀ ਹਾਂ। ਅਹਿਮਦ ਸ਼ਾਹ ਮੇਰੇ ਸਪੱਸ਼ਟੀਕਰਨ ਨਾਲ ਸੰਤੁਸ਼ਟ ਹੋ ਗਿਆ।’ ਅਹਿਮਦ ਸ਼ਾਹ ਨੇ ਆਪਣੇ ਉਜਬਕ ਦਸਤਿਆਂ ਨੂੰ ਇਹ ਹੁਕਮ ਦਿੱਤਾ ਹੋਇਆ ਸੀ ਕਿ ਜਿੱਥੇ ਵੀ ਕੋਈ ਪੰਜਾਬੀ ਕੱਪੜਿਆਂ ਵਾਲਾ ਮਿਲੇ ਉਸ ਨੂੰ ਮਾਰ ਦਿਓ। ਜੈਨ ਖ਼ਾਂ ਨੇ ਆਪਣੇ ਸੈਨਿਕਾਂ ਨੂੰ ਦਰੱਖਤਾਂ ਦੇ ਹਰੇ ਪੱਤੇ ਆਪਣੇ ਸਿਰਾਂ ਤੇ ਟੰਗਣ ਦਾ ਹੁਕਮ ਦਿੱਤਾ ਤਾਂ ਜੋ ਲੜਾਈ ਵੇਲੇ ਉਨ੍ਹਾਂ ਦੀ ਪਹਿਚਾਣ ਆ ਸਕੇ।

ਸਿੱਖ ਸਰਦਾਰਾਂ ਨੇ ਵਿਚਾਰ ਕੀਤੀ ਕਿ ਡੱਟਵੀਂ ਲੜਾਈ ਤਾਂ ਹੀ ਸੰਭਵ ਹੈ ਜੇਕਰ ਉਹ ਬਜ਼ੁਰਗਾਂ ਬੱਚਿਆਂ ਅਤੇ ਔਰਤਾਂ ਨੂੰ ਸੁਰੱਖਿਅਤ ਥਾਂ ’ਤੇ ਪਹੁੰਚਾ ਸਕਣ। ਉਨ੍ਹਾਂ ਫੈਸਲਾ ਕੀਤਾ ਕਿ ਪਰਿਵਾਰਾਂ ਨੂੰ ਮਾਲਵੇ ਦੇ ਸਰਦਾਰਾਂ ਦੇ ਵਕੀਲਾਂ ਨਾਲ ਸੁਰੱਖਿਅਤ ਜਗ੍ਹਾ ਤੋਰ ਦਿੱਤਾ ਜਾਵੇ। ਕੈਥਲ ਦੇ ਵਕੀਲ ਸੰਗੂ ਸਿੰਘ, ਆਲਾ ਸਿੰਘ ਦੇ ਵਕੀਲ ਸੇਖੂ ਸਿੰਘ ਹੰਬਲਵਾਲੇ ਅਤੇ ਭਾਈ ਬੁੱਢਾ ਸਿੰਘ ਦੇ ਵਕੀਲ ਨੂੰ ਕਿਹਾ ਕਿ ਉਹ ਵਹੀਰ ਨੂੰ ਕਿਸੇ ਸੁਰੱਖਿਅਤ ਥਾਂ ਪਰ ਲੈ ਜਾਣ। ਵਹੀਰ ਅਜੇ ਕੇਵਲ ਤਿੰਨ-ਚਾਰ ਮੀਲ ਹੀ ਗਈ ਸੀ ਕਿ ਵਲੀ ਖਾਂ ਅਤੇ ਭੀਖਣ ਖ਼ਾਨ ਨੇ ਉਨ੍ਹਾਂ ’ਤੇ ਹਮਲਾ ਕਰ ਦਿੱਤਾ।

ਹੁਣ ਨਵੀਂ ਰਣਨੀਤੀ ਮੁਤਾਬਕ ਖਾਲਸਾ ਜੀ ਨੇ ਵਹੀਰ ਦੇ ਆਲੇ ਦੁਆਲੇ ਗੋਲ ਘੇਰਾ ਬਣਾ ਲਿਆ ਤਾਂ ਜੋ ਫ਼ੌਜ ਨਾਲ ਲੜਦੇ-ਲੜਦੇ ਹੀ ਵਹੀਰ ਦਾ ਬਚਾਅ ਕੀਤਾ ਜਾ ਸਕੇ। ਸਿੰਘ ਵਹੀਰ ਦੁਆਲੇ ਕੁੰਡਲ ਬਣਾਈ ਤੁਰਦੇ-ਤੁਰਦੇ ਲੜ ਰਹੇ ਸਨ। ਇਸ ਵੇਲੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਚੜ੍ਹਤ ਸਿੰਘ ਅਤੇ ਸਰਦਾਰ ਸ਼ਾਮ ਸਿੰਘ ਵਹੀਰ ਅਤੇ ਲੜਾਕੂ ਸਿੰਘਾਂ ਦੀ ਅਗਵਾਈ ਕਰ ਰਹੇ ਸਨ। ਉਹ ਵਹੀਰ ਦੇ ਆਲੇ ਦੁਆਲੇ ਇੱਕ ਕੁੰਡਲ ਬਣਾ ਕੇ ਉਹ ਸ਼ਾਹੀ ਫ਼ੌਜ ਦਾ ਮੁਕਾਬਲਾ ਕਰਦੇ ਅੱਗੇ ਵਧ ਰਹੇ ਸਨ । ਉਨ੍ਹਾਂ ਦਾ ਲਗਾਤਾਰ ਅੱਗੇ ਵਧੀ ਜਾਣਾ ਅਬਦਾਲੀ ਫੌਜ ਨੂੰ ਕੋਈ ਖ਼ਾਸ ਕਾਮਯਾਬੀ ਨਹੀਂ ਦੇ ਰਿਹਾ ਸੀ। ਕਈ ਕੋਸ਼ਿਸ਼ਾਂ ਦੇ ਬਾਵਜੂਦ ਉਹ ਸਿੱਖਾਂ ਦਾ ਕੁੰਡਲ ਤੋੜਨ ਵਿਚ ਕਾਮਯਾਬ ਨਾ ਹੋ ਸਕੇ ਅਤੇ ਨਾ ਹੀ ਸਿੱਖਾਂ ਦੇ ਲਗਾਤਾਰ ਅੱਗੇ ਵਧਣ ਨੂੰ ਬੰਨ੍ਹ ਲਾਇਆ ਜਾ ਸਕਿਆ। ਖਿਝੇ ਹੋਏ ਅਬਦਾਲੀ ਨੇ ਜੈਨ ਖਾਂ ਅਤੇ ਲਕਸ਼ਮੀ ਨਾਰਾਇਣ ਨੂੰ ਸੁਨੇਹਾ ਭੇਜਿਆ ਕਿ ਤੁਸੀਂ ਸਿੱਖਾਂ ਨੂੰ ਅੱਗਿਓਂ ਰੋਕਦੇ ਕਿਉਂ ਨਹੀਂ ? ਸੁਨੇਹਾਕਾਰ ਨੇ ਕਿਹਾ, ‘ਜੇ ਤੁਸੀਂ ਉਨ੍ਹਾਂ ਦੀ ਚਾਲ ਨੂੰ ਅੱਗਿਓਂ ਡੱਕ ਲਵੋ ਅਸੀਂ ਸਿੱਖਾਂ ਨੂੰ ਖ਼ਤਮ ਕਰਨ ਵਿੱਚ ਬਹੁਤਾ ਸਾਮਾਨ ਨਹੀਂ ਲਾਵਾਂਗੇ।’ ਜੈਨ ਖਾਂ ਨੇ ਜਵਾਬ ਦਿੱਤਾ, ‘ਪਰ ਇਹ ਸੰਭਵ ਨਹੀਂ ਕਿ ਉਨ੍ਹਾਂ ਨੂੰ ਅੱਗਿਓਂ ਰੋਕਿਆ ਜਾ ਸਕੇ।’

ਵਹੀਰ ਲਗਾਤਾਰ ਅੱਗੇ ਵੱਧ ਰਹੀ ਸੀ। ਕਈ ਬਜ਼ੁਰਗ ਅਤੇ ਬੱਚੇ ਥੱਕ ਟੁੱਟ ਕੇ ਡਿੱਗ ਪਏ ਸਨ। ਕਈ ਪਿੰਡ ਲੰਘੇ ਪਰ ਕਿਸੇ ਨੇ ਠਾਹਰ ਨਾ ਦਿੱਤੀ। ਜਿਥੋਂ ਕਿਤੋਂ ਅਫ਼ਗਾਨੀ ਫ਼ੌਜ ਦਾ ਦਾਅ ਲੱਗਦਾ ਉਹ ਸਿੱਖਾਂ ਦਾ ਬਹੁਤ ਜਾਨੀ ਨੁਕਸਾਨ ਕਰਦੇ। ਹੁਣ ਕਿਤੋਂ-ਕਿਤੋਂ ਕੁੰਡਲ ਵਿਚ ਪਾੜ ਪੈ ਚੁੱਕਾ ਸੀ। ਫੇਰ ਵੀ ਸਿੱਖ ਪੂਰੀ ਸੂਰਬੀਰਤਾ ਨਾਲ ਲੜ ਰਹੇ ਸਨ।



ਵੱਡੇ ਘੱਲੂਘਾਰੇ ਦੇ ਦ੍ਰਿਸ਼ ਨੂੰ ਦਰਸਾਉਂਦਾ ਇਕ ਕਲਾ-ਚਿੱਤਰ

ਦੁਪਹਿਰੋਂ ਬਾਅਦ ਸਿੱਖ ਕੁਤਬਾ ਅਤੇ ਬਾਹਮਣੀ ਪਿੰਡ ਪਹੁੰਚੇ ਤਾਂ ਜੋ ਭੁੱਖੇ ਤਿਹਾਇਆ ਨੂੰ ਕੋਈ ਠਾਹਰ ਮਿਲ ਸਕੇ। ਪਰ ਇਹ ਪਿੰਡ ਰੰਗੜਾਂ ਦੇ ਸਨ ਜੋ ਕਿ ਮਲੇਰਕੋਟਲੇ ਦੇ ਅਫ਼ਗਾਨਾਂ ਨਾਲ ਸਬੰਧ ਰੱਖਦੇ ਸਨ। ਠਾਹਰ ਦੀ ਬਜਾਏ ਰੰਗੜਾਂ ਨੇ ਵਹੀਰ ’ਤੇ ਹੱਲਾ ਬੋਲ ਦਿੱਤਾ ਅਤੇ ਕਤਲੇਆਮ ਕਰਨਾ ਸ਼ੁਰੂ ਕਰ ਦਿੱਤਾ। ਰਤਨ ਸਿੰਘ ਭੰਗੂ ਲਿਖਦੇ ਹਨ : ਚੜ੍ਹਤ ਸਿੰਘ ਉਨ੍ਹਾਂ ਦੇ ਬਚਾਅ ਲਈ ਅੱਗੇ ਵਧਿਆ ਅਤੇ ਹਮਲਾਵਰ ਰੰਗੜਾਂ ਨੂੰ ਪਿੱਛੇ ਧੱਕ ਦਿੱਤਾ।

ਇਸ ਸਮੇਂ ਤੱਕ ਕੁੰਡਲ ਕਈ ਥਾਂਵਾਂ ਤੋਂ ਟੁੱਟ ਚੁੱਕਾ ਸੀ। ਬਜ਼ੁਰਗ ਬੱਚਿਆਂ ਅਤੇ ਔਰਤਾਂ ਦੀਆਂ ਕਈ ਹਜ਼ਾਰ ਜਾਨਾਂ ਜਾ ਚੁੱਕੀਆਂ ਸਨ। ਪਰ ਲੜਾਈ ਓਸੇ ਤਰ੍ਹਾਂ ਜਾਰੀ ਸੀ। ਹਥਿਆਰਾਂ ਦੀ ਘਾਟ ਅਤੇ ਅਯੋਗ ਹਾਲਾਤਾਂ ਦੇ ਬਾਵਜੂਦ ਸਿੰਘ ਸੂਰਬੀਰਤਾ ਨਾਲ ਜੂਝੇ।

ਸ਼ਾਹ ਦੇ ਫ਼ੌਜੀ ਦਸਤੇ ਹੁਣ ਥੱਕ ਕੇ ਚੂਰ ਹੋ ਚੁੱਕੇ ਸਨ। ਪਿਛਲੇ 36 ਘੰਟਿਆਂ ਦੌਰਾਨ ਉਨ੍ਹਾਂ ਲਗਭਗ 240 ਕਿਲੋਮੀਟਰ ਦਾ ਪੰਧ ਦੁਸ਼ਮਣ ਨਾਲ ਲੜਦਿਆਂ ਕੱਢਿਆ ਸੀ। ਅਬਦਾਲੀ ਨੇ ਬਰਨਾਲੇ ਨੇੜੇ ਲੜਾਈ ਰੋਕਣ ਦੇ ਹੁਕਮ ਦਿੱਤੇ। ਅਹਿਮਦ ਸ਼ਾਹ ਸਿੱਖਾਂ ਦੇ ਹੱਥ ਦੇਖ ਚੁੱਕਾ ਸੀ ਉਹ ਜਾਣਦਾ ਸੀ ਕਿ ਸਿੱਖ ਅਚਨਚੇਤ ਹੱਲੇ ਹੇਠ ਆ ਫਸੇ ਹਨ। ਜਦੋਂ ਵੀ ਮੌਕਾ ਲੱਗਾ ਉਹ ਜ਼ਖ਼ਮੀ ਸ਼ੇਰ ਵਾਂਗ ਵੱਡਾ ਹੰਭਲਾ ਜ਼ਰੂਰ ਮਾਰਨਗੇ ਅਤੇ ਅਗਲਾ ਇਲਾਕਾ ਵੀ ਸਿੱਖ ਵਸੋਂ ਵਾਲਾ ਆ ਰਿਹਾ ਸੀ, ਇਨ੍ਹਾਂ ਗੱਲਾਂ ਦੇ ਮੱਦੇਨਜ਼ਰ ਉਸ ਨੇ ਅੱਗੇ ਵੱਧਣਾ ਮੁਨਾਸਬ ਨਾ ਸਮਝਿਆ।

ਸਿੱਖ ਸਰਦਾਰ ਬੜੀ ਦਲੇਰੀ ਅਤੇ ਜ਼ਿੰਮੇਵਾਰੀ ਵਾਲੀ ਭੂਮਿਕਾ ਨਿਭਾਈ ਤੁਰਦੇ-ਤੁਰਦੇ ਲੜਦੇ ਰਹੇ। ਸਿੰਘ ਥੱਕ ਚੁੱਕੇ ਸਨ। ਘੋੜੇ ਨਿਢਾਲ ਸਨ। ਪਰ ਸਰਦਾਰ ਚੜ੍ਹਤ ਸਿੰਘ ਅਤੇ ਜੱਸਾ ਸਿੰਘ ਆਹਲੂਵਾਲੀਆ ਆਪਣੇ ਹੱਠ ’ਤੇ ਅੜੇ ਹੋਏ ਸਨ। ਡਾ. ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵਕੋਸ਼, ਅਨੁਸਾਰ ਜੱਸਾ ਸਿੰਘ ਨੂੰ ਜੰਗ ਦੌਰਾਨ 22 ਜ਼ਖ਼ਮ ਅਤੇ ਚੜ੍ਹਤ ਸਿੰਘ 16 ਜ਼ਖ਼ਮ ਲੱਗੇ । ਕੋਈ ਵੀ ਸਰਦਾਰ ਅਜਿਹਾ ਨਹੀਂ ਸੀ ਜਿਸ ਨੂੰ 5-7 ਜ਼ਖ਼ਮ ਨਾ ਲੱਗੇ ਹੋਣ।

ਅਹਿਮਦ ਸ਼ਾਹ ਅਬਦਾਲੀ ਨੇ 15 ਫਰਵਰੀ ਤੱਕ ਸਰਹੱਦ ਟਿਕਾਣਾ ਕੀਤਾ। ਇੱਥੇ ਹੀ ਆਲਾ ਸਿੰਘ, ਫੂਲਕੀਆ ਮਿਸਲ , ਅਬਦਾਲੀ ਅੱਗੇ ਪੇਸ਼ ਹੋਇਆ ਅਤੇ 6 ਲੱਖ 25 ਹਜ਼ਾਰ ਰੁਪਿਆ ਨਜ਼ਰਾਨੇ ਵਜੋਂ ਭੇਟ ਕੀਤਾ। ਦੱਸਣਯੋਗਯੋਗ ਹੈ ਕਿ ਆਲਾ ਸਿੰਘ ਨੇ ਅਬਦਾਲੀ ਦੇ ਪਿਛਲੇ ਹੱਲੇ ਦੌਰਾਨ ਉਸ ਦੀ ਅਧੀਨਗੀ ਕਬੂਲ ਲਈ ਸੀ।

ਵਹੀਰ ਦੇ ਜਾਨੀ ਨੁਕਸਾਨ ਦਾ ਅੰਦਾਜ਼ਾ ਲਾਉਣਾ ਕਾਫੀ ਮੁਸ਼ਕਲ ਹੈ। ਅਲੱਗ-ਅਲੱਗ ਵਿਦਵਾਨਾਂ ਵੱਲੋਂ ਵੱਖਰੇ-ਵੱਖਰੇ ਅੰਕੜੇ ਦਿੱਤੇ ਗਏ ਹਨ। ਪਰ ਇਸ ਪੱਧਰ ਦਾ ਜਾਨੀ ਨੁਕਸਾਨ ਸਿੱਖਾਂ ਦਾ ਪਹਿਲਾਂ ਕਦੀ ਨਹੀਂ ਸੀ ਹੋਇਆ। ਐਡਾ ਵੱਡਾ ਜਾਨੀ ਨੁਕਸਾਨ ਕਿਸੇ ਵੀ ਕੌਮ ਲਈ ਅਸਹਿ ਹੁੰਦਾ ਹੈ ਪਰ ਸਿੱਖ ਪਿਛਲੇ 50 ਸਾਲਾਂ ਤੋਂ ਕਈ ਕਤਲੇਆਮਾਂ ਵਿਚੋਂ ਲੰਘ ਚੁੱਕੇ ਸਨ। ਗੁਰੂ ਭਾਣੇ ਅੰਦਰ ਉਹ ਡੋਲੇ ਨਹੀਂ ਅਤੇ ਇਸ ਅਗੰਮੀ ਖੇਡ ਨੂੰ ਭਾਣਾ ਸਮਝ ਕੇ ਹੱਸ ਸਹਿ ਲਿਆ। ਇਸ ਚੜ੍ਹਦੀ ਕਲਾ ਦਾ ਅਹਿਸਾਸ ਘੱਲੂਘਾਰੇ ਦੀ ਸ਼ਾਮ ਇਕ ਨਿਹੰਗ ਸਿੰਘ ਦੇ ਬੋਲਾਂ ਤੋਂ ਸਹਿਜੇ ਹੀ ਹੋ ਜਾਂਦਾ ਹੈ, ਸਿੰਘ ਉੱਚੀ-ਉੱਚੀ ਕਹਿ ਰਿਹਾ ਸੀ :

ਤੱਤ ਖਾਲਸੋ ਸੋ ਰਹਯੋ, ਗਯੋ ਸੋ ਖੋਟ ਗਵਾਇ।

ਭਾਵ, ਖਾਲਸਾ ਜਿਉਂ ਦਾ ਤਿਉਂ ਅਡੋਲ ਹੈ ਮੋਹ ਮਾਇਆ ਦੀ ਨਾਸਵਾਨ ਮੂਰਤ ਜੋ ਸੀ ਉਹ ਅਲੋਪ ਹੋ ਗਈ।

ਪ੍ਰਕਾਸ਼ ਦਿਹਾੜੇ 'ਤੇ ਵਿਸ਼ੇਸ਼

# ਗੁਰੂ ਰਵਿਦਾਸ ਬਾਣੀ ਤੇ ਸਮਾਜਿਕ ਚੇਤਨਾ

ਬਲਬੀਰ ਮਾਧੋਪੁਰੀ
93505-48100

ਜਾਤ-ਪਾਤ ਵਾਲੀ ਪੱਖਪਾਤੀ ਤੇ ਲੋਕ-ਦੋਖੀ ਸਮਾਜਿਕ-ਵਿਵਸਥਾ ਸਬੰਧੀ ਗੁਰੂ ਰਵਿਦਾਸ ਨੇ ਕੁਦਰਤ ਨਾਲ ਇਕਮਿਕਤਾ ਦਾ ਪ੍ਰਗਟਾਵਾ ਕਰਦਿਆਂ, 'ਭਾਈ ਰੇ ਰਾਮ ਕਹਾਂ ਹੈ, ਮੋਹਿ ਬਤਾਓ', 'ਤੋੜੂੰ ਨਾ ਪਾਤੀ ਪੂਜੂੰ ਨਾ ਦੇਵਾ' ਅਤੇ 'ਮਨ ਚੰਗਾ ਤਾਂ ਕਠੌਤੀ ਮੇਂ ਗੰਗਾ' ਵਰਗੇ ਮੂਲ ਮੁੱਦੇ ਉਭਾਰੇ। ਉਨ੍ਹਾਂ ਲੋਕ-ਲਹਿਰ ਉਸਾਰੀ ਤੇ ਪਸਾਰੀ ਅਤੇ ਦੱਸਿਆ ਕਿ ਰਾਮ ਤੇ ਰਹੀਮ, ਕ੍ਰਿਸ਼ਨ ਤੇ ਕਰੀਮ ਨੂੰ ਇਕ ਸਮਝੋ। ਅਸੀਂ ਧਰਤੀ ਦੇ ਸਾਰੇ ਜੀਵ-ਜੰਤੂ, ਕੱਛ-ਮੱਛ, ਰੁੱਖ ਤੇ ਮਨੁੱਖ ਇਕ ਈਸ਼ਵਰ ਦੀ ਰਚਨਾ ਹਾਂ। ਉਨ੍ਹਾਂ ਸੁਚੱਜੇ ਸਮਾਜਿਕ ਸੰਚਾਲਨ ਲਈ ਹਿੰਦੂ-ਮੁਸਲਿਮ ਦੇ ਇਕ ਭਾਈਚਾਰਾ ਹੋਣ ਬਾਰੇ ਵਿਚਾਰ ਪੇਸ਼ ਕੀਤੇ। ਉਦਾਹਰਣ ਵਜੋਂ :

ਮੰਦਰ ਮਸਜਿਦ ਏਕ ਹੈ, ਇਨੁ ਮਹਿ ਅੰਤਰਿ ਨਾਹੀ।

ਰਵਿਦਾਸ ਰਾਮ ਰਹਮਾਨ ਕਾ, ਝਗੜਹੁ ਕੋਈ ਨਾਹਿ।

ਗੁਰੂ ਰਵਿਦਾਸ ਦਾ ਆਗਮਨ 14ਵੀਂ ਸਦੀ ਦੇ ਉਨ੍ਹਾਂ ਹਨੇਰਗਰਦੀ ਵਾਲੇ ਸਮਿਆਂ ਵਿਚ ਹੋਇਆ ਜਦੋਂ ਸ਼ੂਦਰਾਂ ਤੇ ਅਤਿ ਸ਼ੂਦਰਾਂ (ਅਛੂਤਾਂ) ਦਾ ਜਿਉਣਾ ਕਲਪਤ ਨਰਕ ਨਾਲੋਂ ਵੀ ਵੱਧ ਦੁਸ਼ਵਾਰ ਧਰਤੀ 'ਤੇ ਹੀ ਬਣਿਆ ਹੋਇਆ ?ਸੀ। ਇਸ ਮਨੁੱਖ-ਮਾਰੂ ਤੇ ਅਨਿਆਂ ਭਰੀ ਸਮਾਜਿਕ ਵਿਵਸਥਾ ਦੀਆਂ ਚੂਲਾਂ ਹਿਲਾਉਣ ਲਈ ਦੇਸ਼ ਅੰਦਰ ਭਗਤੀ ਅੰਦੋਲਨ ਆਰੰਭ ਹੋ ਚੁੱਕਾ ਸੀ। ਇਸ ਵਿਚ ਮੁੱਖ ਤੌਰ 'ਤੇ ਚਮੜੇ ਦਾ ਕੰਮ ਕਰਨ ਵਾਲੇ, ਬੁਣਕਰ ਤੇ ਹੋਰ ਕਾਰੀਗਰ ਬਰਾਦਰੀਆਂ ਦੇ ਲੋਕ-ਕਵੀ, ਸੰਤ ਸ਼ਾਮਲ ਸਨ। ਇਨ੍ਹਾਂ 'ਚੋਂ ਭਗਤ ਨਾਮਦੇਵ (ਮਹਾਰਾਸ਼ਟਰ), ਭਗਤ ਰਵਿਦਾਸ (ਉਤਰ ਪ੍ਰਦੇਸ਼), ਭਗਤ ਕਬੀਰ (ਬਨਾਰਸ), ਭਗਤ ਸਧਨਾ (ਕਸਾਈ-ਸਿੰਧੂ), ਭਗਤ ਸੈਣ (ਨਾਈ ਉੱਤਰ ਪ੍ਰਦੇਸ਼), ਭਗਤ ਪੀਪਾ (ਜੋਗੀ-ਗੰਗਰੌਣਗੜ੍ਹ), ਭਗਤ ਧੰਨਾ (ਜਾਟ-ਰਾਜਪੂਤਾਨਾ), ਦੱਖਣ ਵਿਚ ਚੋਖਾਮੇਲਾ ਤੇ ਨਾਰਾਇਣ ਗੁਰੂ ਪ੍ਰਮੁੱਖ ਸਨ। ਇਨ੍ਹਾਂ ਸਾਰੇ ਸੰਤਾਂ-ਗੁਰੂਆਂ ਨੇ ਆਪਣੀ ਬਾਣੀ ਸਮਾਜਿਕ ਰੋਸ ਤੋਂ ਵੀ ਅੱਗੇ ਰੋਹ-ਵਿਦਰੋਹ ਤੱਕ ਪਹੁੰਚਾ ਦਿੱਤੀ। ਲੋਕਾਂ ਨੂੰ ਸਮਾਜਿਕ, ਸਭਿਆਚਾਰਕ, ਸਮਾਜਿਕ ਸਨਮਾਨ ਤੇ ਆਰਥਿਕ ਸੁਤੰਤਰਤਾ ਦੀ ਪ੍ਰਾਪਤੀ ਖਾਤਰ ਨੰਗੇ-ਧੜ ਜੂਝਣ ਲਈ ਪ੍ਰੇਰਿਆ ਜਿਸ ਦਾ ਨਤੀਜਾ ਵਿਆਪਕ ਸਮਾਜਿਕ ਚੇਤਨਾ ਵਿਚ ਪ੍ਰਗਟ ਹੋਇਆ। ਇਸ ਚੇਤਨਾ ਲਈ ਕਵਿਤਾ ਬਹੁਤ ਵੱਡਾ ਹਥਿਆਰ ਸਾਬਤ ਹੋਈ ਕਿਉਂਕਿ ਇਸ ਦਾ ਲੋਕ-ਮੁਖੀ ਰੂਪ ਸਿੱਧਾ, ਸਪੱਸ਼ਟ, ਸਰਲ ਤੇ ਸਹਿਜ ਹੋਣ ਸਦਕਾ ਜਨਤਾ ਵਿਚ ਹਰਮਨਪਿਆਰੀ ਸੀ। ਦੂਜੀ ਵੱਡੀ ਹਕੀਕਤ ਇਹ ਸੀ ਕਿ ਇਨ੍ਹਾਂ ਸੰਤਾਂ-ਕਵੀਆਂ ਨੇ ਸੰਸਕ੍ਰਿਤ ਅਤੇ ਉਸ ਦੀ ਸੰਸਕ੍ਰਿਤੀ ਤਿਆਗ ਕੇ ਆਪੋ-ਆਪਣੇ ਖਿੱਤੇ ਦੇ ਲੋਕਾਂ ਦੀ ਬੋਲੀ ਵਿਚ ਲਿਖ ਕੇ ਬਹੁਜਨਾਂ ਨਾਲ ਸਿੱਧਾ ਸੰਪਰਕ ਸਥਾਪਤ ਕਰ ਲਿਆ ਸੀ।

ਇਹ ਸੰਤ ਆਪਣੇ ਸੰਤ-ਮੱਤ ਜ਼ਰੀਏ ਸਮਾਜ ਲਈ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਸਨ। ਉਹ ਉਨ੍ਹਾਂ ਗੜ੍ਹਾਂ ਵਿਚ ਜਾ ਕੇ ਆਪਣੇ ਮਾਨਵੀ ਸਰੋਕਾਰਾਂ ਨਾਲ ਹਮਲੇ ਕਰਦੇ, ਜਿੱਥੋਂ ਨਫਰਤ ਦੀਆਂ ਲਾਟਾਂ ਉੱਠਦੀਆਂ ਸਨ। ਉਹ ਆਪਣੇ ਤਰਕ-ਬਾਣਾਂ ਨਾਲ ਪਾਣੀ ਦੀਆਂ ਫੁਹਾਰਾਂ ਉਨ੍ਹਾਂ 'ਤੇ ਸੁੱਟਦੇ। ਉਨ੍ਹਾਂ ਕੁਦਰਤ ਦੇ ਅਸੂਲਾਂ ਉਤੇ ਭਾਰੂ ਵਿਵਸਥਾ ਦੇ ਵਿਰੁੱਧ ਮਾਨਵਵਾਦੀ ਦ੍ਰਿਸ਼ਟੀ ਪੇਸ਼ ਕੀਤੀ।

ਛੇ ਸਦੀਆਂ ਪਹਿਲਾਂ ਗੁਰੂ ਰਵਿਦਾਸ ਅਜਿਹੇ ਸਮਾਜ ਦੀ ਸਿਰਜਣਾ ਦੇ ਸੁਹਿਰਦ ਚਾਹਵਾਨ ਸਨ ਜਿਸ ਵਿਚ ਮਨੁੱਖ ਵਰਣ-ਧਰਮ ਤੋਂ ਮੁਕਤ ਤੇ ਜਾਤ ਰਹਿਤ ਹੋਵੇ, ਕੋਈ ਉੱਚਾ-ਨੀਵਾਂ, ਅਮੀਰ-ਗਰੀਬ ਨਾ ਹੋਵੇ, ਲਿੰਗ ਦੇ ਆਧਾਰ 'ਤੇ ਕੋਈ ਭਿੰਨ-ਭੇਦ ਨਾ ਹੋਵੇ। ਜੀਵਨ ਦੇ ਹਰ ਖੇਤਰ ਵਿਚ ਲੋਕਾਂ ਨੂੰ ਬਰਾਬਰ ਅਧਿਕਾਰ ਪ੍ਰਾਪਤ ਹੋਣ। ਮੁਢਲੀਆਂ ਲੋੜਾਂ ਦੀ ਪੂਰਤੀ ਰਾਜ ਵੱਲੋਂ ਪ੍ਰਦਾਨ ਕੀਤੀ ਜਾਵੇ। ਗੱਲ ਕੀ ਰਾਜ ਵਿਚ ਲੋਕਤੰਤਰ ਹੋਵੇ। ਉਸ ਆਦਰਸ਼-ਸਮਾਜ ਦਾ ਨਾਂ ਉਨ੍ਹਾਂ 'ਬੇਗਮਪੁਰਾ' ਲਿਖਿਆ ਹੈ :

ਬੇਗਮ ਪੁਰਾ ਸਹਰ ਕੋ ਨਾਉ॥
ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾਂ ਤਸਵੀਸ ਖਿਰਾਜੁ ਨ ਮਾਲੁ॥
ਖਉਫੁ ਨ ਖਤਾ ਨ ਤਰਸੁ ਜਵਾਲੁ॥
ਅਬ ਮੋਹਿ ਖੂਬ ਵਤਨ ਗਹ ਪਾਈ॥
ਊਹਾਂ ਖੈਰਿ ਸਦਾ ਮੇਰੇ ਭਾਈ॥
ਕਾਇਮੁ ਦਾਇਮੁ ਸਦਾ ਪਾਤਿਸਾਹੀ॥
ਦੋਮ ਨ ਸੇਮ ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ॥
ਊਹਾਂ ਗਨੀ ਬਸਹਿ ਮਾਮੂਰ॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥
ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ ਸੁ ਮੀਤੁ ਹਮਾਰਾ॥

ਜਾਂ

ਐਸਾ ਚਾਹੂੰ ਰਾਜ ਮੈਂ, ਜਹਾਂ ਮਿਲੈ ਸਭਨ ਕੋ ਅੰਨ।
ਛੋਟ ਬੜੋ ਸਵਾ ਸਮ ਬਸੈ, ਰਵਿਦਾਸ ਰਹੇ ਪ੍ਰਸੰਨ।

ਇਸ ਨਜ਼ਰੀਏ ਤੋਂ ਬਹੁਤ ਸਾਰੇ ਵਿਦਵਾਨਾਂ ਨੇ ਗੁਰੂ ਗ੍ਰੰਥ ਸਾਹਿਬ ਵਿਚਲੀ ਭਗਤ ਬਾਣੀ ਨੂੰ 'ਦਲਿਤ ਟੈਕਸਟ' ਆਖਿਆ ਹੈ। ਉਨ੍ਹਾਂ ਦਾ ਮੱਤ ਹੈ ਕਿ ਭਗਤੀ ਪਰੰਪਰਾ ਨੂੰ ਗੁਰੂ ਨਾਨਕ ਦੇਵ ਜੀ ਨੇ ਇਕ ਸ਼ਕਤੀਸ਼ਾਲੀ ਸਮਾਜਿਕ ਬਰਾਬਰੀ ਵਾਲੀ ਲਹਿਰ ਵਿਚ ਤਬਦੀਲ ਕੀਤਾ। ਗੁਰੂ ਰਵਿਦਾਸ ਰਚਿਤ 'ਆਰਤੀ' ਰੋਜ਼ਾਨਾ ਸ੍ਰੀ ਹਰਿਮੰਦਰ ਸਾਹਿਬ ਤੋਂ ਉਚਾਰੀ ਜਾਂਦੀ ਹੈ।

ਗੁਰੂ ਰਵਿਦਾਸ ਬਾਣੀ ਤੇ ਉਸ ਵਿਚਲੇ 'ਬੇਗਮਪੁਰਾ' ਦੇ ਰਾਜ-ਸੰਕਲਪ ਦੇ ਵਿਚਾਰਾਂ ਤੋਂ ਪ੍ਰਭਾਵਤ ਹੋ ਕੇ ਕਈ ਰਾਜੇ-ਮਹਾਰਾਜੇ, ਮਹਾਰਾਣੀਆਂ ਤੇ ਪਟਰਾਣੀਆਂ ਸਮੇਤ ਆਮ ਲੋਕ ਉਨ੍ਹਾਂ ਦੇ ਸ਼ਿਸ਼ ਬਣੇ, ਜਿਨ੍ਹਾਂ ਵਿਚ ਪਟਰਾਣੀ ਝਾਲੀ ਬਾਈ, ਮਹਾਰਾਣੀ ਮੀਰਾ ਬਾਈ, ਮਹਾਰਾਣਾ ਕੁੰਭਾ, ਰੀਵਾ-ਨਰੇਸ਼ ਵੀਰ ਸਿੰਘ ਪ੍ਰਮੁੱਖ ਸਨ। ਗੁਰੂ ਰਵਿਦਾਸ ਰਚਿਤ 40 ਸ਼ਬਦ 16ਰਾਗਾਂ ਵਿਚ ਗੁਰੂ ਗ੍ਰੰਥ ਵਿਚ ਦਰਜ ਹਨ। ਉਨ੍ਹਾਂ ਦੀ ਹੋਰ ਚੋਖੀ ਬਾਣੀ ਉਪਲੱਬਧ ਹੈ। ਉਹ ਸੰਸਕ੍ਰਿਤੀ ਵਿਰੁੱਧ ਰੋਹ-ਵਿਦਰੋਹ ਹੈ, ਜੋ ਮਨੁੱਖਾਂ 'ਤੇ ਵੱਖੋ-ਵੱਖ ਲੇਬਲ ਲਾਉਂਦੀ ਹੈ। ਵਰਤਮਾਨ ਸਮਿਆਂ 'ਚ ਜਵਾਹਰ ਲਾਲ ਨਹਿਰੂ ਦਾ 17 ਨਵੰਬਰ 1953 ਨੂੰ ਡਾ. ਰਾਜਿੰਦਰ ਪ੍ਰਸਾਦ ਨੂੰ ਲਿਖਿਆ ਪੱਤਰ ਇਸ ਦ੍ਰਿਸ਼ਟੀ ਤੋਂ ਅਹਿਮ ਹੈ, ਜੋ 4 ਮਈ 1997 ਨੂੰ ਆਰਗੇਨਾਈਜ਼ਰ ਵੀਕਲੀ, ਨਵੀਂ ਦਿੱਲੀ 'ਚ ਛਪਿਆ ਸੀ। ਇਸੇ ਤਰ੍ਹਾਂ ਮਹਾਨ ਚਿੰਤਕ ਡਾ. ਬੀ.ਆਰ. ਅੰਬੇਡਕਰ ਦੀਆਂ ਲਿਖਤਾਂ ਪੜ੍ਹੀਆਂ ਜਾ ਸਕਦੀਆਂ ਹਨ।

ਆਦਿ ਧਰਮ ਦੇ ਸੰਚਾਲਕਾਂ ਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਗੁਰੂ ਰਵਿਦਾਸ ਸਥਾਨਾਂ ਦੀ ਨਿਸ਼ਾਨਦੇਹੀ ਕਰ ਕੇ ਉਥੇ ਇਤਿਹਾਸਕ ਸਥਾਨ ਅਤੇ ਭਵਨ ਉਸਾਰੇ ਹਨ। ਇਨ੍ਹਾਂ ਵਿਚੋਂ ਗੁਰੂ ਰਵਿਦਾਸ ਜਨਮ ਅਸਥਾਨ ਮੰਦਰ, ਕਾਂਸ਼ੀ (ਉੱਤਰ ਪ੍ਰਦੇਸ਼) ਪ੍ਰਮੁੱਖ ਹੈ। ਇਸ ਸ਼ਹਿਰ ਦੇ ਨਜ਼ਦੀਕ ਹੀ 14ਵੀਂ ਈਸਵੀ ਵਿਚ ਗੁਰੂ ਰਵਿਦਾਸ ਦਾ ਜਨਮ ਹੋਇਆ ਮੰਨਿਆ ਜਾਂਦਾ ਹੈ ਪਰ ਜਨਮ ਮਿਤੀ ਬਾਰੇ ਵਿਦਵਾਨਾਂ ਦੀ ਵੱਖਰੋ-ਵੱਖਰੀ ਰਾਏ ਹੈ।

ਸੰਖੇਪ ਵਿਚ ਗੁਰੂ ਰਵਿਦਾਸ ਦੀ ਸਮਾਜਿਕ ਚੇਤਨਾ ਦੀ ਇਕ ਮਿਸਾਲ ਉਨ੍ਹਾਂ ਦਾ ਸ਼ਬਦ ਹੈ: 'ਮਾਟੀ ਕੋ ਪੁਤਰਾ ਕੈਸੇ ਨਚਤੁ ਹੈ। ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ।' ਇਸ ਦੇ ਨਾਲ ਹੀ ਉਹ ਅਧਿਕਾਰਹੀਣ ਵਰਗਾਂ ਨੂੰ ਆਪਣੀ ਰਚਨਾ 'ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ' ਰਾਹੀਂ ਸੰਦੇਸ਼ ਦਿੰਦੇ ਹਨ ਕਿ ਤੁਸੀਂ ਇਉਂ ਮਿਲ ਕੇ ਰਹੋ ਜਿਵੇਂ ਸ਼ਹਿਦ ਦੀਆਂ ਮੱਖੀਆਂ।

# ਮਾਨਵਤਾ ਦੇ ਉਪਦੇਸ਼ਕ ਗੁਰੂ ਰਵਿਦਾਸ ਜੀ



ਸੰਤ ਸਤਵਿੰਦਰ ਹੀਰਾ

ਸ੍ਰੀ ਗੁਰੂ ਰਵਿਦਾਸ ਜੀ ਨੇ 25 ਜਨਵਰੀ 1377 ਈਸਵੀ ਭਾਵ 1433 ਸੰਮਤ ਬਿਕਰਮੀ ਮਾਘ ਪੂਰਣਿਮਾ ਦਿਨ ਐਤਵਾਰ ਨੂੰ ਅਵਤਾਰ ਧਾਰਿਆ। ਆਪ ਜੀ ਦੇ ਪਿਤਾ ਜੀ ਦਾ ਨਾਂ ਸ੍ਰੀ ਸੰਤੋਖ ਦਾਸ ਜੀ ਉਰਫ਼ ਰਘੂ (ਰਾਘਵ) ਸੀ ਤੇ ਮਾਤਾ ਜੀ ਦਾ ਨਾਂ ਸ੍ਰੀਮਤੀ ਕਰਮਾ ਉਰਫ਼ ਕਲਸਾਂ ਦੇਵੀ ਸੀ। ਉੱਚ ਕੋਟੀ ਦੇ ਵਿਦਵਾਨਾਂ ਦੀ ਅਣਥੱਕ ਖੋਜ ਤੇ ਸੁੱਘੜ ਵਿਚਾਰਧਾਰਾ ਤੋਂ ਜਾਣਕਾਰੀ ਮਿਲਦੀ ਹੈ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ ਜਨਮ ਕਾਂਸ਼ੀ, ਬਨਾਰਸ, ਉੱਤਰ ਪ੍ਰਦੇਸ਼ 'ਚ ਹੋਇਆ। ਆਪ ਜੀ ਦਾ ਜਨਮ ਚਮਾਰ ਜਾਤੀ ਦੇ ਜੱਸਲ ਗੋਤਰ 'ਚ ਹੋਇਆ। ਉਸ ਸਮੇਂ ਵੱਖ-ਵੱਖ ਰਿਆਸਤਾਂ ਤੇ ਭਿੰਨ-ਭਿੰਨ ਲਿਪੀਆਂ ਹੋਣ ਕਰਕੇ ਸ੍ਰੀ ਗੁਰੂ ਰਵਿਦਾਸ ਜੀ ਨੂੰ ਕਈ ਵੱਖੋ- ਵੱਖਰੇ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ। ਪੰਜਾਬ ਤੇ ਹਰਿਆਣਾ 'ਚ ਗੁਰੂ ਰਵਿਦਾਸ ਜੀ, ਬੰਗਾਲ ਵਿਚ ਰਦਾਸ ਜਾਂ ਰੋਈਦਾਸ, ਗੁਜਰਾਤ 'ਚ ਰੋਹੀਦਾਸ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਤੇ ਰਾਜਸਥਾਨ ਵਿਚ ਰੈਦਾਸ, ਬੀਕਾਨੇਰ (ਰਾਜਸਥਾਨ) 'ਚ ਰਹਦਾਸ ਨਾਂ ਪ੍ਰਚਲਿਤ ਹਨ।

ਗੁਰੂ ਰਵਿਦਾਸ ਜੀ ਪਿਤਾ ਪੁਰਖੀ ਪੇਸ਼ੇ ਤੋਂ ਕਿਰਤ ਕਮਾਈ ਕਰਦੇ ਸਨ। ਸਾਰੀ ਕਮਾਈ ਸੰਗਤ, ਪੰਗਤ ਤੇ ਲੰਗਰ ਦੀ ਸੇਵਾ ਉੱਪਰ ਲਾ ਦਿੰਦੇ ਸਨ। ਇਸੇ ਕਰਕੇ ਪਿਤਾ ਜੀ ਨੇ ਆਪ ਜੀ ਦੀ ਸ਼ਾਦੀ ਕਰ ਕੇ ਅਲੱਗ ਕਰ ਦਿੱਤਾ ਤੇ ਘਰ ਦੇ ਪਿੱਛੇ ਛੋਟੀ ਜਿਹੀ ਝੌਂਪੜੀ ਬਣਾ ਦਿੱਤਾ, ਜੋ ਬਾਅਦ 'ਚ ਆਸ਼ਰਮ ਬਣ ਗਿਆ। ਆਪ ਜੀ ਦੀ ਸੁਪਤਨੀ ਦਾ ਨਾਂ ਲੋਨਾ ਸੀ ਜੋ ਮਿਰਜ਼ਾਪੁਰ ਤੋਂ ਸੀ। ਉਹ ਸ੍ਰੀ ਗੁਰੂ ਰਵਿਦਾਸ ਜੀ ਦੇ ਹਰ ਕੰਮਕਾਜ, ਵਰਤੋਂ ਵਿਹਾਰ 'ਚ ਉੱਚਤਾ-ਸੁਚੱਜਤਾ, ਸਬਰ-ਸੰਤੋਖ, ਸਤਿ ਤੇ ਕਰਮਸ਼ੀਲਤਾ ਨਾਲ ਹੱਥ ਵਟਾਉਂਦੇ ਸਨ ਤੇ ਸਵੈਮਾਣਤਾ ਤੇ ਇਕਸਾਰਤਾ ਦੇ ਸੁਭਾਅ ਦੀ ਆਦਿ ਧਰਮ ਨਿਪੁੰਨ ਸ਼ਖ਼ਸੀਅਤ ਸਨ।

ਸਤਿਗੁਰੂ ਰਵਿਦਾਸ ਜੀ ਬਚਪਨ ਤੋਂ ਹੀ ਸਹਿਣਸ਼ੀਲ, ਰੱਬੀ ਰਜ਼ਾ 'ਚ ਰਹਿਣ ਵਾਲੇ, ਦੁੱਖ-ਸੁੱਖ ਤੋਂ ਨਿਰਲੇਪ, ਮਾਇਆ ਤਿਆਗੀ, ਨਿਰਭੈ, ਨਿਰਵੈਰ, ਕੋਮਲ ਤੇ ਵਿਮਲ ਹਿਰਦੇ ਵਾਲੇ, ਮਧੂ ਵਚਨ ਬੋਲ ਕੇ ਹਰ ਸ਼ਖ਼ਸੀਅਤ ਨੂੰ ਮੋਹ ਲੈਣ ਵਾਲੇ, ਚੇਤੰਨ ਚਿੰਤਕ, ਬ੍ਰਹਮ ਸਰੂਪ ਸਨ। ਆਪ ਸਤਿ, ਸੰਤੋਖ, ਵਿਚਾਰ ਨਾਲ ਜੁੜੇ, ਪ੍ਰੇਮਾ ਭਗਤੀ ਤੇ ਮਾਇਆ ਤਿਆਗ ਦੀ ਪ੍ਰਤੱਖ ਮੂਰਤ ਸਨ। ਉਹ ਨਿਰਗੁਣ, ਨਿਰਾਕਾਰ ਬ੍ਰਹਮ ਦੇ ਉਪਾਸਕ, ਸਮੁੱਚੀ ਮਾਨਵਤਾ ਦੇ ਉਪਦੇਸ਼ਕ, ਸੰਤ ਸ਼੍ਰੋਮਣੀ ਮਹਾਂ ਮਾਨਵ ਸਨ ਤੇ ਅਨਿਆਂ ਦੇ ਸਾਹਮਣੇ ਕਦੇ ਵੀ ਨਹੀਂ ਸਨ ਝੁਕਦੇ। ਆਪ ਜੀ ਨੇ ਆਪਣਾ ਸੰਪੂਰਨ ਜੀਵਨ ਮਨੁੱਖਤਾ ਦੀ ਭਲਾਈ ਲਈ ਸਮਰਪਿਤ ਕਰ ਦਿੱਤਾ। ਆਪ ਜੀ ਦਾ ਜੀਵਨ ਅੰਮ੍ਰਿਤ ਦੀ ਤਰ੍ਹਾਂ ਪਵਿੱਤਰ ਹੈ। ਆਪ ਜੀ ਕੋਲ ਅਜਿਹੀ ਰੂਹਾਨੀ ਖਿੱਚ ਸੀ ਕਿ ਕਾਂਸ਼ੀ ਦੇ ਬ੍ਰਾਹਮਣ ਤਾਂ ਕੀ ਸਗੋਂ ਛੱਤਰਪਤੀ ਸ਼ਹਿਨਸ਼ਾਹ ਵੀ ਆਪ ਜੀ ਦੇ ਚਰਨੀਂ ਸ਼ਰਨੀਂ ਲੱਗਦੇ ਸਨ ਤੇ ਸ਼ਾਹੀ ਖ਼ਾਨਦਾਨ ਦੀਆਂ ਰਾਜਕੁਮਾਰੀਆਂ ਅਤੇ ਮਹਾਰਾਣੀਆਂ ਜਿਵੇਂ ਕਿ ਰਾਣੀ ਝਾਲਾਂ ਜੀ ਤੇ ਰਾਜ ਕੁਮਾਰੀ ਮੀਰਾ ਜੀ ਵੀ ਸਤਿਗੁਰੂ ਰਵਿਦਾਸ ਜੀ ਨੂੰ ਆਪਣਾ ਗੁਰੂ ਮੰਨਦੀਆਂ ਸਨ।

ਸ੍ਰੀ ਗੁਰੂ ਰਵਿਦਾਸ ਜੀ ਦੀਆਂ ਰਚਨਾਵਾਂ ਰਸ ਤੇ ਅਲੰਕਾਰ ਭਰਪੂਰ ਹਨ, ਉਪਦੇਸ਼ ਤੇ ਸੰਦੇਸ਼ ਪ੍ਰਧਾਨ ਹਨ, ਨਿੱਜੀ ਸੁਭਾਵਿਕ, ਸਵੈਪ੍ਰਕਾਸ਼, ਆਦਰਸ਼ਵਾਦੀ ਰਹੱਸਮਈ ਅਨੁਭਵਾਂ 'ਤੇ ਆਧਾਰਿਤ ਹਨ। ਇਹ ਕਿਸੇ ਵੀ ਗ੍ਰੰਥ, ਵੇਦ, ਉਪਨਿਸ਼ਦ ਜਾਂ ਪੁਰਾਣ ਉੱਤੇ ਆਧਾਰਿਤ ਨਹੀਂ ਹਨ। ਆਪ ਜੀ ਦੇ ਵਿਚਾਰਾਂ 'ਚ ਪ੍ਰਤੱਖ ਮਿਠਾਸ, ਮਾਸੂਮਤਾ, ਆਦਰਸ਼ ਗਿਆਨ, ਭਗਤੀ ਦਾ ਰਚਨਾਤਮਿਕ ਵਿਵੇਚਨ, ਸਰਲਤਾ, ਪ੍ਰਮਾਣਿਕਤਾ, ਸੰਜਮਤਾ, ਮਾਨਵਤਾਵਾਦ ਸਮਭਾਵ ਦਾ ਸੁਮੇਲ ਹੈ। ਆਪ ਜੀ ਦੀ ਬਾਣੀ ਸ਼ੀਤਲ, ਸਰਬ-ਸ਼੍ਰੇਸ਼ਠ ਅਤੇ ਸਰਬ ਉੱਚ ਹੈ। ਆਪ ਗਿਆਨ ਅਨੁਰਾਗੀ ਹੀ ਨਹੀਂ ਸਨ ਸਗੋਂ ਰਸਿਕ ਬੈਰਾਗੀ ਵੀ ਸਨ। ਆਪ ਜੀ ਦੀ ਪਾਵਨ ਬਾਣੀ ਸੰਗੀਤ ਤੱਤਾਂ ਨਾਲ ਭਰਪੂਰ ਤੇ ਸਰਵੋਤਮ ਸ਼ਬਦਾਵਲੀ ਉਸ ਸਮੇਂ ਦੀ ਪੁਕਾਰ ਅਤੇ ਮੁੱਖ ਲੋੜ ਸੀ।

### ਗ਼ਰੀਬਾਂ ਨਾਲ ਹੁੰਦਾ ਸੀ ਮਾੜਾ ਸਲੂਕ

ਗੁਰੂ ਰਵਿਦਾਸ ਜੀ ਦਾ ਜਨਮ ਭਾਰਤੀ ਮੱਧਕਾਲ ਸਮੇਂ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲਗਭਗ 91 ਸਾਲ ਪਹਿਲਾਂ ਹੋਇਆ। ਉਸ ਸਮੇਂ ਅਨੁਸੂਚਿਤ ਜਾਤੀਆਂ ਅਨੁਸੂਚਿਤ ਜਨ ਜਾਤੀਆਂ ਤੇ ਪੱਛੜੀਆਂ ਜਾਤੀਆਂ ਨੂੰ ਵਿੱਦਿਆ, ਪੂਜਾ, ਸੰਪਤੀ, ਪੇਸ਼ਾ, ਵਪਾਰ ਦਾ ਅਧਿਕਾਰ ਤਾਂ ਇਕ ਪਾਸੇ ਹਮੇਸ਼ਾ ਬਰਾਬਰਤਾ, ਇਕਸਾਰਤਾ, ਇਕਰੂਪਤਾ, ਭਾਈਚਾਰਕਤਾ, ਧਾਰਮਿਕ ਅਜ਼ਾਦੀ, ਮਨੁੱਖੀ ਅਤੇ ਸੱਭਿਆਚਾਰਕ ਮੁੱਲਾਂ ਦੇ ਅਧਿਕਾਰਾਂ ਦੀ ਜਗ੍ਹਾ ਗਤੀਹੀਣ ਗ਼ੁਲਾਮ ਸਮਝਣਾ, ਪਰਛਾਵੇਂ ਤੋਂ ਦੂਰ ਰੱਖਣਾ, ਨਫ਼ਰਤ ਵਾਲਾ ਸਲੂਕ ਕਰਨਾ ਅਤੇ ਨੀਵਾਂ ਵੇਖਿਆ ਜਾਂਦਾ ਸੀ ਤੇ ਚੌਥੇ ਦਰਜੇ ਦੇ ਸੇਵਕ ਮੰਨਿਆ ਜਾਂਦਾ ਸੀ। ਦੂਜੇ ਪਾਸੇ ਸੱਤਾ ਦਾ ਰੌਲ਼ਾ-ਗੌਲ਼ਾ ਸੀ ਤੇ ਸ਼ਹਿਨਸ਼ਾਹ ਅੱਯਾਸ਼ੀ, ਸ਼ਬਾਬ, ਕਬਾਬ ਤੇ ਹਵਸ ਦੇ ਸ਼ੌਕੀਨ ਸਨ। ਉਹ ਤਾਕਤ ਦੇ ਨਸ਼ੇ ਵਿਚ ਮਨ ਮਰਜ਼ੀ ਦੇ ਮਾਲਕ ਸਨ। ਰਾਜੇ ਤੇ ਸਲਾਹਕਾਰ ਕਰਮ ਕਾਂਡਾਂ, ਊਚ-ਨੀਚ ਤੇ ਜਾਤ-ਪਾਤ ਵਿਚ ਫਸੇ ਆਪਸ ਵਿਚ ਹੀ ਵੰਡੇ ਗਏ ਸਨ।

### ਤਰਕਸ਼ੀਲ ਵਿਚਾਰਾਂ ਦੇ ਧਾਰਨੀ

ਗੁਰੂ ਰਵਿਦਾਸ ਜੀ ਸਿੱਧੇ-ਸਾਦੇ ਰੂਪ 'ਚ ਵਿਰਾਸਤੀ ਪੇਸ਼ੇ 'ਚ ਮਸਤ, ਉੱਚ ਕੋਟੀ ਦੇ ਸਦਾਚਾਰਕ, ਯਥਾਰਥਕ, ਤਰਕਸ਼ੀਲਤਾ ਦੀ ਤਰਾਜ਼ੂ 'ਤੇ ਤੋਲਣ ਵਾਲੇ, ਨਿਰਗੁਣ ਬ੍ਰਹਮ ਦੇ ਇਕਬਾਲੀ ਸਾਧਕ ਸਨ। ਆਪ ਜੀ ਦੀ ਧਾਰਨਾ ਸੀ ਕਿ ਇਸ ਧਰਤੀ ਉੱਪਰ ਪੈਦਾ ਹੋਇਆ ਹਰ ਪ੍ਰਾਣੀ ਸਦਾਚਾਰਕ ਬੁਨਿਆਦ ਉੱਪਰ ਗਿਆਨ ਤੇ ਕਰਮਯੋਗ ਸਥਿਤੀ ਪਾ ਕੇ ਭਗਵੰਤ ਭਜਨ ਨਾਲ ਅਨਿਨ ਅਵਸਥਾ 'ਚ ਪੁਨੀਤ ਹੋ ਸਕਦਾ ਹੈ। ਕਿਸੇ ਵੀ ਕੁਲ ਜਾਂ ਜਾਤ 'ਚ ਜਨਮ ਲੈਣ ਜਾਂ ਉੱਚਾ ਨਾਂ ਰੱਖਣ ਨਾਲ ਕੋਈ ਵੱਡਾ ਗੁਣਵਾਨ ਜਾਂ ਗੁਣਹੀਨ ਨਹੀਂ ਹੁੰਦਾ :

ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ॥
ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ॥

ਰੱਬ ਕਿਸੇ ਜਾਤੀ, ਧਰਮ, ਕੌਮ ਦੀ ਨਿੱਜੀ ਜਾਇਦਾਦ ਨਹੀਂ ਕਿ ਕੋਈ ਵਿਅਕਤੀ ਪੈਸੇ ਦੇ ਕੇ ਇਸ ਨੂੰ ਖ਼ਰੀਦ ਲਵੇਗਾ ਜਾਂ ਕੋਈ ਵੀ ਵਿਅਕਤੀ ਪੈਸੇ ਲੈ ਕੇ ਇਸ ਨੂੰ ਵੇਚ ਦੇਵੇਗਾ। ਸ੍ਰੀ ਗੁਰੂ ਰਵਿਦਾਸ ਜੀ ਫਰਮਾਨ ਕਰਦੇ ਹਨ ਕਿ ਰੱਬ ਦਾ ਦਰ ਸਭ ਲਈ ਖੁੱਲ੍ਹਾ ਹੈ। ਇੱਥੇ ਰਾਜ ਮਹਿਲ 'ਚ ਜਾਣ ਵਾਂਗ ਰੋਕ-ਟੋਕ ਜਾਂ ਪ੍ਰਵੇਸ਼ ਦੀ ਮਨਾਹੀ ਨਹੀਂ ਹੈ। ਮਨੁੱਖ ਦੀ ਪਛਾਣ ਜਾਤ ਜਾਂ ਕੁਲ ਤੋਂ ਨਹੀਂ ਸਗੋਂ ਕਰਮਗਤ ਸ਼ੁੱਧਤਾ, ਭਰਾਤਾ ਵਿਵੇਕ, ਸ਼ੁੱਧ ਮਾਨਸਿਕਤਾ ਤੇ ਉੱਚੇ ਆਚਰਣ ਤੋਂ ਹੈ। ਆਪ ਜੀ ਨੇ ਕਰਮ ਮਾਰਗ, ਗਿਆਨ ਮਾਰਗ ਤੇ ਪ੍ਰੇਮ ਭਗਤੀ ਮਾਰਗ ਨੂੰ ਪਹਿਲ ਦਿੱਤੀ ਤੇ ਬ੍ਰਾਹਮਣੀ ਮਾਇਆ ਜਾਲ ਦਾ ਖੰਡਨ ਕੀਤਾ ਹੈ। ਆਪ ਜੀ ਦੇ ਪੈਰੋਕਾਰਾਂ ਨੂੰ ਅੱਜ ਵੀ ਬਾਣੇ 'ਚ ਵਿਚਰ ਰਹੇ ਧਾਰਮਿਕ ਆਗੂਆਂ ਨੂੰ ਕਸੌਟੀ 'ਤੇ ਪਰਖਣ ਦੀ ਲੋੜ ਹੈ।

### ਦਿਖਾਇਆ ਰੂਹਾਨੀਅਤ ਦਾ ਮਾਰਗ

ਸਤਿਗੁਰੂ ਰਵਿਦਾਸ ਜੀ ਨੇ ਨਾਮ ਸਿਮਰਨ ਕਰਨ, ਨੇਕ ਕਿਰਤ ਕਰਨ ਤੇ ਵੰਡ ਕੇ ਛਕਣ ਦਾ ਜਾਗ ਹੀ ਨਹੀਂ ਲਾਇਆ ਸਗੋਂ ਸਮੁੱਚੀ ਲੋਕਾਈ ਨੂੰ ਰੂਹਾਨੀਅਤ ਦਾ ਮਾਰਗ ਵੀ ਵਿਖਾਇਆ। ਆਪ ਜੀ ਦਾ ਪਵਿੱਤਰ ਜੀਵਨ ਹੀ ਨਿਰਗੁਣ ਭਗਤੀ, ਨਾਮ ਭਗਤੀ ਜਾਂ ਸਹਿਜ ਪ੍ਰੇਮਾ-ਭਗਤੀ ਅਤੇ ਨੇਕ ਕਿਰਤ, ਸ਼ੁੱਧ ਵਿਵਹਾਰ ਦਾ ਸਰਬੋਤਮ ਸੰਕਲਪ ਹੈ। ਆਪ ਜੀ ਦਾ ਦ੍ਰਿਸ਼ਟੀਕੋਣ ਸਰਬ ਵਿਆਪੀ ਅਤੇ ਸਮੁੱਚੀ ਕਾਇਨਾਤ ਲਈ ਹੈ। ਆਪ ਜੀ ਕੋਈ ਵੱਖਰਾ ਧਰਮ ਨਹੀਂ ਸਨ ਬਣਾਉਣਾ ਚਾਹੁੰਦੇ ਸਗੋਂ ਸਮੁੱਚੀ ਲੋਕਾਈ ਦੀ ਭਲਾਈ ਲਈ ਪਹਿਲਾਂ ਤੋਂ ਚੱਲਦੇ ਆ ਰਹੇ ਆਦਿ ਧਰਮ ਰਾਹੀਂ ਅਖੌਤੀ ਧਰਮਾਂ ਦੇ ਠੇਕੇਦਾਰਾਂ ਦੀ ਗ਼ੁਲਾਮੀ ਤੋਂ ਆਜ਼ਾਦ ਕਰਵਾਉਣਾ ਚਾਹੁੰਦੇ ਸਨ।

### ਕਈ ਥਾਵਾਂ ਦੀ ਕੀਤੀ ਯਾਤਰਾ

ਸਤਿਗੁਰੂ ਰਵਿਦਾਸ ਜੀ ਨੇ ਪੰਜਾਬ, ਰਾਜਸਥਾਨ, ਗੁਜਰਾਤ, ਮਹਾਰਾਸ਼ਟਰ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਤੇਲੰਗਾਨਾ, ਉੱਤਰਾਖੰਡ, ਦਿੱਲੀ, ਕਰਨਾਟਕ, ਆਸਾਮ, ਆਂਧਰਾ ਪ੍ਰਦੇਸ਼, ਤਾਮਿਲਨਾਡੂ, ਜੰਮੂ ਕਸ਼ਮੀਰ, ਪੁਸ਼ਕਰ, ਪ੍ਰਯਾਗ, ਹਰਿਦੁਆਰ, ਮੁਲਤਾਨਪੁਰੀ, ਚਿਤੌੜ, ਬੀਕਾਨੇਰ, ਪੰਨਘਟ, ਅਮਝਰਾ ਕੁੰਡ, ਟੂਟੋਕੋਰੀਅਨ, ਕੈਲਾਸ਼ ਪਰਬਤ, ਮੈਕਲ ਪਰਬਤ, ਕੁੰਡੀ ਸਾਹਿਬ, ਅਮਰ ਕੰਟਕ, ਸੱਚਖੰਡ ਲੋਹਟਨੀਆਂ, ਡਲਹੌਜ਼ੀ, ਜੰਮੂ ਕਸ਼ਮੀਰ, ਕਲਕੱਤਾ, ਬੰਗਾਲ, ਤੁਗਲਕਾਬਾਦ, ਮਥੁਰਾ, ਵ੍ਰਿੰਦਾਬਨ, ਭਰਤਪੁਰ, ਕੋਠਾ ਸਾਹਿਬ, ਸੱਚਖੰਡ ਡੰਡੇ ਸਾਹਿਬ (ਜ਼ਿਲ੍ਹਾ ਅੰਮ੍ਰਿਤਸਰ), ਖੁਰਾਲਗੜ੍ਹ (ਜ਼ਿਲ੍ਹਾ ਹੁਸ਼ਿਆਰਪੁਰ) ਆਦਿ ਸਥਾਨਾਂ ਦੀ ਯਾਤਰਾ ਕੀਤੀ, ਸਤਿਸੰਗ ਕੀਤੇ ਅਤੇ ਉਪਦੇਸ਼ ਦਿੱਤੇ। ਆਪ ਜੀ ਦਾ ਮੇਲ ਸੁਲਤਾਨ ਸਿਕੰਦਰ ਲੋਧੀ ਨਾਲ ਦਿੱਲੀ ਤੇ ਲੁਧਿਆਣਾ ਵਿਖੇ ਹੋਇਆ। ਭਾਈ ਬਾਲਾ ਜੀ ਦੀ ਜਨਮ ਸਾਖੀ 'ਚ ਬਿਆਨ ਹੈ ਕਿ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਸਿਰਧਾਰ ਪਰਬਤ 'ਤੇ ਚੜ੍ਹੇ ਤਾਂ ਭਾਈ ਮਰਦਾਨਾ ਜੀ ਡਰ ਕੇ ਪੁੱਛਣ ਲੱਗੇ ਕਿ ਇਸ ਪਰਬਤ 'ਤੇ ਪਹਿਲਾਂ ਵੀ ਕੋਈ ਪੁੱਜਾ ਹੈ ? ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਇਸ ਪਰਬਤ 'ਤੇ ਕੇਵਲ ਪਵਨ ਆਹਾਰੀ ਹੀ ਆ ਸਕਦੇ ਹਨ ਅਤੇ ਸੰਤ ਰਵਿਦਾਸ ਜੀ ਸਾਥੋਂ ਪਹਿਲਾਂ ਆ ਚੁੱਕੇ ਹਨ :

(ਬਾਕੀ ਸਫ਼ਾ 30 'ਤੇ)



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# 'ਕੇਂਦਰੀ ਸਿੱਖ ਸੰਘ' (1919-1933)
# ਸਿੱਖ ਰਾਜਨੀਤਕ ਸੰਘਰਸ਼

ਅੰਗਰੇਜ਼ਾਂ ਅਤੇ ਸਿੱਖਾਂ ਦੀ ਦੂਸਰੀ 1849 ਦੀ ਜੰਗ ਤੋਂ ਬਾਅਦ 29 ਮਾਰਚ, 1849 ਨੂੰ ਅੰਗਰੇਜ਼ਾਂ ਦਾ ਪੰਜਾਬ 'ਤੇ ਕਬਜ਼ਾ ਹੋ ਗਿਆ। ਉਸ ਤੋਂ ਬਾਅਦ ਸਿੱਖ ਧਰਮ ਅਤੇ ਸਿਆਸਤ ਸੰਸਾਰ ਵਿੱਚ ਚਰਚਾ ਦਾ ਵਿਸ਼ਾ ਰਿਹਾ। ਸਮੇਂ-ਸਮੇਂ ਸਮਾਜ ਸੁਧਾਰ ਲਹਿਰਾਂ ਉੱਠੀਆਂ। ਮੁੱਖ ਤੌਰ 'ਤੇ ਸਿੱਖ ਮਰਯਾਦਾ ਨੂੰ ਬਹਾਲ ਕਰਨ ਲਈ ਸ੍ਰੀ ਗੁਰੂ ਸਿੰਘ ਸਭਾ ਲਹਿਰ, ਖ਼ਾਲਸਾ ਦੀਵਾਨ, ਚੀਫ਼ ਖਾਲਸਾ ਦੀਵਾਨ, ਅਕਾਲੀ ਲਹਿਰ, ਕੇਂਦਰੀ ਸਿੱਖ ਸੰਘ, ਖ਼ਾਲਸਾ ਦਰਬਾਰ, ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਆਦਿ। ਹਰੇਕ ਲਹਿਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਂਦ ਵਿੱਚ ਆਉਣ ਤੱਕ ਆਪਣੀ ਯਾਦ ਸ਼ਕਤੀ ਅਨੁਸਾਰ ਧਰਮ ਅਤੇ ਸਿਆਸਤ ਵਿੱਚ ਯੋਗਦਾਨ ਪਾਇਆ। 'ਕੇਂਦਰੀ ਸਿੱਖ ਸੰਘ' ਦਾ ਸਿੱਖ ਰਾਜਨੀਤਕ ਸੰਘਰਸ਼ ਵਿੱਚ ਮਹੱਤਵਪੂਰਨ ਸਥਾਨ ਹੈ।

ਕੇਂਦਰੀ ਸਿੱਖ ਸੰਘ ਇੱਕ ਰਾਜਨੀਤਕ ਸੰਸਥਾ ਸੀ, ਜਿਹੜੀ ਬਾਕੀ ਸਿੱਖ ਜਥੇਬੰਦੀਆਂ ਦੀ ਅਗਵਾਈ ਕਰਦੀ ਸੀ। ਇਸ ਦਾ ਆਰੰਭ 29 ਦਸੰਬਰ, 1919 ਨੂੰ ਅੰਮ੍ਰਿਤਸਰ ਵਿਖੇ ਹੋਏ ਇਜਲਾਸ ਵਿੱਚ ਹੋਇਆ। ਇਹ ਇਜਲਾਸ ਇੰਡੀਅਨ ਨੈਸ਼ਨਲ ਕਾਂਗਰਸ ਅਤੇ ਮੁਸਲਿਮ ਸੰਘ ਦੇ ਸਾਲਾਨਾ ਇਜਲਾਸ ਦੇ ਸਮਾਨਅੰਤਰ ਸੀ। ਇਸ ਇਜਲਾਸ ਵਿੱਚ ਸਰਦੂਲ ਸਿੰਘ ਕਵੀਸ਼ਰ, ਹਰਚੰਦ ਸਿੰਘ ਲਾਇਲਪੁਰੀ ਵਿੱਦਿਅਕ ਮੈਂਬਰ ਸਨ। ਪਹਿਲੇ ਪ੍ਰਧਾਨ ਸਰਦਾਰ ਬਹਾਦੁਰ ਗੱਜਣ ਸਿੰਘ ਜੋ ਜਨ ਸਧਾਰਣ ਰਾਜਨੀਤੀ ਦੀ ਨੁਮਾਇੰਦਗੀ ਕਰਦੇ ਸਨ, ਪਰ ਕਾਰਜਕਾਰਣੀ ਜਲਦੀ ਹੀ ਬਦਲ ਗਈ। ਬਾਬਾ ਖੜਕ ਸਿੰਘ ਜੀ ਇੱਕ ਰਾਸ਼ਟਰਵਾਦੀ ਸਿੰਘ ਦਾ ਚੋਣ ਅਕਤੂਬਰ 1920 ਦੇ ਲਾਹੌਰ ਇਜਲਾਸ ਵਿੱਚ ਹੋਈ। ਸੰਘ ਦੇ 21 ਜੁਲਾਈ 1921 ਦੇ ਸੰਵਿਧਾਨ ਦਾ ਉਦੇਸ਼ ਅਤੇ ਵਿਸ਼ਾਵਸਤੂ ਸੀ ਕਿ ਪੂਰਨ ਸਵਰਾਜ ਦੀ ਪੂਰਤੀ, ਭਾਵ ਦੇਸ਼ ਵਿੱਚ ਰਾਜਨੀਤਕ ਖ਼ੁਦਮੁਖ਼ਤਿਆਰੀ ਸ਼ਾਂਤਮਈ ਅਤੇ ਕਾਨੂੰਨੀ ਸੰਵਿਧਾਨਕ ਤਰੀਕਿਆਂ ਨਾਲ ਪੰਥਕ ਏਕਤਾ ਨੂੰ ਉਤਸ਼ਾਹਤ ਕਰਕੇ ਸਿੱਖਾਂ ਵਿੱਚ ਦੇਸ਼ ਭਗਤੀ ਅਤੇ ਰਾਸ਼ਟਰਵਾਦੀ ਭਾਵਨਾ ਨੂੰ ਉਜਾਗਰ ਕਰਨਾ, ਉਪਰੰਤ ਉਨ੍ਹਾਂ ਦੇ ਨੈਤਿਕ ਅਤੇ ਆਰਥਿਕ ਵਿਕਾਸ ਨੂੰ ਸੰਗਠਿਤ ਕਰਨਾ। ਮੈਂਬਰ 21 ਸਾਲਾ ਸਿੱਖ ਬਣ ਸਕਦਾ ਸੀ। ਚੰਦਾ ਚਾਰ ਆਨੇ ਮਹੀਨਾ ਸੀ। ਕਾਰਜਕਾਰਣੀ ਵਿੱਚ 101 ਮੈਂਬਰ ਸਨ ਜਿਨ੍ਹਾਂ ਵਿੱਚੋਂ 80 ਮੈਂਬਰ ਲਏ ਗਏ, ਬਾਕੀ 21 ਮੈਂਬਰ ਨਾਮਜ਼ਦ ਕੀਤੇ ਗਏ।

ਅਗਸਤ 1921 ਤੱਕ ਸੰਘ ਦੀਆਂ ਇੱਕਾਈਆਂ, ਅੰਮ੍ਰਿਤਸਰ, ਲਾਹੌਰ, ਗੁੱਜਰਾਂਵਾਲਾ, ਲਾਇਲਪੁਰ, ਸਿਆਲਕੋਟ, ਜੇਹਲਮ, ਫਿਰੋਜ਼ਪੁਰ, ਜਲੰਧਰ ਅਤੇ ਹੁਸ਼ਿਆਰਪੁਰ ਬਣੀਆਂ। ਸੰਘ ਨੇ ਪੰਜਾਬ ਵਿਧਾਨ ਸਭਾ ਵਿੱਚ ਸਿੱਖ ਭਾਈਚਾਰੇ ਦੀ ਮੰਗ ਕੀਤੀ। ਸਿੱਖ ਧਰਮ ਦੇ ਧਾਰਮਿਕ ਚਿੰਨ੍ਹ 'ਕ੍ਰਿਪਾਨ' ਪਹਿਨਣ ਦੀ ਪਾਬੰਦੀ ਹਟਾਏ ਜਾਣ ਅਤੇ ਸਿੱਖ ਧਾਰਮਿਕ ਅਸਥਾਨਾਂ ਦੇ ਸੁਧਾਰ ਦੀ ਮੰਗ ਰੱਖੀ। ਸੰਘ ਨੇ ਇੰਡੀਅਨ ਨੈਸ਼ਨਲ ਕਾਂਗਰਸ ਨਾਲ ਨੇੜਲਾ ਸੰਪਰਕ ਬਣਾਈ ਰੱਖਿਆ। ਸੰਘ ਦੇ ਦੂਸਰੇ ਇਜਲਾਸ ਵਿੱਚ ਬਾਬਾ ਖੜਕ ਸਿੰਘ ਨੇ ਸਿੱਖਾਂ ਨੂੰ ਰਾਸ਼ਟਰੀ ਨੀਤੀ ਵਿੱਚ ਹਿੱਸਾ ਲੈਣ ਲਈ ਕਿਹਾ। ਇੰਡੀਅਨ ਨੈਸ਼ਨਲ ਕਾਂਗਰਸ ਅਤੇ ਕੇਂਦਰੀ ਖਿਲਾਫ਼ ਕਮੇਟੀ ਦੀ ਤਰ੍ਹਾਂ ਸੰਘ ਨੇ ਵੀ ਨਾਮਿਲਵਰਤਣ ਲਹਿਰ ਦੇ ਸਹਿਯੋਗ ਵਿੱਚ ਆਪਣੇ ਸਵੈ-ਸੇਵਕ ਭੇਜਣੇ ਸ਼ੁਰੂ ਕਰ ਦਿੱਤੇ। ਸੰਘ ਨੇ ਘੋਸ਼ਣਾ ਪੱਤਰ ਜਾਰੀ ਕੀਤਾ ਕਿ ਨਾ ਮਿਲਵਰਤਣ ਲਹਿਰ ਵਿੱਚ 10,000 ਸਵੈ ਸੇਵਕ ਸਿੱਖ ਸ਼ਾਮਲ ਹੋਣ। ਇਸ ਰਾਸ਼ਟਰੀ ਲਹਿਰ ਵਿੱਚ ਕਾਂਗਰਸ ਨੇ ਕਿਹਾ ਕਿ ਕੌਮੀ ਝੰਡੇ ਦੇ ਪੀਲੇ ਰੰਗ ਵਿੱਚ ਸਿੱਖਾਂ ਦੀ ਪਛਾਣ ਨੂੰ ਸ਼ਾਮਲ ਕੀਤਾ ਜਾਵੇਗਾ।

ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਵਿੱਚ ਮਹੰਤ ਦੇ ਭਾੜੇ ਦੇ ਗੁੰਡਿਆਂ ਨੇ 150 ਸਿੰਘਾਂ ਦਾ ਕਤਲੇਆਮ ਕੀਤਾ। ਸੰਘ ਨੇ ਪੜਤਾਲ ਕਮੇਟੀ ਦਾ ਗਠਨ ਕੀਤਾ। ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਤੋਸ਼ੇਖਾਨੇ ਦੀਆਂ ਚਾਬੀਆਂ ਤੇ ਸਰਕਾਰ ਨੇ ਕਬਜ਼ਾ ਕਰ ਲਿਆ ਸੀ ਤਾਂ ਸੰਘ ਨੇ ਰੋਸ ਇੱਕੱਤਰਤਾਵਾਂ ਕੀਤੀਆਂ। ਸੰਨ 1923 ਵਿੱਚ ਨਾਭਾ ਦੇ ਮਹਾਰਾਜਾ ਰਿਪੂਦਮਨ ਸਿੰਘ ਨੂੰ ਸਰਕਾਰ ਨੇ ਗੱਦੀ ਛੱਡਣ ਲਈ ਮਜਬੂਰ ਕੀਤਾ। ਸੰਘ ਨੇ ਸਰਕਾਰ ਦੇ ਇਸ ਨਾਜਾਇਜ਼ ਫੈਸਲੇ ਦਾ ਵਿਰੋਧ ਕੀਤਾ। ਸੰਘ ਨੇ ਰਾਜਨੀਤੀ ਵਿੱਚ ਆਈਆਂ ਫਿਰਕੂ ਭਾਵਨਾਵਾਂ 'ਤੇ ਚਿੰਤਾ ਪ੍ਰਗਟਾਈ। ਫਿਰਕੂ ਨੁਮਾਇੰਦਗੀ ਨੂੰ ਖ਼ਤਮ ਕਰਨ ਤੇ ਜ਼ੋਰ ਦਿੱਤਾ।

10 ਅਕਤੂਬਰ, 1927 ਨੂੰ ਸੰਘ ਨੇ ਪੰਜਾਬ ਵਿਧਾਨ ਸਭਾ ਵਿੱਚ ਸਿੱਖਾਂ ਦੀ 30 ਪ੍ਰਤੀਸ਼ਤ ਨੁਮਾਇੰਦਗੀ ਦੀ ਮੰਗ ਕੀਤੀ। ਫਰਵਰੀ 1928 ਨੂੰ ਕਾਂਗਰਸ ਨੇ ਸੰਵਿਧਾਨ ਬਣਾਉਣ ਲਈ ਦਿੱਲੀ ਵਿਖੇ ਸਰਬਪਾਰਟੀ ਦੀ ਇੱਕੱਤਰਤਾ ਵਿੱਚ ਬਾਬਾ ਖੜਕ ਸਿੰਘ, ਸਰਦਾਰ ਬਹਾਦੁਰ ਮਹਿਤਾਬ ਸਿੰਘ, ਮਾਸਟਰ ਭਾਗ ਸਿੰਘ, ਗਿਆਨੀ ਸ਼ੇਰ ਸਿੰਘ, ਅਮਰ ਸਿੰਘ ਝੱਬਾਲ ਅਤੇ ਮੰਗਲ ਸਿੰਘ ਸ਼ਾਮਲ ਹੋਏ। ਮੰਗਲ ਸਿੰਘ ਜੀ ਨੂੰ ਮੋਤੀ ਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਬਣੀ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਗਿਆ। ਕਮੇਟੀ ਨੇ ਵਿਸਥਾਰ ਯੋਜਨਾ ਤਿਆਰ ਕੀਤੀ ਜੋ ਅਗਸਤ 1928 ਵਿੱਚ ਪ੍ਰਕਾਸ਼ਤ ਹੋਈ, ਜੋ ਨਹਿਰੂ ਰਿਪੋਰਟ ਵਜੋਂ ਜਾਣੀ ਗਈ। ਸੰਘ ਨੇ ਇਸ ਦਾ ਸਖਤ ਵਿਰੋਧ ਕੀਤਾ। ਬਾਬਾ ਖੜਕ ਸਿੰਘ ਨੇ 22 ਅਕਤੂਬਰ 1928 ਨੂੰ ਗੁੱਜਰਾਂਵਾਲਾ ਵਿਖੇ ਸੰਘ ਦੇ ਸਲਾਨਾ ਇਜਲਾਸ ਵਿੱਚ ਕਿਹਾ ਕਿ ਇਹ ਭਾਰਤ ਦੇ ਸਵੈ-ਮਾਣ ਦੇ ਖਿਲਾਫ਼ ਹੈ ਕਿ ਸੰਪੂਰਨ ਅਜ਼ਾਦੀ ਦੀ ਥਾਂ ਤੇ ਖ਼ੁਦਮੁਖ਼ਤਿਆਰੀ ਦੀ ਮੰਗ ਕੀਤੀ ਗਈ ਹੈ। ਨਹਿਰੂ ਰਿਪੋਰਟ ਨੇ ਵੱਖਰੇ ਵੋਟਰਾਂ ਨੂੰ ਸਵੀਕਾਰ ਕੇ ਫਿਰਕਾਪ੍ਰਸਤੀ ਦੀ ਨੀਂਹ ਰੱਖੀ ਹੈ। ਸੰਘ ਨੇ ਬਹੁ-ਸੰਵਿਧਾਨਕ ਖੇਤਰਾਂ ਦੇ ਨਾਲ ਸੰਯੁਕਤ ਵੋਟਰ ਪ੍ਰਣਾਲੀ ਦੀ ਵਕਾਲਤ ਕੀਤੀ।

ਜੇਕਰ ਭਾਈਚਾਰਕ ਪੱਧਰ ਤੇ ਪ੍ਰਤੀਨਿਧਤਾ ਬਣਦੀ ਹੈ ਤਾਂ ਸਿੱਖਾਂ ਨੂੰ ਵਿਧਾਨ ਸਭਾ ਵਿੱਚ 30 ਪ੍ਰਤੀਸ਼ਤ ਸੀਟਾਂ ਚਾਹੀਦੀਆਂ ਹਨ। ਇੱਕੋ ਜਿਹਾ ਅਨੁਪਾਤ ਪੰਜਾਬ ਅਤੇ ਕੇਂਦਰੀ ਵਿਧਾਨ ਸਭਾ ਵਿੱਚ ਹੋਣਾ ਚਾਹੀਦਾ ਹੈ। ਨਹਿਰੂ ਰਿਪੋਰਟ ਦੇ ਵਿਰੋਧ ਵਿੱਚ ਬਾਬਾ ਖੜਕ ਸਿੰਘ ਨੇ ਸੰਘ ਦੇ ਅਕਤੂਬਰ 1929 ਦੇ ਇਜਲਾਸ ਵਿੱਚ ਕਾਂਗਰਸ ਦੇ ਅਗਲੇ ਇਜਲਾਸ ਵਿੱਚ ਹਿੱਸਾ ਨਾ ਲੈਣ ਦੀ ਤਜਵੀਜ਼ ਰੱਖੀ। ਮਾਸਟਰ ਤਾਰਾ ਸਿੰਘ ਇਸ ਦੇ ਹੱਕ ਵਿੱਚ ਨਹੀਂ ਸਨ। ਮਹਾਤਮਾ ਗਾਂਧੀ ਅਤੇ ਹੋਰ ਕਾਂਗਰਸੀ ਨੇਤਾਵਾਂ ਨੇ ਵੀ ਜ਼ੋਰ ਪਾਇਆ ਕਿ ਸਿੱਖ ਕਾਂਗਰਸ ਦੇ ਇਜਲਾਸ ਤੋਂ ਵੱਖ ਨਾ ਹੋਣ। ਕਾਂਗਰਸ ਨੇ ਲਾਹੌਰ ਵਿੱਚ ਕਾਂਗਰਸ ਦੀ ਹੋਈ ਇੱਕੱਤਰਤਾ ਵਿੱਚ ਨਹਿਰੂ ਰਿਪੋਰਟ ਰੱਦ ਕਰਨ ਦਾ ਫ਼ੈਸਲਾ ਕੀਤਾ। ਕਾਂਗਰਸ ਨੇ ਭਰੋਸਾ ਦਿਵਾਇਆ ਕਿ ਸਿੱਖਾਂ ਅਤੇ ਮੁਸਲਮਾਨਾਂ ਵਿਰੁਧ ਸੰਵਿਧਾਨਕ ਫ਼ੈਸਲਾ ਨਹੀਂ ਹੋਵੇਗਾ।

ਸੰਘ ਨੇ 6 ਮਾਰਚ 1930 ਨੂੰ ਗਾਂਧੀ ਦੀ ਨਾਗਰਿਕ ਅਵੱਗਿਆ ਲਹਿਰ ਵਿੱਚ ਹਿੱਸਾ ਲਿਆ। ਮਾਸਟਰ ਤਾਰਾ ਸਿੰਘ ਜੀ ਨੂੰ ਪੇਸ਼ਾਵਰ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਕਾਂਗਰਸ ਨੇ ਸੰਵਿਧਾਨ ਸੁਧਾਰਾਂ ਬਾਰੇ ਭਾਰਤੀਆਂ ਦੇ ਵਿੱਚਾਰ ਜਾਣਨ ਲਈ ਲੰਡਨ ਵਿੱਚ ਆਯੋਜਿਤ ਕੀਤੀ ਪਹਿਲੀ ਗੋਲ ਮੇਜ਼ ਕਾਨਫਰੰਸ ਦਾ ਵਿਰੋਧ ਕੀਤਾ ਸੀ। ਪਰ 5 ਮਾਰਚ, 1930 ਨੂੰ ਗਾਂਧੀ ਇਵਰਨ ਸਮਝੌਤੇ ਤੇ ਦਸਤਖ਼ਤ ਕੀਤੇ ਜਾਣ ਤੋਂ ਬਾਅਦ ਕਾਂਗਰਸ ਦੂਸਰੇ ਗੋਲ ਮੇਜ਼ ਕਾਨਫਰੰਸ ਵਿੱਚ ਹਿੱਸਾ ਲੈਣ ਲਈ ਸਹਿਮਤ ਹੋਈ। ਸਿੱਖਾਂ ਦੀਆਂ 17 ਮੰਗਾਂ ਨੂੰ ਕਾਨਫਰੰਸ ਵਿੱਚ ਮੰਗ ਪੱਤਰ ਪੇਸ਼ ਕਰਨ ਲਈ ਕਾਂਗਰਸ ਨੂੰ ਕਿਹਾ ਜੋ ਕਾਨਫਰੰਸ ਦੀ ਨੁਮਾਇੰਦਗੀ ਕਰਨ ਜਾ ਰਹੀ ਸੀ। ਜਿਸ ਵਿੱਚ ਕੌਮੀ ਸਰਕਾਰ ਦੀ ਸਥਾਪਨਾ, ਪੰਜਾਬ ਵਿੱਚ ਫਿਰਕੂ ਸੰਤੁਲਨ ਲਿਆਉਣ ਲਈ ਪੰਜਾਬ ਮੰਤਰੀ ਮੰਡਲ ਅਤੇ ਲੋਕ ਸੇਵਾ ਕਮਿਸ਼ਨ ਵਿੱਚ ਸਿੱਖਾਂ ਦੀ ਤੀਜੀ ਹਿੱਸੇਦਾਰੀ, ਬਿਨਾਂ ਸੀਟਾਂ ਦੇ ਰਾਖਵੇਂਕਰਨ ਦੇ ਸਾਂਝੇ ਵੋਟਰ, ਮੁਸਲਿਮ ਇਲਾਕਿਆਂ ਨੂੰ ਸਰਹੱਦੀ ਸੂਬੇ ਵਿੱਚ ਤਬਦੀਲ ਕਰਨਾ, ਭਾਰਤੀ ਉੱਚ ਅਤੇ ਹੇਠਲੇ ਸਦਨਾਂ ਵਿੱਚ ਸਿੱਖਾਂ ਲਈ 51 ਪ੍ਰਤੀਸ਼ਤ ਹਿੱਸਾ, ਕੇਂਦਰੀ ਮੰਤਰੀ ਮੰਡਲ ਵਿੱਚ ਘੱਟੋ ਘੱਟ ਇੱਕ ਸਿੱਖ ਨੂੰ ਸ਼ਾਮਲ ਕਰਨਾ, ਪੰਜਾਬੀ ਭਾਸ਼ਾ ਨੂੰ ਪੰਜਾਬ ਰਾਜ ਭਾਸ਼ਾ ਬਣਾਉਣਾ ਸ਼ਾਮਲ ਸੀ।

ਬ੍ਰਿਟਿਸ਼ ਸਰਕਾਰ ਵੱਲੋਂ 16 ਅਗਸਤ 1932 ਨੂੰ ਕਮਿਊਨਲ ਐਵਾਰਡ ਸਕੀਮ ਵੱਲੋਂ ਸਿੱਖਾਂ ਨੂੰ ਸਿਰਫ਼ 18.85 ਪ੍ਰਤੀਸ਼ਤ ਪ੍ਰਤੀਨਿਧਤਾ ਦਿੱਤੀ ਗਈ। ਸੰਘ ਨੇ ਇਸ ਦਾ ਸਖ਼ਤ ਵਿਰੋਧ ਕੀਤਾ। ਪੰਜਾਬ ਦੇ ਮੁਸਲਮਾਨਾਂ ਨੂੰ 50.42 ਪ੍ਰਤੀਸ਼ਤ ਸੀਟਾਂ ਦਾ ਭਰੋਸਾ ਦਿੱਤਾ ਗਿਆ। ਸੰਘ ਨੇ 24 ਜੁਲਾਈ 1932 ਨੂੰ ਲਾਹੌਰ ਵਿਖੇ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਤੇ ਹੋਏ ਸੰਮੇਲਨ ਵਿੱਚ ਇਸ ਪ੍ਰਸਤਾਵ ਦੇ ਵਿਰੋਧ ਵਿੱਚ 16 ਮੈਂਬਰੀ ਕਮੇਟੀ ਬਣਾਈ। ਇਸ ਕਮੇਟੀ ਨੇ ਨਵਾਂ ਸੰਗਠਨ 'ਖ਼ਾਲਸਾ ਦਰਬਾਰ' ਸਥਾਪਤ ਕੀਤਾ। ਸਿੱਖ ਰਾਏ ਦੇ ਸਾਰੇ ਵਰਗਾਂ ਦੀ ਨੁਮਾਇੰਦਗੀ ਕਰਦੇ ਹੋਏ ਕਮਿਊਨਲ ਐਵਾਰਡ ਸਕੀਮ ਵਿਰੁੱਧ ਚਲਾਏ ਗਏ ਅੰਦੋਲਨ ਦੀ ਅਗਵਾਈ ਕਰਨ ਲਈ 16 ਅਕਤੂਬਰ, 1933 ਨੂੰ ਕੇਂਦਰੀ ਸਿੱਖ ਸੰਘ ਅਤੇ ਖ਼ਾਲਸਾ ਦਰਬਾਰ ਦਾ ਸੰਯੁਕਤ ਇਜਲਾਸ ਹੋਇਆ, ਜਿਨ੍ਹਾਂ ਦਾ ਮੰਤਵ ਇੱਕ ਹੀ ਸੀ। ਇਸ ਦੀ ਜ਼ਿੰਮੇਵਾਰੀ ਖ਼ਾਲਸਾ ਦਰਬਾਰ ਨੂੰ ਸੌਂਪ ਦਿੱਤੀ ਗਈ। ਸੰਘ ਨੇ ਆਪਣੇ ਕਾਰਜਕਾਲ ਵਿੱਚ ਸਿੱਖ ਰਾਜਨੀਤੀ ਸੰਘਰਸ਼ ਨੂੰ ਵੱਡਾ ਹੁਲਾਰਾ ਦਿੱਤਾ।



# ਹੰਨੈ ਹੰਨੈ ਪਾਤਸ਼ਾਹੀ ਨਾਵਲ ਖ਼ਾਲਸਾ ਰਾਜ ਤੇ ਗੁਰੂ ਪੰਥ ਦੀ ਚੜ੍ਹਦੀ ਕਲਾ ਦਾ ਬਿਰਤਾਂਤ



ਪਰਮਵੀਰ ਸਿੰਘ
+91-98885-57630

ਹੰਨੈ ਹੰਨੈ ਪਾਤਸ਼ਾਹੀ ਨਾਵਲ ਦੀ ਰਚਨਾ ਦੇ ਪਿਛਲੇ ਕਾਰਨਾਂ ਨੂੰ ਘੋਖਦਿਆਂ ਮਹਿਸੂਸ ਹੁੰਦਾ ਹੈ ਕਿ ਨਾਵਲਕਾਰ ਦੀ ਮਨੋ-ਸੰਰਚਨਾ ਵਿਚ ਗੁਰੂ-ਪੰਥ ਦੀ ਚੜ੍ਹਦੀਕਲਾ ਅਤੇ ਵੱਡੇ ਵਰਤਾਰਿਆਂ ਤੋਂ ਬਾਅਦ ਸਤਿਗੁਰਾਂ ਦੇ ਦੈਵੀ-ਬਚਨਾਂ 'ਤੇ ਅਸੀਮ ਅਟੁੱਟ ਭਰੋਸੇ ਸਦਕਾ ਕੌਮ ਦੇ ਬੇਮਿਸਾਲ ਪ੍ਰਤੀਕਰਮ ਨੂੰ ਜਾਨਣ ਦੀ ਇੱਛਾ ਨਿਰੰਤਰ ਕਾਰਜਸ਼ੀਲ ਜਾਪਦੀ ਹੈ। ਇਸ ਦੇ ਨਾਲ ਹੀ ਅਠਾਰਵੀਂ ਸਦੀ ਦੇ ਇਸ ਇਤਿਹਾਸਕ ਖੰਡ ਬਾਰੇ ਰਚਨਾਵਾਂ ਵਿਸ਼ੇਸ਼ ਕਰਕੇ ਗਾਲਪਨਿਕ ਰਚਨਾਵਾਂ ਦੀ ਅਣਹੋਂਦ ਵੀ ਨਾਵਲਕਾਰ ਦੀ ਗੂੜ੍ਹ-ਪ੍ਰੇਰਨਾ ਦਾ ਅਹਿਮ ਹਿੱਸਾ ਹੋ ਨਿਬੱੜਦਾ ਹੈ।ਇਸ ਨਾਵਲ 'ਹੰਨੈ ਹੰਨੈ ਪਾਤਸ਼ਾਹੀ' ਦਾ ਨਾਮ ਭਾਈ ਰਤਨ ਸਿੰਘ ਭੰਗੂ ਦੁਆਰਾ ਰਚਿਤ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਆਏ ਇਸ ਦੋਹਰੇ:

'ਹਮ ਪਾਤਸ਼ਾਹੀ ਸਤਿਗੁਰੁ ਦਈ ਹੰਨੈ ਹੰਨੈ ਲਾਇ।

ਜਹਿ ਜਹਿ ਬਹੈ ਜ਼ਮੀਨ ਪਰ ਤਹਿ ਤਹਿ ਤਖਤ ਬਿਠਾਈਂ।'

ਵਿੱਚੋਂ ਕਸੀਦੀਆਂ ਗਈਆਂ ਹਨ, ਇਹ ਦੋਹਰਾ ਵੀ ਸਤਿਗੁਰਾਂ ਦੇ ਬਚਨਾਂ ਉਪਰ ਸਿੱਖਾਂ ਦੇ ਨਿਸ਼ਚੇ ਤੇ ਭਰੋਸੇ ਨੂੰ ਬਿਆਨ ਕਰਦਾ ਹੈ।

ਹੰਨੈ ਤੋਂ ਭਾਵ ਘੋੜੇ ਦੀ ਕਾਠੀ ਦੇ ਅੱਗੇ ਦਾ ਕੀਲਾ ਹੈ, ਜਿਥੇ ਲਗਾਮ ਨੂੰ ਅਟਕਾਈਦਾ ਹੈ। ਇਸੇ ਨਾਲ ਹੀ ਸਿੱਖ ਯੋਧੇ ਖਾਲਸਾਈ ਨਿਸ਼ਾਨ ਬੰਨ੍ਹਦੇ ਸਨ। ਉਹਨਾਂ ਦੀ ਚੜ੍ਹਦੀਕਲਾ ਦਾ ਅੰਦਾਜ਼ਾ ਲਾਉਣ ਦੀ ਕੋਸ਼ਿਸ਼ ਕੀਤੀ ਜਾ ਸਕਦੀ ਹੈ ਕਿ ਉਹ ਸਤਿਗੁਰਾਂ ਦੇ ਬਚਨਾਂ 'ਤੇ ਭਰੋਸੇ ਸਦਕਾ ਆਪਣੀ ਪਾਤਸ਼ਾਹੀ ਦਾ ਦਾਵਾ ਹੰਨੈ ਤੋਂ ਲੈ ਕੇ ਪੂਰੇ ਬ੍ਰਹਿਮੰਡ ਤੀਕਰ ਮੰਨਦੇ, ਰੱਖਦੇ ਤੇ ਮਾਣਦੇ ਸਨ। ਇਸੇ ਦਾਅਵੇ ਦੀਆਂ ਬੇਮਿਸਾਲ ਸਾਖੀਆਂ, ਜੋ ਅਠਾਰਵੀਂ ਸਦੀ ਦੇ ਸਿੱਖਾਂ ਨੇ ਆਪਣੀਆਂ ਦੇਹਾਂ ਤੇ ਹੰਢਾਈਆਂ, ਨੂੰ ਇਸ ਨਾਵਲ ਵਿਚ ਪੇਸ਼ ਕੀਤਾ ਗਿਆ ਹੈ।

ਇਸ ਨਾਵਲ ਦੇ ਆਰੰਭ ਵਿਚ ਅਲੋਕਾਰੀ ਗੱਲ ਕਰਦਿਆਂ ਇਤਿਹਾਸਕ ਕਾਲ-ਖੰਡ ਅਨੁਸਾਰ ਵੱਖਰੇ-ਵੱਖਰੇ ਦੌਰ ਦੇ ਪਾਤਰ ਇੱਕੋ ਵੇਲੇ ਇਕੱਠੇ ਦਿਖਾਏ ਗਏ ਹਨ। ਇਸ ਵੱਖ-ਵੱਖ ਵੇਲਿਆਂ ਦੇ ਪਾਤਰਾਂ ਨੂੰ ਇਕ ਥਾਂ 'ਤੇ ਬਿਠਾਕੇ ਨਾਵਲ ਦਾ ਆਗਾਜ਼ ਕਰਨਾ ਨਾਵਲਕਾਰ ਦੀ ਕਾਲਪਨਿਕ ਗਲਪ ਜੁਗਤ ਦੀ ਪੇਸ਼ਕਾਰੀ ਹੈ। ਬਿਰਤਾਂਤਕ ਭੂਮਿਕਾ ਵਿਚ ਮੁੱਖ ਪਾਤਰਾਂ ਦੀ ਜਾਣ-ਪਛਾਣ ਕਰਾਉਂਦਿਆ ਉਹ ਤਿੰਨ ਪਾਤਰਾਂ ਬਾਰੇ ਗੱਲ ਕਰਦਾ ਹੈ। ਜਿਨ੍ਹਾਂ ਵਿਚੋਂ ਦੋ ਪਾਤਰਾਂ ਦੀ ਜਾਣਕਾਰੀ ਫੌਰੀ ਪ੍ਰਗਟਾਓ ਸਦਕਾ ਉਸੇ ਵੇਲੇ ਦਿੰਦਾ ਦੱਸਦਾ ਹੈ ਕਿ ਪਹਿਲਾ ਪਾਤਰ ਨਨਕਾਣਾ ਸਾਹਿਬ ਸ਼ਹੀਦ ਹੋਏ ਦਰਬਾਰਾ ਸਿੰਘ ਤੇ ਦੂਜੇ ਪੰਜਾਬੀ ਸੂਬਾ ਮੋਰਚੇ ਵੇਲੇ ਸ਼ਹੀਦ ਹੋਏ ਕਾਕਾ ਇੰਦਰਜੀਤ ਸਿੰਘ ਕਰਨਾਲ ਹਨ। ਤੀਜੇ ਪਾਤਰ ਦੀ ਜਾਣਕਾਰੀ ਨੂੰ ਵਿਲੰਬਿਤ ਪ੍ਰਗਟਾਓ ਜੁਗਤ ਵਰਤਦਿਆਂ ਪਰਦੇ ਪਿਛੇ ਰੱਖਦਾ ਹੈ। ਨਾਵਲ ਲੜੀ ਦੇ ਅੰਤ ਤੀਕ ਉਸ ਬਾਰੇ ਸਾਰਾ ਕੁਝ ਸ਼ਪਸ਼ਟ ਹੋਣ ਦਾ ਭਰੋਸਾ ਵੀ ਪਾਠਕਾਂ ਵਿਚ ਪਾਤਰ ਦੀ ਪਛਾਣ ਪ੍ਰਤੀ ਉਤਸੁਕਤਾ ਨੂੰ ਕਾਇਮ ਰੱਖਦਾ ਹੈ।

ਇਸ ਨਾਵਲ ਵਿਚ ਨਾਵਲਕਾਰ ਖੁਦ ਵਕਤਾ ਨਹੀਂ ਬਣਦਾ ਸਗੋਂ ਇਸ ਨਾਵਲ ਦੀ ਕਥਾ ਤੀਜੇ ਪਾਤਰ (ਜਿਸਦਾ ਤੁਆਰਫ਼ ਹਾਲੇ ਹੋਣਾ ਹੈ) ਰਾਹੀਂ ਸ਼ੁਰੂ ਹੋਕੇ ਕੰਦੀ ਬਾਬਾ ਰਾਹੀਂ ਤੁਰਦੀ, ਕਾਕਾ ਇੰਦਰਜੀਤ ਸਿੰਘ ਕਰਨਾਲ ਤੇ ਦਰਬਾਰਾ ਸਿੰਘ ਦੇ ਆਪਸੀ ਸੰਵਾਦ ਰਾਹੀਂ ਹੁੰਦੀ ਹੋਈ, ਨਾਵਲ ਦੇ ਮੁੱਖ ਕਥਾਕਾਰ ਤੱਕ ਪਹੁੰਚਦੀ ਹੈ। ਕਥਾ ਦਾ ਇਹ ਸਫ਼ਰ ਨਾਵਲ ਦੀ ਗੋਂਦ ਦੀ ਬਾਰੀਕੀ ਨਾਲ ਅੱਗੇ ਵਧਦਾ ਹੈ। ਨਾਵਲ ਦਾ ਮੁੱਖ ਕਥਾਕਾਰ ਭਾਈ ਰਤਨ ਸਿੰਘ ਭੰਗੂ ਹੈ, ਨਾਵਲ ਦੇ ਕਥਾਕਾਰ ਹੁੰਦੇ ਹੋਏ ਉਹ ਉੱਤਮ ਪੁਰਖ ਵਿਚ ਸਾਰੀ ਕਥਾ ਬਿਆਨ ਕਰਦੇ ਹਨ। ਨਾਵਲ ਦਾ ਮੁੱਖ ਆਧਾਰ 'ਪ੍ਰਾਚੀਨ ਪੰਥ ਪ੍ਰਕਾਸ਼' ਹੋਣ ਕਰਕੇ ਉਹ ਕਈ ਵਾਰ ਕੇਂਦਰੀ ਪਾਤਰ ਵਜੋਂ ਵੀ ਕਥਾ ਬਿਆਨ ਕਰਦੇ ਮਹਿਸੂਸ ਹੁੰਦੇ ਹਨ। ਤਕਰੀਬਨ ਸਾਰੇ ਨਾਵਲ 'ਚ ਉਹ ਸਿਰਫ਼ ਬਿਰਤਾਂਤ ਸਿਰਜਣ, ਬਿਆਨਣ ਵਿਚ ਮਹਿਦੂਦ ਰਹਿੰਦੇ ਹਨ, ਨਾਵਲ ਵਿਚਲੀਆਂ ਘਟਨਾਵਾਂ ਤੇ ਸਥਿਤੀਆਂ ਵਿਚ ਉਨ੍ਹਾਂ ਦੀ ਸ਼ਮੂਲੀਅਤ ਨਹੀਂ ਹੁੰਦੀ।

ਨਾਵਲਕਾਰ ਦੀ ਰਚਨਾ ਜੁਗਤ ਬਾਰੇ ਦੇਖਦਿਆਂ ਉਸਦੇ ਗਲਪ ਸਿਰਜਣਾ ਬਾਰੇ ਗੱਲ ਕਰਦਿਆਂ ਨਾਵਲ ਦੇ ਅਨੇਕਾਂ ਪ੍ਰਸੰਗਾਂ ਬਾਰੇ ਗੱਲ ਕੀਤੀ ਜਾ ਸਕਦੀ ਹੈ, ਜਿਨ੍ਹਾਂ ਵਿਚ ਆਪਣੀ ਯੋਗਤਾ ਤੇ ਨਿਪੁੰਨਤਾ ਦਾ ਪ੍ਰਮਾਣ ਦਿੰਦੇ ਹੋਏ ਉਸਨੇ ਕਮਾਲ ਦਾ ਬਿਰਤਾਂਤ ਪੇਸ਼ ਕੀਤਾ ਹੈ। ਜਿਵੇਂ ਨਵਾਬ ਕਪੂਰ ਸਿੰਘ ਬਾਰੇ ਗੱਲ ਕਰਦਿਆਂ ਉਨ੍ਹਾਂ ਦੀਆਂ ਬਚਪਨ ਦੀਆਂ ਖੇਡਾਂ ਦਾ ਜ਼ਿਕਰ, ਨਵਾਬੀ ਵੇਲੇ ਜਥੇਦਾਰ ਜੀ ਤੇ ਬਾਕੀ ਸਿੱਖਾਂ ਵਿਚਾਲੇ ਗੱਲਬਾਤ, ਕਪੂਰ ਸਿੰਘ ਗੁਰੂ-ਪੰਥ ਦੇ ਨਵਾਬੀ ਪ੍ਰਵਾਨ ਕਰਨ ਦੇ ਹੁਕਮ ਨੂੰ ਮੰਨਦੇ ਹੋਏ ਪੰਜਾਂ ਪਿਆਰਿਆਂ ਦੇ ਚਰਨੀ ਛੁਹਾ ਕੇ ਪ੍ਰਾਪਤ ਕਰਨਾ ਅਤੇ ਅਕਾਲ ਬੁੰਗੇ ਬਾਣੀ ਪੜ੍ਹਦੇ ਸਿੱਖ ਰਾਹੀਂ ਸਤਿਗੁਰਾਂ ਦੇ ਹੁਕਮ ਮਿਲਣ ਦੇ ਪ੍ਰਸੰਗ ਨੂੰ ਗਾਲਪਨਿਕ ਢੰਗ ਨਾਲ ਪੇਸ਼ ਕਰਦਿਆਂ ਉਹ ਸਰਵ ਪ੍ਰਮਾਣਿਤ ਸਾਖੀ ਦੇ ਨਵੇਂ ਪ੍ਰਤੀਮਾਨ ਸਿਰਜਦਾ ਹੈ।

ਸਾਰੇ ਨਾਵਲ ਵਿਚ ਇਤਿਹਾਸਕ ਘਟਨਾਵਾਂ ਨੂੰ ਬਿਆਨ ਕਰਦੇ ਹੋਏ ਗੁਰਬਾਣੀ ਦੀਆਂ ਪੰਕਤੀਆਂ ਦੇ ਹਵਾਲੇ ਦੇਣ ਦਾ ਢੰਗ ਨਾਵਲਕਾਰ ਦੀ ਗਲਪ-ਜੁਗਤ ਦੀ ਗਹਿਰਾਈ ਬਾਰੇ ਦੱਸਦਾ ਹੈ। ਉਹ ਇੰਝ ਸਾਖੀਆਂ ਵਿਚ ਗੁਰਬਾਣੀ ਦਾ ਹਵਾਲਾ ਦਿੰਦਾ ਹੋਇਆ ਇਸ ਤੱਥ ਦੀ ਗਵਾਹੀ ਵੀ ਭਰਦਾ ਹੈ ਕਿ ਸਾਰਾ ਸਿੱਖ ਇਤਿਹਾਸ ਗੁਰਬਾਣੀ ਦੇ ਓਟ ਆਸਰੇ ਨਾਲ ਚੱਲਦਿਆਂ ਗੁਰਬਾਣੀ ਵਿਚਲੇ ਸੰਦੇਸ਼ਾਂ ਦੀ ਹੀ ਪ੍ਰਕਾਸ਼ਮਾਨਤਾ ਹੈ। ਮਿਸਾਲ ਦੇ ਤੌਰ 'ਤੇ ਨਵਾਬ ਕਪੂਰ ਸਿੰਘ ਵੱਲੋਂ ਜੱਸਾ ਸਿੰਘ (ਆਹਲੂਵਾਲੀਆ) ਦੇ ਮਾਤਾ ਜੀ ਤੋਂ ਉਨ੍ਹਾਂ ਨੂੰ ਪੰਥ ਦੇ ਸਪੁਰਦ ਕਰਨ ਦੀ ਮੰਗ ਹੱਸਕੇ ਮੰਨਦਿਆਂ, ਗੁਰਬਾਣੀ ਦੀ ਜੋ ਸਿਖਿਆ ਮਾਤਾ ਜੀ ਦੀ ਸੁਰਤਿ ਵਿਚ ਧਰਵਾਸ ਦੇ ਰਹੀ ਸੀ, ਉਹ ਸ਼ਬਦ ਕੀਰਤਨ ਕਰਦੇ ਰਾਗੀ ਸਿੰਘ ਦੁਆਰਾ ਪੜ੍ਹੇ ਜਾਣਾ, ਗੁਰਬਾਣੀ ਰਾਹੀਂ ਬਖਸ਼ੀ ਖਾਲਸ-ਨਿਆਂ ਦੀ ਭਾਵਨਾ ਜੋ ਗੁਰੂ-ਪੰਥ ਦੇ ਚੇਤਿਆਂ ਵਿਚ ਉਕਰੀ ਹੋਈ ਹੈ, ਉਸਦਾ ਮੱਸੇ ਦਾ ਸਿਰ ਵੱਢਣ ਪਿਛੋਂ ਸਿੰਘਾਂ ਦੇ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਤੁਰਦਿਆਂ ਸੂਖਮ ਰੂਪ ਵਿਚ ਸ਼ਹੀਦ ਸਿੰਘਾਂ ਵੱਲੋਂ ਗਾਏ ਜਾਣ ਦਾ ਦ੍ਰਿਸ਼ ਨਾਵਲ ਵਿਚ ਪੇਸ਼ ਕਰਨਾ, ਖਾਲਸੇ ਦਾ ਬਚਨਾਂ ਦੇ ਬਲੀ ਹੋਣ ਦੀ ਦ੍ਰਿੜ੍ਹਤਾ ਪਿਛਲੇ ਸਿਧਾਂਤ ਨੂੰ ਹੁਕਮਨਾਮਾ ਸਾਹਿਬ ਲੈਣ ਵਾਲੇ ਸਿੰਘ ਤੋਂ ਮੰਗਲਾਚਰਨ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਸ ਤੋਂ ਇਲਾਵਾ ਕਿਲਾ ਰਾਮਰੌਣੀ ਦੇ ਉਸਰਣ ਵੇਲੇ ਸਮੁੱਚੇ ਸਿੱਖਾਂ ਦੀ ਭਾਵਨਾ ਨੂੰ ਇੱਟਾਂ ਦੀ ਸੇਵਾ ਕਰਦੇ ਸਿੱਖ ਵੱਲੋਂ ਪੜ੍ਹੇ ਸ਼ਬਦ ਰਾਹੀਂ ਪਾਠਕ ਨੂੰ ਮੁਖ਼ਾਤਿਬ ਕਰਾਉਣਾ, ਹਰੇਕ ਸਿੱਖ ਵਾਂਙ ਲਾੜੀ ਮੌਤ ਨੂੰ ਵਿਆਹ ਸ਼ਹਾਦਤ ਪ੍ਰਾਪਤ ਕਰਨ ਦਾ ਇਰਾਦਾ ਰੱਖੀ ਬੈਠੇ ਨਿਹੰਗ ਬਾਬਾ ਗੁਰਬਖਸ਼ ਸਿੰਘ ਜੀ ਦੀ ਸ਼ਹਾਦਤ ਨੂੰ ਗੁਰਬਾਣੀ ਵਿਚਲੇ ਅਧਿਆਤਮਕ ਵਿਆਹ ਦੇ ਪ੍ਰਸੰਗ ਵਿਚ ਪੇਸ਼ ਕਰਨਾ, ਸਿੰਘਾਂ ਦੁਆਰਾ ਘੋੜੀਆਂ ਬਾਣੀ ਗਾਈ ਜਾਣੀ, ਗਿਲਜ਼ਿਆਂ ਦੇ ਪਹਿਲੇ ਜੱਥੇ ਨੂੰ ਮੌਤ ਦੇ ਘਾਟ ਉਤਾਰਣ ਵੇਲੇ ਉਨ੍ਹਾਂ ਦੇ ਜਜ਼ਬੇ ਪਿਛੇ ਕਾਰਜਸ਼ੀਲ ਗੁਰਬਾਣੀ ਦੀ ਸਿੱਖਿਆ ਦਾ ਅਕਾਲ ਬੁੰਗੇ 'ਤੋਂ ਰਾਗੀ ਸਿੰਘਾਂ ਦੁਆਰਾ ਗਾਇਨ ਕਰਨਾ ਅਤੇ ਸਿੰਘਾਂ ਦੇ ਯੁੱਧ ਕਰਦੇ ਹੋਏ ਉਨ੍ਹਾਂ ਦੁਆਰਾ ਹੀ ਲਾਵਾਂ ਦਾ ਕੀਰਤਨ ਕਰਨਾ ਪੇਸ਼ ਕੀਤੇ ਪ੍ਰਕਰਣ ਨੂੰ ਕਿਤੇ ਵੀ ਦ੍ਰਿਸ਼ਟਾਂਤ ਤੋਂ ਬਾਹਰ ਨਹੀਂ ਹੋਣ ਦਿੰਦਾ। ਇਹ ਕੁਝ ਕੁ ਹਵਾਲੇ ਨਾਵਲਕਾਰ ਦੀ ਬਿਰਤਾਂਤ-ਜੁਗਤ ਦੇ ਨਾਲ ਇਤਿਹਾਸ ਪ੍ਰਤੀ ਸਮਝ ਨੂੰ ਬਿਆਨ ਕਰਦੇ ਹਨ।




ਸਿੱਖ ਹਰ ਵੇਲੇ, ਹਰ ਕੰਮ ਤੋਂ ਪਹਿਲਾਂ ਸਤਿਗੁਰਾਂ ਅੱਗੇ ਅਰਦਾਸ ਕਰਦੇ ਹਨ। ਇਸ ਸਿਧਾਂਤ ਦਾ ਬਹੁਤ ਬਾਰੀਕੀ ਨਾਲ ਧਿਆਨ ਰੱਖਿਆ ਗਿਆ ਹੈ, ਤਕਰੀਬਨ ਹਰ ਦ੍ਰਿਸ਼ਟਾਂਤ ਵਿਚ ਹਰੇਕ ਕਾਰਜ ਦੀ ਆਰੰਭਤਾ ਵੇਲੇ ਕੀਤੀ ਗਈ ਅਰਦਾਸ ਦੇ ਬਿੰਬ ਨੂੰ ਬਾਖੂਬੀ ਬਿਆਨ ਕੀਤਾ ਗਿਆ ਹੈ। ਇਸ ਨਾਵਲ ਵਿਚ ਭਾਈ ਮਨੀ ਸਿੰਘ ਦੀ ਗੁਰੂ-ਪੰਥ ਦੇ ਬਚਨਾਂ 'ਤੇ ਖਰੇ ਉਤਰਣ ਦੀ ਅਰਜ਼ੋਈ ਪੂਰੀ ਕਰਨ ਲਈ, ਕਪੂਰ ਸਿੰਘ ਨੂੰ ਨਵਾਬੀ ਦੇਣ ਵੇਲੇ, ਜ਼ਕਰੀਆ ਖਾਂ ਦੇ ਹਮਲਿਆਂ ਦਾ ਜਵਾਬ ਦੇਣ ਵੇਲੇ, ਮੱਸੇ ਰੰਘੜ ਦਾ ਸਿਰ ਵੱਢਣ ਲਈ ਤੁਰਨ ਵੇਲੇ, ਗਿਲਜੇ ਨਾਲ ਮੱਥਾ ਲਾਉਣ ਵੇਲੇ, ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਵੰਗਾਰ ਨੂੰ ਪੂਰਾ ਕਰਨ ਲਈ ਤੁਰਨ ਵੇਲੇ, ਭਾਈ ਤਾਰੂ ਸਿੰਘ ਦੇ ਨਾਲ ਸ਼ਹੀਦ ਹੋਣ ਦੇ ਬਚਨ ਪੂਰਾ ਕਰਾਉਣ ਲਈ, ਲੰਗਰ ਚੱਲਦੇ ਰੱਖਣ ਤੇ ਸਿਰਾਂ ਬਦਲੇ ਸੇਵਾ ਕਰਨ ਦਾ ਸਿਦਕ ਬਖਸ਼ਣ ਦੀ ਮੰਗ ਵੇਲੇ, ਸੁੱਖਾ ਸਿੰਘ ਤੇ ਨਿਹੰਗ ਬਾਬਾ ਗੁਰਬਖਸ਼ ਸਿੰਘ ਜੀ ਦੇ ਸ਼ਹੀਦ ਹੋਣ ਵੇਲੇ ਅਤੇ ਹੋਰ ਵੀ ਕਈ ਸਾਖੀਆਂ ਵਿਚ ਸਤਿਗੁਰਾਂ ਅੱਗੇ ਕੀਤੀ ਅਰਦਾਸ ਦੇ ਵਿਸ਼ੇਸ਼ ਜ਼ਿਕਰ ਨੂੰ, ਨਾਵਲਕਾਰ ਵੱਲੋਂ ਗੁਰੂ-ਖਾਲਸਾ ਜੀ ਦੇ ਇਤਿਹਾਸ ਨੂੰ ਹੂ-ਬ-ਹੂ ਬਿਆਨ ਕਰਨ ਦੀ ਸੁਚੱਜੀ ਕੋਸ਼ਿਸ਼ ਵਜੋਂ ਦੇਖਿਆ ਜਾਣਾ ਚਾਹੀਦਾ ਹੈ।

ਇਸ ਨਾਵਲ ਵਿਚ ਸਾਨੂੰ ਇਹੀ ਲਗਾਤਾਰਤਾ ਦੇਖਣ ਨੂੰ ਮਿਲਦੀ ਹੈ, ਕਾਲਪਨਿਕ ਪਾਤਰ ਕੰਦੀ ਬਾਬਾ, ਦਸ਼ਮੇਸ਼ ਪਿਤਾ ਵੱਲੋਂ ਨਾਮ ਬਦਲੇ ਜਾਣ 'ਤੇ ਆਏ ਅਕੱਥ ਬਦਲਾਵ ਨੂੰ ਪੇਸ਼ ਕਰਦਾ ਤਾਂ ਇਸਦੀ ਨਿਰੰਤਰਤਾ ਵਿਚ ਹੀ ਨਵਾਬ ਕਪੂਰ ਸਿੰਘ ਵੱਲੋਂ ਢਹਿੰਦੀ ਕਲਾ ਵਾਲੇ ਨਾਮ ਬਦਲਣ ਦਾ ਪ੍ਰਸੰਗ ਪੇਸ਼ ਕੀਤਾ ਗਿਆ ਹੈ। ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਤੋਂ ਬਾਅਦ ਪ੍ਰਾਸਰੀਰਕ ਪ੍ਰਸੰਗ ਸਿਰਜਦੇ ਹੋਏ ਨਾਵਲਕਾਰ ਸਿੱਖ ਯਾਦ ਦੇ ਹਵਾਲੇ ਨਾਲ ਬਿਆਨਦਾ ਹੈ ਕਿ ਉਹਨਾਂ ਨੂੰ ਸ਼ਹੀਦ ਸਿੰਘ ਲੈਣ ਆਏ ਤੇ ਉਨ੍ਹਾਂ ਨੂੰ ਸਾਹਿਬਜ਼ਾਦਿਆਂ ਦੇ ਡਿਊਢੀਦਾਰ ਦੀ ਸੇਵਾ ਬਖਸ਼ੀ ਗਈ। ਭਾਈ ਤਾਰੂ ਸਿੰਘ ਦੀ ਸ਼ਹਾਦਤ ਵੇਲੇ ਜਦੋਂ ਉਨ੍ਹਾਂ ਨੂੰ ਦੂਜੇ ਪਾਸੇ ਦੇ ਡਿਊਢੀਦਾਰ ਦੀ ਸੇਵਾ ਪ੍ਰਾਪਤ ਹੋਣ ਵੇਲੇ ਭਾਈ ਮਨੀ ਸਿੰਘ ਜੀ ਦਾ ਜ਼ਿਕਰ ਕਰਕੇ, ਫਿਰ ਇਹ ਦੋਵੇਂ ਸ਼ਹੀਦ ਸਿੰਘਾਂ ਦਾ ਬਾਕੀ ਸ਼ਹੀਦ ਸਿੰਘਾਂ ਨਾਲ ਨਿਹੰਗ ਬਾਬਾ ਗੁਰਬਖਸ਼ ਸਿੰਘ ਜੀ ਨੂੰ ਲੈਣ ਆਉਣ ਦਾ ਪ੍ਰਸੰਗ ਪੇਸ਼ ਕਰਕੇ ਲਿਖਤ ਦੀ ਲਗਾਤਾਰਤਾ ਨੂੰ ਕਾਇਮ ਰੱਖਿਆ ਗਿਆ ਹੈ। ਬਾਬਾ ਸੁੱਖਾ ਸਿੰਘ ਦਾ ਅਬਦਾਲੀ ਤੇ ਉਸਦੀ ਫੌਜ ਦੇ ਗਿਲਜ਼ਿਆਂ ਨਾਲ ਮੱਥਾ ਲੱਗਦਾ ਹੈ ਤਾਂ ਨਾਵਲਕਾਰ ਇਹ ਜ਼ਿਕਰ ਕਰਨਾ ਨਹੀਂ ਭੁੱਲਦਾ ਕਿ ਇਹ ਗਿਲਜ਼ੇ ਆਪਣੇ ਸਾਥੀ ਦਾ ਬਾਬਾ ਸੁੱਖਾ ਸਿੰਘ ਨੂੰ ਵੰਗਾਰ ਕੇ ਉਨ੍ਹਾਂ ਨਾਲ ਯੁੱਧ ਕਰ, ਇਸ ਜਹਾਨੋਂ ਕੂਚ ਕਰ ਜਾਣ ਨੂੰ ਨਹੀਂ ਭੁੱਲੇ ਹਨ। ਉਹ ਬਾਬਾ ਸੁੱਖਾ ਸਿੰਘ ਦੇ ਕਾਹਨੂੰਵਾਨ ਦੇ ਜੰਗਲਾਂ ਵਿਚ ਜੰਗ ਦੌਰਾਨ ਫੱਟੜ ਹੋਣ ਕਰਕੇ ਘੋੜੇ ਦੇ ਹੰਨੇ ਨਾਲ ਬੰਨ੍ਹੀ ਲੱਤ ਨੂੰ ਮਾਲਵੇ ਵਿਚ ਜੈਤੋਂ ਪਿੰਡ ਜਾਕੇ ਉਤਾਰਾ ਕਰਨ ਵੇਲੇ ਖੁਲਵਾਉਣ ਦਾ ਜ਼ਿਕਰ ਵੀ ਇਸੇ ਲਗਾਤਾਰਤਾ ਨੂੰ ਕਾਇਮ ਰੱਖਦਾ ਹੈ। ਇਸ ਤਰ੍ਹਾਂ ਦੇ ਹੋਰ ਵੀ ਕਈ ਪ੍ਰਸੰਗ ਸਿਰਜਦਾ ਨਾਵਲਕਾਰ ਆਪਣੇ ਪ੍ਰਕਰਣ ਨੂੰ ਵਿਸਾਰਦਾ ਨਹੀਂ ਤੇ ਪਾਠਕ ਦੇ ਚੇਤਿਆਂ 'ਚ ਉਸ ਦੁਆਰਾ ਸਿਰਜੇ ਗਾਲਪਨਿਕ ਬਿੰਬ ਗਹਿਰਾ ਅਸਰ ਰੱਖਦੇ ਹਨ। ਉਸਦੀ ਬਿਰਤਾਂਤ ਘੜ੍ਹਦਾ ਗਾਲਪਨਿਕ ਰਚਨਾ ਜੁਗਤ ਤੋਂ ਭਲੀ-ਭਾਂਤ ਵਾਕਫ਼ ਮਹਿਸੂਸ ਹੁੰਦਾ ਹੈ ਤੇ ਕਥਾ ਦੌਰਾਨ ਹਰੇਕ ਨਿੱਕੀ ਇਕਾਈ ਦੇ ਮਹੱਤਵ ਨੂੰ ਸਮਝਦਾ ਹੈ।

ਨਾਵਲਕਾਰ ਦੇ ਗਲਪ-ਜੁਗਤ ਦੀ ਅਨੇਕਾਂ ਹੋਰ ਮੁਹਾਰਤਾਂ ਦੀ ਪੇਸ਼ਕਾਰੀ ਇਸ ਨਾਵਲ ਰਾਹੀਂ ਹੋਈ ਹੈ। ਭਾਵੇਂ ਉਹ ਦਿਨਾਂ, ਮਹੀਨਿਆਂ ਤੇ ਸਾਲਾਂ ਦੀ ਬੇਰਸ ਗਿਣਤੀ ਤੋਂ ਬਾਹਰ ਰਹਿੰਦਾ ਹੈ ਪਰ ਕਈ ਸਾਖੀਆਂ ਵਿਚ ਉਸ ਘਟਨਾ ਦੇ ਵਾਪਰਨ ਦਾ ਸਮਾਂ, ਚਲਦੀ ਕਥਾ ਵਿੱਚੋਂ ਸਹਿਜੇ ਹੀ ਪਤਾ ਲੱਗਦਾ ਹੈ। ਗਲਪ ਰਚਨਾ ਵਿਚ ਕਥਾ-ਕਾਲ ਦੀ ਆਪਣੀ ਵਿਸ਼ੇਸ਼ ਅਹਿਮੀਅਤ ਹੁੰਦੀ ਹੈ। ਇਸ ਨਾਵਲ ਵਿਚ ਬਾਬਾ ਬੋਤਾ ਸਿੰਘ ਗਰਜਾ ਸਿੰਘ ਵੱਲੋਂ ਨੂਰਦੀਨ ਦੀ ਸਰਾਂ 'ਤੇ ਸਰਕਾਰ ਦੇ ਹੰਕਾਰ ਨੂੰ ਭੰਨਣ ਲਈ, ਰਾਹਗੀਰਾਂ ਤੋਂ ਕਰ ਵਸੂਲਣ ਵਾਸਤੇ ਲਾਏ ਨਾਕੇ ਕਰਕੇ ਹੋਏ ਯੁੱਧ ਦਾ ਹਾਲ ਦੱਸਦੇ ਹੋਏ ਲੜਾਈ ਦੇ ਸ਼ੁਰੂ ਵਿਚ ਸਿੰਘਾਂ ਨੂੰ 'ਜਾਪ ਸਾਹਿਬ' ਦਾ ਪਾਠ ਆਰੰਭ ਕਰਦੇ ਤੇ ਸ਼ਹਾਦਤ ਹੋਣ ਵੇਲੇ ਜਾਪ ਸਾਹਿਬ ਦੀਆਂ ਆਖਰੀ ਪੰਕਤੀਆਂ ਦਾ ਪਾਠ ਕਰਦੇ ਹੋਏ ਦਿਖਾਇਆ ਗਿਆ ਹੈ। ਇਸ ਜੰਗ ਦੀ ਅਵਧੀ ਸਾਨੂੰ ਸਾਖੀ ਦੀ ਪੇਸ਼ਕਾਰੀ ਤੋਂ ਪਤਾ ਲੱਗ ਜਾਂਦਾ ਹੈ।

ਭਾਈ ਮਨੀ ਸਿੰਘ ਦੀ ਸ਼ਹਾਦਤ ਵੇਲੇ, ਉਨ੍ਹਾਂ ਦੇ ਬੰਦ-ਬੰਦ ਕੱਟੇ ਜਾਣ ਜਾਣ ਦੀ ਸਾਖੀ ਦਾ ਸਮਾਂ ਵੀ ਕਥਾ ਬਿਆਨ ਕਰਦੀ ਹੈ, ਨਾਵਲ ਵਿਚ ਜਲਾਦ ਦੇ ਬੰਦ ਕੱਟਣ ਲੱਗਿਆਂ ਉਹ 'ਸੁਖਮਨੀ ਸਾਹਿਬ' ਦਾ ਪਾਠ ਕਰ ਰਹੇ ਹਨ ਤੇ ਜਦੋਂ ਉਹਨਾਂ ਦੀ ਸ਼ਹੀਦੀ ਹੁੰਦੀ ਹੈ ਤਾਂ ਸੰਗਤ ਉਹਨਾਂ ਦੇ ਮੁੱਖੋਂ ਸੁਖਮਨੀ ਸਾਹਿਬ ਜੀ ਦੀ 14ਵੀਂ ਅਸ਼ਟਪਦੀ ਸੁਣਦੀ ਹੈ। ਭਾਈ ਤਾਰੂ ਸਿੰਘ ਜੀ ਦੀ ਕੇਸਾਂ ਸਮੇਤ ਖੋਪੜੀ ਉਤਾਰਣ ਵੇਲੇ ਉਹ 'ਜਪੁਜੀ ਸਾਹਿਬ' ਦਾ ਪਾਠ ਆਰੰਭ ਕਰਦੇ ਹਨ ਤੇ ਖੋਪੜੀ ਉਤਰਣ ਵੇਲੇ ਉਹ ਜਪੁਜੀ ਸਾਹਿਬ ਦਾ ਪਾਠ ਸਮਾਪਤ ਕਰ ਲੈਂਦੇ ਹਨ। ਜਦੋਂ ਬਾਬਾ ਸੁੱਖਾ ਸਿੰਘ, ਗਿਲਜ਼ੇ ਦੇ ਖ਼ਾਲਸੇ ਨੂੰ ਮਾਰੀ ਵੰਗਾਰ ਦੇ ਜਵਾਬ ਵਿਚ ਯੁੱਧ ਕਰਨ ਜਾਂਦੇ ਹਨ ਤਾਂ ਉਹ ਭੁਝੰਗੀ ਚੜ੍ਹਤ ਸਿੰਘ ਨੂੰ ਉਸੇ ਵੇਲੇ 'ਚੰਡੀ ਦੀ ਵਾਰ' ਆਰੰਭ ਕਰਨ ਲਈ ਕਹਿੰਦੇ ਹੋਏ ਅਤੇ ਇਕ ਬਜ਼ੁਰਗ ਬਾਬਾ ਜੀ ਨੂੰ ਨਾਲ ਹੀ ਵਾਰ ਦੀ ਕਥਾ ਆਰੰਭ ਕਰਦੇ ਬਿਆਨ ਕੀਤਾ ਗਿਆ ਹੈ। ਸੋਹਣੇ ਅੰਦਾਜ਼ ਨਾਲ ਸਾਰੇ ਪ੍ਰਸੰਗ ਵਿਚ ਜਾਪ ਹੂ-ਬ-ਹੂ ਨਾਲ ਚਲਦਾ ਹੈ ਤੇ ਵੀਹ ਪਉੜੀਆਂ ਦੇ ਜਾਪ ਵਿਚ ਹੀ ਉਹ ਮੈਦਾਨ ਫਤਹਿ ਕਰ ਲੈਂਦੇ ਹਨ। ਨਾਵਲਕਾਰ ਨੇ ਵੀਹ ਪਉੜੀਆਂ ਦੇ ਸ਼ਬਦ ਅਰਥਾਂ ਨੂੰ ਚੱਲਦੇ ਯੱਧ ਦੀ ਪਿੱਠ ਭੂਮੀ ਬਣਾਕੇ ਪੇਸ਼ ਕੀਤਾ ਹੈ ਤੇ ਅੰਤ ਵਿਚ ਜਿਵੇਂ ਚੰਡੀ ਦੀ ਵਾਰ ਵਿਚ ਜਿਵੇਂ ਦੁਰਗਾ ਮਹਿਖੇ ਦੈਂਤ ਦੇ ਢਿੱਡ ਵਿਚ ਵਾਰ ਮਾਰਦੀ ਹੈ ਕੁਝ ਉਸ ਤਰਜ਼ 'ਤੇ ਬਾਬਾ ਸੁੱਖਾ ਸਿੰਘ ਗਿਲਜ਼ੇ ਦੇ ਵਾਰ ਕਰਦੇ ਹਨ। ਜਿਥੇ ਇਹ ਅੰਦਾਜ਼ ਯੁੱਧ ਦੇ ਕਾਲ-ਖੰਡ ਨੂੰ ਪੇਸ਼ ਕਰਦਾ ਹੈ, ਉਥੇ ਇਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਗੁਰਸਿੱਖ ਆਪਣੇ ਜੀਵਨ ਵਿਚ ਬਾਣੀ ਨੂੰ ਜੀਵਦੇ ਵੀ ਹਨ। ਇਹ ਇਤਿਹਾਸਕ ਸਾਖੀਆਂ, ਸਮੂਹ ਗੁਰੂ-ਪੰਥ ਦੇ ਚੇਤਿਆਂ ਵਿਚ ਸਜੀਵ ਹਨ, ਜਿਸ ਗਲਪ-ਜੁਗਤ ਨਾਲ ਇਹਨਾਂ ਨੂੰ ਇਸ ਨਾਵਲ ਨੇ ਪੇਸ਼ ਕੀਤਾ ਹੈ, ਉਸ ਕਰਕੇ ਇਹ ਪਾਠਕ ਨੂੰ ਵੱਖਰੀ ਤਰ੍ਹਾਂ ਟੁੰਬਦੀਆਂ ਹਨ।

ਇਸ ਨਾਵਲ ਵਿਚ ਕਈ ਥਾਵਾਂ 'ਤੇ ਗਾਲਪਨਿਕ ਬਿੰਬ ਸਿਰਜਣ ਲਈ ਪਾਤਰਾਂ ਦੇ ਚੇਤਨਾ ਪ੍ਰਵਾਹ ਤੇ ਆਂਤਰਿਕ ਮਨਬਚਨੀ ਦਾ ਸਹਾਰਾ ਲਿਆ ਹੈ। ਭਾਈ ਤਾਰਾ ਸਿੰਘ ਵਾਂ ਦੇ ਡੇਰੇ ਤੇ ਹਮਲੇ ਵੇਲੇ ਸਭ ਤੋਂ ਪਹਿਲਾਂ ਫੌਜ ਦੀ ਕਨਸੋਅ ਮਿਲਣ ਤੇ ਬਾਬਾ ਬਘੇਲ ਸਿੰਘ ਦਾ ਲੜਨ ਦੀ ਬਜਾਏ ਸਿੰਘਾਂ ਨੂੰ ਜਾ ਕੇ ਖਬਰ ਦੇਣ ਦੇ ਛਿਨਭੰਗਰ ਖ਼ਿਆਲ ਵੇਲੇ ਆਪਣੇ ਆਪ ਨਾਲ ਹੋਈ ਗੱਲਬਾਤ ਨੂੰ ਪੇਸ਼ ਕਰਨਾ, ਭਾਈ ਤਾਰੂ ਸਿੰਘ ਸਿੰਘ ਦੇ ਫੜ੍ਹੇ ਜਾਣ ਤੋਂ ਬਾਅਦ, ਬਚਪਨ ਵਿਚ ਇਕੱਠੇ ਸ਼ਹਾਦਤ ਦੇਣ ਦੇ ਵਾਅਦੇ ਨੂੰ ਪੂਰਾ ਕਰਨ ਲਈ ਜਾ ਰਹੇ ਭਾਈ ਮਹਿਤਾਬ ਸਿੰਘ ਮੀਰਾਂਕੋਟ ਦੇ ਮਨੋਵੇਗਾਂ ਨੂੰ ਪੇਸ਼ ਕਰਨਾ ਅਤੇ ਇਸ ਤੋਂ ਇਲਾਵਾ ਕਈ ਵਾਰ ਮੁਗਲ ਸਿਪਾਹੀਆਂ, ਨਵਾਬਾਂ, ਜਕਰੀਆ ਖਾਂ, ਨਾਦਰ ਸ਼ਾਹ ਤੇ ਅਬਦਾਲੀ ਦੇ ਮਨੋਵੇਗਾਂ ਨੂੰ ਪੇਸ਼ ਕਰਕੇ ਪਾਠਕ ਨੂੰ ਪਾਤਰਾਂ ਦੀ ਚੇਤਨਾ ਨਾਲ ਰੂ-ਬ-ਰੂ ਕਰਾਉਣ ਵਿਚ ਨਾਵਲਕਾਰ ਦੀ ਗਲਪ ਸਿਰਜਣ ਦੀ ਨਿਪੁੰਨਤਾ ਦਿਖਾਈ ਦਿੰਦੀ ਹੈ।

ਸਮੁੱਚੇ ਨਾਵਲ ਵਿਚ ਇਤਿਹਾਸਕ ਸੰਵੇਦਨਾ ਭਰਪੂਰ ਬਿਰਤਾਂਤ ਪਿੱਛੇ ਨਾਵਲਕਾਰ ਦੀ ਇਤਿਹਾਸ ਪ੍ਰਤੀ ਸਮਰਪਣ ਤੇ ਇਤਿਹਾਸਕ ਵਰਤਾਰਿਆਂ ਦੇ ਪ੍ਰਪੰਚ ਨੂੰ ਸਮਝਣ ਲਈ ਸੂਖਮ ਬਿਰਤੀ ਦਾ ਹੋਣਾ ਹੈ। ਇਨ੍ਹਾਂ ਨੂੰ ਪੇਸ਼ ਕਰਦੇ ਹੋਏ ਉਸਦੀ ਬਾਹਰਮੁਖਤਾ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ। ਖਾਸ ਤੌਰ 'ਤੇ ਸਿੱਖ ਇਹ ਮੰਨਦੇ ਹਨ ਕਿ ਉਹ ਗੁਰਬਾਣੀ ਤੇ ਇਤਿਹਾਸ ਤੋਂ ਪ੍ਰੇਰਣਾ ਲੈਕੇ ਆਪਣੇ ਵਰਤਮਾਨ ਤੇ ਭਵਿੱਖ ਦੀਆਂ ਸਾਰੀਆਂ ਪ੍ਰਸਥਿਤੀਆਂ ਦਾ ਸਾਹਮਣਾ ਕਰਦੇ ਹਨ। ਇਸ ਤਰ੍ਹਾਂ ਵਾਸਤਵਿਕ ਤੇ ਸਰਵ-ਪ੍ਰਮਾਣਿਤ ਹੋਣ ਲਈ ਸਿੱਖਾਂ ਦੇ ਸੁਨਿਹਰੇ ਕਾਲ ਬਾਰੇ ਲਿਖੇ ਇਤਿਹਾਸਕ ਨਾਵਲ ਵਿਚ ਅਜਿਹੇ ਪ੍ਰਸੰਗਾਂ ਦਾ ਹੋਣ ਅਤਿ ਲਾਜ਼ਮੀ ਹੋ ਜਾਂਦਾ ਹੈ। ਹੱਥਲੇ ਨਾਵਲ ਵਿਚ ਨਾਵਲਕਾਰ ਪਿਛਲਝਾਤ ਰਚਨਾ ਜੁਗਤ ਵਰਤਦਿਆਂ ਇਤਿਹਾਸਕ ਸਾਖੀਆਂ ਰਾਹੀਂ ਬਿਰਤਾਂਤ ਸਿਰਜਦਾ ਹੈ। ਬਾਬਾ ਬੋਤਾ ਸਿੰਘ, ਗਰਜਾ ਸਿੰਘ ਵਲੋਂ ਨੂਰਦੀਨ ਦੀ ਸਰਾਂ ਤੇ ਨਾਕਾ ਲਾਉਣ ਲੱਗਿਆਂ ਛੋਟੇ ਸਾਹਿਬਜ਼ਾਦਿਆਂ ਦੇ ਸੂਬਾ ਸਰਹਿੰਦ ਦੀ ਕਚਹਿਰੀ ਵਿਚ ਸੁੱਚਾ ਨੰਦ ਨੂੰ ਕਹੇ ਗਏ ਬੋਲਾਂ ਨੂੰ ਦੁਹਰਾਉਣਾ, ਸ਼ੁਬੇਗ ਸਿੰਘ ਵੱਲੋਂ ਨੌਵੇਂ ਪਾਤਸ਼ਾਹ ਜੀ ਦੀ ਸ਼ਹਾਦਤ ਤੋਂ ਬਾਅਦ ਉਹਨਾਂ ਦੇ ਪਾਵਨ ਸੀਸ ਤੇ ਧੜ੍ਹ ਦੇ ਸੰਸਕਾਰ ਦੀ ਸਾਖੀ ਸ਼ਹਿਬਾਜ਼ ਸਿੰਘ ਨੂੰ ਸੁਣਾਉਣਾ, ਕਾਹਨੂੰਵਾਨ ਦੀ ਛੰਭ ਦੇ ਯੁੱਧ ਵਿਖੇ ਬਾਬਾ ਜੱਸਾ ਸਿੰਘ ਜੀ ਵੱਲੋਂ ਤੱਤੀ ਤਵੀ, ਚਾਂਦਨੀ ਚੌਂਕ, ਮਹਿਰਾਜ ਦੀ ਜੰਗ, ਅੰਮ੍ਰਿਤ ਦੀ ਦਾਤ ਦਾ ਪ੍ਰਸੰਗ, ਸਰਹਿੰਦ ਦੀ ਕੰਧ ਤੇ ਚਮਕੌਰ ਸਾਹਿਬ ਦੀ ਜੰਗ ਦਾ ਜ਼ਿਕਰ ਕਰਦਿਆਂ ਸਿੱਖ ਯੋਧਿਆਂ ਨੂੰ ਉਤਸ਼ਾਹਿਤ ਕੀਤੇ ਜਾਣਾ, ਰਾਮਰੌਣੀ ਦੇ ਕਿਲੇ ਦੀ ਉਸਾਰੀ ਸਮੇਂ ਚਲਦੇ ਲੰਗਰਾਂ ਲਈ ਲੱਕੜਾਂ ਦੀ ਸੇਵਾ ਕਰਦੇ ਸਿੰਘਾਂ ਨੂੰ ਲਾਂਗਰੀ ਹਰੀ ਸਿੰਘ ਵੱਲੋਂ ਗੁਰੂ ਅਰਜਨ ਦੇਵ ਜੀ ਤੇ ਭਾਈ ਮੰਝ ਜੀ ਦੀ ਗੁਰੂ ਕੇ ਲੰਗਰਾਂ ਲਈ ਸੇਵਾ ਕਰਨ ਦੀ ਸਾਖੀ ਤੇ ਗੁਰੂ-ਨਦਰਿ ਸਦਕਾ ਬਖਸ਼ਿਸ਼ ਹੋਣ ਦਾ ਪ੍ਰਸੰਗ ਸੁਣਾਉਣਾ, ਮੀਰ ਮੰਨੂੰ ਦੀ ਜੇਲ ਵਿਚ ਮਾਤਾ ਵੱਲੋਂ ਕੋਹੇ ਜਾਣ ਤੋਂ ਥੋੜ੍ਹਾ ਸਮਾਂ ਪਹਿਲਾਂ ਆਪਣੇ ਬਾਲਕ ਦੇ ਸਿਦਕ ਨੂੰ ਹੋਰ ਪੱਕਿਆਂ ਕਰਨ ਲਈ ਬਾਬਾ ਬੰਦਾ ਸਿੰਘ ਬਹਾਦਰ ਦੀ ਸਾਖੀ ਸੁਣਾਏ ਜਾਣ ਨੂੰ ਗਾਲਪਨਿਕ ਢੰਗ ਨਾਲ ਪੇਸ਼ ਕਰੇ ਜਾਣਾ ਸਾਡੇ ਧਿਆਨਗੋਚਰੇ ਆਉਂਦਾ ਹੈ। ਜਿਸ ਤਰ੍ਹਾਂ ਸਿੱਖ ਮੰਨਦੇ ਹਨ ਕਿ ਉਹ ਹਰ ਖੁਸ਼ੀ, ਮੁਸੀਬਤ, ਔਖੀ ਘੜੀ ਤੇ ਯੁੱਧ ਵੇਲੇ ਵੀ ਇਤਿਹਾਸ ਚਿਤਾਰਦੇ ਤੇ ਵਿਚਾਰਦੇ ਰਹਿੰਦੇ ਹਨ, ਇਸ ਸੰਕਲਪ ਨੂੰ ਇਤਿਹਾਸ ਦੀ ਲਗਾਤਾਰਤਾ ਵਿਚ ਕਥਿਤ ਪ੍ਰਸੰਗਾਂ ਰਾਹੀਂ ਨਾਵਲ ਵਿਚ ਗਾਲਪਨਿਕ ਅੰਦਾਜ਼ ਨਾਲ ਪੇਸ਼ ਕਰਨਾ, ਇਸ ਨੂੰ ਵਾਸਤਵਿਕਤਾ ਦੇ ਹੋਰ ਨੇੜੇ ਲੈ ਜਾਂਦਾ ਹੈ।

ਇਹ ਨਾਵਲ ਅਠਾਰਵੀਂ ਸਦੀ ਦੇ ਸਿੱਖ ਇਤਿਹਾਸ ਨੂੰ ਪੇਸ਼ ਕਰਦਾ ਹੈ, ਜਿਸ ਵੇਲੇ ਸਿੱਖਾਂ ਨੂੰ ਨਿੱਤ ਨਵੇਂ (ਬਾਕੀ ਸਫ਼ਾ 31 'ਤੇ)

# ਮਸੀਹੀਅਤ ਅਤੇ ਥਿਆਲੋਜੀ : ਹਰਦੇਵ ਸਿੰਘ ਦੀ ਰਚਨਾ ਦੀ ਸਮੀਖਿਆ

ਡਾ. ਬਲਦੇਵ ਸਿੰਘ ਕੰਦੋਲਾ, ਪੰਜਾਬੀ ਵਿਕਾਸ ਮੰਚ ਯੂ.ਕੇ.

ਕਿਸ਼ਤ-3




(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਮਸੀਹੀਅਤ ਅਤੇ ਮਜਹਬ**

ਥਿਆਲੋਜੀ ਦਾ ਅਧਿਐਨ 'ਈਸਾ ਮਸੀਹ' ਅਤੇ ਬਾਈਬਲ ਤੋਂ ਸ਼ੁਰੂ ਹੁੰਦਾ ਹੈ ਅਤੇ ਇੱਥੇ ਆ ਕੇ ਹੀ ਖਤਮ ਹੁੰਦਾ ਹੈ। ਇਸ ਅਧਿਐਨ ਵਿੱਚ ਜਿਸ ਚੀਜ਼ ਦੀ ਹੋਂਦ ਨੂੰ 'ਸਾਬਤ' ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਉਸੇ ਨੂੰ ਹੀ ਆਧਾਰ 'ਸੱਚ' ਮੰਨ ਲਿਆ ਗਿਆ ਹੈ। ਇਸ ਤਰ੍ਹਾਂ ਮਸੀਹੀ ਥਿਆਲੋਜੀ, ਮਸੀਹੀ 'ਵਿਸ਼ਵਾਸ' ਦਾ ਅਟੁੱਟ ਹਿੱਸਾ ਬਣ ਕੇ ਰਹਿ ਜਾਂਦੀ ਹੈ। ਮਸੀਹੀ ਵਿਸ਼ਵਾਸ ਹੀ 'ਮਸੀਹੀ ਥਿਆਲੋਜੀ' ਹੈ। ਇਹ ਆਪਣੇ ਫਾਇਦੇ ਲਈ ਵਿਭਿੰਨ ਫਲਸਫੇ ਅਤੇ ਤਾਰਕਿਕ ਵਿਧੀਆਂ ਨੂੰ ਸਿੱਖਦੀ ਅਤੇ ਵਰਤਦੀ ਹੈ। ਥਿਆਲੋਜੀ ਨੂੰ 'ਪੂਰਵ ਨਿਧਾਰਨ' ਤੋਂ ਪੂਰੀ ਤਰ੍ਹਾਂ ਸੁਤੰਤਰ ਨਹੀਂ ਕੀਤਾ ਜਾ ਸਕਦਾ ਕਿਉਂਕਿ ਥਿਆਲੋਜੀਕਾਰ 'ਮਜਹਬ' ਦੇ ਮੂਲ ਦੀ ਸਿਰਜਣਾ ਨਹੀਂ ਕਰਦਾ ਸਗੋਂ ਸਦੀਆਂ ਤੋਂ ਪ੍ਰਾਪਤ 'ਮੂਲ ਮਸੌਦੇ' ਦਾ ਅਧਿਐਨ ਅਤੇ ਵਿਆਖਿਆ ਹੀ ਕਰਦਾ ਹੈ। 'ਮਜਹਬ' ਨੂੰ ਗਣਿਤ ਦੇ ਸੂਤਰ ਵਾਂਗ ਖੋਜਿਆ ਜਾਂ ਸੰਘਾ (concrete) ਦੇ ਭਵਨ ਵਾਂਗ ਉਸਾਰਿਆ ਨਹੀਂ ਜਾ ਸਕਦਾ। ਇਸ ਨੂੰ ਸਿਰਫ 'ਵਿਆਖਿਆਇਆ' ਅਤੇ ਪਹਿਲਾਂ ਪ੍ਰਾਪਤ ਹੋ ਚੁੱਕੇ ਵਾਂਗ ਆਲੋਚਨਾਤਮਕ ਅਧਿਐਨ ਹੀ ਕੀਤਾ ਜਾ ਸਕਦਾ ਹੈ। ਇਸ ਲਈ ਥਿਆਲੋਜੀ, ਮਸੀਹੀ ਪਰੰਪਰਾ ਉੱਪਰ ਪੂਰੀ ਤਰ੍ਹਾਂ ਨਿਰਭਰ ਕਰਦੀ ਹੈ ਜਦਕਿ ਵਿਗਿਆਨ ਹਮੇਸ਼ਾ ਕੁੱਝ ਨਵਾਂ ਕਰਨ ਲਈ ਖੋਜ ਕਰਦਾ ਹੈ।

ਮਸੀਹੀ ਥਿਆਲੋਜੀ, ਮਸੀਹੀ ਵਿਸ਼ਵਾਸ ਨੂੰ ਵਿਵੇਕਰੂਪ ਵਿੱਚ ਲੋਕਾਂ ਤੱਕ ਪਹੁੰਚਾਉਣ ਦਾ ਇੱਕ ਯਤਨ ਹੈ। ਇਸ ਵਿੱਚ ਵਿਆਖਿਆ, ਸਾਹਿਤ ਅਤੇ ਇਤਿਹਾਸ ਆਦਿ ਸ਼ਾਮਲ ਹਨ। ਥਿਆਲੋਜੀ ਦਾ ਕਾਰਜ ਮਸੀਹੀ ਵਿਸ਼ਵਾਸ ਅਤੇ ਸਿਧਾਂਤ ਨੂੰ ਵਿਹਾਰਕ ਅਰਥ ਪ੍ਰਦਾਨ ਕਰਨਾ ਹੈ।

**ਤੁਲਨਾਤਮਕ ਧਰਮ ਅਧਿਐਨ**

11ਵੀਂ ਸਦੀ ਦੇ ਅੰਤ ਤੋਂ 13ਵੀਂ ਸਦੀ ਦੇ ਅੰਤ ਤੱਕ ਪੱਛਮ ਦੇ ਮਜਹਬੀ-ਯੁੱਧਾਂ (crusades) ਨੇ ਇਸਲਾਮੀ ਤੁਰਕਾਂ ਤੋਂ ਪਵਿੱਤਰ ਧਰਤੀ ਯਰੂਸ਼ਲਮ ਨੂੰ ਆਜ਼ਾਦ ਕਰਾਉਣ ਲਈ ਸੰਘਰਸ਼ (ਜੱਦੋ-ਜਹਿਦ) ਸ਼ੁਰੂ ਕੀਤੇ। ਇਨ੍ਹਾਂ ਯੁੱਧਾਂ ਨੂੰ ਆਮ ਕਰਕੇ 'ਕਰੂਸੇਡ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਪੂਰਵੀ ਰੋਮਨ ਸਾਮਰਾਜ ਅਤੇ ਮਸੀਹੀਅਤ ਨੂੰ ਇਸਲਾਮੀ ਤਾਕਤਾਂ ਤੋਂ ਖਤਰਾ ਬਹੁਤ ਵਧ ਚੁੱਕਾ ਸੀ। 1099 ਈ: ਵਿੱਚ ਮਸੀਹੀ ਯੋਧਿਆਂ ਨੇ ਯਰੂਸ਼ਲਮ 'ਤੇ ਕਬਜਾ ਕਰ ਲਿਆ। ਦੋਵੇਂ ਤਾਕਤਾਂ ਬਰਾਬਰ ਦੀਆਂ ਹੋਣ ਕਰਕੇ ਯੁੱਧਾਂ ਦੇ ਕੋਈ ਨਿਸ਼ਚਾਤਮਕ ਨਤੀਜੇ ਨਾ ਨਿਕਲ ਸਕੇ। ਪਰ ਇਸਲਾਮਿਕ ਯੋਧਿਆਂ ਦਾ ਮੋਟੇ ਤੌਰ 'ਤੇ ਹੱਥ ਉੱਪਰ ਰਿਹਾ ਅਤੇ 'ਕੌਂਸਤਾਂਤੀਨੋਪਲ' ਤੇ ਕਬਜ਼ਾ ਕਰਕੇ ਇਸਲਾਮ ਯੂਰਪ ਦੀਆਂ ਬਰੂਹਾਂ ਤੱਕ ਆ ਪਹੁੰਚਾ।

ਭਾਵੇਂ ਇਨ੍ਹਾਂ ਯੁੱਧਾਂ ਦੇ ਨਿਰਣਾਇਕ ਫੈਸਲੇ ਨਾ ਹੋ ਸਕੇ ਪਰ ਇਸ ਟੱਕਰ ਨੇ ਮਸੀਹੀਆਂ ਨੂੰ ਹੋਰਨਾਂ ਨਾਲ ਮੇਲ-ਜੋਲ ਦਾ ਮੌਕਾ ਪ੍ਰਦਾਨ ਕੀਤਾ। ਵਪਾਰ ਵਧਣ ਦੇ ਨਾਲ ਨਾਲ ਵਿਚਾਰਾਂ ਦਾ ਵੀ ਖੁੱਲ੍ਹਾ ਅਤੇ ਬੇਰੋਕ ਆਦਾਨ ਪ੍ਰਦਾਨ ਹੋਣਾ ਸ਼ੁਰੂ ਹੋਇਆ। ਅਰਸਤੂ ਦੀਆਂ 'ਵਿਗਿਆਨਕ' ਲਿਖਤਾਂ, ਅਰਬਾਂ ਰਾਹੀਂ ਭਾਰਤੀ ਗਣਿਤ ਅਤੇ ਬੀਜ-ਗਣਿਤ ਦਾ ਪੱਛਮ ਵਲ ਵਹਾਉ ਹੋਣਾ ਸ਼ੁਰੂ ਹੋਇਆ। ਇਸ ਮੇਲਮਿਲਾਪ ਤੋਂ ਲੋਕ 'ਚਰਚ' ਅਤੇ ਮਸੀਹੀ ਵਿਚਾਰਧਾਰਾ ਦੀ ਸਰਦਾਰੀ 'ਤੇ ਕਿੰਤੂ ਪਰੰਤੂ ਕਰਨ ਲੱਗੇ। ਮਜਹਬੀ ਯੁੱਧਾਂ ਨੇ ਪੁਰਾਣੇ ਤੰਤਰ ਨੂੰ ਢਾਉਣ ਅਤੇ ਨਵੇਂ ਵਿਚਾਰਾਂ ਨੂੰ ਉਸਾਰਨ ਵਿਚ ਅਹਿਮ ਹਿੱਸਾ ਪਾਇਆ ਜਿਸ ਨਾਲ 'ਯੂਰਪੀ ਪੁਨਰ-ਜਾਗਰਣ' ਸੰਭਵ ਹੋ ਸਕਿਆ (14ਵੀਂ – 17ਵੀਂ ਸਦੀ)। ਇਸ ਦੇ ਫਲਸਰੂਪ ਸਮੁੰਦਰੀ ਰਾਹਾਂ ਦੀ ਖੋਜ ਤੇਜ਼ ਹੋਣ ਲੱਗੀ। ਵਪਾਰੀ ਅਤੇ ਮਸੀਹੀ ਪ੍ਰਚਾਰਕ ਇਕੱਠੇ ਹੋ ਕੇ ਦੁਨੀਆ ਦੇ ਦੂਰ-ਦੂਰ ਹਿੱਸਿਆਂ ਵਲ ਸਫਰ ਕਰਨ ਲੱਗੇ। ਯੂਰਪੀ ਮੁਲਕਾਂ ਵਲੋਂ ਵਿਸ਼ਵ ਦੇ ਵੱਖ ਵੱਖ ਖਿੱਤਿਆਂ ਵਿੱਚ ਉਪਨਿਵੇਸ਼ ਦੇ ਜਰੀਏ ਨਵੇਂ ਸਮਾਜਾਂ ਨਾਲ ਪੱਛਮੀ ਵਿਦਵਾਨਾਂ ਦਾ ਰਾਬਤਾ ਬਣਿਆ ਜਿਨ੍ਹਾਂ ਦੇ ਧਾਰਮਕ ਵਿਸ਼ਵਾਸ ਪੱਛਮ ਵਿੱਚ ਪ੍ਰਧਾਨ ਮਸੀਹੀਅਤ ਨਾਲੋਂ ਵੱਖਰੇ ਜਾਂ ਓਪਰੇ ਸਨ। ਇਸ ਤਰ੍ਹਾਂ ਦੇ ਆਪਸੀ ਸੰਪਰਕ ਨੇ 'ਤੁਲਨਾਤਮਕ ਧਰਮ ਅਧਿਐਨ' ਨੂੰ ਜਨਮ ਦਿੱਤਾ। ਇਸ ਵਿਸ਼ੇ ਤੇ

ਜਰਮਨ ਵਿਦਵਾਨ 'ਮੈਕਸ ਮੂਲਰ' ਦਾ ਨਾਮ ਖਾਸ ਵਰਣਨਯੋਗ ਹੈ ਜਿਸ ਨੇ ਭਾਰਤੀ ਪਰੰਪਰਾ ਅਤੇ ਸਾਹਿਤ ਉੱਪਰ ਸ਼ਲਾਘਾਯੋਗ ਕੰਮ ਕੀਤਾ।

ਇਤਿਹਾਸਕ ਤੌਰ 'ਤੇ ਯਹੂਦੀ, ਮਸੀਹੀ ਅਤੇ ਇਸਲਾਮ ਤਿੰਨੇ ਅਬਰਾਹਮਕ ਮਜਹਬ ਪਰੰਪਰਾ ਦੇ ਪਿਛੋਕੜ ਨਾਲ ਸਬੰਧ ਰੱਖਦੇ ਹਨ।

ਇਹ 'ਆਦਮ' ਅਤੇ 'ਹਵਾ' ਦੇ ਮਿਥਿਹਾਸ ਰਾਹੀਂ ਵੀ ਆਪਸ ਵਿੱਚ ਜੁੜੇ ਹੋਏ ਹਨ। ਇਸ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਹਜ਼ਰਤ ਮੂਸਾ, ਈਸਾ ਮਸੀਹ ਅਤੇ ਪੈਗੰਬਰ ਮੁਹੰਮਦ ਸਾਹਿਬ ਨੇ ਕੋਈ ਨਵਾਂ ਮਜਹਬ ਪੈਦਾ ਨਹੀਂ ਸੀ ਕੀਤਾ ਸਗੋਂ ਆਦਿ ਕਾਲ ਤੋਂ ਰੱਬ ਅਤੇ ਮਨੁੱਖ ਦਰਮਿਆਨ ਚਲੇ ਆਉਂਦੇ ਅਹਿਦ ਅਤੇ ਵਿਸ਼ਵਾਸ ਦੇ ਸਿਲਸਿਲੇ ਨੂੰ ਆਪੋ-ਆਪਣੇ ਢੰਗ ਨਾਲ ਸੰਪੂਰਨ ਕੀਤਾ ਹੈ।

ਯਹੂਦੀਆਂ ਦਾ ਮੰਨਣਾ ਹੈ ਕਿ ਇਸ ਪਰੰਪਰਾ ਨੂੰ ਹਜਰਤ ਮੂਸਾ ਨੇ 'ਤੌਰੇਤ' ਆਦਿ ਪੋਥੀਆਂ ਰਾਹੀਂ ਵਿਸ਼ਵਾਸ 'ਸ਼ਰਹਾ' ਅਤੇ ਸੰਸਥਾਵਾਂ ਵਿੱਚ ਬੰਨ੍ਹਿਆ ਹੈ ਪਰ ਯਹੂਦੀ ਕੌਮ ਦਾ 'ਆਖਰੀ ਮਸੀਹਾ' ਆਉਣਾ ਅਜੇ ਬਾਕੀ ਹੈ। 'ਮਸੀਹੀਆਂ' ਦਾ ਵਿਸ਼ਵਾਸ ਹੈ ਕਿ ਪਵਿੱਤਰ ਗ੍ਰੰਥਾਂ ਵਿੱਚ ਕੀਤੀ ਗਈ ਭਵਿੱਖਬਾਣੀ ਅਨੁਸਾਰ ਹਜਰਤ ਮੂਸਾ ਤੋਂ ਬਾਅਦ ਰਹਿੰਦੇ ਕਾਰਜ ਨੂੰ 'ਈਸਾ ਮਸੀਹ' ਨੇ ਪੂਰਾ ਕਰ ਦਿੱਤਾ ਹੈ ਅਤੇ ਈਸਾ ਪਿੱਛੋਂ ਸੰਸਾਰ ਨੂੰ ਹੋਰ 'ਮਸੀਹਾ' ਦੀ ਲੋੜ ਨਹੀਂ ਹੈ। ਇਸਲਾਮ ਦਾ ਵਿਸ਼ਵਾਸ ਹੈ ਕਿ ਰੱਬੀ ਪੈਗਾਮ ਪਹੁੰਚਾਉਣ ਵਾਲੇ 'ਆਖਰੀ' ਪੈਗੰਬਰ ਮੁਹੰਮਦ ਸਾਹਿਬ ਹਨ। ਇਨ੍ਹਾਂ ਅਰਥਾਂ ਵਿੱਚ ਮਸੀਹੀਅਤ ਅਤੇ ਇਸਲਾਮ' ਅੰਦਰ ਆਪਣੇ ਵਿਸ਼ਵਾਸ ਦੇ 'ਆਖਰੀ' ਅਤੇ 'ਸੰਪੂਰਨ' ਹੋਣ ਦਾ ਭਾਵ ਪੈਦਾ ਹੋਇਆ ਹੈ। ਇਨ੍ਹਾਂ ਦੋਹਾਂ ਦਾ ਮੰਨਣਾ ਹੈ ਕਿ ਉਨ੍ਹਾਂ ਦੇ ਵਿਸ਼ਵਾਸ ਦੇ ਮੁਕਾਬਲੇ ਸੰਸਾਰ ਦੇ ਬਾਕੀ ਸਾਰੇ ਵਿਸ਼ਵਾਸ ਜਾਂ ਤਾਂ ਅਧੂਰੇ ਹਨ ਜਾਂ ਝੂਠੇ।

ਇਤਿਹਾਸਕ ਤੌਰ 'ਤੇ ਮਸੀਹੀਅਤ ਅਤੇ ਇਸਲਾਮ ਨੂੰ ਧਰਤੀ ਦੇ ਦੋ ਵੱਡੇ ਖੇਤਰਾਂ ਉੱਤੇ ਇਸ ਕਦਰ ਸੱਤਾ ਹਾਸਲ ਹੋਈ ਹੈ ਕਿ ਉਨ੍ਹਾਂ ਦੇ ਸਭਿਆਚਾਰ ਅੰਦਰ ਆਪਣੇ ਵਿਸ਼ਵਾਸ ਦੇ ਸਰਬੋਤਮ ਹੋਣ ਦੀ ਧਾਰਨਾ 'ਹਠ-ਧਰਮੀ' ਦੇ ਪੱਧਰ ਤੱਕ ਪੱਕੀ ਹੋ ਗਈ ਹੈ। ਇਤਿਹਾਸ ਤੋਂ ਇਹ ਵੀ ਸਪੱਸ਼ਟ ਹੈ ਕਿ ਇਹ 'ਸੱਤਾ' ਕਿਸੇ ਪ੍ਰੇਰਨਾ, ਪ੍ਰੋਤਸਾਹਨ (persuasion) ਜਾਂ ਵਿਚਾਰ ਵਿਮਰਸ ਅਤੇ ਦਲੀਲਾਂ ਦੁਆਰਾ ਹਾਸਲ ਨਹੀਂ ਸੀ ਕੀਤੀ ਗਈ ਬਲਕਿ ਇਸ ਦੇ ਪਿੱਛੇ ਜ਼ੁਲਮ, ਅੱਤਿਆਚਾਰ ਅਤੇ ਤਸ਼ੱਦਦ (ਭੈਅ, ਦਹਿਸ਼ਤ) ਦਾ ਬੋਲ ਬਾਲਾ ਰਿਹਾ ਹੈ। ਇਸ ਦੇ ਨਾਲ ਨਾਲ ਯੂਰਪੀ ਸਾਮਰਾਜ ਦੀ ਵਹਿਸ਼ੀ ਤਾਕਤ ਨੇ ਮਸੀਹੀਅਤ ਨੂੰ ਫੈਲਾਉਣ (ਜਬਰੀ ਥੋਪਣ) ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਇਸ ਦੇ ਮੁਕਾਬਲੇ ਅਸੀਂ ਦੇਖ ਸਕਦੇ ਹਾਂ ਕਿ ਏਸ਼ੀਆ ਭਰ ਵਿੱਚ 'ਬੁੱਧਮਤ' ਦੇ ਫੈਲਣ ਦਾ ਕਾਰਨ ਇਸ ਦੇ ਬਿਲਕੁਲ ਉਲਟ ਸੀ।

ਮਸੀਹੀ ਖਿਆਲੋਜੀ ਕੀ ਹੈ ਦੇ ਸਵਾਲ ਦਾ ਉੱਤਰ ਦਿੰਦੇ ਹੋਏ ਮੋਰਿਸ ਵਾਈਲਸ ਕਹਿੰਦੇ ਹਨ ਕਿ ਇਸ ਦਾ ਆਵੱਸ਼ਕ ਸਬੰਧ 'ਬਾਈਬਲ', 'ਚਰਚ ਦਾ ਇਤਿਹਾਸ' ਅਤੇ 'ਫਲਸਫਈ ਧਾਰਨਾਵਾਂ' ਨਾਲ ਜੁੜਿਆ ਹੋਇਆ ਹੈ। ਪ੍ਰੰਤੂ ਥਿਆਲੋਜੀ ਇਨ੍ਹਾਂ ਤਿੰਨ ਅਧਿਐਨਾਂ ਦੇ ਕੁੱਲ ਜੋੜ ਤੋਂ ਵਧ ਕੇ ਹੈ। ਇਹ ਇਨ੍ਹਾਂ ਨੂੰ ਇੱਕ ਸੁਸੰਗਤ ਢੰਗ ਨਾਲ ਇਕੱਠੇ ਕਰਨ ਦਾ ਯਤਨ ਹੈ ਤਾਂ ਕਿ ਸੰਸਾਰ ਨੂੰ 'ਰੱਬ ਦੀ ਸਿਰਜਣਾਤਮਕ ਕਿਰਤ' ਅਤੇ 'ਮਸੀਹ ਵਿੱਚ ਮੁਕਤੀ ਵਾਲਾ ਪਿਆਰ' ਵਜੋਂ ਸਮਝਿਆ ਜਾ ਸਕੇ।

5 ਥਿਆਲੋਜੀ ਅਤੇ ਵਿਗਿਆਨਕ ਅਧਿਐਨ ਵਿਧੀਆਂ

ਕਿਉਂਕਿ ਥਿਆਲੋਜੀ ਨੂੰ ਇੱਕ 'ਅਧਿਐਨ' ਕਿਹਾ ਗਿਆ ਹੈ, ਇਸ ਲਈ ਇਹ ਪ੍ਰਸ਼ਨ ਸੁਭਾਵਕ ਹੀ ਉੱਠਦਾ ਹੈ ਕਿ ਇਸ ਦੀ ਅਪਣਾਈ ਵਿਧੀ ਅਤੇ ਵਿਗਿਆਨ ਦੀ ਵਿਧੀ ਵਿੱਚ ਕੀ ਸਾਂਝ ਹੈ? ਕੀ ਥਿਆਲੋਜੀ ਨੂੰ ਇੱਕ ਵਿਗਿਆਨ ਦੇ ਤੌਰ 'ਤੇ ਲਿਆ ਜਾ ਸਕਦਾ ਹੈ? ਕੀ ਇਸ ਦਾ ਜ਼ਿਆਦਾਤਰ ਸੰਬੰਧ 'ਸਮਾਜ-ਵਿਗਿਆਨ', 'ਮਨੋਵਿਗਿਆਨ' ਅਤੇ ਨੈਤਿਕਤਾ ਨਾਲ ਨਹੀਂ? ਕੀ ਵਿਗਿਆਨ ਅਤੇ ਥਿਆਲੋਜੀ ਦੀ ਆਪਸੀ ਵਿਰੋਧਤਾ ਅਤੇ ਸਿੱਧੀ ਟੱਕਰ ਹੈ? ਥਿਆਲੋਜੀਕਾਰ ਇਹ ਦੱਸਣ ਦੀ ਕੋਸ਼ਿਸ਼ ਕਰਦੇ ਹਨ ਕਿ 'ਪ੍ਰਕਿਰਤਕ ਵਿਗਿਆਨ' ਅਤੇ ਮਨੁੱਖੀ ਅਨੁਭਵ ਵਿੱਚ ਇੱਕ 'ਆਤਮਿਕ ਪਰਿਪੇਖ' ਮੌਜੂਦ ਹੈ। ਸ਼ਾਇਦ ਉਹ ਇਹ ਦੱਸਣ ਦੀ ਕੋਸ਼ਿਸ਼ ਕਰਦੇ ਹਨ ਕਿ ਉਹ 'ਆਤਮਕ ਪਰਿਪੇਖ' ਥਿਆਲੋਜੀ ਦੀ ਦੇਣ ਹੈ। ਥਿਆਲੋਜੀ ਆਪਣੇ ਆਪ ਨੂੰ 'ਵਿਗਿਆਨ' ਦੇ ਸਹਾਰੇ ਖੜ੍ਹਾ ਕਰਨ ਦੀ ਕੋਸ਼ਿਸ਼ ਕਰਦੀ ਹੈ ਜਦ ਕਿ 'ਵਿਗਿਆਨ' ਨੂੰ ਥਿਆਲੋਜੀ ਦੀ ਕੋਈ ਲੋੜ ਮਹਿਸੂਸ ਨਹੀਂ ਹੁੰਦੀ।

ਇਨ੍ਹਾਂ ਕਾਰਨਾਂ ਕਰਕੇ ਭੌਤਿਕ ਵਿਗਿਆਨ ਤੋਂ ਇਲਾਵਾ ਥਿਆਲੋਜੀ ਜਿਨ੍ਹਾਂ ਵਿਗਿਆਨਾਂ ਦੀ ਮਦਦ ਭਾਲਦੀ ਹੈ ਉਹ ਹਨ ਮਨੋਵਿਗਿਆਨ, ਸਮਾਜ-ਸ਼ਾਸਤਰ, ਇਤਿਹਾਸਕਾਰੀ ਅਤੇ ਫਲਸਫਾ ਆਦਿ।

6. ਮਸੀਹੀ ਥਿਆਲੋਜੀ : ਵਿਧੀ ਅਤੇ ਵਰਗ ਵੰਡ

ਸਹੀ ਅਰਥਾਂ ਵਿੱਚ ਥਿਆਲੋਜੀ ਦਾ ਮੁੱਖ ਮਨੋਰਥ ਈਸਾ ਮਸੀਹ ਦੇ ਮੂਲ ਸੰਦੇਸ਼ਾਂ ਅਤੇ ਉਸ ਤੋਂ ਬਾਅਦ ਮਸੀਹੀ ਪੈਰੋਕਾਰਾਂ ਦੁਆਰਾ ਰਚੇ ਗ੍ਰੰਥਾਂ ਨੂੰ ਇੱਕ ਸੁਸੰਗਤ ਲੜੀ ਵਿੱਚ ਬੰਨ੍ਹਣਾ ਕਿਹਾ ਜਾ ਸਕਦਾ ਹੈ। ਇਸ ਅਧਿਐਨ ਵਿੱਚੋਂ ਥਿਆਲੋਜੀਕਾਰ ਮੂਲ ਸਿਧਾਂਤ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਇਸ ਕੰਮ ਨੂੰ ਨੇਪਰੇ ਚੜ੍ਹਾਉਣ ਲਈ ਉਹ ਤਰਕ, ਵਿਗਿਆਨ, ਦਰਸ਼ਨ ਅਤੇ ਹੋਰ ਸਹਿ-ਅਨੁਸ਼ਾਸਨੀ ਵਿਸ਼ਿਆਂ ਦੇ ਨਾਲ ਨਾਲ ਨਿੱਜੀ ਅਨੁਭਵ ਅਤੇ ਇਲਹਾਮ (ਉਦੋੜ, revelation) ਦੀ ਸਹਾਇਤਾ ਲੈਂਦਾ ਹੈ। ਇਵੇਂ ਥਿਆਲੋਜੀ ਮਜਹਬ ਦੇ ਸਮੂਹ ਸਿਧਾਂਤਾਂ ਨੂੰ ਇੱਕ ਥਾਂ ਇਕੱਠੇ ਕਰਨ ਦਾ ਯਤਨ ਕਰਦੀ ਹੈ। ਮਸੀਹੀ ਵਿਸ਼ਵਾਸ ਅੰਦਰ ਰੱਬ ਦੇ ਸੰਕਲਪ ਨਾਲ ਜੁੜੀਆਂ ਮਨੌਤਾਂ, ਵਿਸ਼ਵਾਸ ਤੋਂ ਉਪਦੇਸ਼ਾਂ ਨੂੰ ਇਕੱਠੇ ਕਰਕੇ ਇਹ ਤੈਅ ਕਰਨਾ ਵੀ ਹੁੰਦਾ ਹੈ ਕਿ ਇਸ ਮਸੀਹੀ ਵਿਸ਼ਵਾਸ ਦਾ ਮੂਲ ਆਧਾਰ ਕੀ ਹੈ। ਮਸੀਹੀ ਰੱਬ ਦਾ ਸੁਭਾਅ ਅਤੇ ਸਰੂਪ ਕਿਹੋ ਜਿਹਾ ਹੈ? ਕੀ ਉਹ ਯਹੂਦੀ ਪਰੰਪਰਾ ਨਾਲ ਜਾਂ ਯੂਨਾਨੀ ਫਲਸਫੇ ਨਾਲ ਮੇਲ ਖਾਂਦਾ ਹੈ?

ਭਾਵੇਂ ਆਮ ਲੋਕਾਂ ਨੂੰ ਈਸਾ ਮਸੀਹ ਦੀ ਸ਼ਖਸੀਅਤ ਵਿੱਚ ਕੁੱਝ ਅਸਾਧਾਰਨ ਨਾ ਦਿਸਦਾ ਹੋਵੇ ਪਰ ਉਸ ਦੇ ਸ਼ਰਧਾਲੂ ਉਸ ਵਿੱਚ ਰੱਬ ਦੀ ਮੌਜੂਦਗੀ ਨੂੰ ਪ੍ਰਗਟਾਉਣ ਦੀ ਕੋਸ਼ਿਸ਼ ਕਰਦੇ ਹਨ। ਮਸੀਹੀ ਥਿਆਲੋਜੀ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰਦੀ ਹੈ ਕਿ ਈਸਾ ਨੇ ਜੋ ਮਨੁੱਖਤਾ ਲਈ ਕੀਤਾ ਹੈ ਉਹ ਕੋਈ ਸਾਧਾਰਨ ਆਦਮੀ ਨਹੀਂ ਬਲਕਿ ਇਕ ਮਸੀਹਾ ਹੀ ਕਰ ਸਕਦਾ ਹੈ। ਥਿਆਲੋਜੀਕਾਰ ਲਾਜ਼ਮੀ ਤੌਰ 'ਤੇ ਇਤਿਹਾਸਕ ਸ਼ਖਸੀਅਤ 'ਈਸਾ' ਬਾਰੇ ਜਾਨਣ ਦੀ ਕੋਸ਼ਿਸ਼ ਵੀ ਕਰਦਾ ਹੈ। ਉਹ ਬਾਈਬਲ ਵਿੱਚੋਂ ਈਸਾ ਮਸੀਹ ਦੇ ਮਨ, ਮਨੁੱਖ ਅਤੇ ਸਮਾਜ ਲਈ ਦਇਆ, ਖਿਮਾ ਅਤੇ ਕੁਰਬਾਨੀ ਦੇ ਉਪਦੇਸ਼ ਨੂੰ ਸਮਕਾਲੀ ਮਨੋਵਿਗਿਆਨ, ਮਾਨਵ ਵਿਗਿਆਨ ਅਤੇ ਸਮਾਜ ਵਿਗਿਆਨ ਦੇ ਅਨੁਸ਼ਾਸਨਾਂ ਦੀ ਸਹਾਇਤਾ ਰਾਹੀਂ ਹੋਰ ਬਿਹਤਰ ਢੰਗ ਨਾਲ ਸਮਝਣ ਦੀ ਕੋਸ਼ਿਸ਼ ਕਰ ਸਕਦਾ ਹੈ।

ਥਿਆਲੋਜੀ ਦੀ ਵਿਧੀ ਵਿਵਰਣਾਤਮਕ (ਪਰਪੰਚ ਵਿਗਿਆਨੀ) ਅਤੇ ਵਿਆਖਿਆਤਮਕ (ਵਿਆਖਿਆ ਸ਼ਾਸਤਰੀ) ਹੁੰਦੀ ਹੈ। ਇਸ ਨੂੰ ਸਮਕਾਲੀ ਗਿਆਨ ਦੇ ਦਾਇਰੇ ਵਿਚ ਰਹਿ ਕੇ ਕੁਝ ਨਹੀਂ ਪੇਸ਼ ਕਰਨਾ ਵੀ ਹੁੰਦਾ ਹੈ, ਨਹੀਂ ਤਾਂ ਥਿਆਲੋਜੀ ਆਮ ਲੋਕਾਂ ਲਈ ਬੇਤੁਕੀ ਅਤੇ ਬੇਲੋੜੀ ਬਣ ਕੇ ਰਹਿ ਜਾਏਗੀ। ਇਸ ਤਰ੍ਹਾਂ ਮਸੀਹੀ ਥਿਆਲੋਜੀਕਾਰ ਬਾਈਬਲ ਦੇ ਅੰਦਰਲੇ ਪਾਠ, ਵੱਖ ਵੱਖ ਸਦੀਆ ਦੇ ਵਿਆਖਿਆਕਾਰਾਂ ਅਤੇ ਇਤਿਹਾਸਕ ਸਰੋਤਾਂ ਦੇ ਆਧਾਰ 'ਤੇ ਉਸ ਸੰਸਾਰ ਨੂੰ ਚਿਤਵਨ ਦੀ ਕੋਸ਼ਿਸ਼ ਕਰਦਾ ਹੈ ਜਿਸ ਵਿੱਚ ਈਸਾ ਮਸੀਹ ਪ੍ਰਗਟ ਹੋਏ ਸਨ। ਇਸ ਸੰਸਾਰ ਦੇ ਸਨਮੁਖ ਮੁੜ ਸਮੁੱਚੀ ਬਾਈਬਲ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਇਵੇਂ ਥਿਆਲੋਜੀਕਾਰ ਪਹਿਲਾਂ ਧਰਮ ਗ੍ਰੰਥ ਦੇ 'ਵਾਕ' ਨੂੰ ਇੱਕ ਅਨੁਸ਼ਾਸਨ ਅਤੇ ਤਰਤੀਬ ਵਿੱਚ ਬੰਨ੍ਹਦਾ ਹੋਇਆ, ਉਨ੍ਹਾਂ ਤੋਂ ਕੁੱਝ ਸਾਰਥਕ ਨਿਰਣੇ ਕੱਢਦਾ ਹੈ। ਫਿਰ ਧਰਮ ਗ੍ਰੰਥ ਅੰਦਰ ਪੇਸ਼ ਕੀਤੇ ਗਏ ਕਥਾ ਪ੍ਰਸੰਗ ਅਤੇ ਇਤਿਹਾਸਕ ਹਵਾਲਿਆਂ ਦੀ ਸਹਾਇਤਾ ਨਾਲ ਸਮਕਾਲ ਤੱਕ ਪਹੁੰਚ ਕਰਦਾ ਹੈ। ਇਸ ਪਿੱਛੋਂ ਉਹ ਇਸ ਨਿਰਣੇ ਨੂੰ ਉਸ ਇਤਿਹਾਸਕ ਵਾਤਾਵਰਨ ਵਿੱਚ ਚੁਕਾਉਣ ਦੀ ਕੋਸ਼ਿਸ਼ ਰਾਹੀਂ ਉਹ ਇਕ ਨਵਾਂ ਨਿਰਣਾ ਬਣਾਉਂਦਾ ਹੈ ਜੋ ਪਹਿਲੇ ਨਿਰਣਿਆਂ ਤੋਂ ਵਧੇਰੇ ਸਟੀਕ, ਗੰਭੀਰ ਅਤੇ ਸੰਘਣਾ ਹੁੰਦਾ ਹੈ।

ਇੱਥੋਂ ਸਿੱਖੀ ਦੇ ਪ੍ਰਸੰਗ ਵਿੱਚ ਡਾ. ਹਰਦੇਵ ਸਿੰਘ ਬੜਾ ਮਹੱਤਵਪੂਰਨ ਨੁਕਤਾ ਪੇਸ਼ ਕਰਦੇ ਹਨ। ਉਹ ਦੇਖਦੇ ਹਨ ਕਿ ਪਿਛਲੀ ਇੱਕ ਸਦੀ ਤੋਂ ਸਿੱਖ ਵਿਦਵਾਨ ਆਪਣੇ ਆਪ ਨੂੰ ਵੈਦਿਕ ਧਰਮ ਅਤੇ ਵਿਚਾਰਧਾਰਾ ਤੋਂ ਨਿਖੇੜਨ 'ਤੇ ਲੱਗੇ ਹੋਏ ਹਨ। ਪਰ ਮਸੀਹੀ ਵਿਦਵਾਨ ਉਸ ਤੋਂ ਕਿਤੇ ਵਧੇਰੇ ਜ਼ੋਰ ਨਾਲ ਇਹ ਸਥਾਪਤ ਕਰਨ ਉਪਰ ਲਾਉਂਦੇ ਹਨ ਕਿ ਨਹੀਂ, ਅਬਰਾਹਮ, ਇਸਹਾਕ, ਯਾਕੂਬ ਅਤੇ ਮੂਸਾ ਦੇ ਅਸਲ ਵਾਰਸ ਮਸੀਹੀ ਹੀ ਹਨ ਪਰ ਇਸ ਦਾ ਅਰਥ ਇਹ ਨਹੀਂ ਕਿ ਮਸੀਹੀ ਆਪਣੇ-ਆਪ ਨੂੰ ਯਹੂਦੀਆਂ ਤੋਂ ਵੱਖਰੇ ਨਹੀਂ ਸਮਝਦੇ।

ਮਸੀਹੀਅਤ ਦਾ ਦਾਅਵਾ ਹੈ ਕਿ ਈਸਾ ਮਸੀਹ ਦੇ ਆਉਣ ਦੀਆਂ ਭਵਿੱਖ ਬਾਣੀਆਂ ਪੁਰਾਣੇ ਧਰਮ ਗ੍ਰੰਥਾਂ ਅਤੇ ਨਬੀਆਂ ਦੇ ਬਚਨਾਂ ਅਨੁਸਾਰ ਹਨ, ਇਸ ਲਈ ਯਹੂਦੀਆਂ ਨੇ ਈਸਾ ਨੂੰ ਮਸੀਹ ਵਜੋਂ ਪ੍ਰਵਾਨ ਨਾ ਕਰਕੇ ਤਨਖ (ਤੌਰੇਤ, ਨਬਾਮ ਅਤੇ ਕੇਤਿਬਮ) ਅਤੇ ਇਸਰਾਇਲੀ ਪਰੰਪਰਾ ਦਾ ਵਿਰੋਧ ਕੀਤਾ ਹੈ। ਇਸ ਲਈ ਇਸ ਪੁਰਾਣੀ ਪਰੰਪਰਾ ਦੇ ਅਸਲ ਵਾਰਸ ਉਹੀ ਹਨ ਜਿਨ੍ਹਾਂ ਨੇ ਈਸਾ ਮਸੀਹ ਉੱਪਰ ਯਕੀਨ ਲਿਆਂਦਾ ਹੈ।

ਅਧਿਐਨ, ਖੋਜ, ਸਥਾਪਤੀ, ਮੁੜ ਸੋਧ ਦੀ ਲੰਮੀ ਘਾਲ ਪਿੱਛੋਂ ਥਿਆਲੋਜੀਕਾਰ ਇੱਕ ਅਜਿਹੇ ਮੁਕਾਮ 'ਤੇ ਪਹੁੰਚਦਾ ਹੈ ਜਿੱਥੇ ਉਹ ਇਸ ਸਵਾਲ ਦੇ ਜਵਾਬ ਦੇਣ ਦੇ ਯੋਗ ਹੁੰਦਾ ਹੈ ਕਿ ਮਸੀਹੀਅਤ ਕਿਸ ਤਰ੍ਹਾਂ ਈਸਾ ਮਸੀਹ ਤੋਂ ਪੂਰਬਲੀ ਪਰੰਪਰਾ ਦੀ ਲਗਾਤਾਰਤਾ ਵਿੱਚ ਹੈ। ਇਸ ਜਾਣਕਾਰੀ ਦੀ ਲੋਅ ਵਿੱਚ ਆਪਣੇ ਧਰਮ ਗ੍ਰੰਥ ਅਤੇ ਪਰੰਪਰਾ ਦੀਆਂ ਸਿੱਖਿਆਵਾਂ ਨੂੰ ਪੇਸ਼ ਕਰਦਾ ਹੈ।

**ਥਿਆਲੋਜੀ ਅਤੇ ਭਾਸ਼ਾ**

ਇਤਿਹਾਸ ਬਾਰੇ ਸਮਝ, ਭਾਸ਼ਾ ਦੇ ਗਿਆਨ ਅਤੇ ਮਨੁੱਖ ਸਬੰਧੀ ਹਰ ਖੇਤਰ ਵਿੱਚ ਰੁਚੀ ਤੋਂ ਬਿਨਾ ਥਿਆਲੋਜੀ ਨੂੰ ਮੁਕੰਮਲ ਨਹੀਂ ਕੀਤਾ ਜਾ ਸਕਦਾ। 'ਪੁਰਾਣੇ ਅਹਿਦਨਾਮੇ' ਦੀ ਭਾਸ਼ਾ ਹੀਬਰੂ ਹੈ ਅਤੇ 'ਨਵੇਂ ਅਹਿਦਨਾਮੇ' ਦੀ ਯੂਨਾਨੀ। ਯੂਰਪ ਦੇ ਚਰਚਾ ਵਿੱਚ ਜ਼ਿਆਦਾ ਕਰਕੇ ਲਤੀਨੀ ਭਾਸ਼ਾ ਦੀ ਬਾਈਬਲ ਹੀ ਵਰਤੀ ਜਾਂਦੀ ਸੀ। ਇਸ ਲਈ ਮਸੀਹੀ ਥਿਆਲੋਜੀਕਾਰ ਲਈ ਇਹ ਜ਼ਰੂਰੀ ਬਣ ਜਾਂਦਾ ਹੈ

ਕਿ ਉਸ ਨੇ ਹੀਥਰ, ਯੂਨਾਨੀ ਅਤੇ ਲਤੀਨੀ ਭਾਸ਼ਾਵਾਂ ਦਾ ਸਾਰਥਿਕ ਗਿਆਨ ਹੋਵੇ। ਇਨ੍ਹਾਂ ਭਾਸ਼ਾਵਾਂ ਦੀ ਜਾਣਕਾਰੀ ਮਸੀਹੀਅਤ ਦੀਆਂ ਸ਼ੁਰੂਆਤੀ ਸਦੀਆਂ ਦੌਰਾਨ ਹੋਏ ਵਿਆਖਿਆਵਾਂ ਦੇ ਵਿਸ਼ਾਲ ਭੰਡਾਰ ਦੀ ਸਮਝ ਪ੍ਰਦਾਨ ਕਰਦੀ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਥਿਆਲੋਜੀਕਾਰ ਲਈ ਹੋਰ ਯੋਗਤਾਵਾਂ ਦੇ ਨਾਲ ਨਾਲ ਸਬੰਧਤ ਵਿਸ਼ਵਾਸ ਦੇ ਧਰਮ ਗ੍ਰੰਥ ਦੀ ਭਾਸ਼ਾ/ਭਾਸ਼ਾਵਾਂ ਦੀ ਮੁਹਾਰਤ ਬਹੁਤ ਜ਼ਰੂਰੀ ਹੈ। ਇਹ ਮੁਹਾਰਤ ਜਿੱਥੇ ਉਸ ਨੂੰ ਧਰਮ ਗ੍ਰੰਥ ਅਤੇ ਪਰੰਪਰਾ ਦੇ ਗੁੱਝੇ ਅਰਥਾਂ ਅਤੇ ਭੇਦਾਂ ਨੂੰ ਸਮਝਣ ਲਈ ਲਾਜ਼ਮੀ ਹੁੰਦੀ ਹੈ, ਉੱਥੇ ਇਸ ਪ੍ਰਾਪਤ ਸਮਝ ਨੂੰ ਅੱਗੇ ਸਮਾਜ ਤੱਕ ਪਹੁੰਚਾਉਣ ਵਿੱਚ ਵੀ ਉਨੀ ਹੀ ਅਹਿਮ ਹੁੰਦੀ ਹੈ।

**ਥਿਆਲੋਜੀ ਦੀ ਵਰਗ ਵੰਡ**

ਥਿਆਲੋਜੀ ਨੂੰ ਮੁੱਖ ਤੌਰ 'ਤੇ ਚਾਰ ਵਰਗਾਂ ਵਿੱਚ ਵੰਡਿਆ ਹੋਇਆ ਹੈ। ਇਹ ਹਨ,

1. ਅਪੋਲੋਜੈਂਟਿਕ (Apologetic) ਆਪਣਾ ਪੱਖ ਰੱਖਣ (ਪ੍ਰਤੀਓਤਰ) ਨੂੰ ਅਪੋਲੇਜੈਟਿਕ ਕਿਹਾ ਜਾਂਦਾ ਹੈ। ਇਸ ਵਿੱਚ ਉਠਾਏ ਗਏ ਸਵਾਲਾਂ ਜਾਂ ਦੂਸ਼ਣਾਂ ਦੇ ਜਵਾਬ (ਖੰਡਨ-ਮੰਡਨ) ਦਿੱਤੇ ਗਏ ਹੁੰਦੇ ਹਨ।

2. ਨੈਚੂਰਲ ਅਤੇ ਫਲਸਫਈ, ਭਾਵ 'ਪ੍ਰਕਿਰਤਕ' ਅਤੇ 'ਦਾਰਸ਼ਨਿਕ,

ੳ. ਪ੍ਰਕਿਰਤਕ ਥਿਆਲੋਜੀ ਵਿੱਚ 'ਤਰਕ ਅਤੇ 'ਅਨੁਭਵ' ਨੂੰ ਸ਼ਾਮਲ ਕੀਤਾ ਗਿਆ ਹੁੰਦਾ ਹੈ।

ਅ. ਦਾਰਸ਼ਨਿਕ ਥਿਆਲੋਜੀ ਵਿੱਚ ਦਰਸ਼ਨ ਦੇ ਮੂਲ ਸੰਕਲਪਾਂ ਜਿਵੇਂ ਰੱਬ, ਅਮਰਤਾ, ਮੌਤ ਅਤੇ ਅਤੇ ਪਰਾ-ਸੰਸਾਰ ਆਦਿ ਨੂੰ ਲਿਆ ਜਾਂਦਾ ਹੈ। ਇਹ ਪ੍ਰਮਾਤਮਾ, ਪਾਪ, ਇਲਹਾਮ ਅਤੇ ਵਿਸ਼ਵਾਸ ਆਦਿ ਨੂੰ ਅਰਥ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਦਾ ਹੈ।

3. ਬਿਬਲੀਕਲ ਅਤੇ ਸਿਸਟੋਮੈਟਿਕ

ੳ. ਬਿਬਲੀਕਲ ਥਿਆਲੋਜੀ ਵਿੱਚ ਬਾਈਬਲ ਦੀ ਪਾਠ-ਸਮੱਗਰੀ ਦਾ ਬਿਨਾ ਤਾਰਕਿਕ ਪੜਚੋਲ ਕੀਤੇ ਤੁਲਨਾਤਮਕ ਅਧਿਐਨ ਅਤੇ ਪੁਨਰ ਕਪਨ ਕੀਤਾ ਜਾਂਦਾ ਹੈ।

ਅ. ਸਟੇਮੈਟਿਕ ਥਿਆਲੋਜੀ ਦਾ ਲਾਜ਼ਮੀ ਅੰਗ ਤਾਰਕਿਕ ਅਧਿਐਨ ਅਤੇ ਪਾਠਾਂ ਵਿਚਾਲੇ ਆਪਸੀ ਸਹਿ-ਸਬੰਧ ਦਾ ਵਿਸ਼ਲੇਸ਼ਣ ਕਰਨਾ ਹੁੰਦਾ ਹੈ।

(ਚਲਦਾ)

# ਡਿਪਰੈੱਸ਼ਨ

ਮਨਜੀਤ ਕੌਰ ਚੱਠਾ

ਅੱਜ-ਕੱਲ੍ਹ ਲੋਕ ਸਭ ਤੋਂ ਵੱਧ ਜਿਹੜੀ ਬਿਮਾਰੀ ਦਾ ਸ਼ਿਕਾਰ ਹੋ ਰਹੇ ਹਨ, ਉਹ ਹੈ ਡਿਪਰੈੱਸ਼ਨ। ਚੰਗਾ ਭਲਾ ਹੱਸਦਾ ਖੇਡਦਾ ਬੰਦਾ ਇਸ ਬਿਮਾਰੀ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਬਿਮਾਰੀ ਦੇ ਮੁੱਖ ਕਾਰਨ ਹਨ, ਵੱਧ ਰਹੀਆਂ ਖ਼ਾਹਿਸ਼ਾਂ, ਮੋਬਾਈਲ, ਰਿਸ਼ਤਿਆਂ ਦੀ ਅਹਿਮੀਅਤ ਨੂੰ ਨਾ ਸਮਝਣਾ ਆਦਿ। ਪਰ ਮੈਂ ਇਸ ਦਾ ਮੁੱਖ ਕਾਰਨ ਪਰਿਵਾਰ ਦੀ ਅਹਿਮੀਅਤ ਨਾ ਸਮਝਣਾ ਮੰਨਦੀ ਹਾਂ।

ਅੱਜ ਕੱਲ੍ਹ ਲੋਕ ਇਕੱਲੇ ਰਹਿਣਾ ਪਸੰਦ ਕਰਦੇ ਹਨ। ਹਰ ਬੰਦਾ ਅਲੱਗ ਅਲੱਗ ਕਮਰੇ ਦੇ ਵਿੱਚ ਮੋਬਾਈਲ ਦੇ ਨਾਲ ਸਮਾਂ ਬਿਤਾਉਣਾ ਪਸੰਦ ਕਰਦਾ ਹੈ। ਮੋਬਾਇਲ ਤੇ ਉਹ ਆਪਣਾ ਮਨਮਰਜੀ ਦਾ ਕੰਮ ਕਰਦਾ ਹੈ। ਕਿੰਨੀ ਦੇਰ ਤੱਕ ਉਹ ਬੇਜਾਨ ਮੋਬਾਈਲ ਤੇ ਸਮਾਂ ਬਿਤਾ ਸਕਦਾ ਹੈ। ਇੱਕ ਨਾ ਇੱਕ ਦਿਨ ਇਸ ਤੋਂ ਜੀਅ ਭਰ ਹੀ ਜਾਂਦਾ ਹੈ ਤੇ ਉਸਨੂੰ ਪਰਿਵਾਰ ਦੀ ਕਮੀਂ ਮਹਿਸੂਸ ਹੋਣ ਲੱਗ ਜਾਂਦੀ ਹੈ। ਪਰ ਜਿਸ ਦਿਨ ਸਮਝ ਆਉਂਦੀ ਹੈ ਉਸ ਲਈ ਸਾਰੇ ਦਰਵਾਜ਼ੇ ਇਸ ਤਰ੍ਹਾਂ ਬੰਦ ਹੋ ਚੁੱਕੇ ਹੁੰਦੇ ਹਨ ਕਿ ਉਹ ਚਾਹ ਕੇ ਵੀ ਖੋਲ੍ਹ ਨਹੀਂ ਸਕਦਾ।

ਪਹਿਲੇ ਸਮਿਆਂ ਦੇ ਵਿੱਚ ਲੋਕ ਵੱਡਿਆਂ ਦੀ ਕਦਰ ਕਰਦੇ ਸਨ ਤੇ ਉਨ੍ਹਾਂ ਤੋਂ ਹਮੇਸ਼ਾ ਡਰ ਕੇ ਰਹਿੰਦੇ ਸਨ। ਉਨ੍ਹਾਂ ਦੀ ਟੋਕਾ-ਟਾਕੀ ਸਾਡੀ ਜ਼ਿੰਦਗੀ ਵਿੱਚ ਕਈ ਰੰਗ ਭਰਦੀ ਰਹਿੰਦੀ ਸੀ। ਪਰ ਅੱਜ ਕੱਲ੍ਹ ਮਰਜੀ ਦੇ ਮਾਲਕ ਹੋਣ ਕਰਕੇ ਉਨ੍ਹਾਂ ਦੀ ਜਿੰਦਗੀ ਵਿੱਚ ਕੁਝ ਅਲੱਗ ਕਰਨ ਲਈ ਨਹੀਂ ਹੁੰਦਾ। ਜਿਸ ਕਰਕੇ ਉਹ ਹੋਲੀ-ਹੋਲੀ ਆਪਣੀ ਜਿੰਦਗੀ ਵਿੱਚ ਬੋਰੀਅਤ ਮਹਿਸੂਸ ਕਰਨ ਜਾਂਦੇ ਹਨ। ਬੰਦਾ ਕਿੰਨੀ ਦੇਰ ਆਪਣੀ ਮਰਜ਼ੀ ਨਾਲ ਕੰਮ ਕਰ ਸਕਦਾ ਹੈ। ਇਸ ਕਰਕੇ ਇਸ ਬਿਮਾਰੀ ਨੇ ਹਰ ਘਰ ਵਿੱਚ ਦਸਤਕ ਦੇਣੀ ਸ਼ੁਰੂ ਕਰ ਦਿੱਤੀ ਹੈ। ਸਮਾਂ ਰਹਿੰਦਿਆਂ ਹੀ ਸਾਨੂੰ ਪਰਿਵਾਰ ਦੀ ਅਹਿਮੀਅਤ ਨੂੰ ਸਮਝਣਾ ਪਵੇਗਾ, ਨਹੀਂ ਤਾਂ ਇਹ ਬਿਮਾਰੀ ਹੋਲੀ-ਹੋਲੀ ਇੱਕ ਦਿਨ ਇੰਨਾ ਭਿਆਨਕ ਰੂਪ ਧਾਰਨ ਕਰ ਲਏਗੀ ਕਿ ਚੰਗਾ ਭਲਾ ਚਲਦਾ ਫਿਰਦਾ ਬੰਦਾ, ਚੱਲਦੀ ਫਿਰਦੀ ਲਾਸ਼ ਬਣ ਕੇ ਰਹਿ ਜਾਵੇਗਾ। ਸੋ ਸਮਾਂ ਰਹਿੰਦਿਆਂ ਪਰਿਵਾਰ ਦੀ ਅਹਿਮੀਅਤ ਨੂੰ ਸਮਝ ਜਾਈਏ ਤਾਂ ਜੋ ਅਸੀਂ ਆਪਣੀ ਆਉਣ ਵਾਲੀ ਪੀੜ੍ਹੀ ਲਈ ਇੱਕ ਵਧੀਆ ਉਦਾਹਰਣ ਬਣ ਸਕੀਏ। ਸ਼ਾਇਦ ਤੁਹਾਡੇ ਵਿਚਾਰ ਸੁਣ ਕੇ ਕਿਸੇ ਭਟਕੇ ਨੂੰ ਰਸਤਾ ਮਿਲ ਜਾਏ।

ਕਲਮਾਂ ਦੇ ਜਜ਼ਬਾਤ

# ਜਦੋਂ ਤੁਸੀਂ ਇਕੱਲੇ ਮਹਿਸੂਸ ਕਰਦੇ ਹੋ ...

ਪਰਵੀਨ ਕੌਰ ਸਿੱਧੂ
ਮੋ. 8146536200

ਜ਼ਿੰਦਗੀ ਵਿੱਚ ਕਦੀ ਨਾ ਕਦੀ ਅਜਿਹਾ ਮੌੜ ਆ ਹੀ ਜਾਂਦਾ ਹੈ ਕਿ ਤੁਹਾਨੂੰ ਆਪਣੀ ਹੀ ਆਪਣੇ ਲਈ ਬਹੁਤ ਜ਼ਿਆਦਾ ਜ਼ਰੂਰਤ ਮਹਿਸੂਸ ਹੁੰਦੀ ਹੈ। ਤੁਸੀਂ ਉਸ ਵਕਤ ਕੀ ਕਰ ਸਕਦੇ ਹੋ? ਆਉ, ਅੱਜ ਇਸ ਬਾਰੇ ਗੱਲ ਕਰ ਲਈਏ।

ਸਭ ਤੋਂ ਪਹਿਲਾਂ ਤੁਸੀਂ ਜਿੱਥੇ ਵੀ ਹੋ, ਜਿਸ ਹਾਲ ਵਿੱਚ ਹੀ ਹੋ, ਜਿਵੇਂ ਦੇ ਵੀ ਹੋ, ਜਿਹੋ ਜਿਹਾ ਵੀ ਸ਼ੀਸ਼ਾ ਸਾਹਮਣੇ ਆਉਂਦਾ ਹੈ, ਉਸ ਵਿੱਚ ਆਪਣੇ ਆਪ ਨੂੰ ਦੇਖੋ, ਗਹੁ ਨਾਲ ਦੇਖੋ, ਤੁਹਾਨੂੰ ਤੁਹਾਡੀ ਬਾਹਰੀ ਸੁੰਦਰਤਾ ਦਾ ਅਹਿਸਾਸ ਹੋਵੇਗਾ। ਤੁਹਾਡਾ ਰੰਗ-ਢੰਗ, ਜਿਵੇਂ ਦਾ ਵੀ ਹੈ ਉਸ ਨੂੰ ਪ੍ਰਵਾਨ ਕਰੋ। ਰੱਬ ਨੂੰ ਸੱਚੇ ਮਨੋ ਯਾਦ ਕਰੋ। ਉਸ ਪਰਵਰਦਗਾਰ ਦਾ ਸ਼ੁਕਰਾਨਾ ਕਰੋ।

ਤੁਸੀਂ ਆਪਣੇ ਆਪ ਨੂੰ ਦੇਖੋ ਅਤੇ ਰੱਬ ਦਾ ਸ਼ੁਕਰ ਕਰੋ ਕਿ ਤੁਹਾਡਾ ਸਰੀਰ ਪੂਰਾ ਅਤੇ ਤੰਦਰੁਸਤ ਹੈ। ਤੁਹਾਡੇ ਅੰਦਰ ਉਸ ਰੱਬ ਨਾਲ ਪਿਆਰ ਦੀ ਕਿਰਨ ਜਾਗੇਗੀ। ਤੁਸੀਂ ਉਸ ਸੱਚੇ ਦਾ ਸ਼ੁਕਰ ਕਰੋਗੇ ਕਿ ਤੁਹਾਨੂੰ ਉਸ ਨੇ ਕਿੰਨਾ ਖ਼ੂਬਸੂਰਤ ਬਣਾਇਆ ਹੈ। ਜਦੋਂ ਤੁਸੀਂ ਇਸ ਅਹਿਸਾਸ ਨੂੰ ਮਹਿਸੂਸ ਕਰ ਲਵੋਗੇ ਤਾਂ ਤੁਸੀਂ ਸੱਚਮੁੱਚ ਆਪਣੇ ਆਪ ਨੂੰ ਸੋਹਣੇ ਲੱਗੋਗੇ ਅਤੇ ਸੋਚ ਸਕਾਰਾਤਮਕ ਹੋ ਜਾਵੇਗੀ। ਤੁਸੀਂ ਆਪਣੀ ਤਾਰੀਫ਼ ਆਪ ਕਰੋਗੇ। ਤੁਸੀਂ ਸੋਹਣੇ ਹੋ... ਸੱਚਮੁੱਚ ਸੋਹਣੇ ਹੋ... ਬਹੁਤ ਸੋਹਣੇ ਅਤੇ ਪਿਆਰੇ ਹੋ। ਤੁਸੀਂ ਉਸ ਕੁਦਰਤ ਦੇ ਕਾਇਲ ਹੋ ਜਾਓਗੇ।

ਉਸ ਕੁਦਰਤ ਦੀ ਸੁੰਦਰਤਾ ਨੂੰ ਮਾਨਣਾ ਸਿੱਖੋ ਲਵਾਗੇ ਤਾਂ ਸਾਰਾ ਜਹਾਨ



ਆਪਣਾ ਜਿਹਾ ਲੱਗੇਗਾ। ਨੁਕਸ ਭਾਲਣ ਦੀ ਥਾਂ 'ਤੇ ਦੂਸਰਿਆਂ ਦੇ ਗੁਣਾਂ ਵੱਲ ਝਾਤੀ ਮਾਰਨੀ ਚਾਹੀਦੀ ਹੈ। ਚੰਗਾ ਅਤੇ ਵਧੀਆ ਲੱਭਣ ਦੀ ਕੋਸ਼ਿਸ਼ ਕਰੋਗੇ ਤਾਂ ਜ਼ਰੂਰ ਕਾਮਯਾਬ ਹੋਵੋਗੇ। ਉਂਝ ਮਾੜੇ ਦਾ ਕੀ ਹੈ? ਜਿਸ ਨੂੰ ਮਰਜ਼ੀ ਮਾੜਾ ਬਣਾ ਲਵੋ। ਇਹ ਦੋ ਚਾਰ ਲਫਜ਼ ਹੀ ਤਾਂ ਹਨ ਜੋ ਚੰਗਾ-ਮਾੜਾ ਝੱਟ ਤਹਿ ਕਰ ਦਿੰਦੇ ਹਨ।

ਕਈ ਗੱਲਾਂ ਅਜਿਹੀਆਂ ਹੁੰਦੀਆਂ ਹਨ ਜੋ ਤੁਸੀਂ ਕਿਸੇ ਨਾਲ ਵੀ ਨਹੀਂ ਕਰ ਸਕਦੇ, ਤੁਹਾਡੇ ਅੰਦਰ ਉਸ ਵਕਤ ਉਦਾਸੀਨਤਾ ਪੈਂਦਾ ਹੁੰਦੀ ਹੈ। ਇਸ ਕਰਕੇ ਆਪਣੇ ਹੱਥੀਂ ਘੱਟੋ- ਘੱਟ ਇੱਕ ਰੁੱਖ ਜ਼ਰੂਰ ਲਗਾਈਏ। ਉਸਦੀ ਦੇਖ ਰੇਖ ਕਰੀਏ। ਉਸ ਨੂੰ ਰੀਝ ਨਾਲ ਪਾਲੀਏ। ਉਸ ਦੀਆਂ ਫੁੱਟਦੀਆਂ ਕਰੂੰਬਲਾਂ ਨੂੰ ਨਿਹਾਰੀਏ। ਉਸ ਨੂੰ ਆਪਣੇ ਹੱਥਾਂ ਦੀ ਪਿਆਰ ਭਰੀ ਛੋਹ ਦਈਏ। ਉਹ ਵੀ ਤੁਹਾਨੂੰ ਪਿਆਰ ਕਰਨ ਲੱਗ ਜਾਵੇਗਾ, ਤੁਹਾਡੀ ਉਡੀਕ ਕਰੇਗਾ, ਤੁਹਾਨੂੰ ਮਹਿਸੂਸ ਕਰਨ ਲੱਗੇਗਾ। ਤੁਸੀਂ ਮਹਿਸੂਸ ਕਰੋਗੇ ਕਿ ਤੁਹਾਨੂੰ ਦੇਖ ਕੇ ਉਸ ਦੀਆਂ ਪੱਤੀਆਂ, ਫੁੱਲਾਂ ਅਤੇ ਫ਼ਲਾਂ ਵਿੱਚ ਰਵਾਨਗੀ ਆ ਜਾਵੇਗੀ।

ਜਿਵੇਂ-ਜਿਵੇਂ ਉਹ ਪੌਦਾ ਵੱਡਾ ਹੋਵੇਗਾ ਤਾਂ ਤੁਸੀਂ ਵੀ ਵੱਡੇ ਹੋਵੋਗੇ। ਤੁਹਾਨੂੰ ਉਸ ਪੌਦੇ ਨਾਲ ਸੱਚਾ ਇਸ਼ਕ ਹੋ ਜਾਵੇਗਾ। ਤੁਹਾਨੂੰ ਸਾਰੀ ਪ੍ਰਕਿਰਤੀ ਆਪਣੀ ਮਹਿਸੂਸ ਹੋਵੇਗੀ। ਤੁਸੀਂ ਜ਼ਿੰਦਗੀ ਨੂੰ ਪਿਆਰ ਕਰਨ ਲੱਗ ਪਵੋਗੇ। ਤੁਹਾਨੂੰ ਉਸ ਨੂੰ ਗਲਵਕੜੀ ਪਾਉਣ ਨੂੰ ਦਿਲ ਕਰੇਗਾ ਤਾਂ ਤੁਸੀਂ ਬੇਝਿਜਕ ਹੋ ਕੇ ਲੋਕਾਂ ਦੀ ਪ੍ਰਵਾਹ ਕੀਤੇ ਬਿਨਾਂ ਆਪਣੇ ਲਾਏ ਬੂਟੇ ਨੂੰ ਪਿਆਰ ਨਾਲ ਗੱਲਵਕੜੀ ਵਿਚ ਭਰ ਸਕਦੇ ਹੋ। ਬੇਝਿਜਕ ਪਿਆਰ ਕਰ ਸਕਦੇ ਹੋ। ਕੁਦਰਤ ਦੀ ਸੋਹਣੀ ਸੁੰਦਰਤਾ ਨੂੰ ਮਾਣਦੇ ਹੋਏ ਕੋਈ ਵੀ ਕੰਮ ਕਰਨ ਤੋਂ ਪਹਿਲਾਂ ਉਸ ਸੱਚੇ ਰੱਬ ਨੂੰ ਯਾਦ ਜ਼ਰੂਰ ਕਰੋ।

ਤੁਸੀਂ ਦਿਲ ਦੀ ਹਰ ਗੱਲ ਉਸ ਪੌਦੇ ਨਾਲ ਕਰ ਸਕਦੇ ਹੋ। ਉਹ ਤੁਹਾਡੀ ਚੁਗ਼ਲੀ ਅੱਗੇ ਨਹੀਂ ਕਰੇਗਾ। ਤੁਹਾਡਾ ਰਾਜ਼ਦਾਰ ਬਣ ਕੇ ਰਹੇਗਾ। ਤੁਹਾਡਾ ਮਨ ਵੀ ਹੌਲਾ ਫੁੱਲ ਹੋ ਜਾਵੇਗਾ। ਤੁਹਾਨੂੰ ਹਰ ਰੁੱਖ ਬੂਟਾ ਪੌਦਾ ਚੰਗਾ ਅਤੇ ਆਪਣਾ ਸਾਥੀ ਲੱਗੇਗਾ। ਤੁਹਾਨੂੰ ਉਹ ਆਪਣੇ ਸੱਚੇ-ਸੁੱਚੇ ਯਾਰ ਵਰਗਾ ਪ੍ਰਤੀਤ ਹੋਵੇਗਾ। ਤੁਹਾਡੇ ਅੰਦਰ ਖ਼ੁਸ਼ੀ ਭਰ ਜਾਵੇਗੀ ਅਤੇ ਜ਼ਿੰਦਗੀ ਸੋਹਣੀ ਬਣ ਜਾਵੇਗੀ। ਆਪਣੇ ਹੱਥੀਂ ਲਾਏ ਪੌਦੇ ਨੂੰ ਦੇਖ ਕੇ ਖ਼ੁਸ਼ੀ ਮਹਿਸੂਸ ਹੁੰਦੀ ਹੈ। ਜੇਕਰ ਤੁਹਾਡੀਆਂ ਕੁਝ ਇੱਕ ਭੈੜੀਆਂ ਆਦਤਾਂ ਹੋਣ, ਤੁਸੀਂ ਉਨ੍ਹਾਂ ਆਦਤਾਂ ਤੋਂ ਪ੍ਰੇਸ਼ਾਨ ਹੋ। ਤੁਹਾਨੂੰ ਲੱਗਦਾ ਹੈ ਕਿ ਤੁਸੀਂ ਉਹਨਾਂ ਆਦਤਾਂ ਨੂੰ ਛੱਡਣਾ ਚਾਹੁੰਦੇ ਹੋ, ਪਰ ਛੱਡ ਨਹੀਂ ਪਾ ਰਹੇ ਹੋ ਤਾਂ ਫਿਰ ਚੰਗੀਆਂ ਕਿਤਾਬਾਂ ਨਾਲ, ਪੈੱਨ ਨਾਲ਼, ਕਾਗ਼ਜ਼ਾਂ ਨਾਲ ਦੋਸਤੀ ਪਾ ਸਕਦੇ ਹੋ। ਆਪਣੀ ਭੈੜੀਆਂ ਅਤੇ ਮਾੜੀਆਂ ਆਦਤਾਂ ਨੂੰ ਇੱਕ ਸਫ਼ੇ 'ਤੇ ਲਿਖ ਲਵੋ। ਫਿਰ ਇੱਕ-ਇੱਕ ਕਰਕੇ ਆਪਣੀਆਂ ਭੈੜੀਆਂ ਆਦਤਾਂ ਨੂੰ ਛੱਡਣ ਦੀ ਲਗਾਤਾਰ ਕੋਸ਼ਿਸ਼ ਕਰੋ। ਇਵੇਂ ਉਦੋਂ ਤੱਕ ਕਰੋ ਜਦੋਂ ਮਾੜੀਆਂ ਆਦਤਾਂ ਛੱਡੀਆਂ ਨਾ ਜਾ ਸਕਣ।ਦੂਸਰਾ ਕੰਮ ਅਸੀਂ ਆਪਣੀ ਮਾੜੀ ਆਦਤ ਇੱਕ ਪੇਜ ਉੱਪਰ ਲਿਖ ਕੇ ਸਾੜ ਸਕਦੇ ਹਾਂ। ਇਵੇਂ ਰੋਜ਼-ਰੋਜ਼ ਕਰੋ। ਉਦੋਂ ਤੱਕ ਕਰੋ ਜਦੋਂ ਤੱਕ ਆਦਤ ਤੋਂ ਛੁੱਟਕਾਰਾ ਨਾ ਪਾਇਆ ਜਾ ਸਕੇ। ਆਪਣੇ ਆਪ ਦੇ ਸੱਚੇ ਦੋਸਤ ਬਣ ਜਾਉ। ਮਿਹਨਤੀ ਅਤੇ ਹਿੰਮਤੀ ਬਣੋ। ਤੁਸੀਂ ਇਕੱਲੇ ਨਹੀਂ ਹੋ। ਪੂਰੀ ਕਾਇਨਾਤ ਤੁਹਾਡੇ ਨਾਲ ਹੈ। ਚੰਗੇ ਕਰਮਾਂ ਦੀ (ਬਾਕੀ ਸਫ਼ਾ 31 'ਤੇ)



TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE
QUIKQ wex




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE
ROAD SQUAD

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035




# ‘ਨਸ਼ਿਆਂ ਤੋਂ ਬਚਾਅ ਸਬੰਧੀ ਉਪਾਅ ਤੇ ਰੋਕਥਾਮ’



ਜਗਮੀਤ ਸਿੰਘ ਚੁੰਬਰ
96536-39891



ਅੱਜ ਦੇ ਇਸ ਤੇਜ਼ ਰਫ਼ਤਾਰ ਸਮੇਂ ਦੌਰਾਨ ਮਨੁੱਖ ਦੀ ਤੇਜ਼ੀ ਨਾਲ ਤਰੱਕੀ ਕਰਨ ਦੀ ਲਾਲਸਾ ਤੇ ਸਮੇਂ ਤੋਂ ਪਹਿਲਾਂ ਅਮੀਰ ਬਣਨ ਅਤੇ ਆਪਣੇ ਜ਼ਿੰਦਗੀ ਦੇ ਅਸਲ ਮੁਕਾਮ ਤੱਕ ਪਹੁੰਚਣ ਦੀ ਦੌੜ ਨੇ ਵਿਅਕਤੀ ਨੂੰ ਅੰਨ੍ਹਾ ਕਰ ਦਿੱਤਾ ਹੈ ਕਿ ਉਹ ਸਭ ਕੁੱਝ ਭੁਲ-ਭੁਲਾ ਕੇ ਦਿਨ-ਰਾਤ ਮਿਹਨਤ ਮੁਸ਼ੱਕਤ ਕਰਨ ਵਿੱਚ ਲੱਗਿਆ ਰਹਿੰਦਾ ਹੈ ਜਿਸ ਦੌਰਾਨ ਉਸਨੂੰ ਆਪਣੇ ਸਰੀਰ ਦੀ ਸਾਂਭ-ਸੰਭਾਲ ਰੱਖਣਾ ਤਾਂ ਦੂਰ ਦੀ ਗੱਲ ਉਹ ਸ਼ਿਫਟਾਂ ਲਾ ਕੇ ਘੰਟਿਆਬੱਧੀ ਕੰਮ ਵਿੱਚ ਜੁੱਟਿਆ ਹੋਇਆ ਆਪਣੇ ਸਰੀਰ ਨੂੰ ਵੱਖ-ਵੱਖ ਕਿਸਮ ਦੇ ਨਸ਼ਿਆਂ ਵਿੱਚ ਧੱਕ ਦਿੰਦਾ ਹੈ।ਆਪਣੇ ਸਰੀਰ ਤੋਂ ਲੋੜ ਤੋਂ ਵੱਧ ਜ਼ੋਰ ਲਾਉਣ ਅਤੇ ਸਮੇਂ ਤੋਂ ਵਧ ਕੇ ਕੰਮ ਕਰਨ ਦੀ ਲਾਲਸਾ ਉਸ ਨੂੰ ਕਈ ਖਤਰਨਾਕ ਨਸ਼ਿਆਂ ਦਾ ਆਦੀ ਬਣਾ ਛੱਡਦੀ ਹੈ ਜੋ ਕਿ ਹੌਲੀ-ਹੌਲੀ ਉਹ ਇਨ੍ਹਾਂ ਵਿੱਚ ਡੁੱਬਦਾ ਜਾਂਦਾ ਹੈ ਅਤੇ ਉਸ ਨੂੰ ਇਹ ਤੱਕ ਯਾਦ ਨਹੀਂ ਰਹਿੰਦਾ ਕਿ ਉਹ ਕਿਸੇ ਨਸ਼ੇ ਦਾ ਗੁਲਾਮ ਹੋ ਗਿਆ ਹੈ। ਕਈ ਵਾਰ ਵਿਅਕਤੀ ਇਹ ਸਮਝ ਹੀ ਨਹੀ ਸਕਦਾ ਕਿ ਅਸਲ ਵਿੱਚ ਉਹ ਕਿਵੇਂ ਅਤੇ ਕਿਸ ਤਰ੍ਹਾਂ ਨਸ਼ੇ ਦਾ ਗੁਲਾਮ ਬਣਿਆ। ਸਭ ਤੋਂ ਅਹਿਮ ਅਤੇ ਵਿਸ਼ੇਸ ਗੱਲ ਸਮਝਣ ਦੀ ਲੋੜ ਹੋ ਕਿ ਅਸਲ ਵਿੱਚ ਨਸ਼ਾ ਹੈ ਕੀ ?

**ਨਸ਼ਾ ਕੀ ਹੈ ?**

ਨਸ਼ਾ ਜੋ ਕਿ ਇੱਕ ਮਿੱਠਾ ਜ਼ਹਿਰ ਹੈ ਕੋਈ ਵੀ ਵਸਤੂ ਜਿਸਦੀ ਲੋੜ ਅਤੇ ਮਾਤਰਾ ਤੋਂ ਜਿਆਦਾ ਸੇਵਨ ਕਰਨਾ ਜਾਂ ਫਿਰ ਇੱਕ ਗੋਲੀ ਜਾਂ ਦਵਾਈ ਦੇ ਤੌਰ ਤੇ ਲੰਬੇ ਸਮੇਂ ਤੋਂ ਲੈਣਾ ਅਤੇ ਉਸਦੀ ਆਦਤ ਪੈ ਜਾਣਾ ਇਸ ਤਰ੍ਹਾ ਰੋਜ਼ਾਨਾ ਦੀ ਆਦਤ ਅਤੇ ਉਸਦਾ ਸੇਵਨ ਜੋ ਕਿ ਪਹਿਲਾਂ-ਪਹਿਲ ਸਾਨੂੰ ਅਰਾਮ ਅਤੇ ਖੁਸ਼ੀ ਦਿੰਦਾ ਹੈ। ਪ੍ਰੰਤੂ ਅੰਤ ਵਿੱਚ ਇਹ ਸਾਡੀ ਅੰਦਰੂਨੀ ਕਮਜੋਰੀ ਵਜੋਂ ਉੱਭਰਕੇ ਸਾਹਮਣੇ ਆਉਂਦਾ ਹੈ। ਜਿਸ ਕਾਰਨ ਵਿਅਕਤੀ ਆਪਣੇ ਆਪ ਤੋਂ ਬੇਖਬਰ ਹੋ ਜਾਂਦਾ ਹੈ ਅਤੇ ਉਸ ਨਸ਼ੇ ਅਤੇ ਦਵਾਈ ਦਾ ਆਦੀ ਹੋ ਜਾਂਦਾ ਹੈ, ਜਿਸ ਤੋਂ ਬਿਨ੍ਹਾਂ ਉਸਦਾ ਗੁਜਾਰਾ ਅਸੰਭਵ ਹੋ ਜਾਂਦਾ ਹੈ ਅਤੇ ਹੌਲੀ-ਹੌਲੀ ਉਹ ਵਿਅਕਤੀ ਉਸ ਨਸ਼ੇ ਦੇ ਅੰਦਰ ਧਸਦਾ ਚਲਾ ਜਾਂਦਾ ਹੈ।

ਇਸ ਤਰ੍ਹਾਂ ਇਹ ਨਸ਼ਾ ਜੋ ਕਿ ਅੱਗੇ ਚਲਕੇ ਬਹੁਤ ਹੀ ਭਿਆਨਕ ਰੂਪ ਅਖਤਿਆਰ ਕਰ ਲੈਂਦਾ ਹੈ ਜਿਸ ਵਿੱਚ ਘਰਾਂ ਦੇ ਇਕਲੌਤੇ ਦੀਵੇ ਤੱਕ ਬੁੱਝ ਜਾਂਦੇ ਹਨ ਇਨ੍ਹਾਂ ਨਸ਼ਿਆਂ ਬਾਰੇ ਇਕ ਵਿਦਵਾਨ ਨੇ ਬੜਾ ਸੋਹਣਾ ਲਿਖਿਆ ਹੈ :-

ਬੰਦ ਬੋਤਲ ਨੂੰ ਬੰਦਿਆ ਖੋਲ੍ਹ ਨਾ ਤੂੰ,
ਇਸ ਬੋਤਲ ਦੇ ਵਿੱਚ ਕੰਗਾਲੀਆਂ ਨੇ,
ਇਹਨੇ ਰਚਕੇ ਕਈਆਂ ਦੇ ਦਿਲਾਂ ਅੰਦਰ,
ਕਾਂਗੜਾ ਵਾਂਗਰਾਂ ਹੱਡੀਆਂ ਗਾਲ਼ੀਆਂ ਨੇ,
ਯਾਰੋ ਸੁੱਕ ਸਰੀਰ ’ਚ ਖ਼ੂਨ ਜਾਂਦਾ,
ਉੱਡ ਚਿਹਰੇ ਤੋਂ ਜਾਂਦੀਆਂ ਲਾਲੀਆਂ ਨੇ।

ਇਸ ਤਰ੍ਹਾਂ ਨਸ਼ਾਖੋਰੀ ਇੱਕ ਸਮਾਜਿਕ ਸਮੱਸਿਆ ਬਣਕੇ ਸਾਹਮਣੇ ਆ ਰਹੀ ਹੈ ਜੋ ਕਿ ਇਹ ਸਮੱਸਿਆ ਬਹੁਤ ਤੇਜ਼ੀ ਨਾਲ ਸਾਡੇ ਸਮਾਜ ਵਿੱਚ ਆਪਣੀਆਂ ਜੜ੍ਹਾਂ ਜਮਾ ਚੁੱਕੀ ਹੈ। ਅੱਜ ਦੇ ਇਸ ਤੇਜ਼ ਰਫ਼ਤਾਰ ਯੁੱਗ ਵਿੱਚ ਹਰ ਇੱਕ ਵਿਅਕਤੀ ਬੱਚੇ ਤੋਂ ਲੈ ਕੇ ਬਜੁਰਗਾਂ ਤੱਕ ਹਰ ਕੋਈ ਇਸ ਨਸ਼ਾਖੋਰੀ ਦਾ ਆਦੀ ਹੋ ਰਿਹਾ ਹੈ। ਇਸ ਤਰ੍ਹਾਂ ਦੇ ਸੇਵਨ ਕਰਨ ਵਾਲੇ ਵਿਅਕਤੀ ਕਹਿੰਦੇ ਹਨ ਕਿ ਅਸੀਂ ਇਸਦਾ ਸੇਵਨ ਨਸ਼ੀਲੀਆਂ ਦਵਾਈਆਂ ਜੋ ਕਿ ਸਾਡੇ ਸਰੀਰ ਨੂੰ ਅਰਾਮ ਅਤੇ ਖੁਸ਼ੀ ਦਿੰਦੀਆਂ ਹਨ ਪ੍ਰੰਤੂ ਉਨ੍ਹਾਂ ਨੂੰ ਇਹ ਪਤਾ ਹੀ ਨਹੀਂ ਚਲਦਾ ਕਿ ਇਸ ਤਰ੍ਹਾਂ ਦਾ ਅਰਾਮ ਅਤੇ ਖੁਸ਼ੀ ਉਨ੍ਹਾਂ ਦੇ ਸਰੀਰ ਦਾ ਸੰਤੁਲਨ ਵਿਗਾੜ ਕੇ ਰੱਖ ਦਿੰਦੀਆਂ ਹਨ। ਨਸ਼ੇ ਦੀ ਸਰੀਰ ਅੰਦਰ ਪਹਿਚਾਣ ਕਿਵੇਂ ਕਰੀਏ ?

ਸਾਡੇ ਸਰੀਰ ਅੰਦਰ ਬਿਮਾਰੀ ਨਾਲ ਲੜਨ ਲਈ ਅਤੇ ਸਰੀਰ ਨੂੰ ਤੰਦਰੁਸਤ ਰੱਖਣ ਲਈ ਕੁੱਝ ਜੀਵਾਣੂ ਹੁੰਦੇ ਹਨ ਪ੍ਰੰਤੂ ਨਸ਼ੀਲੀਆਂ ਦਵਾਈਆਂ ਅਤੇ ਨਸ਼ੇ ਦੀ ਲਗਾਤਾਰ ਰੋਜ਼ਾਨਾ ਵਰਤੋਂ ਉਨ੍ਹਾਂ ਨੂੰ ਅੰਦਰੋਂ-ਅੰਦਰੀ ਮਾਰ ਦਿੰਦੀਆਂ ਹਨ। ਜਿਸ ਕਾਰਨ ਸਰੀਰ ਵਿੱਚ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਜੋ ਕਿ ਬਿਲਕੁਲ ਹੀ ਖਤਮ ਹੋ ਜਾਂਦੀ ਹੈ ਜਿਸਦੀ ਵਜ੍ਹਾ ਕਾਰਨ ਪੀੜਤ ਵਿਅਕਤੀ ਜਲਦੀ ਹੀ ਬਿਮਾਰੀਆਂ ਅਤੇ ਨਸ਼ੇ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਕਾਰਨ ਉਹ ਛੋਟੀ ਤੋਂ ਛੋਟੀ ਬਿਮਾਰੀ ਦੀ ਲਪੇਟ ਵਿੱਚ ਜਲਦੀ ਆ ਜਾਂਦਾ ਹੈ ਅਤੇ ਇਹ ਬਿਮਾਰੀ ਜੋ ਕਿ ਲੰਬਾ ਸਮਾਂ ਉਸਦੇ ਸਰੀਰ ਨੂੰ ਚਿੰਬੜੀ ਰਹਿੰਦੀ ਹੈ ਅਤੇ ਨਸ਼ਾ ਕਰਨ ਵਾਲਾ ਵਿਅਕਤੀ ਹਮੇਸ਼ਾ ਕਾਹਲ ਵਿੱਚ ਰਹਿੰਦਾ ਹੈ। ਉਸਦੇ ਚਿਹਰੇ ਦਾ ਰੰਗ ਹਰ ਸਮੇਂ ਲਾਲ ਜਾਂ ਗੁਲਾਬੀ ਹੋਇਆ ਰਹਿੰਦਾ ਹੈ। ਇਸਦੇ ਨਾਲ ਹੀ ਉਸਦੀਆਂ ਅੱਖਾਂ ਅਤੇ ਉਸਦੇ ਕੰਮ ਕਰਨ ਦੇ ਢੰਗ ਜਾਂ ਬੋਲ-ਬਾਣੀ, ਤੁਰਨ-ਫਿਰਨ ਤੋਂ ਆਮ ਲੋਕ ਜਲਦੀ ਹੀ ਅੰਦਾਜ਼ਾ ਲਗਾ ਲੈਂਦੇ ਹਨ ਜੋ ਕਿ ਹਮੇਸ਼ਾ ਜਿਆਦਾਤਰ ਸਹੀ ਸਾਬਿਤ ਹੁੰਦਾ ਹੈ।

**ਨਸ਼ਾਖੋਰੀ ਦੇ ਕਾਰਨ ਕੀ ਹਨ ?**

ਨਸ਼ੇ ਕਿਹੜੇ ਹਨ ਅਤੇ ਇਨ੍ਹਾਂ ਦੇ ਕਾਰਨ ਕੀ ਹਨ ? ਜਿਸ ਵਿੱਚ ਬੀੜੀ, ਸਿਗਰਟ, ਸ਼ਰਾਬ, ਭੁੱਕੀ, ਅਫੀਮ, ਟੀਕੇ, ਕੋਕੀਨ, ਭੰਗ, ਚਰਸ, ਗਾਂਜਾ, ਚਿੱਟਾ, ਬਰਾਊਨ ਸ਼ੂਗਰ ਆਦਿ ਇਹ ਸਭ ਨਸ਼ੀਲੀਆਂ ਵਸਤੂਆਂ ਜੋ ਕਿ ਨਸ਼ੇ ਦੇ ਰੂਪ ਵਿੱਚ ਜਾਣੀਆਂ ਜਾਂਦੀਆਂ ਹਨ।

ਕਾਰਨ, ਨਿਸ਼ਾਨੀਆਂ
1. ਨੀਂਦ ਨਾ ਆਉਣਾ
2. ਕੰਮ ’ਚ ਦਿਲ ਨਾ ਲੱਗਣਾ
3. ਚਿੜਚਿੜਾ ਸੁਭਾਅ
4. ਅੱਖਾਂ ਵਿੱਚ ਲਾਲੀ
5. ਟੈਨਸ਼ਨ, ਦਿਮਾਗ ਤੇ ਬੋਝ
6. ਤਨਾਅ
7. ਜਿਆਦਾ ਕੰਮ ਕਰਨਾ
8.ਮਾੜੀ ਸੰਗਤ

ਇਸ ਤਰ੍ਹਾਂ ਇਹ ਸਭ ਕਾਰਨ, ਵਜ੍ਹਾ ਬਣਦੇ ਹਨ ਅਤੇ ਵਿਸ਼ੇਸ਼ ਨਿਸ਼ਾਨੀਆਂ ਵਜੋਂ ਉੱਭਰਕੇ ਸਾਹਮਣੇ ਸਪੱਸ਼ਟ ਸੰਕੇਤ ਕਰਦੇ ਹਨ। ਸਰਵੇਖਣ ਵਿੱਚ ਇੱਕ ਗੱਲ ਸਾਹਮਣੇ ਆਈ ਹੈ ਕਿ ਹਰ ਦਸ ਮਿੰਟ ਬਾਅਦ ਬਲਣ ਵਾਲਾ ਸਿਵਾ ਇੱਕ ਨਸ਼ੲਈ ਜਾਂ ਨਸ਼ੇ ਕਰਨ ਵਾਲੇ ਵਿਅਕਤੀ ਦਾ ਹੁੰਦਾ ਹੈ। ਇਨ੍ਹਾਂ ਨਸ਼ਿਆਂ ਦੇ ਕਾਰਨ ਹੀ ਅਨੇਕਾਂ ਦੁਰਘਟਨਾਵਾਂ, ਬਲਾਤਕਾਰ, ਕਤਲ, ਲੜਾਈਆਂ, ਤਲਾਕ, ਰਿਸ਼ਤਿਆਂ ਦੀ ਟੁੱਟ ਭੱਜ ਹੁੰਦੀ ਹੈ। ਰੋਜਾਨਾ ਕਿੰਨੀਆਂ ਹੀ ਸੁਹਾਗਣਾ ਦੇ ਸੁਹਾਗ ਉਜੜਦੇ ਵਿਖਾਈ ਦਿੰਦੇ ਹਨ।ਉਨ੍ਹਾਂ ਦੇ ਪਿੱਛੇ ਲਵਾਰਿਸ ਬੱਚੇ ਬੁੱਢੇ ਮਾਂ-ਪਿਓ ਜਿਨ੍ਹਾਂ ਦਾ ਦੁੱਖ ਜੋ ਕਿ ਸ਼ਬਦਾਂ ਵਿੱਚ ਬਿਆਨ ਨਹੀ ਕੀਤਾ ਜਾ ਸਕਦਾ। ਜੁਰਮਾਂ ਦੇ ਗ੍ਰਾਫ਼ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਅੱਜ ਦੇ ਨੌਜਵਾਨ ਨਸ਼ਿਆ ਦੀ ਲਪੇਟ ਵਿੱਚ ਆ ਕੇ ਨਾ ਸ਼ਿਰਫ ਆਪਣਾ-ਆਪ ਹੀ ਬਰਬਾਦ ਨਹੀ ਕਰਦੇ ਸਗੋਂ ਆਪਣੇ ਮਾਪਿਆ ਦੇ ਸੰਜੋਏ ਸੁਪਨਿਆਂ ਨੂੰ ਵੀ ਖੇਰੂੰ-ਖੇਰੂੰ ਕਰਦੇ ਹਨ। ਜਦੋਂ ਤੱਕ ਮਾਪੇ ਗੌਰ ਕਰਦੇ ਹਨ ਉਦੋਂ ਤੱਕ ਸਥਿਤੀ ਕਾਬੂ ਤੋਂ ਬਾਹਰ ਹੋ ਜਾਂਦੀ ਹੈ ਜਿਉਂ-ਜਿਉਂ ਬੱਚੇ ਵੱਡੇ ਜਵਾਨ ਹੁੰਦੇ ਹਨ ਉਨ੍ਹਾਂ ਦੇ ਸੁਪਨੇ ਵੀ ਵੱਡੇ ਹੁੰਦੇ ਜਾਂਦੇ ਹਨ। ਉਹ ਸੁਪਨੇ ਤੋਂ ਜਾਣੂ ਤਾਂ ਹੋ ਜਾਂਦੇ ਹਨ ਪਰ ਉਨ੍ਹਾਂ ਸੁਪਨਿਆਂ ਦੀ ਪੂਰਤੀ ਕਿਝ ਕਰਨੀ ਹੈ ਤੋਂ ਜਾਣੂ ਨਹੀਂ ਹੁੰਦੇ। ਇਸ ਲਈ ਉਹ ਗਲਤ ਦਿਸ਼ਾ ਨਿਰਦੇਸ਼ ਚੁਣਦੇ ਹਨ ਅਤੇ ਸ਼ਾਰਟ-ਕੱਟ ਰਸਤੇ ਚੁਣਦੇ ਹਨ ਪ੍ਰੰਤੂ ਉਸ ਸਮੇਂ ਮਾਪਿਆਂ ਦੇ ਮਾਰਗ ਦਰਸ਼ਨ ਦੀ ਲੋੜ ਹੁੰਦੀ ਹੈ। ਇਸਦੇ ਉਲਟ ਜੋ ਸਮੇਂ ਦੀ ਨਜਾਕਤ ਨੂੰ ਨਹੀਂ ਸਮਝਦੇ ਸਿਰਫ਼ ਪੈਸਾ ਕਮਾਉਣ, ਤਰੱਕੀ ਕਰਨ ਤੱਕ ਸੀਮਤ ਰਹਿੰਦੇ ਹਨ ਉਹ ਹਰ ਪਾਸੇ ਤੋਂ ਨਾਕਾਮਯਾਬ ਅਤੇ ਫੇਲ੍ਹ ਹੋ ਜਾਂਦੇ ਹਨ। ਅੰਤ ਵਿੱਚ ਉਹ ਸਥਿਤੀ ਉੱਪਰ ਕਾਬੂ ਪਾਉਣ ਲਈ ਆਪਣੇ ਬੱਚਿਆਂ ਉੱਪਰ ਪ੍ਰੈਸ਼ਰ ਪਾਉਂਦੇ ਹਨ, ਗਾਲੀ ਗਲੋਚ ਕਰਦੇ ਹਨ, ਪਿਆਰ ਨਾਲ ਨਹੀਂ ਸਮਝਾਉਂਦੇ, ਅੰਤ ਉਨ੍ਹਾਂ ਦੇ ਬੱਚੇ ਨਸ਼ਿਆਂ ਦੇ ਰਾਹ ਪੈ ਜਾਂਦੇ ਹਨ। ਇਸ ਕਰਕੇ ਉਹ ਆਪਣੇ ਅਤੇ ਆਪਣੇ ਮਾਪਿਆਂ ਦੀ ਇੱਜਤ ਮਿੱਟੀ ਵਿੱਚ ਰੋਲ ਦਿੰਦੇ ਹਨ। ਇੱਕ ਸ਼ਾਇਰ ਨੇ ਕਿਹਾ ਹੈ :-

ਸੁਪਨੇ ਹਮੇਸ਼ਾ ਨੀਂਦ ਵਿੱਚ ਨਹੀਂ ਲੈਣੇ ਚਾਹੀਦੇ,
ਸੁਪਨੇ ਜਾਗਦਿਆਂ ਲੈਣੇ ਚਾਹੀਦੇ ਹਨ,
ਤਾਂ ਕਿ ਪੂਰੇ ਹੋ ਸਕਣ।

**ਨਸ਼ੇ ਤੋਂ ਕਿਵੇਂ ਬਚੀਏ ?**

ਨੌਜਵਾਨ ਬੱਚਿਆਂ ਨੂੰ ਨਸ਼ਿਆਂ ਤੋਂ ਬਚਾਅ ਲਈ ਸਭ ਤੋਂ ਅਹਿਮ ਅਤੇ ਵਿਸ਼ੇਸ਼ ਯੋਗਦਾਨ ਉਨ੍ਹਾਂ ਦੇ ਖੁਦ ਦੇ ਮਾਪੇ ਇਹ ਵਿਸ਼ੇਸ਼ ਰੋਲ ਅਦਾ ਕਰ ਸਕਦੇ ਹਨ। ਉਨ੍ਹਾਂ ਨੂੰ ਚਾਹੀਦਾ ਹੈ ਕਿ ਬੱਚੇ ਦੀ ਹਰ ਹਰਕਤ ਅਤੇ ਉਸਦੀ ਦੋਸਤਾਂ ਦੀ ਸੰਗਤ ਕਿਵੇਂ ਦੀ ਹੈ ਅਤੇ ਬੱਚਿਆਂ ਪ੍ਰਤੀ ਆਪਣੀ ਵਿਸ਼ੇਸ਼ ਜ਼ਿੰਮੇਵਾਰੀ ਅਤੇ ਫ਼ਰਜ ਕਿ ਉਹ ਕਿਸ ਸਮੇਂ ਅਤੇ ਕਦੋਂ ਕਿਥੇ ਜਾਂਦੇ ਹਨ ਅਤੇ ਕਦੋਂ ਵਾਪਿਸ ਆਉਂਦੇ ਹਨ। ਬੱਚਿਆਂ ਉੱਪਰ ਕਰੜੀ ਨਜ਼ਰ ਰੱਖਣ ਅਤੇ ਵਿਸ਼ੇਸ਼ ਵਿਅਕਤੀ ਦੁਆਰਾ ਆਪਣੇ ਬੱਚੇ ਦੀ ਸ਼ਿਕਾਇਤ ਦੱਸਣ ਉਪਰੰਤ ਉਸਦਾ ਧੰਨਵਾਦ ਕਰਨ ਨਾ ਕਿ ਉਲਟਾ ਉਸ ਨੂੰ ਗਾਲੀ ਗਲੋਚ ਕਰਨ ਕਿ ਹਮੇਸ਼ਾ ਸਾਡਾ ਬੱਚਾ ਹੀ ਸਹੀ ਹੈ। ਇਸ ਤੋਂ ਇਲਾਵਾ ਹਰ ਪ੍ਰਕਾਰ ਦੀ ਖਾਣ-ਪੀਣ ਦੀਆਂ ਵਸਤੂਆਂ ਵੱਲ ਵਿਸ਼ੇਸ ਧਿਆਨ ਦੇਣ ਕਿ ਉਨ੍ਹਾਂ ਦਾ ਬੱਚਾ ਕਿਸੇ ਪ੍ਰਕਾਰ ਦੇ ਨਸ਼ੇ ਦੀ ਆਦਤ ਦਾ ਸ਼ਿਕਾਰ ਤਾਂ ਨਹੀਂ।

ਇਸ ਪ੍ਰਕਾਰ ਸਮਝਦਾਰ ਮਾਪੇ ਆਪਣੇ ਬੱਚਿਆਂ ਸਾਹਮਣੇ ਕਦੇਂ ਵੀ ਇਹ ਹਰਕਤਾਂ ਨਹੀਂ ਕਰਦੇ ਜਿਵੇਂ ਕਿ :-

1. ਬੱਚਿਆਂ ਤੋਂ ਦਾਰੂ ਦੀ ਬੋਤਲ ਮੰਗਵਾਉਣਾ

2. ਘਰ ਵਿੱਚ ਦੋਸਤਾਂ-ਮਿੱਤਰਾਂ ਨੂੰ ਬੁਲਾਕੇ ਬੱਚਿਆਂ ਤੋਂ ਸ਼ਰਾਬ ਅਤੇ ਹੋਰ ਸਮਗੱਰੀ ਮੰਗਵਾਉਣਾ ਜਿਸ ਕਾਰਨ ਬੱਚੇ ਮਾਪਿਆਂ ਤੋਂ ਡਰਨੋਂ ਹੱਟ ਜਾਂਦੇ ਹਨ।ਉਨ੍ਹਾਂ ਦੀ ਨਕਲ ਕਰਦੇ ਹਨ ਅਤੇ ਉਨ੍ਹਾਂ ਦੇ ਪਿੱਛੋ ਉਹ ਵੀ ਨਸ਼ੇ ਦੇ ਆਦੀ ਹੋ ਜਾਂਦੇ ਹਨ।

ਇਸ ਤਰ੍ਹਾਂ ਲੋੜ ਹੈ, ਸਮਝਣ ਦੀ ਜਿੰਨਾ ਚਿਰ ਮਾਪੇ ਆਪਣੇ ਬੱਚਿਆਂ ਲਈ ਰੋਲ ਮਾਡਲ ਨਹੀਂ ਬਣਦੇ ਉਨਾ ਚਿਰ ਬੱਚੇ ਦੇ ਚੰਗੇ ਰਾਹ ’ਤੇ ਤੁਰਨ ਦੀ ਆਸ ਨਹੀਂ ਰੱਖ ਸਕਦੇ। ਜੇਕਰ ਘਰ ਨਸ਼ਾ ਰਹਿਤ ਹੈ ਤਾਂ ਅਸੀਂ ਵਧੀਆ ਸਮਾਜ ਸਿਰਜਣ ਵਿੱਚ ਯੋਗਦਾਨ ਪਾ ਸਕਦੇ ਹਾਂ ਅਤੇ ਤੰਦਰੁਸਤ ਨੌਜਵਾਨ ਹੀ ਸਾਡੇ ਸਮਾਜ ਅਤੇ ਦੇਸ਼ ਦਾ ਅਸਲ ਭਵਿੱਖ ਹੁੰਦੇ ਹਨ। ਇਸ ਸਮਾਜ ਵਿਚਲੇ ਨੌਜਵਾਨ ਨਸ਼ੇ ਤੋਂ ਮੁਕਤ ਅਤੇ ਸਰੀਰਕ ਪੱਖੋਂ ਤੰਦਰੁਸਤ ਹੁੰਦੇ ਹਨ। ਉਸ ਸਮਾਜ ਦੀ ਤਰੱਕੀ ਅਤੇ ਉੱਨਤੀ ਦੀ ਰਾਹ ਵਿੱਚ ਕਿਸੇ ਪ੍ਰਕਾਰ ਦੀ ਰੁਕਾਵਟ ਜਾਂ ਅੜਚਣ ਪੈਦਾ ਨਹੀਂ ਹੁੰਦੀ।

# ਵਜ਼ਨ ਘਟਾਉਣ ਸਮੇਤ ਸਿਹਤ ਲਈ ਫ਼ਾਇਦੇਮੰਦ ਹੈ ਪੋਹਾ





ਜੇਕਰ ਤੁਸੀਂ ਨਾਸ਼ਤੇ ਵਿਚ ਕੋਈ ਤੇਜ਼ ਤੇ ਸੁਆਦੀ ਚੀਜ਼ ਚਾਹੁੰਦੇ ਹੋ ਤਾਂ ਪੋਹਾ ਯਾਦ ਆਉਂਦਾ ਹੈ। ਇਹ ਨਾਸ਼ਤੇ ਲਈ ਬਿਹਤਰ ਵਿਕਲਪ ਹੈ। ਇਹ ਸੁਆਦ ਤੇ ਸਿਹਤ ਨਾਲ ਭਰਪੂਰ ਹੁੰਦਾ ਹੈ। ਇਸ ਨੂੰ ਖਾਣ ਨਾਲ ਕਾਫੀ ਊਰਜਾ ਮਿਲਦੀ ਹੈ। ਸਵੇਰੇ ਜਾਂ ਸ਼ਾਮ ਦੇ ਨਾਸ਼ਤੇ ਵਿਚ ਪੋਹਾ ਖਾਣਾ ਬਿਹਤਰ ਮੰਨਿਆ ਜਾਂਦਾ ਹੈ। ਇਸ ਦਾ ਸੇਵਨ ਕਰਨ ਨਾਲ ਸਰੀਰ ਨੂੰ ਜ਼ਰੂਰੀ ਵਿਟਾਮਿਨ ਮਿਲਦੇ ਹਨ। ਬੱਚੇ ਹੋਣ ਜਾਂ ਵੱਡੇ, ਹਰ ਕੋਈ ਪੋਹਾ ਖਾਣਾ ਪਸੰਦ ਕਰਦਾ ਹੈ। ਇਸ ਨੂੰ ਬਣਾਉਣਾ ਵੀ ਬਹੁਤ ਆਸਾਨ ਹੈ, ਤੁਸੀਂ ਪੋਹਾ ਬਣਾਉਣ ਲਈ ਕਈ ਤਰ੍ਹਾਂ ਦੀਆਂ ਸਬਜ਼ੀਆਂ, ਫਲ ਜਾਂ ਸੁੱਕੇ ਮੇਵੇ ਦੀ ਵਰਤੋਂ ਕਰ ਸਕਦੇ ਹੋ। ਤਾਂ ਆਓ ਬਿਨਾਂ ਦੇਰ ਕੀਤੇ ਜਾਣੀਏ ਪੋਹਾ ਖਾਣ ਦੇ ਫਾਇਦੇ :- ਪੋਹਾ ਇਕ ਹਲਕਾ ਨਾਸ਼ਤਾ ਹੈ, ਜੋ ਅਸਾਨੀ ਨਾਲ ਪਚ ਜਾਂਦਾ ਹੈ। ਇਹ ਪਾਚਨ ਤੰਤਰ ਨੂੰ ਠੀਕ ਰੱਖਦਾ ਹੈ। ਜੇਕਰ ਤੁਸੀਂ ਪਾਚਨ ਤੰਤਰ ਤੋਂ ਪ੍ਰੇਸ਼ਾਨ ਹੋ ਤਾਂ ਤੁਸੀਂ ਨਾਸ਼ਤੇ ’ਚ ਸਿਹਤਮੰਦ ਪੋਹਾ ਸ਼ਾਮਲ ਕਰ ਸਕਦੇ ਹੋ।ਭੋਜਨ ਵਿਚ ਸੁਆਦ ਵਧਾਉਣ ਲਈ ਘਰ ਵਿਚ ਬਣਾਕੇ ਰੱਖੋ ਇਹ ਚਟਨੀਆਂ, ਸਵਾਦ ਦੇ ਨਾਲ-ਨਾਲ ਸਿਹਤ ਵੀ ਪੋਹੇ ਵਿਚ ਫਾਈਬਰ ਤੇ ਆਇਰਨ ਜ਼ਿਆਦਾ ਮਾਤਰਾ ਵਿਚ ਪਾਇਆ ਜਾਂਦਾ ਹੈ। ਜੋ ਕਿ ਸ਼ੂਗਰ ਦੇ ਮਰੀਜ਼ਾਂ ਲਈ ਫਾਇਦੇਮੰਦ ਹੁੰਦਾ ਹੈ। ਜਿਨ੍ਹਾਂ ਲੋਕਾਂ ਨੂੰ ਸ਼ੂਗਰ ਦੀ ਸਮੱਸਿਆ ਹੈ, ਉਹ ਨਾਸ਼ਤੇ ਵਿਚ ਪੋਹਾ ਸ਼ਾਮਲ ਕਰ ਸਕਦੇ ਹਨ।

ਪੋਹੇ ਨੂੰ ਪੌਸ਼ਟਿਕ ਬਣਾਉਣ ਲਈ ਕਈ ਤਰ੍ਹਾਂ ਦੀਆਂ ਸਬਜ਼ੀਆਂ ਦੀ ਵਰਤੋਂ ਕੀਤੀ ਜਾਂਦੀ ਹੈ ਜੋ ਈਮਿਊਨ ਸਿਸਟਮ ਨੂੰ ਬਿਹਤਰ ਬਣਾਉਣ ਵਿਚ ਮਦਦ ਕਰਦੇ ਹਨ।ਪੋਹੇ ਵਿਚ ਕਾਰਬੋਹਾਈਡ੍ਰੇਟਸ ਪਾਇਆ ਜਾਂਦਾ ਹੈ, ਇਸ ਦਾ ਸੇਵਨ ਕਰਨ ਨਾਲ ਸਰੀਰ ਨੂੰ ਊਰਜਾ ਮਿਲਦੀ ਹੈ। ਇਸ ਨੂੰ ਖਾਣ ਨਾਲ ਤੁਸੀਂ ਕਈ ਘੰਟਿਆਂ ਤੱਕ ਊਰਜਾਵਾਨ ਮਹਿਸੂਸ ਕਰ ਸਕਦੇ ਹੋ।ਪੋਹੇ ਵਿੱਚ ਮੌਜੂਦ ਗੁਣ ਸਰੀਰ ਵਿਚ ਆਇਰਨ ਦੀ ਕਮੀ ਨੂੰ ਦੂਰ ਕਰਨ ਵਿਚ ਮਦਦਗਾਰ ਹੁੰਦੇ ਹਨ। ਨਾਸ਼ਤੇ ਵਿੱਚ ਪੋਹੇ ਨੂੰ ਮਿਲਾ ਕੇ ਅਨੀਮੀਆ ਨੂੰ ਦੂਰ ਕੀਤਾ ਜਾ ਸਕਦਾ।



ਹਰਦੇਵ ਗਰੇਵਾਲ

ਨਾਵਲ

ਕਿਸ਼ਤ-15

# ਇਹ ਖ਼ੁਦਕੁਸ਼ੀ ਨਹੀਂ ਜਨਾਬ ! ਕਤਲ ਹੈ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਉਸਦੇ ਹੱਥ ਮਿਲਾਉਣ ਦੇ ਢੰਗ ਵਿੱਚ ਲੜਕੀਆਂ ਵਾਲ਼ੀ ਨਜ਼ਾਕਤ ਬਿਲਕੁਲ ਹੀ ਨਦਾਰਦ ਸੀ।

ਤੇਜਵੀਰ ਨੇ ਸਿੰਮੀ ਦੇ ਸਰੂਪ ਦੀ ਕਲਪਨਾ 'ਚ ਰੁਪਿੰਦਰ ਵਰਗੀ ਹੀ ਕਿਸੇ ਲੜਕੀ ਦਾ ਤਸੱਵੁਰ ਕੀਤਾ ਸੀ, ਪਰ ਐਥੇ ਤਾਂ ਮਾਮਲਾ ਬਿਲਕੁਲ ਹੀ ਉਲਟ ਨਿਕਲਿਆ। ਸਿੰਮੀ ਦੇ ਵਜੂਦ ਵਿੱਚ ਤਾਂ ਕਿਸੇ ਪਾਸਿਓਂ ਵੀ ਲੜਕੀਆਂ ਵਰਗਾ ਕੋਈ ਲੱਛਣ ਨਜ਼ਰ ਨਹੀਂ ਆ ਰਿਹਾ ਸੀ।

ਚਿਹਰੇ ਉੱਤੇ ਮੇਕਅੱਪ ਦਾ ਕੋਈ ਨਾਮੋ-ਨਿਸ਼ਾਨ ਨਹੀਂ, ਲੜਕਿਆਂ ਵਾਲ਼ਾ ਪਹਿਰਾਵਾ, ਵਿਵਹਾਰ ਵਿੱਚ ਵੀ ਕੁੜੀਆਂ ਵਾਲ਼ੀ ਨਾਜ਼ੁਕਤਾ ਅਤੇ ਸੰਕੋਚ ਦੇ ਬਿਲਕੁਲ ਉਲਟ ਬੇਬਾਕੀ ਅਤੇ ਲਾਪ੍ਰਵਾਹੀ ਅਤੇ ਚਿਹਰੇ 'ਤੇ ਪੱਥਰ ਜਿਹੀ ਕਠੋਰਤਾ। ਦੋਹਾਂ ਨੇ ਉਸਦੇ ਸਾਹਮਣੇ ਦੀਆਂ ਦੋ ਕੁਰਸੀਆਂ ਮੱਲ ਲਈਆਂ।

'ਮੈਡਮ, ਕੋਈ ਗੇਮ-ਗੂਮ ਲਾਉਂਦੇ ਲੱਗਦੇ ਓਂ?'

ਉਸਦੇ ਬੇਤਕੱਲੁਫ਼ ਰਵੱਈਏ ਨੂੰ ਦੇਖਦਿਆਂ, ਗਗਨ ਨੇ ਵੀ ਕੁਝ ਜ਼ਿਆਦਾ ਹੀ ਬੇਤਕੱਲੁਫ਼ੀ ਦਾ ਪ੍ਰਦਰਸ਼ਨ ਕਰਦਿਆਂ ਅਸਿੱਧੇ ਤੌਰ 'ਤੇ ਸਵਾਲ ਕੀਤਾ।

'ਹਾਂ ਜੀ।'

'ਜ਼ਰੂਰ ਰੈਸਲਿੰਗ ਕਰਦੇ ਹੋਓਂਗੇ?'

ਗਗਨ ਨੇ ਪੋਲੇ ਜਿਹੇ ਟਪਲਾ ਛੱਡਿਆ।

ਪਤਾ ਨਹੀਂ ਕਿ ਗਗਨ ਦੀ ਮਜ਼ਾਹੀਆ ਜਿਹੀ ਤਨਜ਼ ਉਸਨੂੰ ਸਮਝ ਨਹੀਂ ਆਈ, ਜਾਂ ਉਸਨੇ ਜਾਣ ਬੁੱਝ ਕੇ ਅਣਗੌਲ਼ਿਆਂ ਕਰ ਛੱਡਿਆ।

'ਨਹੀਂ ਜੀ, ਕਬੱਡੀ।' ਲਾਪ੍ਰਵਾਹੀ ਯੁਕਤ ਸੰਖੇਪ ਜਵਾਬ।

'ਰੇਡਰ ਓਂ ਕਿ ਜਾਫੀ?'

ਪਤੰਦਰ ਬਾਜ਼ ਨਹੀਂ ਆ ਰਿਹਾ ਸੀ।

'ਆੱਲ ਰਾਊਂਡਰ।' ਜਵਾਬ ਫਿਰ ਤੋਂ ਉਹੋ ਜਿਹਾ ਹੀ।

'ਪੱਕੇ 'ਆੱਲ ਰਾਉਂਡਰ' ਲੱਗਦੇ ਓਂ ਜੀ,'

ਉਸਦੇ ਡੀਲ-ਡੌਲ ਵੱਲ ਗਹਿਰੀ ਨਜ਼ਰ ਮਾਰਦਿਆਂ ਗਗਨ ਨੇ ਇੱਕ ਹੋਰ ਟਪਲਾ ਛੱਡਿਆ, ਤਾਂ ਤੇਜਵੀਰ ਨੇ ਹਲਕੇ ਜਿਹੇ ਕੂਹਣੀ ਚੁਭੋਂਦਿਆਂ, ਉਸਨੂੰ ਅੱਖਾਂ ਤਰੇਰ ਕੇ ਵਰਜਿਆ।

ਜ਼ਾਹਿਰਾ ਤੌਰ 'ਤੇ ਤਾਂ ਇਹੀ ਜਾਪਿਆ ਕਿ ਸਿੰਮੀ ਨੇ ਉਨ੍ਹਾਂ ਦੀ ਇਸ ਹਰਕਤ ਨੂੰ ਗੌਲ਼ਿਆ ਹੀ ਨਹੀਂ।

ਉਹ ਤਾਂ ਸਗੋਂ ਬੜੀ ਬੇਪ੍ਰਵਾਹੀ ਨਾਲ਼ ਆਪਣੇ ਬੁੱਲ੍ਹਾਂ ਦੇ ਖੱਬੇ ਕੋਰ ਨੂੰ ਉਤਾਂਹ ਚੁੱਕ, ਸੱਜੇ ਹੱਥ ਨਾਲ਼ ਆਪਣੀ ਖੱਬੀ ਗੱਲ੍ਹ 'ਤੇ ਲੱਗੀ ਬੈਂਡੇਜ ਖੁਰਕਣ 'ਚ ਮਸ਼ਗ਼ੂਲ ਸੀ। ਏਨੇ ਨੂੰ ਵੇਟਰ ਕੌਫ਼ੀ ਦੇ ਤਿੰਨ ਕੱਪ ਉਨ੍ਹਾਂ ਸਾਹਮਣੇ ਟਿਕਾ ਗਿਆ।

ਲੜਕੀ ਦੀਆਂ ਹਰਕਤਾਂ ਤੋਂ ਢਿੱਲੋਂ ਸਾਹਬ ਦੀ ਉਸ ਪ੍ਰਤੀ ਨਾਰਾਜ਼ਗੀ ਦੀ ਵਜ੍ਹਾ ਦਾ ਭਰਪੂਰ ਖ਼ੁਲਾਸਾ ਹੋ ਰਿਹਾ ਸੀ।

ਉਸਦਾ ਚਿਹਰਾ ਸਪਾਟ, ਕਠੋਰ ਅਤੇ ਭਾਵਾਂ ਤੋਂ ਬਿਲਕੁਲ ਹੀ ਸੱਖਣਾ ਜਿਹਾ ਸੀ। ਹਾਂ, ਅੱਖਾਂ ਜ਼ਰੂਰ ਲਾਲ ਹੋਈਆਂ ਪਈਆਂ ਸਨ ਤੇ ਜਿਨ੍ਹਾਂ 'ਚ ਆ ਰਹੇ ਪਾਣੀ ਨੂੰ ਉਹ ਰਹਿ-ਰਹਿ ਕੇ ਹੱਥ 'ਚ ਫੜੇ ਰੁਮਾਲ ਨਾਲ ਪੂੰਝਦੀ ਜਾ ਰਹੀ ਸੀ। ਸ਼ਾਇਦ ਇਸਦੀ ਵਜ੍ਹਾ ਰੁਪਿੰਦਰ ਦੀ ਮੌਤ ਦਾ ਦੁੱਖ ਹੋਵੇ, ਪਰ ਚਿਹਰੇ ਦੇ ਹਾਵਾਂ-ਭਾਵਾਂ ਅਤੇ ਗੱਲਬਾਤ ਦੀ ਬੇਬਾਕੀ ਤੋਂ ਤਾਂ ਅਜਿਹਾ ਮਹਿਸੂਸ ਨਹੀਂ ਹੋ ਰਿਹਾ ਸੀ। ਪਰ ਕਈ ਲੋਕ ਹੁੰਦੇ ਹੀ ਨੇ ਅਜਿਹੇ, ਖ਼ਾਸ ਕਰ ਇਸ ਲੜਕੀ ਜਿਹੀ ਬੇਪਰਵਾਹੀ ਭਰੀ ਬਿਰਤੀ ਵਾਲ਼ੇ, ਜੋ ਆਪਣੇ ਮਨੋਭਾਵਾਂ ਨੂੰ ਸਹੀ ਤਰ੍ਹਾਂ ਨਾਲ਼ ਪ੍ਰਗਟਾਉਣ ਤੋਂ ਅਸਮਰੱਥ ਹੁੰਦੇ ਹਨ। ਖ਼ੁਸ਼ੀ ਜਾਂ ਦੁੱਖ ਨੂੰ ਅੰਦਰੋਂ-ਅੰਦਰੀਂ ਤਾਂ ਮਹਿਸੂਸ ਕਰਦੇ ਹਨ ਪਰ ਚਿਹਰੇ ਅਤੇ ਗੱਲਬਾਤ ਰਾਹੀਂ ਇਸਦਾ ਪ੍ਰਗਟਾਅ ਨਹੀਂ ਕਰ ਪਾਉਂਦੇ। ਜਾਂ ਫਿਰ ਲੜਕੀ ਨੂੰ ਸਦਮਾ ਹੀ ਏਨਾ ਪਹੁੰਚਿਆ ਸੀ ਕਿ ਉਸਦਾ ਭਾਵ-ਤੰਤਰ ਉਸਦੇ ਇਸ ਗ਼ਮ ਨੂੰ ਪ੍ਰਗਟਾਉਣ ਲਈ ਜਵਾਬ ਦੇ ਗਿਆ ਸੀ? ਪਰ ਅਜਿਹੀ ਹਾਲਤ 'ਚ ਤਾਂ ਪੀੜਿਤ ਵਿਅਕਤੀ ਆਮ ਤੌਰ 'ਤੇ ਪੱਥਰ ਦੀ ਬੇਜਾਨ ਮੂਰਤ ਜਿਹਾ ਹੋ ਜਾਂਦਾ ਹੈ। ਕੁੱਲ ਮਿਲਾ ਕੇ ਲੜਕੀ ਦਾ ਮਿਜ਼ਾਜ ਤੇਜਵੀਰ ਦੀ ਪਕੜ ਵਿਚ ਨਹੀਂ ਆ ਰਿਹਾ ਸੀ।

'ਰੁਪਿੰਦਰ ਦੇ ਇਉਂ ਤੁਰ ਜਾਣ ਨਾਲ਼ ਤਾਂ ਤੁਹਾਨੂੰ ਬੜਾ ਗਹਿਰਾ ਸਦਮਾ ਪੁੱਜਾ ਹੋਏਗਾ ਸਿੰਮੀ?'

ਤੇਜਵੀਰ ਨੇ ਗੱਲਬਾਤ ਦੀ ਭੂਮਿਕਾ ਜਿਹੀ ਬੰਨ੍ਹੀ।

'ਹਾਂ ਜੀ, ਇਹ ਤਾਂ ਹੈ।' ਮੁਖ਼ਤਸਰ ਅਤੇ ਭਾਵਹੀਣ ਜਿਹਾ ਜਵਾਬ।

ਲੜਕੀ ਦੇ ਵਿਵਹਾਰ 'ਚ ਇੱਕ ਹੋਰ ਅਨੋਖੀ ਜਿਹੀ ਗੱਲ ਨਜ਼ਰ ਆ ਰਹੀ ਸੀ ਕਿ ਜਿਵੇਂ ਉਸਨੂੰ ਕੋਈ ਅੱਚਵੀ ਜਿਹੀ ਲੱਗੀ ਹੋਵੇ। ਉਹ ਵਾਰ-ਵਾਰ ਪਹਿਲੂ ਬਦਲ ਰਹੀ ਸੀ। ਉਸਦੀਆਂ ਨਜ਼ਰਾਂ ਵਾਰ-ਵਾਰ ਐਧਰ-ਓਧਰ ਭਟਕ ਰਹੀਆਂ ਸਨ।

'ਕੀ ਗੱਲ ਸਿੰਮੀ, ਕਿਤੇ ਹੋਰ ਵੀ ਜਾਣਾ ਤੁਸੀਂ? ਕਾਫ਼ੀ ਅਨਕੰਫ਼ਰਟੇਬਲ ਜਿਹਾ ਮਹਿਸੂਸ ਕਰ ਰਹੇ ਓ ਤੁਸੀਂ?' ਤੇਜਵੀਰ ਕਹਿਣੋਂ ਨਾ ਰਹਿ ਸਕਿਆ।

'ਨਹੀਂ-ਨਹੀਂ, ਐਹੋ ਜਿਹੀ ਤਾਂ ਕੋਈ ਗੱਲ ਨਹੀਂ, ਤੁਸੀਂ ਆਰਾਮ ਨਾਲ਼ ਗੱਲ ਕਰੋ। ਮੈਨੂੰ ਕੋਈ ਕਾਹਲ਼ ਨਹੀਂ।'

ਪਰ ਇਸਤੋਂ ਪਹਿਲਾਂ ਕਿ ਤੇਜਵੀਰ ਕੁਝ ਬੋਲਣ ਲਈ ਮੂੰਹ ਖੋਲ੍ਹਦਾ, ਉਹ ਫਿਰ ਬੋਲ ਪਈ।

'ਪਰ ਪਹਿਲਾਂ ਤੁਸੀਂ ਮੈਨੂੰ ਇੱਕ ਗੱਲ ਦੱਸੋ?'

'ਹਾਂ ਜੀ, ਜ਼ਰੂਰ।' ਤੇਜਵੀਰ ਨੇ ਹੈਰਾਨ ਜਿਹੇ ਹੁੰਦਿਆਂ ਜਵਾਬ ਦਿੱਤਾ।

'ਤੁਹਾਨੂੰ ਸੱਚੀਂ ਲੱਗਦਾ ਕਿ ਰੁਪਿੰਦਰ ਨੂੰ ਕਿਸੇ ਨੇ ਮਾਰਿਆ ਹੋਣਾਂ? ਮੇਰਾ ਮਤਲਬ ਉਹਨੇ ਆਪੇ ਹੀ ਸੁਸਾਈਡ ਨੀ ਕੀਤੀ? ਤੁਹਾਨੂੰ ਸੱਚੀਂ ਲੱਗਦਾ, ਬਈ ਬਾਹਰੋਂ ਕਿਸੇ ਨੇ ਆ ਕੇ ਇਹ ਕੰਮ ਕੀਤਾ ਹੋਣਾ?'

ਲੜਕੀ ਦੇ ਮੂੰਹ ਵਿੱਚ ਤਾਂ ਅਚਾਨਕ ਜ਼ੁਬਾਨ ਪੈ ਗਈ ਸੀ। ਹੁਣ ਤੱਕ ਇਹ ਸੋਚਦਿਆਂ ਕਿ ਏਥੋਂ ਕੁਝ ਹਾਸਿਲ ਨਹੀਂ ਹੋਣ ਵਾਲ਼ਾ, ਨਿਰਾਸ਼ ਜਿਹਾ ਹੋ ਰਿਹਾ ਤੇਜਵੀਰ ਸਾਵਧਾਨ ਹੋ ਗਿਆ।

'ਕਿਉਂ? ਤੁਹਾਨੂੰ ਲੱਗਦਾ ਕਿ ਰੁਪਿੰਦਰ ਦਾ ਸੁਸਾਈਡ ਕਰਨ ਦਾ ਕੋਈ ਇਰਾਦਾ ਸੀ? ਕੀ ਅਜਿਹੀ ਕੋਈ ਗੱਲ ਕੀਤੀ ਉਸਨੇ ਤੁਹਾਡੇ ਨਾਲ਼? ਆਖ਼ਿਰ ਤੁਹਾਡੀ ਭੈਣ ਸੀ, ਦੁੱਖ-ਸੁੱਖ ਤਾਂ ਸਾਂਝਾ ਕਰਦੀ ਹੀ ਹੋਵੇਗੀ ਰੁਪਿੰਦਰ ਤੁਹਾਡੇ ਨਾਲ਼?'

ਤੇਜਵੀਰ ਨੇ ਜਵਾਬ ਦੇਣ ਦੀ ਬਜਾਏ ਉਲਟੇ ਸਵਾਲਾਂ ਦੀ ਝੜੀ ਲਗਾ ਦਿੱਤੀ।

'ਨਹੀਂ ਮੇਰਾ ਮਤਲਬ ਪ੍ਰੇਸ਼ਾਨ ਜਿਹੀ ਤਾਂ ਸੀਗੀ ਪਰ ਇਹ ਨੌਬਤ ਆਜੂ ਪਰ ਤੁਸੀਂ ਤਾਂ ਆਖਦੇ ਓਂ ਕਿ ਬਾਹਰੋਂ ਕਿਸੇ ਨੇ ਮੇਰਾ ਮਤਲਬ ਤੁਹਾਨੂੰ ਪੱਕਾ ਯਕੀਨ ਏ ਬਈ ਇਹ ਕੰਮ ਬਾਹਰੋਂ ਆ ਕੇ ਕਿਸੇ ਬੰਦੇ ਨੇ ਕੀਤਾ?'

'ਕੀ ਬੁਝਾਰਤਾਂ ਜਿਹੀਆਂ ਪਾਉਣ ਲੱਗ ਪਈ ਇਹ ਲੜਕੀ?' ਸੋਚਦੇ ਤੇਜਵੀਰ ਨੂੰ ਆਸ ਜਿਹੀ ਬੱਝ ਗਈ ਕਿ ਰਾਏਕੋਟ ਦਾ ਇਹ ਗੇੜਾ ਅਜਾਈਂ ਨਹੀਂ ਜਾਣ ਲੱਗਾ।

ਰਤਾ ਕੁ ਸੋਚ ਕੇ ਤੇਜਵੀਰ ਨੇ ਉਸਦੇ ਸਾਹਮਣੇ, ਉਸ ਬਾਹਰੀ ਸ਼ਖ਼ਸ ਦੀ ਆਮਦ ਸੰਬੰਧੀ ਮਿਲ਼ੀ ਹੁਣ ਤੱਕ ਦੀ ਤਮਾਮ ਜਾਣਕਾਰੀ ਦਾ ਖ਼ੁਲਾਸਾ ਕਰ ਦਿੱਤਾ, ਪਰ 'ਬੜੇ ਮੀਆਂ' ਤੋਂ ਮਿਲ਼ੀ ਜਾਣਕਾਰੀ ਦਾ ਬਿਆਨ ਉਸਨੂੰ ਬੇਲੋੜਾ ਜਿਹਾ ਜਾਪਿਆ, ਸੋ ਉਸ ਸੰਬੰਧੀ ਉਸਨੇ ਕੁਝ ਨਾ ਕਿਹਾ।

'ਮਤਲਬ ਉਸਨੇ ਸੁਸਾਈਡ ਨੀ ਕੀਤੀ, ਇਹ ਤਾਂ ਗੱਲ ਪੱਕੀ ਹੋ ਗਈ।'

ਉਸਨੇ ਜਿਵੇਂ ਤੇਜਵੀਰ ਨੂੰ ਨਹੀਂ ਸਗੋਂ ਆਪਣੇ ਆਪ ਨੂੰ ਹੀ ਕਿਹਾ।

'ਬਿਲਕੁਲ, ਇਹ ਤਾਂ ਹੁਣ ਨਿਰਵਿਵਾਦ ਰੂਪ ਵਿੱਚ ਸਾਬਿਤ ਹੋ ਚੁੱਕਾ ਕਿ ਇਹ ਕੋਈ ਖ਼ੁਦਕੁਸ਼ੀ ਨਹੀਂ, ਬਲਕਿ ਕਤਲ ਦਾ ਮਾਮਲਾ ਏ। ਤੇ ਕਾਤਿਲ ਵੀ ਬਾਹਰੋਂ ਆਇਆ ਕੋਈ ਐਸਾ ਸ਼ਖ਼ਸ ਏ, ਜਿਸ ਨਾਲ਼ ਰੁਪਿੰਦਰ ਦੇ ਫ਼ਿਜ਼ੀ ਆਈ ਮੀਨ ਬੜੇ ਗਹਿਰੇ ਸੰਬੰਧ ਸਨ।'

'ਮੈਨੂੰ ਨੀਂ ਸੀ ਪਤਾ ਬਈ ਉਹ ਇਸ ਹੱਦ ਤੱਕ ਜਾ ਸਕਦਾ।' ਤੇਜਵੀਰ ਦੇ ਕੰਨ ਖੜ੍ਹੇ ਹੋ ਗਏ।



'ਉਹ' ਕੌਣ?'

'ਲੁਕ ਮਿਸਟਰ ਤੇਜਵੀਰ, ਮੈਂ ਦੱਸ ਤਾਂ ਦਿੰਨੀ ਆਂ, ਪਰ ਪਹਿਲਾਂ ਤੁਹਾਨੂੰ ਇੱਕ ਵਾਅਦਾ ਕਰਨਾ ਪਊ ਮੇਰੇ ਨਾਲ਼।'

'ਉਹ ਕੀ?'

'ਇਹੀ, ਕਿ ਮੇਰਾ ਨਾਂ ਨੀ ਵਿੱਚ ਆਉਣਾ ਚਾਹੀਦਾ। ਮੈਂ ਨਹੀਂ ਚਾਹੁੰਦੀ ਕਿ ਫੁੱਫੜ ਜੀ ਹੁਰਾਂ ਨੂੰ ਪਤਾ ਚੱਲੇ ਕਿ ਮੈਂ ਤੁਹਾਨੂੰ ਕੁਝ ਦੱਸਿਆ।'

'ਪਰ ਸਿੰਮੀ, ਪੁਲਿਸ ਨੂੰ ਤਾਂ ਦੱਸਣਾ ਹੀ ਪਏਗਾ। ਨਾਲ਼ੇ ਇਸ ਨਾਲ਼ ਤਾਂ ਸਗੋਂ ਢਿੱਲੋਂ ਸਾਹਬ ਦੇ ਦਿਲ ਨੂੰ ਕੁਝ ਨਾ ਕੁਝ ਤਸੱਲੀ ਹੀ ਮਿਲੇਗੀ, ਕਿ ਉਹਨਾਂ ਦੀ ਜਵਾਨ ਧੀ ਦੀ ਇੱਜ਼ਤ ਰੋਲ਼ ਕੇ ਉਸਨੂੰ ਮੌਤ ਦੇ ਘਾਟ ਉਤਾਰਨ ਵਾਲ਼ਾ ਸ਼ਖ਼ਸ, ਤੁਹਾਡੀ ਗਵਾਹੀ ਸਦਕਾ ਫੜਿਆ ਗਿਆ।'

'ਬੱਸ ਮੈਂ ਨਹੀਂ ਚਾਹੁੰਦੀ ਕਿ ਫੁੱਫੜ ਜੀ ਜਾਂ ਕਿਸੇ ਹੋਰ ਨੂੰ ਵੀ ਇਸ ਬਾਰੇ ਪਤਾ ਲੱਗੇ। ਨਾਲ਼ੇ ਤੁਹਾਨੂੰ ਮੈਂ ਏਸੇ ਲਈ ਤਾਂ ਦੱਸ ਰਹੀ ਆਂ ਕਿ ਮੈਂ ਵੀ ਇਹੋ ਚਾਹੁੰਦੀ ਹਾਂ ਕਿ ਕਾਤਿਲ ਫੜਿਆ ਜਾ ਸਕੇ।'

'ਪਰ।'

'ਪਰ-ਪੁਰ ਕੁਝ ਨਹੀਂ। ਜੇ ਤੁਸੀਂ ਵਾਅਦਾ ਕਰਦੇ ਓਂ ਤਾਂ ਠੀਕ, ਨਹੀਂ ਤਾਂ ਮੇਰੀ ਤੁਹਾਡੇ ਨਾਲ਼ ਇਸ ਬਾਰੇ ਕੋਈ ਗੱਲ ਨਹੀਂ ਹੋਈ, ਮੈਂ ਚੱਲਦੀ ਆਂ ਫਿਰ।'

ਪਰ ਉਸਨੇ ਉੱਠਣ ਦੀ ਕੋਈ ਕੋਸ਼ਿਸ਼ ਨਾ ਕੀਤੀ।

ਲੜਕੀ ਦਾ ਮਿਜ਼ਾਜ ਤੇਜਵੀਰ ਦੀ ਸਮਝੋਂ ਪਾਰ ਸੀ।

ਪਰਦਾ ਪਾ ਵੀ ਰਹੀ ਸੀ, ਪਰਦਾ ਹਟਾ ਵੀ ਰਹੀ ਸੀ।

'ਠੀਕ ਐ, ਮੈਂ ਆਪਣੀ ਪੂਰੀ ਕੋਸ਼ਿਸ਼ ਕਰਾਂਗਾ ਕਿ ਬਿਨਾਂ ਵਜ੍ਹਾ ਤੁਹਾਡਾ ਨਾਂ ਸਾਹਮਣੇ ਨਾ ਆਏ। ਵੈਸੇ ਵੀ ਤੁਹਾਡੇ ਦਿੱਤੀ ਜਾਣਕਾਰੀ ਤਾਂ ਬੱਸ ਇੱਕ ਇਸ਼ਾਰਾ ਭਰ ਹੀ ਹੋਏਗਾ, ਸਬੂਤ ਤਾਂ ਕਾਤਿਲ ਦੇ ਖ਼ਿਲਾਫ਼ ਪਹਿਲਾਂ ਹੀ ਬੜੇ ਨੇ। ਹੁਣ ਇਸ ਤੋਂ ਵੱਧ ਮੈਂ ਕੋਈ ਵਾਅਦਾ ਨਹੀਂ ਕਰ ਸਕਦਾ।'

'ਪਰ।'

'ਦੇਖੋ ਸਿੰਮੀ, ਮੈਂ ਤੁਹਾਨੂੰ ਝੂਠ-ਮੂਠ ਦਾ ਦਿਲਾਸਾ ਵੀ ਦੇ ਸਕਦਾ ਸੀ, ਪਰ ਮੈਂ ਗੱਲ ਕਰ ਕੇ ਉਸਤੋਂ ਪਲਟਣ ਵਿੱਚ ਯਕੀਨ ਨਹੀਂ ਰੱਖਦਾ। ਹੁਣ ਜੇ ਤੁਹਾਨੂੰ ਪੁੱਗਦਾ ਏ, ਤਾਂ ਮੈਨੂੰ ਦੱਸ ਦਿਓ, ਨਹੀਂ ਤਾਂ ਦੇਰ-ਸਵੇਰ ਹੀ ਸਹੀ, ਕਾਤਿਲ ਦਾ ਤਾਂ ਪਤਾ ਲੱਗ ਹੀ ਜਾਏਗੀ। ਹੋਰ ਨਹੀਂ ਤਾਂ ਜੇ ਉਸਦੀ ਸ਼ਿਨਾਖ਼ਤ ਦਾ ਕੋਈ ਹੋਰ ਹੀਲਾ ਨਾ ਮਿਲ਼ਿਆ, ਤਾਂ ਪੁਲਿਸ ਤੁਹਾਡੇ ਤੋਂ ਸਖ਼ਤ, ਮੇਰੀ ਗੱਲ 'ਤੇ ਗ਼ੌਰ ਕਰਨਾ, ਸਖ਼ਤ ਪੁੱਛਗਿੱਛ ਕਰੇਗੀ। ਫੇਰ ਸ਼ਾਇਦ ਸੱਚ ਛੁਪਾਉਣਾ ਮੁਸ਼ਕਿਲ ਹੋਵੇਗਾ ਤੁਹਾਡੇ ਲਈ। ਸੋਚ ਲਓ।'

ਤੇਜਵੀਰ ਨੇ ਹਨੇਰੇ ਵਿੱਚ ਤੀਰ ਛੱਡਿਆ।

'ਠੀਕ ਐ, ਮੈਨੂੰ ਤੁਹਾਡੀ ਗੱਲ 'ਤੇ ਭਰੋਸਾ ਏ।÷

ਤੀਰ ਸਹੀ ਨਿਸ਼ਾਨੇ 'ਤੇ ਜਾ ਵੱਜਾ ਸੀ।

'ਤਾਂ ਫਿਰ ਦੱਸੋ ਕਿ ਕੌਣ ਏ ਉਹ ਰਹੱਸਮਈ ਸ਼ਖ਼ਸ, ਜੋ ਰੁਪਿੰਦਰ ਦੇ ਇਸ ਹੌਲਨਾਕ ਅੰਜਾਮ ਦਾ ਕਾਰਨ ਬਣਿਆ?'

'ਮੈਨੂੰ ਸੰਨੀ ਤੋਂ ਇਹ ਉਮੀਦ ਨਹੀਂ ਸੀ ਕਿ ਉਹ ਏਸ ਹੱਦ ਤੱਕ ਵੀ ਚਲਿਆ ਜਾਊਗਾ।'

'ਸੰਨੀ ਕੌਣ?'

'ਸੰਨੀ ਬਾਜਵਾ, ਸਨ ਆੱਵ ਕੈਬਨਿਟ ਮਿਨਿਸਟਰ ਕੁਲਜੀਤ ਸਿੰਘ ਬਾਜਵਾ, ਰੁਪਿੰਦਰ ਦਾ ਬੁਆਏ ਫ਼ਰੈਂਡ, ਵੱਡੇ ਬਾਪ ਦਾ ਵਿਗੜਿਆ ਪੁੱਤ।'

'ਕਿਸੀ ਬੜੇ ਬਾਪ ਕੀ ਬਿਗੜੀ ਔਲਾਦ ਲਗਤਾ ਹੈ ਸਾਹਬ।'

ਤੇਜਵੀਰ ਦੇ ਜ਼ਿਹਨ 'ਚ 'ਬੜੇ ਮੀਆਂ' ਦੇ ਆਖੇ ਬੋਲ ਗੂੰਜੇ।

'ਗੱਡੀ ਕਿਹੜੀ ਰੱਖਦਾ ਸਾਹਬਜ਼ਾਦਾ?'

'ਫ਼ਾਰਚੂਨਰ।'

'ਯੇ ਬੜੀ ਸੀ ਗਾੜੀ ਹੈ ਉਸਕੀ ਸਾਹਬ।'

'ਸਮੋਕਿੰਗ ਕਰਦਾ?'

'ਪੱਕਾ ਚੇਨ-ਸਮੋਕਰ। ਪਹਿਲਾਂ ਤਾਂ ਰੁਪਿੰਦਰ ਨੂੰ ਆਪਣੇ ਝੂਠੇ ਪਿਆਰ ਦੇ ਜਾਲ਼ 'ਚ ਫਸਾ ਕੇ ਖੇਹ-ਖ਼ਰਾਬ ਕੀਤਾ, ਨਸ਼ੇ 'ਤੇ ਲਾ ਦਿੱਤਾ, ਤੇ ਜਦੋਂ ਨਿਭਾਉਣ ਦੀ ਵਾਰੀ ਆਈ ਤਾਂ ਪੈਰ 'ਤੇ ਆ ਕੇ ਮੁੱਕਰ ਗਿਆ ਕਮੀਨਾ।' ਲੜਕੀ ਨੇ ਤਾਂ ਇਸ ਕੇਸ ਦੀ ਹਰ ਖਾਲੀ ਥਾਂ ਭਰ ਦਿੱਤੀ ਸੀ।

ਹਰ ਖਾਲੀ ਥਾਂ 'ਚ ਇੱਕੋ ਨਾਂ ਫਿੱਟ ਹੋ ਰਿਹਾ ਸੀ।

ਸੰਨੀ ਬਾਜਵਾ।

'ਪਰ ਦੇਖਿਓ, ਸੰਨੀ ਨੂੰ ਨਾ ਪਤਾ ਲੱਗ ਜੇ ਕਿਤੇ ਬਈ ਮੈਂ ਉਹਦਾ ਨਾਂ ਲਿਆ।'

'ਤੁਸੀਂ ਏਨਾ ਡਰਦੇ ਕਿਉਂ ਹੋ?'

'ਦੇਖੋ, ਉਹ ਠਹਿਰਿਆ ਵੱਡੇ ਬਾਪ ਦੀ ਔਲਾਦ, ਜੇ ਕਿਤੇ ਬਚ ਨਿੱਕਲਿਆ, ਤਾਂ ਮੇਰਾ ਕੀ ਬਣੂੰ? ਮੈਂ ਠਹਿਰੀ ਬਿਨ ਮਾਂ-ਬਾਪ ਦੀ ਕੁੜੀ। ਨਹੀਂ-ਨਹੀਂ, ਮੈਂ ਇਹ ਰਿਸਕ ਨਹੀਂ ਲੈ ਸਕਦੀ। ਤੁਸੀਂ ਪਲੀਜ਼ ਇਹ ਗੱਲ ਆਪਣੇ ਤੱਕ ਹੀ ਰੱਖਿਓ। ਮੈਂ ਇਸ ਪੰਗੇ 'ਚ ਨੀ ਪੈਣਾ ਚਾਹੁੰਦੀ। ਪਤਾ ਨੀ ਥੋਨੂੰ ਇਹ ਸਭ ਦੱਸ ਕੇ ਮੈਂ ਠੀਕ ਕੀਤਾ ਜਾਂ ਗ਼ਲਤ। ਪਰ ਮੈਂ ਇਸ ਗੱਲ ਦੀ ਜ਼ਿੰਮੇਵਾਰੀ ਕਿਸੇ ਹੋਰ ਦੇ ਸਾਹਮਣੇ ਨੀ ਲੈਣੀ। ਮੇਰੇ ਵਰਗੀ ਅਨਾਥ ਕੁੜੀ ਲਈ ਜ਼ਿੰਦਗੀ ਸੌਖੀ ਨੀਂ ਹੁੰਦੀ। ਤੁਸੀਂ ਸਮਝ ਸਕਦੇ ਓਂ, ਮੈਂ ਕੀ ਕਹਿ ਰਹੀ ਹਾਂ।' ਠੀਕ ਹੀ ਤਾਂ ਕਹਿ ਰਹੀ ਸੀ ਲੜਕੀ। ਉਸਦਾ ਡਰਨਾ ਅਸੁਭਾਵਿਕ ਨਹੀਂ ਸੀ।

'ਤੁਸੀਂ ਹੌਸਲਾ ਰੱਖੋ, ਇਹ ਨੌਬਤ ਨਹੀਂ ਆਏਗੀ। ਪਰ ਇਹ ਸਭ ਕੁਝ ਤੁਸੀਂ ਪਹਿਲਾਂ ਹੀ ਢਿੱਲੋਂ ਸਾਹਬ ਨੂੰ ਕਿਉਂ ਨਾ ਦੱਸਿਆ? ਜੇ ਤੁਸੀ ਪਹਿਲਾਂ ਹੀ ਉਨ੍ਹਾਂ ਨੂੰ ਦੱਸ ਦਿੰਦੇ, ਤਾਂ ਸ਼ਾਇਦ ਇਹ ਅਣਹੋਣੀ ਘਟਨਾ ਟਲ ਜਾਂਦੀ।'

'ਮੈਨੂੰ ਫੁੱਫੜ ਜੀ ਤੋਂ ਬਹੁਤ ਡਰ ਲੱਗਦਾ।' ਢਿੱਲੋਂ ਸਾਹਬ ਦੇ ਜ਼ਿਕਰ 'ਤੇ ਉਸਦੀਆਂ ਅੱਖਾਂ 'ਚ ਇੱਕ ਨਫ਼ਰਤ ਭਰੀ ਚਿੰਗਾਰੀ ਜਿਹੀ ਚਮਕੀ, 'ਨਾਲ਼ੇ ਰੂਪੀ ਨੇ ਵੀ ਤਾਂ ਮਨ੍ਹਾਂ ਕੀਤਾ ਸੀ। ਹੁਣ ਮੈਨੂੰ ਕੀ ਪਤਾ ਸੀ ਕਿ ਸੰਨੀ ਮਾਰ ਈ ਦਊ ਰੂਪੀ ਨੂੰ?'

'ਠੀਕ ਏ, ਅਫ਼ੇਅਰ ਦੀ ਗੱਲ ਲੁਕੋਣੀ ਤਾਂ ਸਮਝ ਆਉਂਦੀ ਏ। ਪਰ ਇਹ ਪਤਾ ਲੱਗਣ ਦੇ ਬਾਵਜੂਦ ਕਿ ਰੁਪਿੰਦਰ ਡਰੱਗਜ਼ ਲੈਣ ਲੱਗ ਪਈ ਸੀ, ਤੁਸੀਂ ਇਸ ਬਾਰੇ ਵੀ ਲਕੋ ਰੱਖਿਆ? ਇਹ ਤਾਂ ਬੜੀ ਗੰਭੀਰ ਗੱਲ ਸੀ। ਆਖ਼ਿਰ ਤੁਹਾਡੀ ਭੈਣ ਦੀ ਜ਼ਿੰਦਗੀ ਸਵਾਲ ਸੀ ਇਹ।'

'ਦੇਖੋ. ਮੈਂ ਜੋ ਦੱਸਣਾ ਸੀ, ਤੁਹਾਨੂੰ ਦੱਸ ਤਾ। ਹੁਣ ਮੈਂ ਘਰ ਜਾਣਾ, ਮੈਨੂੰ ਦੇਰ ਹੁੰਦੀ ਏ, ਫੁੱਫੜ ਜੀ ਗੁੱਸੇ ਹੋਣਗੇ।'

ਆਖ ਕੇ ਉਹ ਹੱਥ 'ਚ ਫੜੇ ਹਾਲੇ ਅਧੂਰੀ ਹੀ ਕੌਫ਼ੀ ਦੇ ਕੱਪ ਨੂੰ ਟੇਬਲ 'ਤੇ ਰੱਖ, ਅਚਾਨਕ ਉੱਠ ਖੜ੍ਹੀ ਹੋਈ।

'ਸਿੰਮੀ, ਕੌਫ਼ੀ ਤਾਂ ਪੂਰੀ ਕਰਕੇ ਜਾਓ, ਏਨੀ ਵੀ ਕੀ ਕਾਹਲ਼ੀ?'

ਪਰ ਤੇਜਵੀਰ ਦੀ ਗੱਲ ਦਾ ਜਵਾਬ ਦਿੱਤੇ ਬਿਨਾਂ ਹੀ, ਅਲਵਿਦਾ ਆਖੇ ਬਗੈਰ ਹੀ, ਉਹ ਦਰਵਾਜ਼ਿਓਂ ਪਾਰ ਹੋ ਗਈ। ਉਸਦੀ ਇਸ ਹਰਕਤ 'ਤੇ ਉਹ ਦੋਵੇਂ ਹੱਕੇ-ਬੱਕੇ ਰਹਿ ਗਏ।

'ਲੈ ਸਾਨੂੰ ਕੈਫ਼ੇਟੇਰੀਆ 'ਚ ਬੁਲਾ ਕੇ, ਆਪ ਅੱਧ ਵਿਚਾਲ਼ਿਓਂ ਉੱਠ ਕੇ ਤੁਰਦੀ ਬਣੀ, ਜਿਵੇਂ ਅੱਗ ਲੱਗੀ ਹੁੰਦੀ ਆ ਕਿਧਰੇ। ਨਾ ਜੇ ਕੌਫ਼ੀ ਨੀ ਸੀ ਪੀਣੀ ਤਾਂ ਐਥੇ ਦਾਣੇ ਚੱਬਣ ਨੂੰ ਬੁਲਾਇਆ ਸੀ? ਐਥੇ ਕਿਹੜੀ ਉਹਦੀ ਮਾਸੀ ਨੇ ਦਾਣੇ ਭੁੰਨਣ ਨੂੰ ਭੱਠੀ ਲਾਈ ਹੋਈ ਆ?' ਐਨੇ ਚਿਰ ਤੋਂ ਖ਼ਾਮੋਸ਼ ਬੈਠੇ ਗਗਨ ਦਾ ਤਵਾ ਸਟਾਰਟ ਹੋ ਗਿਆ ਸੀ।

' ਨਾ ਤੂੰ ਬੜਾ ਮਜਨੂੰ ਆਂਗੂੰ ਤੁਰੀ ਜਾਂਦੀ ਲੈਲਾ ਨੂੰ ਹਸਰਤ ਜਹੀ ਨਾਲ਼ ਦੇਖੀ ਜਾਂਦਾ ਸੀ? ਜੁੱਸਾ ਦੇਖਿਆ ਉਹਦਾ? ਕੁਅੰਟਲ ਤੋਂ ਉੱਪਰ ਤਾਂ ਵਜ਼ਨ ਹੋਣਾ ਲੈਲਾ ਸਿੰਘ ਜੀ ਮਹਾਰਾਜ ਦਾ। ਜੇ ਕਿਤੇ ਉੱਤੇ ਬਹਿ ਗੀ ਤੇਰੇ, ਤਾਂ ਪੱਟੂਆ ਸਾਹ ਨੀਂ ਆਉਣਾ ਦੂਜਾ। ਚਾਲ ਨੀਂ ਦੇਖੀ ਮਸਤਾਨੀ ਦੀ? ਇਉਂ ਚੌੜੀ ਹੋ ਕੇ ਤੁਰੀ ਜਾਂਦੀ ਸੀ, ਜਿਵੇਂ ਗਾਮੇ ਭਲਵਾਨ ਨਾਲ਼ ਸ਼ਰਤ ਲਾਈ ਹੋਵੇ, ਬਈ 'ਦੇਖਦੇ ਆਂ ਵੱਧ ਚੌੜਾ ਹੋ ਕੇ ਕੌਣ ਤੁਰਦਾ, ਚੱਲ ਲੱਗੀ ਪੰਜਾਂ-ਪੰਜਾਂ ਦੀ'। ਕੱਦ-ਕਾਠੀ ਦੇਖ, ਪੱਠੀ ਨੇ ਤਾਂ ਮੈਨੂੰ ਵੀ ਕੰਪਲੈਕਸ ਜਿਹਾ ਦੇ ਤਾ। ਤੇਰੇ ਅਰਗੇ ਦਾ ਤਾਂ ਤੇਜਵੀਰ ਸਿਆਂ ਅਗਲੀ ਬਾਲਾ ਕੱਢਕੇ ਰਿੰਗ 'ਤੋਂ ਬਾਹਰ ਮਾਰੇ। ਹਾਂ ਬਈ, 'ਆੱਲ ਰਾਊਂਡਰ' ਜੋ ਹੋਈ। ਨਾ ਕਿਸੇ ਐਂਗਲ ਤੋਂ ਲੱਗਦੀ ਆ ਬਈ ਜਨਾਨੀ ਜ਼ਾਤ ਆ ਇਹ? ਭਰਾਵਾ ਰੱਬ ਵੀ ਗ਼ਲਤੀ ਕਰ ਜਾਂਦਾ, ਅੱਜ ਅੱਖੀਂ ਦੇਖ ਲਿਆ।'

ਗਗਨ ਆਪਣੇ ਬੋਲਣ ਦਾ ਕੋਟਾ ਪੂਰਾ ਕਰਨ 'ਚ ਮਸ਼ਗ਼ੂਲ ਸੀ, ਪਰ ਤੇਜਵੀਰ ਉਸਨੂੰ ਸੁਣਨ ਦੀ ਬਜਾਏ ਬੜੀ ਗਹਿਰੀ ਸੋਚ ਵਿਚ ਡੁੱਬਿਆ ਪਿਆ ਸੀ।

'ਗਗਨ, ਥਿੰਦ ਸਾਹਬ ਨੂੰ ਫ਼ੌਰਨ ਸੂਚਿਤ ਕਰਨਾ ਚਾਹੀਦਾ ਏ। ਤੂੰ ਫ਼ੋਨ ਨੰਬਰ ਪਤਾ ਕਰ ਉਹਨਾਂ ਦਾ।' ਸੋਚ ਦੇ ਸਮੁੰਦਰ 'ਚੋਂ ਬਾਹਰ ਨਿਕਲਦਿਆਂ ਤੇਜਵੀਰ ਨੇ ਕਾਹਲ਼ ਜਿਹੀ ਦਰਸਾਉਂਦਿਆਂ ਆਖਿਆ।

'ਓ ਬਾਬਾ ਗੁਰੂ, ਕਿਉਂ ਕਾਹਲ਼ਾ ਪਈ ਜਾਨਾਂ ਗਗਨਜੀਤ ਸਿੰਘ ਤੂਰ ਦੇ ਹੁੰਦਿਆਂ-ਸੁੰਦਿਆਂ? ਆਉਣ ਲੱਗਿਆਂ ਨੰਬਰ ਲੈ ਲਿਆ ਸੀ ਮੈਂ।'

ਗਗਨ ਨੇ ਜੇਬ ਵਿੱਚੋਂ ਮੋਬਾਈਲ ਕੱਢਿਆ ਅਤੇ ਥਿੰਦ ਦਾ ਨੰਬਰ ਮਿਲਾ ਤੇਜਵੀਰ ਦੇ ਹਵਾਲੇ ਕਰ ਦਿੱਤਾ।

(ਚਲਦਾ)

# ਕਹਾਣੀ: ਆਪਣਾ ਆਪਣਾ ਹਿੱਸਾ



ਵਰਿਆਮ ਸਿੰਘ ਸੰਧੂ

ਮੱਝ ਨੂੰ ਬਾਹਰ ਕੱਢ ਕੇ, ਖੁਰਲੀ ਵਿਚ ਤੂੜੀ ਦਾ ਛਟਾਲਾ ਰਲਾਉਂਦਿਆ ਘੁੱਦੂ ਨੇ ਮੱਝ ਦੀਆਂ ਨਾਸਾਂ ਵਿਚੋਂ ਉਡਦੀ ਹਵਾੜ ਨੂੰ ਤੱਕਿਆ ਤੇ ਧਾਰ ਕੱਢਣ ਲਈ ਬਾਲਟੀ ਲਿਆਉਣ ਵਾਸਤੇ ਆਵਾਜ਼ ਦਿੱਤੀ। ਫਿਰ ਮੱਝ ਦੇ ਪਿੰਡੇ 'ਤੇ ਪਾਈ ਗੋਹੇ ਨਾਲ ਲਿੱਬੜੀ ਪਾਟੀ ਦਰੀ ਨੂੰ ਸੂਤ ਕੀਤਾ ਤੇ ਪਾਲੇ ਨਾਲ ਕੰਬਦੇ ਅੰਗਾਂ ਨੂੰ ਕਾਬੂ ਵਿਚ ਕਰਨ ਦੀ ਕੋਸ਼ਿਸ਼ ਕਰਦਾ ਧੁੰਦ ਵਿਚੋਂ ਦੂਰ ਚੜ੍ਹਦੇ ਸੂਰਜ ਵੱਲ ਵੇਖਣ ਲੱਗਾ। ਪਰ ਧੁੰਦ ਤਾਂ ਸੂਰਜ ਨੂੰ ਇੰਝ ਨੱਪ ਕੇ ਬੈਠੀ ਸੀ, ਜਿਵੇਂ ਕੋਈ ਤਕੜਾ ਭਲਵਾਨ ਮਾੜੇ ਭਲਵਾਨ ਦੀ ਗਿੱਚੀ 'ਤੇ ਗੋਡਾ ਦਿੱਤੀ ਬੈਠਾ ਹੋਵੇ। ਘੁੱਦੂ ਦਾ ਹੱਥ ਸਹਿਜੇ ਹੀ ਉਸ ਦੀ ਧੌਣ 'ਤੇ ਚਲਾ ਗਿਆ। ਕਈ ਸਾਲ ਪਹਿਲਾਂ ਭਲਵਾਨੀ ਕਰਦਿਆਂ, ਉਸ ਨੇ ਆਪਣੇ ਉਸਤਾਦ ਜਿੰਦੇ ਪੱਧਰੀ ਵਾਲੇ ਦੇ ਅਤੇ ਹੋਰ ਭਲਵਾਨਾਂ ਦੇ ਗੋਡਿਆਂ ਦੀ ਮਾਰ ਜ਼ੋਰ ਕਰਦਿਆਂ ਤੇ ਘੁਲਦਿਆਂ ਝੱਲੀ ਸੀ। ਉਂਝ ਵੀ ਉਸ ਦੀ ਵਿਸ਼ੇਸ਼ਤਾ ਢਾਹੁਣ ਨਾਲੋਂ ਢਹਿਣ ਵਿਚ ਸੀ। ਇਸੇ ਲਈ ਹੀ ਤਾਂ ਉਹਨਾਂ ਦੇ ਪਿੰਡ ਦੇ ਬਾਬੇ 'ਝਰਲ' ਨੇ ਉਹਨੂੰ ਮਖੌਲ ਨਾਲ ਕਿਹਾ ਸੀ, 'ਉਏ ਧਰਮਿਆ! ਭੈਣ ਦੇਣਿਆ ਕਿੱਡਾ ਤੇਰਾ ਸਰੀਰ ਆ। ਜੇ ਰੋਜ਼ ਢਹਿਣ ਦਾ ਹੀ ਕੰਮ ਫੜਨਾ ਸੀ ਤਾਂ ਏਦੂੰ ਚੰਗਾ ਸੀ ਕੰਜਰਾ! ਤੇਰੇ ਸਰੀਰ 'ਚੋਂ ਮੋਛੇ ਕਰਕੇ ਦੋ ਬੰਦੇ ਬਣ ਜਾਂਦੇ। ਇਕ ਹਲ਼ ਵਾਹਿਆ ਕਰਦਾ ਤੇ ਇਕ ਪੱਠੇ ਪਾਉਂਦਾ। ਰੱਬ ਵੀ ਸਹੁਰੇ ਨੂੰ ਟਕੇ ਦੀ ਅਕਲ ਨੀਂ ਅਤੇ ਸਾਰੇ ਭਰਾਵਾਂ 'ਚੋਂ ਛੋਟਾ ਧਰਮ 'ਘੁੱਦੂ' ਹੀ ਰਹਿ ਗਿਆ ਸੀ। ਹੁਣ ਉਹ ਨਾ ਭਲਵਾਨ ਸੀ ਤੇ ਨਾ ਹੀ ਧੌਣ ਤੇ ਕਿਸੇ ਗੋਡੇ ਦਾ ਡਰ। ਪਰ ਫਿਰ ਵੀ ਉਹਨੂੰ ਲੱਗਾ ਉਹਦੀ ਧੌਣ ਜਿਵੇਂ ਪੀੜ ਕਰਦੀ ਹੋਵੇ। ਉਸ ਦੀ ਧੌਣ 'ਤੇ ਇਹ ਕਿਸ ਦਾ ਗੋਡਾ ਸੀ।

ਮੱਝ ਚੋਣ ਲਈ ਭਾੜਾ ਤੇ ਬਾਲਟੀ ਲਈ ਆਉਂਦੀ ਭੈਣ ਬਚਨੋ, ਜਿਹੜੀ ਮਾਂ ਦੇ ਮਰਨ ਤੇ ਜਿਸ ਦਿਨ ਦੀ ਸਹੁਰਿਓਂ ਆਈ ਸੀ, ਇੱਥੇ ਹੀ ਸੀ- ਘੁੱਦੂ ਨੂੰ ਬਾਲਟੀ ਫੜਾ ਕੇ ਪੱਠਿਆਂ 'ਤੇ ਆਟਾ ਧੂੜਣ ਲੱਗੀ।

ਘੁੱਦੂ ਮੱਝ ਦੇ ਪਿੰਡੇ 'ਤੇ ਥਾਪੀ ਮਾਰ ਕੇ ਹੇਠਾਂ ਬਹਿ ਗਿਆ।

'ਹੈਂ ਵੀਰਾ ਵੇਖੇਂ ਨਾ, ਦੋਵੇਂ ਵੱਡੇ ਭਾਊ ਆਉਣ ਈ ਵਾਲੇ ਨੇ, ਵੱਡਾ ਭਾਊ ਰਾਤ ਦਾ ਕਰਮ ਸੂੰਹ ਕੋਲ ਅੱਡੇ ਤੇ ਆ ਗਿਆ ਹੋਣਾ ਵੇਖੇਂ ਨਾ ਤੂੰ ਜਿਹੜਾ ਸਾਬ੍ਹ ਕਤਾਬ ਬਣਦਾ ਉਹਨਾਂ ਨਾਲ ਨਬੇੜ ਲੈ ਵੇਖੇਂ ਨਾ, ਮਾਂ ਦਾ ਕੱਠ ਵੀ ਕਰਨਾ ਹੋਇਆ ਉਹਦੇ ਫੁੱਲ ਵੀ ਹਰਦਵਾਰ ਲੈ ਕੇ ਜਾਣੇ ਆਂ ਸਿਆਣਿਆਂ ਆਖਿਆ ਲੇਖਾ ਮਾਵਾਂ ਧੀਆਂ ਦਾ ਵੇਖੇਂ ਨਾ।'

ਘੁੱਦੂ ਨੂੰ ਬੜੀ ਖਿਝ ਆਈ। 'ਇਹ ਆਗੀ ਵੱਡੀ ਬੇਬੇ ਮਿਨੂੰ ਮੱਤਾਂ ਦੇਣ ਵਾਲੀ।'

ਉਹ ਆਪ ਤੋਂ ਛੋਟੀ ਬਚਨੋ ਬਾਰੇ ਸੋਚਦਾ ਜ਼ਹਿਰੀ ਥੁੱਕ ਅੰਦਰ ਲੰਘਾ ਗਿਆ, 'ਕੱਲ੍ਹ ਦੀ ਭੂਤਨੀ ..'

ਬਚਨੋ ਬੋਲੀ ਜਾ ਰਹੀ ਸੀ, 'ਵੇਖੇਂ ਨਾ ਮੈਨੂੰ ਪਤਾ ਤੇਰਾ ਹੱਥ ਤੰਗ ਆ, ਪਰ ਇਹ ਕੰਮ ਵੀ ਅਕਸਰ ਕਰਨੇ ਹੋਏ। ਮੈਂ ਤਾਂ ਵੱਡਿਆਂ ਨੂੰ ਵੀ ਆਖਿਆ ਸੀ ਤੁਾਡਾ ਸਰਦੈ, ਤੁਾਡਾ ਹੱਥ ਖੁੱਲ੍ਹੈ ..ਕੋਈ ਨੀਂ ..ਉਹ ਅੱਗੋਂ ਆਂਹਦੇ ਅਸੀਂ ਖਾਣ ਲਈ ਦਾਣੇ ਈ ਖੜਦੇ ਆਂ। ਜ਼ਮੀਨ ਵੀ ਇਹ ਮੁਖਤ 'ਚ ਵਾਹੀ ਜਾਂਦੈ ਵੇਖੇਂ ਨਾ, ਸਾਰੇ ਤੇਰੇ ਭਾਈਏ ਅਰਗੇ ਕਿਵੇਂ ਹੋ ਜਾਣ.. ਸਾਰੇ ਮੁਲਖ ਤੇ ਭੈਣਾਂ ਆਪਣਾ ਹਿੱਸਾ ਲਈ ਜਾਂਦੀਆਂ ਪਰ ਉਹਨੇ ਕਦੀ ਇਕ ਵਾਰ ਵੀ ਨਹੀਂ ਆਖਿਆ।'

ਘੁੱਦੂ ਜਿਵੇਂ ਗਲ ਵਿਚ ਡੱਕਾ ਦਿੱਤੀ ਬੈਠਾ ਸੀ, ਚੀਕ ਹੀ ਪਿਆ, 'ਓ ਤੂੰ ਵੀ ਲੈ ਜਾਹ ਤੇ ਉਹ ਵੀ ਲੈ ਜਾਣ..ਜ਼ਮੀਨ ਸਹੁਰੀ ਨੇ ਵਡਾ ਮੈਨੂੰ ਕਾਰੂੰ ਪਾਤਸ਼ਾਹ ਬਣਾ 'ਤਾ।'

ਉੱਚੀ ਚੀਕਵੀਂ ਆਵਾਜ਼ ਸੁਣ ਕੇ ਜ਼ੋਰ ਨਾਲ ਥਣ ਨੱਪਿਆ ਜਾਣ ਕਰਕੇ ਮੱਝ ਭੁੜ੍ਹਕ ਪਈ। ਘੁੱਦੂ ਪਿੱਛੇ ਨੂੰ ਡਿੱਗ ਪਿਆ। ਬਚਾਉਂਦਿਆਂ ਵੀ ਥੋੜ੍ਹਾ ਕੁ ਦੁੱਧ ਡੁੱਲ੍ਹ ਹੀ ਗਿਆ। ਉਸ ਉਠ ਕੇ ਫੌੜਾ ਚੁੱਕ ਲਿਆ ਤੇ ਮੱਝ 'ਤੇ 'ਕਾੜ੍ਹ, ਕਾੜ੍ਹ' ਵਰ੍ਹ ਪਿਆ।

'ਵੇਖੇਂ ਨਾ ਸਿੱਧਿਆਂ ਨੂੰ ਪੁੱਠਾ ਆਉਂਦੈ' ਬੁੜਬੁੜਾਉਂਦੀ ਬਚਨੋਂ 'ਭੂੰ ਭੂੰ' ਕਰਦੀ ਬਾਲਟੀ ਫੜ ਕੇ ਤੁਰ ਗਈ।

'ਇਹਨੇ ਬੇਜ਼ਬਾਨ ਨੇ ਤੇਰਾ ਕੀ ਵਿਗਾੜਿਆ?' ਚੌਂਕੇ 'ਚੋਂ ਉਠ ਕੇ ਘੁੱਦੂ ਦੀ ਪਤਨੀ ਰਤਨੀ ਚੀਕੀ,' ਹੋਰਨਾਂ ਦਾ ਸਾੜ ਵਿਚਾਰੇ ਪਸ਼ੂ ਤੇ ਕਿਓਂ ਕੱਢਦਾ ਫਿਰਦਾਂ।'

ਮੱਝ ਡਰ ਕੇ ਖੁਰਲੀ ਦੇ ਇਕ ਬੰਨੇ ਕੰਨ ਖੜੇ ਕਰਕੇ, ਡੈਂਬਰੀਆਂ ਅੱਖਾਂ ਨਾਲ 'ਖਿਮਾ ਯਾਚਨਾ' ਦੀ ਮੁਦਰਾ ਵਿਚ ਖੜੀ ਕੰਬੀ ਜਾ ਰਹੀ ਸੀ।

ਦੂਰੋਂ ਮੋਟਰ ਸਾਈਕਲ ਦੀ ਆਵਾਜ਼ ਸੁਣਾਈ ਦਿੱਤੀ। ਘੁੱਦੂ ਡੰਗਰਾਂ ਦੀਆਂ ਖੁਰਲੀਆਂ ਵਿਚ ਐਵੇਂ ਹੱਥ ਮਾਰਨ ਲੱਗ ਪਿਆ। ਕੁੱਤਿਆਂ ਦੇ ਭੌਂਕਣ ਦੇ ਨਾਲ -ਨਾਲ ਆਵਾਜ਼ ਨੇੜੇ ਆਉਂਦੀ ਗਈ ਤੇ ਥੋੜ੍ਹੀ ਦੇਰ ਬਾਅਦ ਮੋਟਰ ਸਾਈਕਲ ਉਹਨਾਂ ਦੇ ਦਰਵਾਜ਼ੇ ਅੱਗੇ ਆ ਖੜੋਤਾ। ਰਤਨੀ ਨੇ ਸਿਰ 'ਤੇ ਪੱਲਾ ਲੈਂਦਿਆਂ ਡਿਓਢੀ ਦਾ ਦਰਵਾਜ਼ਾ ਖੋਲ੍ਹਿਆ। ਉਹਦੇ ਦੋਵੇਂ ਜੇਠ ਸਵਰਨ ਸਿੰਘ ਤੇ ਕਰਮ ਸਿੰਘ ਸਨ। ਉਨ੍ਹਾਂ ਮੋਟਰ ਸਾਈਕਲ ਡਿਓਢੀ ਵਿਚੋਂ ਲੰਘਾ ਕੇ ਕੱਚੇ ਵਿਹੜੇ ਵਿਚ ਖੜ੍ਹਾ ਕਰ ਦਿੱਤਾ। ਵੱਡੇ ਸਵਰਨ ਸਿੰਘ ਨੇ ਆਪਣੀਆਂ ਅੱਖਾਂ ਤੋਂ ਐਨਕਾਂ ਲਾਹੀਆਂ, ਰੁਮਾਲ ਨਾਲ ਉਨ੍ਹਾਂ ਨੂੰ ਸਾਫ਼ ਕੀਤਾ ਤੇ ਫਿਰ ਦਸਤਾਨੇ ਪਹਿਨੇ ਹੱਥਾਂ ਨਾਲ ਓਵਰਕੋਟ ਤੋਂ ਸਿਲ੍ਹ ਨੂੰ ਪੂੰਝਦਾ ਡਿਓਢੀ ਵਿਚ ਪਏ ਆਪਣੇ ਪਿਓ ਬਿਸ਼ਨ ਸਿੰਘ ਦੇ ਬਿਸਤਰੇ ਵੱਲ ਵਧਿਆ। ਛੋਟੇ ਕਰਮ ਸਿੰਘ ਨੇ ਲੋਈ ਦੀ ਬੁੱਕਲ ਤੇ ਤਿੱਲੇ ਵਾਲੀ ਜੁੱਤੇ ਹੇਠਾਂ ਲੱਗਾ ਗੋਹਾ ਉਤਾਰਨ ਲਈ ਪੈਰ ਨੂੰ ਚੌਂਤਰੇ ਦੀ ਵੱਟ ਨਾਲ ਘਸਾਉਂਦਿਆਂ ਬਚਨੋ ਵੱਲ ਮੂੰਹ ਕੀਤਾ 'ਘੁੱਦੂ ਕਿਥੇ ਆ?'

ਬਚਨੋ ਨੇ ਬੁੱਕਲ 'ਚੋਂ ਬਾਂਹ ਕੱਢ ਕੇ ਡੰਗਰਾਂ ਵੱਲ ਕੀਤੀ, ਜਿਥੇ ਮੋਟਰ ਸਾਈਕਲ ਦੇ ਖੜਾਕ ਨਾਲ ਕਿੱਲਾ ਪੁਟਾ ਗਏ ਵਹਿੜਕੇ ਨੂੰ ਘੁੱਦੂ ਫੜ ਰਿਹਾ ਸੀ।

'ਓ ਆ ਭਈ ਭਲਵਾਨਾ, ਰਤਾ ਮਸ਼ਵਰਾ ਕਰ ਲੀਏ। ਭਾ ਜੀ ਹੁਰਾਂ ਤੋਂ ਵੀ ਰੋਜ ਰੋਜ ਨੂੰ ਛੁੱਟੀ ਨੀਂ ਆਇਆ ਜਾਂਦਾ.. ਮੈਨੂੰ ਵੀ ਸੌ ਕੰਮ ਰਹਿੰਦੇ ਨੇ.. ਨਾਲੇ ਬੁੱਢੜੀ ਦੇ ਫੁੱਲ ਜੇ ਤੂੰ ਜਾਣਾ ਤੂੰ ਸਹੀ ਤੇ ਜੇ ਮੈਂ ਜਾਣਾਂ ਤਾਂ ਸਹੀ .ਗੰਗਾ ਪਾ ਆਈਏ।'

'ਆਉਨਾਂ' ਘੁੱਦੂ ਨੇ ਬੇਪ੍ਰਵਾਹੀ ਨਾਲ ਜਵਾਬ ਦਿੱਤਾ ਤੇ ਪੁੱਟੇ ਹੋਏ ਕਿੱਲੇ ਨਾਲ ਬੱਝਾ ਵਹਿੜਕਾ ਦਾ ਰੱਸਾ ਖੋਲ੍ਹਦਾ ਆਪਣੇ ਮੁੰਡੇ ਨੂੰ ਕਹਿਣ ਲੱਗਾ, 'ਓ ਕਾਕੂ ਮੰਜਾ ਕੱਢ ਕੇ ਬਾਪੂ ਆਵਦੇ ਕੋਲ ਡਿਓਢੀ 'ਚ ਡਾਹ।'

ਇਸ ਤੋਂ ਪਹਿਲਾਂ ਕਿ ਕਾਕੂ ਮੰਜਾ ਲਿਆਉਂਦਾ, ਬੁੱਢੇ ਬਿਸ਼ਨ ਸਿੰਘ ਨੇ ਕਿਹਾ, 'ਕਾਕੂ ਖੁਰਸੀ ਲੈ ਆ' ਤੇ ਉਹ ਸਿੱਧਾ ਹੋ ਕੇ ਇਕ ਪਾਸੇ ਨੂੰ ਖਿਸਕ ਕੇ ਬੈਠ ਗਿਆ ਤੇ ਸਵਰਨ ਸਿੰਘ ਲਈ 'ਓਨਾ ਚਿਰ' ਬੈਠਣ ਲਈ ਮੰਜੀ ਤੇ ਥਾਂ ਖਾਲੀ ਕਰ ਦਿੱਤੀ। ਪਰ ਸਵਰਨ ਸਿੰਘ ਪੱਗ ਦਾ ਪੱਲਾ ਠੀਕ ਕਰਦਾ ਮੰਜੀ ਲਾਗੇ ਦਾੜ੍ਹੀ ਪਲੋਸਣ ਲੱਗਾ।

ਸਵਰਨ ਸਿੰਘ ਤਿੰਨਾਂ ਭਰਾਵਾਂ 'ਚੋਂ ਸਭ ਤੋਂ ਵੱਡਾ ਤੇ ਪੜ੍ਹਿਆ ਲਿਖਿਆ ਸੀ। ਆਪਣੀ ਹਿੰਮਤ ਨਾਲ ਪੜ੍ਹ ਕੇ ਉਹ ਓਵਰਸੀਅਰ ਲੱਗ ਗਿਆ ਸੀ ਤੇ ਚੰਗੀ 'ਕਮਾਈ' ਕਰਦਾ ਸੀ। ਉਹ ਸ਼ਹਿਰ ਹੀ ਕੋਠੀ ਪਾ ਕੇ ਰਹਿ ਰਿਹਾ ਸੀ। ਇਕੋ ਇਕ ਧੀ ਉਸ ਨੇ ਚੰਗੇ ਘਰ ਵਿਆਹ ਲਈ ਸੀ। ਦੋਵੇਂ ਮੁੰਡੇ ਵੀ ਚੰਗੀਆਂ ਨੌਕਰੀਆਂ ਤੇ ਲੱਗੇ ਹੋਏ ਸਨ। ਚੰਗੇ ਤੇ ਵੱਡੇ ਲੋਕਾਂ ਨਾਲ ਉਹਦਾ ਸੰਪਰਕ ਸੀ, ਲੈਣ ਦੇਣ ਸੀ, ਮਿਲਵਰਤਣ ਸੀ। ਉਹਦਾ ਇਕ ਆਪਣਾ ਹੀ ਵਿਸ਼ੇਸ਼ ਦਾਇਰਾ ਬਣ ਚੁੱਕਾ ਸੀ। ਪਿੰਡ ਉਸ ਦਾ ਆਉਣ ਜਾਣ ਘੱਟ ਹੀ ਸੀ। ਜਿਹੜੀ ਦੋ - ਢਾਈ ਕਿੱਲੇ ਜ਼ਮੀਨ ਉਸ ਦੇ ਹਿੱਸੇ ਆਉਂਦੀ ਸੀ, ਉਹ ਘੁੱਦੂ ਹੀ ਵਾਹੁੰਦਾ ਸੀ ਤੇ ਉਹ ਬਕੌਲ ਉਸ ਦੇ, 'ਖਾਣ ਲਈ ਸਾਲ ਦੇ ਦਾਣੇ ਹੀ ਖੜਦਾ ਸੀ।' ਆਪਣੇ ਅੰਗਾਂ-ਸਾਕਾਂ ਤੇ ਯਾਰਾਂ-ਦੋਸਤਾਂ ਵਿਚ ਉਹ ਇਹੋ ਹੀ ਕਹਿੰਦਾ ਕਿ ਉਸ ਨੇ ਜ਼ਮੀਨ ਘੁੱਦੂ ਨੂੰ ਮੁਫ਼ਤ ਹੀ ਦਿੱਤੀ ਹੋਈ ਹੈ।

ਕਾਕੂ ਕੁਰਸੀ ਲੈ ਆਇਆ। ਲੋਹੇ ਦੀ ਇਹ ਇਕੋ ਕੁਰਸੀ ਬੜੇ ਸਾਲਾਂ ਤੋਂ ਉਨ੍ਹਾਂ ਦੇ ਘਰ ਸੀ। 'ਪੁੱਤ, ਖੁਰਸੀ ਤੇ ਕੱਪੜਾ ਫੇਰ ਲੈ ਜ਼ਰਾ' ਬੁੱਢੜੇ ਬਿਸ਼ਨ ਸਿੰਘ ਨੇ ਆਪਣੀ ਉੱਡੇ ਰੰਗ ਵਾਲੀ, ਖੱਦਰ ਦੇ ਅਮਰੇ ਦੀ ਰਜਾਈ ਨੂੰ ਠੀਕ ਕੀਤਾ ਤੇ ਆਪਣੇ ਕੇਸਾਂ ਦੀ ਜਟੂਰੀ ਕਰਕੇ ਕੰਬਦੇ ਹੱਥਾਂ ਨਾਲ ਮੈਲੀ ਪੱਗ ਸਿਰ 'ਤੇ ਲਪੇਟਣ ਲੱਗਾ। ਬਿਸ਼ਨ ਸਿੰਘ ਜਦੋਂ ਵੀ ਸਵਰਨ ਸਿੰਘ ਦੇ ਸਾਹਮਣੇ ਹੁੰਦਾ ਸੀ, ਉਹਦੀ ਅਵਸਥਾ ਇੰਝ ਹੀ ਹੁੰਦੀ ਜਿਵੇਂ ਕੋਈ ਜੱਟ ਤਹਿਸੀਲਦਾਰ ਦੇ ਸਾਹਮਣੇ ਖੜਾ ਹੋਵੇ। ਉਹ ਉਸ ਨੂੰ ਕਿਸੇ ਹੋਰ ਹੀ ਮਿੱਟੀ ਦਾ ਬਣਿਆ ਲੱਗਦਾ, ਜਿਹੜੀ ਡਾਢੀ ਸਾਫ਼ ਵਧੀਆ ਤੇ ਚੀਕਣੀ ਹੋਵੇ। ਜਿਸਦੇ ਖ਼ਬਰੇ ਗੁੱਡੀਆਂ ਤੇ ਬਾਵੇ ਬਣਦੇ ਹਨ। ਸਵਰਨ ਦੇ ਰਹਿਣ ਸਹਿਣ ਤੇ ਉਸ ਦੀ ਪੋਚਾ - ਪੋਚੀ ਦੇ ਸਾਹਮਣੇ ਉਹ ਆਪਣੇ ਆਪ ਨੂੰ ਡਾਢਾ ਖੁਰਦਰਾ ਜਿਹਾ ਮਹਿਸੂਸ ਕਰਦਾ। ਇਸ ਲਈ ਸ਼ਹਿਰ ਜਾ ਕੇ ਉਹ ਕਦੀ ਵੀ ਸਵਰਨ ਦੇ ਘਰ ਦੇ ਕੂਲੇ ਜਿਹੇ ਮਾਹੌਲ ਵਿਚ ਬਹੁਤੀ ਦੇਰ ਨਹੀਂ ਸੀ ਟਿਕ ਸਕਿਆ। ਉਸ ਨੂੰ ਲੱਗਦਾ, ਜਿਵੇਂ ਉਹਦੇ ਪੈਰ ਉਸ ਘਰ ਵਿਚ ਠੀਕ ਤਰ੍ਹਾਂ ਨਾ ਉਠ ਰਹੇ ਹੋਣ। ਉਹਦੀ ਨੂੰਹ ਤੇ ਪੋਤਰੇ ਪੋਤਰੀਆਂ ਉਹਨੂੰ ਜਿਵੇਂ ਘੂਰ ਘੂਰ ਵੇਖਦੇ ਹੋਣ। ਉਹਨੂੰ ਲੱਗਦਾ ਜਿਵੇਂ ਕੋਈ ਮਿੱਟੀ ਦੇ ਘੁਰਨਿਆਂ ਵਿਚ ਖੇਡਦੇ ਸਹੇ ਨੂੰ ਸੰਗਮਰਮਰ ਦੀ ਗੁਫਾ ਵਿਚ ਛੱਡ ਆਇਆ ਹੋਵੇ।

ਕਾਕੂ ਨੇ ਕੁਰਸੀ ਸਾਫ਼ ਕਰ ਦਿੱਤੀ। ਬਿਸ਼ਨ ਸਿੰਘ ਸਵਰਨ ਨੂੰ ਇਕ-ਵਚਨ ਜਾਂ ਬਹੁ-ਵਚਨ ਵਿਚ ਸੰਬੋਧਨ ਕਰਨ ਦੀ ਦੋ - ਚਿੱਤੀ ਵਿਚ ਹੀ ਸੀ ਕਿ ਸਵਰਨ ਕੁਰਸੀ 'ਤੇ ਬੈਠ ਗਿਆ।

ਅਜਿਹੇ ਸਮੇਂ ਬਿਸ਼ਨ ਸਿੰਘ ਕਈ ਵਾਰ ਆਪਣੇ ਆਪ 'ਚ ਡਾਢਾ ਕੱਚਾ ਜਿਹਾ ਹੁੰਦਾ। ਉਹਦਾ ਆਪਣਾ ਆਪ ਹੁੰਗਾਰਾ ਉਠਦਾ, 'ਇਹ ਕਿਹੜਾ ਵੈਸਰਾਏ ਦਾ ਬੀ ਐ ਮੇਰਾ ਮੁੰਡਾ ਈ ਐ ਮੈਂ ਕਿਓਂ?'

ਕਰਮ ਸਿੰਘ ਆਪ ਹੀ ਮੰਜਾ ਚੁੱਕ ਕੇ ਡਿਓਢੀ ਵਿਚ ਲੈ ਆਇਆ। ਉਹ ਘੁੱਦੂ ਤੋਂ ਦੋ ਸਾਲ ਵੱਡਾ ਸੀ। ਪੜ੍ਹਾਈ ਵਲੋਂ ਲਾਪ੍ਰਵਾਹ ਤੇ ਸ਼ਰਾਰਤਾਂ 'ਚ ਨੰਬਰ ਇਕ। ਉਹ ਸੰਤੀ ਮਹਿਰੀ ਦੇ ਬਾਲਣ ਵਿਚ ਬਸਤਾ ਲੁਕਾ ਕੇ ਹਾਣੀਆਂ ਨਾਲ ਖਿਦੋ-ਖੂੰਡੀ ਖੇਡਣ ਨਿਕਲ ਜਾਂਦਾ ਤੇ ਛੁੱਟੀ ਹੋਣ ਸਮੇਂ ਬਸਤਾ ਚੁੱਕ ਘਰ ਜਾ ਵੜਦਾ। ਛੋਟਾ ਹੋਣ ਕਰਕੇ ਘੁੱਦੂ ਉਹਦੇ ਨਾਲ ਰਹਿੰਦਾ। ਇੱਕਠੇ ਹੀ ਉਹ ਸਕੂਲ ਗਏ ਤੇ ਇੱਕਠੇ ਹੀ ਪੜ੍ਹਾਈ ਛੱਡ ਕੇ ਉਹ ਘਰ ਦੇ ਕੰਮ ਵਿਚ ਪਿਓ ਦੀ ਮਦਦ ਕਰਾਉਣ ਲੱਗ ਪਏ।

ਜਵਾਨੀ ਚੜ੍ਹਦਿਆਂ ਹੀ ਕਰਮਾ ਤਾਂ ਪਾਂਡੀ ਬਣ ਕੇ ਸਮਗਲਿੰਗ ਦਾ ਮਾਲ ਢੋਣ ਲੱਗ ਪਿਆ ਤੇ ਘੁੱਦੂ ਜਿਸਮ ਦਾ ਤਾਜ਼ਾ ਤੇ ਹੱਡਾਂ ਪੈਰਾਂ ਦਾ ਖੁਲ੍ਹਾ ਹੋਣ ਕਰਕੇ ਭਲਵਾਨੀ। ਕਰਮੇ ਦਾ ਪਾਂਡੀ ਹੋਣਾ ਤਾਂ ਸੁਕਾਰਥੇ ਆਇਆ। ਹੌਲੀ ਹੌਲੀ ਉਹਨੇ ਬਲੈਕ ਦੇ ਮਾਲ ਵਿਚ ਆਪਣਾ ਹਿੱਸਾ-ਪੱਤੀ ਰੱਖਣਾ ਸ਼ੁਰੂ ਕਰ ਦਿੱਤਾ। ਅੱਜ ਹੋਰ-ਕੱਲ੍ਹ ਹੋਰ। ਤੇ ਕਰਮਾ ਵੀ ਲਾਗਲੇ ਕਸਬੇ ਦੇ ਚੌਂਕ ਵਿਚ ਆਪਣਾ ਮਕਾਨ ਬਣਵਾ ਕੇ ਠਾਠ ਨਾਲ ਰਹਿ ਰਿਹਾ ਸੀ। ਡੇਅਰੀ ਤੇ ਮੁਰਗੀ– ਖਾਨਾ ਖੋਲ੍ਹ ਰੱਖਿਆ ਸੀ। ਉਹਦੇ ਘਰ ਪੂਰੀ ਲਹਿਰ ਬਹਿਰ ਸੀ।



ਤੇ ਭਲਵਾਨੀ ਕਰਦਾ ਕਰਦਾ ਧਰਮ ਸਿੰਘ ਘੁੱਦੂ ਦਾ ਘੁੱਦੂ ਹੀ ਰਹਿ ਗਿਆ ਸੀ। ਪਿਓ ਵਾਲੀ ਹਲ ਤੇ ਜੰਘੀ ਉਸ ਦੇ ਹੱਥ ਵਿਚ ਸੀ। ਬਾਬੇ 'ਝਰਲ' ਨੇ ਭਾਵੇਂ ਮਖੌਲ ਵਿਚ ਹੀ ਉਹਦੇ ਦੋ ਬੰਦੇ ਬਣ ਜਾਣ, ਇਕ ਦੇ ਹਲ ਵਾਹੁਣ ਦੂਜੇ ਦੇ ਪੱਠੇ ਪਾਉਣ ਦੀ ਗੱਲ ਕੀਤੀ ਸੀ- ਪਰ ਘੁੱਦੂ ਸੱਚੀਂ ਹੀ ਵਾਹੀ ਵਿਚ ਦੂਣੇ ਜ਼ੋਰ ਨਾਲ ਲੱਗਾ ਰਿਹਾ ਸੀ। ਉਹ ਆਪਣੇ ਵੱਲੋਂ ਤਾਂ ਤੇਜ਼ ਦੌੜਨ ਦਾ ਬਹੁਤ ਯਤਨ ਕਰਦਾ, ਪਰ ਸੁਪਨੇ ਵਿਚ ਡਰ ਕੇ ਭੱਜਣ ਵਾਲਿਆਂ ਵਾਂਗ, ਉਸ ਦਾ ਹਰ ਚੁੱਕਿਆ ਪੈਰ ਅੱਗੇ ਧਰੇ ਜਾਣ ਦਾ ਨਾਂ ਹੀ ਨਹੀਂ ਸੀ ਲੈਂਦਾ। ਜਿਵੇਂ ਕੋਈ ਗੈਬੀ ਸ਼ਕਤੀ ਉਹਦੇ ਲੱਕ ਨੂੰ ਜੱਫਾ ਮਾਰੀ ਪਿਛਾਂਹ ਖਿੱਚੀ ਲਿਜਾ ਰਹੀ ਸੀ।

ਵਹਿੜਕੇ ਦਾ ਕਿੱਲਾ ਗੱਡਦਿਆਂ ਘੁੱਦੂ ਜਿਓਂ ਹੀ ਕਿੱਲੇ ਨੂੰ ਸੱਟ ਮਾਰ ਰਿਹਾ ਸੀ ਉਹਨੂੰ ਲੱਗ ਰਿਹਾ ਸੀ ਜਿਵੇਂ ਇਹ ਸੱਟ ਉਹਦੇ ਆਪਣੇ ਸਿਰ ਵਿਚ ਵੱਜੀ ਹੋਵੇ ਅਤੇ ਉਹ ਹਰ ਸੱਟ ਨਾਲ ਹੀ ਧਰਤੀ ਦੇ ਅੰਦਰ ਨਿਘਰਦਾ ਜਾ ਰਿਹਾ ਹੋਵੇ। ਮਨ ਹੀ ਮਨ ਉਹ ਦੋਹਾਂ ਭਰਾਵਾਂ ਬਾਰੇ ਸੋਚ ਕੇ ਉਹ ਝੁੰਜਲਾ ਉਠਿਆ ਤੇ ਤੀਜੀ ਭੈਣ ਬਚਨੋ, ਉਫ, ਇਹ ਕੇਹੇ ਰਿਸ਼ਤੇ ਸਨ।

ਵੱਡੇ ਤੇ ਉਸ ਨੂੰ ਖਿਝ ਸੀ ਕਿ ਉਹ ਅੰਗਾਂ-ਸਾਕਾਂ ਦੇ ਸਾਹਮਣੇ ਉਹ ਘੁੱਦੂ ਨੂੰ ਯਤੀਮ ਜਿਹਾ ਬਣਾ ਕੇ ਪੇਸ਼ ਕਰਦਾ ਸੀ। ਦਾਣੇ ਲਿਜਾ ਕੇ ਵੀ ਜ਼ਮੀਨ ਬਾਰੇ ਇੰਝ ਕਹਿੰਦਾ ਸੀ, ਜਿਵੇਂ ਘੁੱਦੂ ਨੂੰ ਦਾਨ ਕਰ ਦਿੱਤੀ ਹੋਵੇ। ਜ਼ਮੀਨ ਘੁੱਦੂ ਤੋਂ ਛੱਡੀ ਨਹੀਂ ਸੀ ਜਾਂਦੀ ਜਾਂ ਛੱਡਿਆਂ ਉਸ ਦਾ ਗੁਜ਼ਾਰਾ ਨਹੀਂ ਸੀ ਹੁੰਦਾ। ਪਰ ਏਦਾਂ 'ਮੁਫਤ ਦੇ ਅਹਿਸਾਨ' ਹੇਠਾਂ ਉਸ ਤੋਂ ਦਬਿਆ ਵੀ ਨਹੀਂ ਸੀ ਜਾਂਦਾ। ਤੇ ਕਰਮ ਸਿੰਘ ਤਾਂ ਬਰਾਬਰ ਦਾ ਹਿੱਸਾ ਵੀ ਵੰਡ ਕੇ ਲੈ ਜਾਂਦਾ ਸੀ, ਪਰ ਇਹ ਵੀ ਇਤਰਾਜ਼ ਕਰਦਾ ਸੀ ਕਿ ਘੁੱਦੂ ਦੇ ਹੱਥਾਂ ਵਿਚ ਬਰਕਤ ਨਹੀਂ। ਉਹਨੂੰ ਹਿੱਸੇ ਵਿਚੋਂ ਕੁਝ ਨਹੀਂ ਬਚਦਾ। ਅਜੇ ਕੱਲ੍ਹ ਮਾਂ ਦੇ ਫੁੱਲ ਚੁਣਦਿਆਂ ਉਹ ਆਪਣੇ ਭਣਵੱਈਏ ਨੂੰ ਕਹਿ ਰਿਹਾ ਸੀ,' ਭਾਈਆ, ਐਤਕੀਂ ਮੇਰੀ ਸਲਾਹ ਏ ਪਿੰਡ ਆਲੀ ਦੋ ਕਿੱਲੇ ਆਪ ਹੀ ਟਰੈਕਟਰ ਨਾਲ ਵਾਹ ਕੇ ਮੱਝਾਂ ਲਈ ਪੱਠੇ ਨਾ ਬੀਜ ਛੱਡਾਂ? ਇਸ 'ਚੋਂ ਬਚਦਾ ਬਚਾਉਂਦਾ ਤਾਂ ਅੱਗੇ ਕੁਛ ਨ੍ਹੀ।'

'ਮਾੜੀ ਗੱਲ ਨ੍ਹੀਂ ਮਾੜੀ ਗੱਲ ਨੀਂ ਚੰਗਾ ਰਹੇਗਾ।' ਬਚਨੋਂ ਦੇ ਘਰ ਵਾਲਾ ਬੋਲਿਆ ਸੀ।

ਘੁੱਦੂ ਨੂੰ ਪਤਾ ਸੀ ਕਿ ਉਹ ਉਸ ਨੂੰ ਸੁਣਾ ਕੇ ਗੱਲਾਂ ਕਰ ਰਹੇ ਹਨ। ਉਹ ਅੰਦਰੋਂ ਅੰਦਰ ਭਰਿਆ ਪੀਤਾ ਬੈਠਾ ਸੀ। ਬੋਲਿਆ ਕੁਝ ਨਹੀਂ। ਜ਼ਮੀਨ ਤਾਂ ਅੱਗੇ ਹੀ ਥੋੜ੍ਹੀ ਸੀ, ਜੋ ਇਹ ਦੋ ਕਿੱਲੇ ਵੀ ਹੱਲ ਹੇਠੋਂ ਨਿਕਲ ਗਈ? ਉਸ ਨੂੰ ਫਿਕਰ ਸੀ ਆਪ ਤਾਂ ਉਹ ਗੱਲ ਕਰਨੋਂ ਝਿਜਕਦਾ ਸੀ। ਲਾ ਪਾ ਕੇ ਵਿਚਲਾ ਬੰਦਾ ਭੈਣ-ਭਣਵੱਈਆ ਸੀ ਜਾਂ ਪਿਓ, ਜਿਨ੍ਹਾਂ ਨੂੰ ਉਹ ਆਪਣਾ ਦੁੱਖ ਦੱਸ ਸਕਦਾ ਸੀ। ਉਨ੍ਹਾਂ ਦੀ ਮੱਦਦ ਮੰਗ ਸਕਦਾ ਸੀ। ਪਰ ਭਣਵੱਈਆ ਤਾਂ ਉਸ ਦੇ ਸਾਹਮਣੇ ਕਰਮ ਸਿੰਘ ਨੂੰ ਜ਼ਮੀਨ ਛੁਡਾ ਲੈਣ ਲਈ ਕਹਿ ਰਿਹਾ ਸੀ। ਤੇ ਭੈਣ ਬਚਨੋਂ ਨੇ ਉਸ ਦੀ ਮੱਦਦ ਕੀ ਕਰਨੀ ਸੀ। ਉਸ ਨੂੰ ਤਾਂ ਅੱਗੇ ਹੀ ਇਤਰਾਜ਼ ਰਹਿੰਦਾ ਸੀ ਕਿ ਵੱਡੇ ਭਰਾ-ਭਰਜਾਈ ਉਸ ਨਾਲ ਚੰਗਾ ਵਰਤਦੇ ਸਨ। ਉਸ ਨਾਲ ਦੁੱਖ - ਸੁੱਖ ਵੰਡਾਉਣ ਆਉਂਦੇ ਜਾਂਦੇ ਸਨ। ਔਖੇ ਸੌਖੇ ਵੇਲੇ ਕੰਮ ਵੀ ਆਉਂਦੇ ਸਨ। ਸਾਲ ਛਿਮਾਹੀ ਸੂਟ ਵੀ ਬਣਾ ਦਿੰਦੇ ਸਨ। ਪਰ ਘੁੱਦੂ ਸੀ ਔਖੇ ਵੇਲੇ ਤਾਂ ਮੱਦਦ ਤਾਂ ਕੀ ਕਰਨੀ ਸੀ ਉਹਨੂੰ ਮਿਲਣ ਤਾਂ ਕੀ ਜਾਣਾ, ਜੇ ਕਿਧਰੇ ਸਾਲ ਛਿਮਾਹੀ ਉਹਦਾ ਮੁੰਡਾ ਆ ਗਿਆ ਤਾਂ ਉਸ ਬਾਰੇ ਕਹਿੰਦੀ : 'ਹਾਇਆ, ਏਨਾ ਨਮੋਹਾ, ਮੁੰਡਾ ਹੋਣ ਤੇ ਉਹੋ ਜਿਹੜੇ ਚਾਰ ਪਰੋਲੇ ਜਿਹੇ ਦਿੱਤੇ ਸੀ ਬੱਸ, ਮੇਰੀ ਜ਼ਬਾਨ ਸੜ ਜੇ, ਜੇ ਕਿਤੇ ਮੁੰਡੇ ਨੂੰ ਦੋ ਟਾਕੀਆਂ ਬਣਾ ਕੇ ਦਿੱਤੀਆਂ ਹੋਣ ਜਾਂ ਛਿਲੜ ਹੀ ਹੱਥ ਤੇ ਰੱਖਿਆ ਹੋਵੇ। ਵੇਖੋ ਨਾ ਅਸੀਂ ਕਿਤੇ ਇਹਦੇ ਪੈਸੇ ਲੀੜਿਆਂ ਤੇ ਤਾਂ ਨੀਂ ਬੈਠੇ ਪਰ ਫਿਰ ਵੀ ਭੈਣ- ਭਰਾ ਦਾ ਹੰਮਾ ਹੁੰਦਾ ਵੇਖੇਂ ਨਾ 'ਤੇ ਉਹ ਅੱਖਾਂ ਤੇ ਚੁੰਨੀ ਫੇਰਨ ਲੱਗ ਪੈਂਦੀ।

ਘੁੱਦੂ ਬਚਨੋਂ 'ਤੇ ਅੰਦਰੋਂ ਅੰਦਰ ਭੁੱਜਿਆ ਪਿਆ ਸੀ। ਉਸ ਦਿਨ ਮਾਂ ਦਾ ਸਸਕਾਰ ਕਰਨ ਤੋਂ ਪਹਿਲਾਂ ਇਸ਼ਨਾਨ ਕਰਾਉਣ ਵੇਲੇ ਮਾਂ ਦੇ ਕੰਨਾਂ ਵਿਚ ਪਈਆਂ ਸੋਨੇ ਦੀਆਂ ਵਾਲੀਆਂ ਲਾਹ ਕੇ ਵਿਚਕਾਰਲੀ ਭਰਜਾਈ ਨੂੰ ਫੜਾ ਦਿੱਤੀਆਂ। ਉਹ ਜਿਵੇਂ ਵਾਲੀਆਂ ਤੇ ਲੱਤ ਫੇਰਦੀ ਰਹੀ ਸੀ। ਇਕ ਪਲ ਉਹਨੂੰ ਮਾਂ ਤੇ ਖਿਝ ਵੀ ਆਈ। ਪਰ ਫਿਰ ਮਾਂ ਦਾ ਝੁਰੜੀਆਂ ਭਰਿਆ ਚਿਹਰਾ ਤੇ ਡੂੰਘੀਆਂ ਚਮਕਦੀਆਂ ਅੱਖਾਂ ਯਾਦ ਆਉਣ ਤੇ ਉਹ ਮਾਂ ਦੇ ਪਿਆਰ ਵਿਚ ਭਿੱਜ ਗਿਆ। ਇਕੋ ਮਾਂ ਹੀ ਸੀ, ਜਿਸ ਨੇ ਉਹਨੂੰ ਅੰਤਾਂ ਦਾ ਪਿਆਰ ਕੀਤਾ ਸੀ। ਸਦਾ ਉਹਦੇ ਹੱਕ ਵਿਚ ਡੱਟ ਕੇ ਬੋਲੀ ਸੀ। ਜਿਹੜੀ ਗੱਲ, ਜਿਹੜੀ ਭਾਸ਼ਾ ਵਿਚ ਜਿੰਨੇ ਜ਼ੋਰ ਉਹ ਕਹਿਣਾ ਚਾਹੁੰਦਾ ਹੁੰਦਾ, ਉਹਦੀ ਮਾਂ ਉਹ ਗੱਲ ਉਸ ਨਾਲੋਂ ਜ਼ੋਰਦਾਰ ਅੰਦਾਜ਼ ਵਿਚ ਕਿਹਾ ਕਰਦੀ। ਉਹੋ ਹੀ ਸੀ; ਜਿਹੜੀ ਘੁੱਦੂ ਬਾਰੇ ਕਹਿੰਦੀ ਸੀ, 'ਇਹ ਤਾਂ ਮੇਰਾ ਲੋਲ੍ਹੜ ਪੁੱਤ ਏ, ਭੋਲਾ ਭਾਲਾ, ਸ਼ਿਵਾਂ ਵਰਗਾ.. ਤੁਸੀਂ ਤਾਂ ਸਭ ਕਾਂਟੇ ਓ।'

ਘੁੱਦੂ ਨੂੰ ਅਫ਼ਸੋਸ ਸੀ ਕਿ ਉਹ ਮਰਦੀ ਹੋਈ ਮਾਂ ਦੇ ਕੋਲ ਨਹੀਂ ਸੀ। ਸਾਰੀ ਉਮਰ ਮਾਂ ਉਹਦੇ ਕੋਲ ਰਹੀ ਪਰ ਮਰਨ ਸਮੇਂ ਉਸ ਕੋਲੋਂ ਚਲੀ ਗਈ। ਦੋ ਮਹੀਨੇ ਹੋਏ ਉਸ ਨੂੰ ਅਚਾਨਕ ਬੁੱਲਾ ਵੱਜ ਗਿਆ ਤੇ ਪਾਸਾ ਮਾਰਿਆ ਗਿਆ।

ਸਵਰਨ ਸਿੰਘ ਮਾਂ ਦਾ ਪਤਾ ਕਰਨ ਆਇਆ ਤਾਂ ਉਹ ਮਾਂ ਦੇ ਵਰਜਦਿਆਂ ਵੀ ਉਸ ਨੂੰ ਆਪਣੇ ਨਾਲ ਸ਼ਹਿਰ ਲੈ ਗਿਆ ਤਾਂ ਕਿ ਉਸ ਨੂੰ ਵੱਡੇ ਹਸਪਤਾਲ ਵਿਚ ਦਾਖਲ ਕਰਵਾ ਕੇ ਇਲਾਜ ਕਰਵਾ ਸਕੇ।

ਲਗਪਗ ਡੇਢ ਮਹੀਨਾ ਇਲਾਜ ਚਲਦਾ ਰਿਹਾ, ਪਰ ਬੁੱਢੜਾ ਤੇ ਕਮਜ਼ੋਰ ਸਰੀਰ ਬੀਮਾਰੀ ਦੀ ਮਾਰ ਨਾ ਝੱਲ ਸਕਿਆ। ਤੇ ਰਹਿ ਗਿਆ ਸੀ ਬਾਕੀ ਬੁੱਢੜਾ ਬਿਸ਼ਨ ਸਿੰਘ। ਜਿਹੜਾ ਉਸ ਦੀਆਂ ਔਖਿਆਈਆਂ ਨੂੰ ਸਮਝਦਾ ਸੀ। ਉਸ ਦੀ ਤੰਗੀ, ਜਿਸ ਦੀ ਆਪਣੀ ਤੰਗੀ ਸੀ। ਉਸ ਨੇ ਆਪ ਜੁ ਸਾਰੀ ਉਮਰ ਕਿਸਾਨ ਦੀ ਜੂਨ ਭੋਗੀ ਸੀ। ਪਰ ਉਹ ਵਿਚਾਰਾ ਏਨਾ ਨਿਰਮਾਣ ਤੇ ਦੱਬੂ ਜੱਟ ਸੀ ਜਾਂ ਇੰਜ ਕਹਿ ਲਈਏ ਕਿ ਉਹਦੇ ਵੱਡੇ ਪੁੱਤਾਂ ਦੇ ਪੈਸੇ ਦਾ ਜਬ੍ਹਾ ਉਸ ਤੇ ਕੁਝ ਇੰਝ ਬੈਠਾ ਸੀ ਕਿ ਉਹ ਉਭਾਸਰ ਕੇ ਕੋਈ ਗੱਲ ਉਹਨਾਂ ਨੂੰ ਕਹਿ ਹੀ ਨਹੀਂ ਸਕਦਾ।

(ਬਾਕੀ ਸਫ਼ਾ 31 'ਤੇ)

# ਕਾਵਿ ਸੰਸਾਰ

## ਚਾਨਣਾਂ ਦੇ ਵਾਰਸੋ

ਹਰਦੇਵ ਸਿੰਘ

ਦੂਰ ਅੰਬਰ ਤੋਂ ਕੋਈ ਤਾਰਾ ਟੁੱਟਿਆ,
ਨੈਣ ਬਣ ਸਤਲੁਜ ਤੇ ਰਾਵੀ ਵਗ ਪਏ,
ਦੀਪ ਦਾ ਬਲਿਆ ਸਿਵਾ ਜਦ ਸ਼ਾਮ ਨੂੰ,
ਖਬਰੇ ਕਿੰਨੇ ਹੋਰ ਦੀਵੇ ਜਗ ਪਏ।
ਦੁਨੀਆਂਦਾਰੀ ਦੌਲਤੋਂ ਬੇਲਾਗ ਹੋ,
ਜਾ ਸੁੱਤਾ ਮੜ੍ਹੀਆਂ ਚ ਕੋਈ ਸੂਰਮਾ,
ਚੇਤਨਾ ਨਿਰਅੰਜਨੀ ਕੋਈ ਜਾਗ ਪਈ,
ਜਿਉਂ ਕੇ ਧੂਣੇ ਜੋਗੀਆਂ ਦੇ ਮਘ ਪਏ।
ਆਖਦੇ ਪੰਜਾਬ ਨੂੰ ਜੋ ਉੱਡ ਰਿਹਾ,
ਵੇਖ ਉੱਡਦੇ ਬਾਜ਼ ਹੁਣ ਹੈਰਾਨ ਹਨ,
ਫਿਰ ਕੋਈ ਜੁਗਰਾਜ ਚੇਤਾ ਆ ਰਿਹੈ,
ਲੋਕ ਫਿਰ ਤੂਫ਼ਾਨ ਪਿੱਛੇ ਲੱਗ ਪਏ।
ਇਕ ਅਰਜ਼ ਹੈ ਚਾਨਣਾਂ ਦੇ ਵਾਰਸੋ,
ਖੁੱਲ੍ਹਦਿਲੀ ਤੇ ਸ਼ੀਲ ਪੱਲੇ ਬੰਨ੍ਹੀਏ,
ਮੰਗੀਏ ਲੰਮੀ ਨਦਰ ਤੇ ਬੰਦਗੀ,
ਜਾਗੀਏ ਜਿਉਂ ਰਾਤ ਤਾਰੇ ਦਗ ਪਏ।

## ਸ਼ਬਦ ਲੀਲਾ

ਕ੍ਰਿਸ਼ਨ ਭਨੋਟ

ਜਿਹੜਾ ਜਾਣਦਾ ਹੈ, ਤੇਰਾ ਜ਼ੋਰ ਕਿੰਨੈ,
ਜਿਹੜਾ ਜਾਣਦੈ ਕਿੱਥੋਂ ਕਮਜ਼ੋਰ ਕਿੰਨੈ,
ਤੂੰ ਨਾ ਸੋਚ ਬਹੁਤਾ, ਕੋਈ ਓਪਰਾ ਨਾ,
ਤੇਰਾ ਆਪਣਾ ਹੀ, ਕਰਦੈ ਵਾਰ ਅੜ੍ਹਿਆ।
ਸੌ ਸੌ ਵਾਰ ਡਿੱਗੇ, ਸੌ ਸੌ ਵਾਰ ਉੱਠੇ,
ਓਹੀ ਜਿੱਤਦਾ ਹੈ ਜੋ ਨਾ ਸਿਦਕ ਹਾਰੇ,
ਜਿਹੜਾ ਹਾਰ ਜਾਂਦੈ, ਉਹਨੂੰ ਕੌਣ ਪੁੱਛੇ।
ਲੋਕੀ ਜੇਤੂਆਂ ਦੀ, ਗਾਉਂਦੇ ਵਾਰ ਅੜ੍ਹਿਆ।
ਨਾ ਮੈਂ ਕ੍ਰਿਸ਼ਨ ਹਾਂ ਗੀਤਾ ਦਾ ਰਚਣਹਾਰ,
ਅਰਜਣ ਵਾਗਰਾਂ ਮੈਂ ਕੋਈ ਸੂਰਮਾ ਨਾ,
ਨਾ ਮੈਂ ਜਿੱਤਿਆ ਹੈ, ਇਕ ਵੀ ਯੁੱਧ ਕੋਈ,
ਮੈਂ ਤਾਂ ਹਾਰਿਆਂ ਹਾਂ, ਹਰ ਇਕ ਵਾਰ ਅੜ੍ਹਿਆ।
ਇਹਨੇ ਸੈਂਕੜੇ ਕੁਦਰਤ ਦੇ ਭੇਤ ਕੱਢੇ,
ਸੌ ਸੌ ਰੋਗ ਦੇ ਵੀ, ਇਹਨੇ ਜੁੜ ਵੱਢੇ,
ਹਾਲੇ ਆਦਮੀ ਨੂੰ ਸੂਹ ਨਾ ਮੌਤ ਦੇਵੇ,
ਕਿਹੜੀ ਤਿੱਥ ਹੋਣੀ, ਕਿਹੜੇ ਵਾਰ ਅੜ੍ਹਿਆ।
ਸੀਮਾ ਵਿਦਵਤਾ ਦੀ, ਕਿੱਥੇ ਖਤਮ ਹੁੰਦੀ,
ਸੀਮਾ ਹੁਨਰ ਦੀ ਜੋ, ਮੈਨੂੰ ਦੱਸ ਦੇਵੇ,
ਵਾਰ ਵਾਰ ਮੈਂ ਤਾਂ, ਉਹਦੇ ਪੈਰ ਚੁੰਮਾਂ,
ਉਹਤੇ ਜ਼ਿੰਦਗੀ ਮੈਂ, ਦੇਵਾਂ ਵਾਰ ਅੜ੍ਹਿਆ ।
ਜਿਉਂ ਜਿਉਂ ਉਮਰ ਤੇਰੀ, ਜਾਵੇ ਕ੍ਰਿਸ਼ਨ ਢਲਦੀ,
ਤਿਉਂ ਤਿਉਂ ਸ਼ਾਇਰੀ ਤੇਰੀ ਮੁਇਆਰ ਹੋਵੇ,
ਇਹ ਤਾਂ ਕੱਢਦੀ ਜਾਂਦੀ ਹੈ ਕੱਦ ਸਗੁਰੀ,
ਇਸਤੇ ਰੂਪ ਦਾ ਚੜ੍ਹਦਾ ਹੈ ਵਾਰ ਅੜ੍ਹਿਆ।

## ਪੱਗ

ਜਸਪਿੰਦਰ ਸਿੰਘ

ਭੁੱਲ ਕੇ ਹੀਰਿਆ ਪੁੱਤਰਾ ਸੂਰਤ ਸੀਰਤ ਦਾ ਰੋਹਬ ਗੁਆਵੀਂ ਨਾ।
ਤੂੰ ਗੱਭਰੂ ਦੇਸ਼ ਪੰਜਾਬ ਦਾ, ਸਿਰ ਤੋਂ ਪੱਗ ਨੂੰ ਲਾਹਵੀਂ ਨਾ ।
ਭੁੱਲ ਕੇ ਹੀਰਿਆ ਪੁੱਤਰਾ ਸੂਰਤ ਸੀਰਤ ਦਾ ਰੋਹਬ ਗੁਆਵੀਂ ਨਾ ।
ਪੱਗ ਤਾਂ ਸਿਰ 'ਤੇ ਸੁਹਣੀ ਹੀਰਿਆਂ ਲੱਦੀ ਕਲਗੀ ਏ,
ਪੱਗ ਤਾਂ ਸਿੱਖੀ ਵਿਰਸੇ ਵਾਲੀ ਰੱਤ ਵਿਚ ਹੀ ਰਲ 'ਗੀ ਏ,
ਪੱਗ ਦੀ ਚਰਚਾ ਦੇਸ਼-ਵਿਦੇਸ਼ੀ ਧਰਤ 'ਤੇ ਚਲ 'ਗੀ ਏ,
ਮਾਣ ਕਰੀਂ ਤੂੰ ਇਹਦਾ, ਮਾਣ ਘਟਾਵੀਂ ਨਾ ।
ਤੂੰ ਗੱਭਰੂ....।
ਪੱਗ ਸਾਂਭਦੀ ਆਈ ਇੱਜ਼ਤ ਆਬਰੂ ਸਦੀਆਂ ਤੋਂ,
ਪੱਗ ਬਚਾਉਂਦੀ ਆਈ ਜਬਰ, ਜ਼ੁਲਮ ਤੇ ਬਦੀਆਂ ਤੋਂ,
ਪੱਗ ਦਾ ਪੁੱਛ ਇਤਿਹਾਸ ਪੰਜ ਦਰਿਆਵਾਂ ਨਦੀਆਂ ਤੋਂ,
ਗੁਰਾਂ ਦੀ ਬਖ਼ਸ਼ੀ ਦਾਤ ਦਾ ਦੇਣ ਭੁਲਾਵੀਂ ਨਾ।
ਤੂੰ ਗੱਭਰੂ. ...।
ਏਸ ਪੱਗ ਨੇ ਮੁਗ਼ਲ ਹਕੂਮਤ ਦੇ ਮੂੰਹ ਮੋੜੇ ਨੇ,
ਏਸ ਪੱਗ ਨੇ ਸ਼ੱਕਰ ਵਾਂਗੂੰ ਅਬਦਾਲੀ ਭੋਰੇ ਨੇ,
ਏਸ ਪੱਗ ਦੇ ਆਸ਼ਕ ਊਧਮ ਸਿੰਘ ਜਹੇ ਜੋਧੇ ਨੇ,
ਉੱਚੀ ਸਰਦਾਰੀ ਵਾਲੀ ਸ਼ੋਰਾ ਅਣਖ ਗੁਆਵੀਂ ਨਾ।
ਤੂੰ ਗੱਭਰੂ....।
ਪੱਗ ਦਾ ਰਿਹਾ ਤੇ ਰਹਿਣਾ ਸਦਾ ਹੀ ਸ਼ਮ੍ਹਲਾ ਉੱਚਾ ਏ,
ਕਹਿ 'ਜਸਪਿੰਦਰ ਸਿੰਘਾ' ਪੱਗ ਦਾ ਪੂਣ ਅਤਿ ਸੁੱਚਾ ਏ,
ਪੱਗ ਦਾ ਡਾਢੇ ਕੋਮਲ ਹਿਰਦਾ ਤਾਂ ਸਿਦਕ ਪਹੁੰਚਾ ਏ,
ਬੱਲਿਆ ਠੇਸ ਹਿਰਦੇ ਤਾਈਂ ਕਦੇ ਪੁਚਾਵੀਂ ਨਾ।
ਤੂੰ ਗੱਭਰੂ....।

## ਵਿਰੋਧ ਦੀ ਵੰਨਗੀ

ਅਮਰਦੀਪ ਸਿੰਘ ਗਿੱਲ

ਜੇ ਲਲਕਾਰ ਨਹੀਂ ਸਕਦੇ,
ਜੇ ਨਾਹਰੇ ਨਹੀਂ ਲਾਅ ਸਕਦੇ,
ਤਾਂ ਚੀਕਾਂ ਹੀ ਮਾਰ ਲਓ।
ਖੁੱਲ੍ਹ ਕੇ ਰੋਅ ਹੀ ਲਓ,
ਕਿ ਖਾਰੇ ਹੰਝੂਆਂ ਦਾ ਵੀ,
ਆਪਣਾ ਇੱਕ ਕਬੀਲਾ ਹੁੰਦਾ ਹੈ।
ਜ਼ਲਾਲਤ ਭੋਗਣ ਦਾ ਕਾਹਦਾ ਮਾਣ,
ਜਾਬ੍ਹਾਂ ਦੇ ਭੇੜ 'ਚੋਂ ਜਿੱਤਣ,
ਤੇ ਹਾਰਨ ਵਾਲਾ ਇੱਕੋ ਹੀ ਹੁੰਦੈ।
ਖੁੰਢਾਂ ਤੇ ਬਹਿ ਕੇ,
ਵਿਹਲੜ ਚਰਚਾ ਨਾ ਕਰੋ,
ਇੰਨਾਂ ਖੁੰਢਾਂ ਦੇ ਬੀਅ ਬੀਜੋ,
ਉਸ ਧਰਤੀ 'ਚ,
ਜਿੱਥੋਂ ਇਹ ਰੁੱਖ ਪੁੱਟੇ ਸੀ।
ਇਤਿਹਾਸ ਇੰਝ ਹੀ ਲਿਖਿਆ ਜਾਂਦੈ।
ਤੇ ਇਤਿਹਾਸ ਸਿਰਫ਼ ਕਲਮਾਂ ਨਹੀਂ ਲਿਖਦੀਆਂ
ਕਹੀਆਂ, ਦਾਤੀਆਂ, ਤਲਵਾਰਾਂ ਦੀ ਲਿਖਾਈ,
ਕਲਮ ਤੋਂ ਸੋਹਣੀ ਹੁੰਦੀ ਹੈ।
ਜਦ ਮੁੱਠੀਆਂ 'ਚ ਥੁੱਕ ਕੇ,
ਪਾਉਂਦੇ ਹੋ ਤੁਸੀਂ,
ਕਹੀ ਦੇ ਬਾਹੇਂ ਨੂੰ ਹੱਥ,
ਤਾਂ ਪੱਧਰ ਹੁੰਦੀ ਧਰਤੀ,
ਤੇ ਦਿਸ਼ਾ ਬਦਲਦਾ ਪਾਣੀ ਦਾ ਵਹਿਣ,
ਤੁਹਾਡੇ ਵਿਰੋਧ ਦੇ ਗਵਾਹ ਬਣਦੇ ਨੇ।
ਜੇ ਗਾਲ੍ਹ ਨਹੀਂ ਕੱਢ ਸਕਦੇ,
ਜੇ ਕਚੀਚੀ ਨਹੀਂ ਵੱਟ ਸਕਦੇ,
ਤਾਂ ਵੈਣ ਹੀ ਪਾ ਲਓ,
ਹੌਲ ਪੈਣ ਤੀਕ ਸਹਿਣਾ
ਜ਼ਰੂਰੀ ਨਹੀਂ ਹੁੰਦਾ।
ਮਰ ਜਾਣ ਤੀਕ ਜਿਉਣਾ,
ਜ਼ਰੂਰੀ ਨਹੀਂ ਹੁੰਦਾ।

## ਵਿੱਛੜਨ

ਸੁਰਜੀਤ ਸਾਰੰਗ

ਮੈਂ ਪੂਰੀ ਤਰ੍ਹਾਂ ਉਸ ਨੂੰ ਭੁੱਲ ਚੁੱਕੀ ਹਾਂ।
ਹੁਣ ਉਸ ਦੀ ਯਾਦ ਵਿੱਚ
ਮੈਂ ਠੰਡੀ ਚਾਹ ਨਹੀਂ ਹੁੰਦੀ।
ਜਿਸ ਨੂੰ ਆਸਾਨੀ ਨਾਲ ਤੇਰੇ
ਦੀਦਾਰ ਦਾ ਖਿਆਲ ਹੈ।
ਉਹ ਕਿੱਥੇ ਬਾਗ਼ਾਂ ਵਿਚ ਜਾ ਕੇ
ਫੁੱਲਾਂ ਦੇ ਵੱਲ ਨਹੀਂ ਦੇਖਦਾ।
ਮੈਂ ਆਪ ਤਨਹਾਈ ਦੇ ਵਿਚ
ਖਲਲ ਨਾ ਪਾਵਾਂ ਸਾਰੀ ਰਾਤ।
ਖ਼ੁਦ ਹੀ ਜਾ ਕੇ ਆਪਣੇ ਦਰਵਾਜ਼ੇ ਤੇ ਜਾ ਕੇ।
ਪੁੱਛਦੀ ਹਾਂ ਕੌਣ ਹੈ ਬਾਹਰ।
ਫ਼ਾਸਲੇ ਇਹ ਹੁਣ ਸਿਮਟ ਨਹੀਂ ਸਕਦੇ।
ਹੁਣ ਪਰਾਏ ਵਿਚ ਰਹਿ ਕੇ ਵੀ ਸ਼ੁਮਾਰ ਹੈ।
ਉਹ ਬੂੰਦ-ਬੂੰਦ ਵਸਦੀ ਰਹੀ ਮੇਰੀ ਰੂਹ।
ਮੇਰੇ ਵਜੂਦ ਨੂੰ ਹੌਲੀ ਹੌਲੀ ਪੱਥਰ ਕਰ ਗਈ।
ਮਿਲ ਕੇ ਵਿਛੜਨ ਦਾ ਦਸਤੂਰ ਹੈ ਜ਼ਿੰਦਗੀ ਦਾ।
ਇਕ ਕਿੱਸਾ ਮਸ਼ਹੂਰ ਹੈ ਜ਼ਿੰਦਗੀ ਦਾ ਬੀਤੇ ਹੋਏ
ਪੱਲ ਕਦੀ ਵਾਪਸ ਨਹੀਂ ਆਂਦੇ।
ਇਹ ਹੀ ਜਿੰਦਗੀ ਦਾ ਬਹੁਤ ਵੱਡਾ ਕਸੂਰ ਹੈ।
ਕੁਝ ਇਸ ਤਰ੍ਹਾਂ ਸਾਡੀਆਂ ਗੱਲਾ ਘਟ ਗਈਆਂ।
ਕਿਸ ਤਰ੍ਹਾਂ ਸ਼ੁਰੂ ਹੋਰ ਠੀਕ ਹੋ ਪਰ ਖਤਮ ਹੋ ਗਈ।
ਮੈਨੂੰ ਲੈਣ ਦੇ ਤੂੰ ਆਪਣੇ ਖਿਆਲਾਂ ਦੀ ਤਲਾਸ਼ੀ।
ਮੇਰੀ ਨੀਂਦ ਚੋਰੀ ਹੋ ਚੁੱਕੀ ਹੈ।
ਮੈਨੂੰ ਤੇਰੇ ਤੇ ਸ਼ੱਕ ਹੈ।
ਇਕ ਰਾਤ ਚਿਰਾਗ਼ ਜਲਾਦੇ ਉਹ।
ਮੈਂ ਸਾਲਾਂ ਸਾਲ ਜਲਦੀ ਰਹੀ ਹਾਂ ਕੋਈ ਤਾਂ ਖਿਤਾਬ ਦੇਦੋ।
ਹਰ ਕੋਈ ਅਧੂਰਾ ਹੈ ਕਿਸੇ ਆਪਨੇ ਤੋਂ ਬਿਨਾਂ।
ਚਲੋ ਉਸ ਦੇ ਸਿਰਹਾਣੇ ਚੋਰੀ ਰੱਖ ਦੇ ਖ਼ੁਸ਼ਹਾਲੀ।
ਪਤਾ ਨਹੀਂ ਕਿਤਨਾ ਅਰਸਾ ਬੀਤ ਗਿਆ ਹੈ ਖ਼ੁਲ੍ਹ ਕੇ ਕਦੀ ਹਸੀਂ ਹੋਵੇਗੀ।
ਮੈਂ ਦੇਖਦੀ ਹਾਂ ਦੀਵਾਰਾਂ ਵਿੱਚ ਵੀ ਦਰਾਰਾਂ ਆ ਚੁੱਕੀਆਂ ਹਨ।

## ਇਨ੍ਹਾਂ ਕੁੜੀਆਂ ਦਾ ਕੀ ਏ

ਚਰਨ ਸਿੰਘ ਚੰਨ ਬੋਲ਼ੇਵਾਲੀਆ



ਰੋ-ਰੋ ਚੁੱਪ ਕਰ ਜਾਣ, ਇਨ੍ਹਾਂ ਕੁੜੀਆਂ ਦਾ ਕੀ ਏ,
ਕੋਈ ਨਾ ਆਏ ਵਰਾਣ, ਇਨ੍ਹਾਂ ਕੁੜੀਆਂ ਦਾ ਕੀ ਏ,
ਮਰ ਜਾਏ ਕੋਈ ਚਿੜੀ ਤਾਂ ਹੰਝੂ ਕੌਣ ਭਰੇ ?
ਕਿੱਕਰਾਂ ਦੇ ਫੁੱਲਾਂ ਦੀ ਰਾਖੀ ਕੌਣ ਕਰੇ ?
ਹਵਾ ਆਈ ਝੜ ਜਾਣ, ਇਨ੍ਹਾਂ ਕੁੜੀਆਂ ਦਾ ਕੀ ਏ।
ਰੋ-ਰੋ ਚੁੱਪ ਕਰ ਜਾਣ ।
ਬਾਬਲ ਦੇ ਘਰ ਝਿੜਕਾਂ, ਸਹੁਰੇ ਮਾਰਾਂ ਨੇ।
ਪੈਰ-ਪੈਰ 'ਤੇ ਸੂਲਾਂ, ਕੰਡੇ ਖਾਰਾਂ ਨੇ।
ਸਭ ਪੀੜਾਂ ਜਰ ਜਾਣ, ਇਨ੍ਹਾਂ ਕੁੜੀਆਂ ਦਾ ਕੀ ਏ,
ਰੋ-ਰੋ ਚੁੱਪ ਕਰ ਜਾਣ ।
ਪੁੱਤ ਵੰਡਾਉਣ ਸਿਆੜਾਂ, ਬੁੱਢੇ ਬਾਪੂ ਤੋਂ।
ਘਰੀਂ ਮਰਾਉਣ ਦੀਵਾਰਾਂ, ਬੁੱਢੇ ਬਾਪੂ ਤੋਂ।
ਇਹ ਕਿਹੜੇ ਦਰ ਜਾਣ, ਇਨ੍ਹਾਂ ਕੁੜੀਆਂ ਦਾ ਕੀ ਏ,
ਰੋ-ਰੋ ਚੁੱਪ ਕਰ ਜਾਣ ।
ਸੌ-ਸੌ ਸੁਪਨੇ ਬਾਬਲ ਘਰ ਸਜਾਵਣ ਇਹ।
ਹਉਕੇ, ਹਾਵੇ, ਪੀੜਾਂ, ਸਦਾ ਹੰਢਾਵਣ ਇਹ।
ਸਭ ਸੁਪਨੇ ਮਰ ਜਾਣ, ਇਨ੍ਹਾਂ ਕੁੜੀਆਂ ਦਾ ਕੀ ਏ!
ਰੋ-ਰੋ ਚੁੱਪ ਕਰ ਜਾਣ ।
ਪੁੱਤ ਜੰਮੇ ਤਾਂ ਸੌ-ਸੌ ਸ਼ਗਨ ਮਨਾਉਂਦੇ ਓ,
ਧੀ ਜੰਮੇ ਤਾਂ ਮੱਥੇ 'ਤੇ ਵੱਟ ਪਾਉਂਦੇ ਓ,
'ਬੋਲ਼ੇਵਾਲੀਆ' ਮਾਣ, ਇਨ੍ਹਾਂ ਕੁੜੀਆਂ ਦਾ ਕੀ ਏ,
ਰੋ-ਰੋ ਚੁੱਪ ਕਰ ਜਾਣ, ਇਨ੍ਹਾਂ ਕੁੜੀਆਂ ਦਾ ਕੀ ਏ।

## ਪ੍ਰਦੇਸੀ ਪੁੱਤ

ਗੁਰਨਾਮ ਸਿੰਘ ਨਿੱਜਰ

ਬਿਸਤਰੇ ਬੰਨ੍ਹ ਘਰਾਂ 'ਚੋਂ ਤੁਰ ਪਏ,
ਕੋਈ ਤਾਂ ਮਜਬੂਰੀ ਹੋਊ।
ਮੰਗਿਆਂ ਵੀ ਰੁਜ਼ਗਾਰ ਨਹੀਂ ਮਿਲਿਆ,
ਅੱਗੋਂ ਵੱਟੀ ਘੂਰੀ ਹੋਊ ।
ਕਈ ਪੁਸ਼ਤਾਂ ਤੋਂ ਵੱਸਣ ਵਾਲੇ'
ਛੱਡ ਕਿਉਂ ਨੇ, ਦੇਸ ਤੁਰੇ,
ਮਿੱਠੀ ਬੋਲੀ, ਸ਼ਾਹੀ ਪਹਿਰਾਵਾ,
ਬਦਲ ਕਿਉਂ ਨੇ ਭੇਸ ਤੁਰੇ।
ਜਰਖੇਜ਼ ਕਹਾਉਂਦੀ ਮਿੱਟੀ ਦੇ ਜਾਏ'
ਅਣਦੇਖੀ ਮਿੱਟੀ ਟੋਲ ਰਹੇ।
ਕਾਫਲੇ ਬਣ ਤੁਰੇ ਜਾਂਦੇ ਨੇ,
ਮੂੰਹੋਂ ਨਹੀਂ ਕੁੱਝ ਬੋਲ ਰਹੇ।
ਦੇਸੀ ਤੋਂ ਪ੍ਰਦੇਸੀ ਬਣਕੇ,
ਸੱਤ ਸਮੁੰਦਰੋਂ ਪਾਰ ਚਲੇ।
ਚੋਗ ਚੁੱਗਣ ਲਈ ਵਿਚ ਪਦੇਸ਼ਾਂ,
ਲੰਮੀ ਉਡਾਰੀ ਮਾਰ ਚਲੇ।
ਵਤਨ ਛੱਡ ਕੇ ਜਾਣ ਵਾਲਿਓ,
ਵਤਨੀ ਫੇਰਾ ਪਾਇਓ ਜੇ।
ਸ਼ਾਲਾ ਤੁਸੀਂ ਜਵਾਨੀਆਂ ਮਾਣੋ,
ਮਿਲਣ ਗਿਲਣ ਤੇ ਆਇਓ ਜੇ।
ਮਾਂ ਨੇ ਸੀ ਜੋ, ਕੁੱਟ ਖੁਆਈ,
ਚੇਤਿਆਂ ਦੇ ਵਿੱਚ ਚੂਰੀ ਹੋਊ ।
ਬਿਸਤਰੇ ਬੰਨ ਘਰਾਂ 'ਚੋਂ ਤੁਰ ਪਏ,
ਕੋਈ ਤਾਂ ਮਜਬੂਰੀ ਹੋਊ।

# ਵਿਸ਼ਵ ਦੇ ਮਹਾਨ ਮੁੱਕੇਬਾਜ਼ ਮੁਹੰਮਦ ਅਲੀ


ਪ੍ਰਿੰ. ਸਰਵਣ ਸਿੰਘ
+1-905-779-1661

ਮੁਹੰਮਦ ਅਲੀ ਵੀਹ ਵਰ੍ਹੇ ਵਿਸ਼ਵ ਦਾ ਸਭ ਤੋਂ ਤਕੜਾ ਮੁੱਕੇਬਾਜ਼ ਮੰਨਿਆ ਜਾਂਦਾ ਰਿਹਾ। ਕਿੰਗ ਮਾਰਟਨ ਲੂਥਰ ਨੇ ਉਸ ਨੂੰ ਕਾਲੇ ਲੋਕਾਂ ਦਾ ਮਹਾਨ ਘੁਲਾਟੀਆ ਕਹਿ ਕੇ ਵਡਿਆਇਆ ਸੀ। ਉਹਦੇ ਇੱਕ-ਇੱਕ ਭੇੜ ਦਾ ਮੁੱਲ ਕਰੋੜਾਂ ਰੁਪਏ ਤੱਕ ਪੈਂਦਾ ਰਿਹਾ। ਉਸ ਦੇ ਬਾਰੇ ਸੈਂਕੜੇ ਕਲਮਾਂ ਨੇ ਲੱਖਾਂ ਲਫ਼ਜ਼ ਲਿਖੇ ਅਤੇ ਅਖ਼ਬਾਰਾਂ ਵਿੱਚ ਮੁਹੰਮਦ ਅਲੀ ਦੇ ਨਾਂ ਦੀਆਂ ਹਜ਼ਾਰਾਂ ਸੁਰਖ਼ੀਆਂ ਲੱਗੀਆਂ। ਜਦੋਂ ਉਸ ਦਾ ਮੁੱਕੇਬਾਜ਼ੀ ਦਾ ਮੁਕਾਬਲਾ ਹੁੰਦਾ ਤਾਂ ਦੁਨੀਆ ਦੀਆਂ ਅੱਖਾਂ ਟੀਵੀ 'ਤੇ ਉਹਦੇ ਮੁੱਕਿਆਂ ਦੇ ਜਲਵੇ ਵੇਖਦੀਆਂ। ਬੌਕਸਿੰਗ ਦਾ ਉਹ ਬਾਦਸ਼ਾਹ ਹੀ ਨਹੀਂ, ਸ਼ਹਿਨਸ਼ਾਹ ਸੀ।

ਉਂਜ ਵੀ ਉਹ ਅਲੋਕਾਰ ਵਿਅਕਤੀ ਸੀ। ਉਸ ਨੇ ਧਰਮ ਬਦਲਿਆ, ਕੋਚ ਬਦਲੇ, ਨਾਂ ਬਦਲਿਆ, ਸ਼ੌਕ ਬਦਲੇ, ਇੱਥੋਂ ਤੱਕ ਕਿ ਪਤਨੀਆਂ ਬਦਲ ਕੇ ਚਾਰ ਵਿਆਹ ਕਰਵਾਏ। ਉਹ ਵਰ੍ਹਿਆਂ-ਬੱਧੀ ਮੁੱਕੇਬਾਜ਼ੀ ਦੇ ਅਖਾੜਿਆਂ ਦਾ ਸ਼ਿੰਗਾਰ ਰਿਹਾ। ਉਸ ਦੀ ਕਮਾਈ ਕਰੋੜਾਂ ਡਾਲਰਾਂ ਤੱਕ ਅਪੜੀ। ਉਸ ਨੇ ਵਿਸ਼ਵ ਪੱਧਰ ਦੇ ਦਰਜਨਾਂ ਭੇੜ ਭਿੜੇ, ਤਿੰਨ ਵਾਰ ਮੁੱਕੇਬਾਜ਼ੀ ਦਾ ਵਿਸ਼ਵ ਜੇਤੂ ਹੋਣ ਦਾ ਖ਼ਿਤਾਬ ਜਿੱਤਿਆ, ਤਿੰਨ ਪਤਨੀਆਂ ਨੂੰ ਤਲਾਕ ਦਿੱਤੇ ਤੇ ਨੌਂ ਬੱਚਿਆਂ ਦਾ ਬਾਪ ਬਣਿਆ। ਉਹਦੀ ਧੀ ਲੈਲਾ ਨੇ ਮੁੱਕੇਬਾਜ਼ੀ ਵਿੱਚ ਵਿਸ਼ਵ ਪੱਧਰ 'ਤੇ ਨਾਮਣਾ ਖੱਟਿਆ। ਚੁਤਾਲੀ ਸਾਲਾਂ ਦੀ ਉਮਰ ਵਿੱਚ ਉਸ ਨੇ ਅਠਾਈ ਸਾਲਾਂ ਦੀ ਯੋਲੰਡਾ ਨਾਲ ਚੌਥਾ ਵਿਆਹ ਕਰਵਾਇਆ। ਆਖ਼ਰ ਉਹ ਪਾਰਕਿਨਸਨ ਦੀ ਨਾਮੁਰਾਦ ਬਿਮਾਰੀ ਦਾ ਸ਼ਿਕਾਰ ਹੋ ਕੇ 74 ਸਾਲ ਦੀ ਉਮਰ ਵਿੱਚ ਰੱਬ ਨੂੰ ਪਿਆਰਾ ਹੋ ਗਿਆ।

ਮਰਨ ਤੋਂ ਪਹਿਲਾਂ ਖ਼ਬਰਾਂ ਨਿਕਲੀਆਂ ਸਨ ਕਿ ਮੁਹੰਮਦ ਅਲੀ ਨੂੰ ਕੋਈ ਗੁੱਝੀ ਬਿਮਾਰੀ ਵਿੱਚੇ ਵਿੱਚ ਖਾ ਰਹੀ ਹੈ। ਉਹਦੇ ਹੱਥ ਕੰਬਦੇ ਸਨ ਤੇ ਆਵਾਜ਼ ਥਥਲਾਉਂਦੀ ਸੀ। ਲੋਕਾਂ ਨੇ ਸਮਝਿਆ



ਸ਼ਾਇਦ ਸਿਰ 'ਚ ਖਾਧੇ ਸੈਂਕੜੇ ਹਜ਼ਾਰਾਂ ਮੁੱਕਿਆਂ ਦਾ ਕੋਈ ਵਿਗਾੜ ਹੋਵੇ। ਡਾਕਟਰਾਂ ਨੇ ਉਹਦੀ ਬਿਮਾਰੀ ਦਾ ਨਾਂ ਪਾਰਕਿਨਸਨ ਸਿੰਡੋਰਮ ਦੱਸਿਆ ਸੀ। ਪਰ ਡਾ. ਰਾਜਕੋ ਮੈਡਨੀਕਾ ਨੇ ਬਿਮਾਰੀ ਲੱਭੀ ਕਿ ਕਿਸੇ ਜ਼ਹਿਰੀਲੀ ਦਵਾਈ ਦਾ ਲਹੂ ਵਿਚ ਰਚਿਆ ਭੈੜਾ ਪ੍ਰਭਾਵ ਸੀ। ਫਿਰ ਉਸ ਦੇ ਲਹੂ ਦੀ ਸਫ਼ਾਈ ਕੀਤੀ ਜਾਣ ਲੱਗੀ ਜਿਸ ਉੱਤੇ ਪੰਜ ਛੇ ਘੰਟਿਆਂ ਦਾ ਵਕਤ ਲੱਗਣ ਲੱਗਾ। ਆਖ਼ਰ ਹੋਣੀ ਲੈ ਬੈਠੀ।

ਮੁਹੰਮਦ ਅਲੀ ਦਾ ਮੁਢਲਾ ਨਾਂ ਕੈਸੀਅਸ ਕਲੇਅ ਸੀ। ਉਹਦਾ ਜਨਮ ਅਮਰੀਕਾ ਵਿੱਚ ਲੂਈਸਵਿਲੇ ਦੇ ਹਸਪਤਾਲ ਵਿੱਚ 17 ਜਨਵਰੀ 1942 ਨੂੰ ਸ਼ਾਮ ਦੇ 6.35 ਵਜੇ ਹੋਇਆ ਸੀ। ਉਹ ਮਾਪਿਆਂ ਦਾ ਪਹਿਲਾ ਬੱਚਾ ਸੀ। ਤਿੰਨ ਸਾਲ ਦੀ ਉਮਰ ਵਿੱਚ ਉਹ ਪੰਜਾਂ ਸਾਲਾਂ ਦਾ ਲੱਗਦਾ ਸੀ ਜਿਸ ਕਰਕੇ ਮਾਂ ਨੂੰ ਬੱਸ ਚੜ੍ਹਨ ਲਈ ਉਹਦੀ ਟਿਕਟ ਲੈਣੀ ਪੈਂਦੀ ਸੀ। ਉਹ ਤਿੰਨ-ਚਾਰ ਬੱਚਿਆਂ ਜਿੰਨੀ ਖ਼ੁਰਾਕ ਖਾ ਜਾਂਦਾ ਸੀ। ਇੱਕ ਵਾਰ ਗੋਦੀ ਵਿੱਚ ਦੁੱਧ ਚੁੰਘਦੇ ਨੇ ਮਾਂ ਦੇ ਅਜਿਹਾ ਘਸੁੰਨ ਮਾਰਿਆ ਕਿ ਉਹਦਾ ਦੰਦ ਹਿਲਾ ਦਿੱਤਾ ਜੋ ਬਾਅਦ ਵਿੱਚ ਕਢਾਉਣਾ ਪਿਆ। ਗੀ-ਗੀ ਉਹਦੇ ਪਹਿਲੇ ਬੋਲ ਸਨ ਜਿਨ੍ਹਾਂ ਦੇ ਅਰਥ ਬਾਅਦ ਵਿੱਚ ਕਿਸੇ ਨੇ 'ਗੋਲਡਨ ਗਲੱਵਜ਼' ਕੱਢੇ ਤੇ ਕਿਸੇ ਨੇ 'ਗਿਫਟ ਆਫ਼ ਗਾਡ'।

ਉਹ ਬਾਰਾਂ ਸਾਲਾਂ ਦਾ ਸੀ ਜਦੋਂ ਉਹਦਾ ਸਾਈਕਲ ਚੋਰੀ ਹੋ ਗਿਆ। ਪੁਲਿਸ ਕੋਲ ਰਿਪੋਰਟ ਦਰਜ ਕਰਾਉਣ ਗਿਆ ਤਾਂ ਉੱਥੇ ਬੌਕਸਿੰਗ ਦਾ ਇੱਕ ਕੋਚ ਮਿਲ ਗਿਆ। ਉਸ ਨੇ ਕੈਸੀਅਸ ਕਲੇਅ ਨੂੰ ਕਿਹਾ, 'ਜੇ ਤੂੰ ਮੁੱਕੇਬਾਜ਼ੀ ਸਿੱਖ ਲਵੇਂ ਤਾਂ ਤੇਰੇ ਘਸੁੰਨਾਂ ਤੋਂ ਡਰਦਾ ਕੋਈ ਵੀ ਬੰਦਾ ਤੇਰੇ ਸਾਮਾਨ ਦੀ ਚੋਰੀ ਨਹੀਂ ਕਰ ਸਕੇਗਾ।' ਉਹ ਉਸ ਤੋਂ ਮੁੱਕੇਬਾਜ਼ੀ ਸਿੱਖਣ ਲੱਗ ਪਿਆ।

ਉਹ ਦਰਮਿਆਨਾ ਵਿਦਿਆਰਥੀ ਸੀ, ਪਰ ਕਿਹਾ ਕਰਦਾ ਸੀ : ਮੈਂ ਮਹਾਨ ਬਣਾਂਗਾ, ਚੜ੍ਹਦੀ ਉਮਰੇ ਉਹ ਆਪਣਾ ਨਾਂ ਰੇਡੀਓ ਤੋਂ ਸੁਣਨਾ ਚਾਹੁੰਦਾ ਸੀ। ਛਪਿਆ ਵੇਖਣਾ ਚਾਹੁੰਦਾ ਸੀ, ਉਘੜਵਾਂ ਤੇ ਲਿਸ਼ਕਵਾਂ: ਕੈਸੀਅਸ ਕਲੇਅ। ਰੋਮ ਦੀਆਂ ਓਲੰਪਿਕ ਖੇਡਾਂ-1960 ਦੇ ਟਰਾਇਲਾਂ ਲਈ ਉਸਨੂੰ ਸਾਨਫਰਾਂਸਿਸਕੋ ਸੱਦਿਆ ਗਿਆ। ਉਹ ਹਵਾਈ ਜਹਾਜ਼ 'ਤੇ ਚੜ੍ਹਨੋਂ ਡਰਦਾ ਸੀ। ਉਹਦੇ ਕੋਚ ਜੋਅ ਮਾਰਟਿਨ ਨੇ ਉਹਨੂੰ ਜਹਾਜ਼ 'ਤੇ ਚੜ੍ਹਨ ਲਈ ਮਸੀਂ ਮਨਾਇਆ। ਸਾਨਫਰਾਂਸਿਸਕੋ ਵਿੱਚ ਉਹ ਟਰਾਇਲਾਂ 'ਚ ਸਫਲ ਰਿਹਾ ਤਾਂ ਉਸ ਨੇ ਮੁੜਵੀਂ ਹਵਾਈ ਟਿਕਟ ਹਵਾ ਵਿਚ ਚਲਾ ਮਾਰੀ ਤੇ ਰੇਲ ਗੱਡੀ ਉਤੇ ਚੜ੍ਹ ਕੇ ਲੂਈਸਵਿਲੇ ਮੁੜਿਆ। ਸਤਾਰਾਂ ਸਾਲ ਦੀ ਉਮਰ 'ਚ ਰੋਮ ਦੀਆਂ ਓਲੰਪਿਕ ਖੇਡਾਂ 'ਚੋਂ ਉਸ ਨੇ ਸੋਨੇ ਦਾ ਤਮਗ਼ਾ ਜਿੱਤਿਆ ਤਾਂ ਉਸਦੀ ਵਾਹ-ਵਾਹ ਹੋ ਗਈ। ਯੂਰਪ ਦੀਆਂ ਗੋਰੀਆਂ ਨੇ ਸਾਂਵਲੇ ਚੈਂਪੀਅਨ ਦੇ ਚੁੰਮਣ ਲਏ ਤੇ ਉਹਦਾ ਨਾਂ ਮੁੱਕੇਬਾਜ਼ੀ ਦੇ ਚੜ੍ਹਦੇ ਸੂਰਜ ਵਜੋਂ ਰੌਸ਼ਨ ਹੋ ਗਿਆ।

ਮੁਹੰਮਦ ਅਲੀ ਦੇ ਪੈਰਾਂ ਵਿੱਚ ਤੇਜ਼ੀ ਸੀ ਤੇ ਮੁੱਕੇ ਵਿੱਚ ਵਦਾਨ ਦੀ ਸੱਟ। ਉਹ ਤਿਤਲੀ ਵਾਂਗ ਮੰਡਰਾਉਂਦਾ ਤੇ ਮੱਖੀ ਵਾਂਗ ਡੰਗ ਮਾਰਦਾ ਸੀ। ਉਹ ਬੜਬੋਲਾ ਵੀ ਬਹੁਤ ਸੀ ਜਿਸ ਕਰਕੇ ਉਸ ਨੂੰ ਲੂਈਸਵਿਲੇ ਦਾ 'ਲਿੱਪ' ਕਿਹਾ ਜਾਂਦਾ ਸੀ। ਉਹਦਾ ਪਹਿਲਾ ਪ੍ਰੋਫੈਸ਼ਨਲ ਮੁਕਾਬਲਾ



ਇੰਗਲੈਂਡ ਦੇ ਹੈਨਰੀ ਕੂਪਰ ਨਾਲ ਹੋਇਆ। ਕੂਪਰ ਨੂੰ ਹਰਾ ਕੇ ਉਹ ਵਿਸ਼ਵ ਚੈਂਪੀਅਨ ਸੋਨੀ ਲਿਸਟਨ ਨਾਲ ਲੜਨ ਲਈ ਚੁਣੌਤੀ ਦੇਣ ਲੱਗਾ। ਸੋਨੀ ਲਿਸਟਨ ਪੱਚੀ ਭੈਣ ਭਾਈਆਂ ਵਿੱਚ ਸਭ ਤੋਂ ਛੋਟਾ ਸੀ ਜਿਵੇਂ ਉੱਡਣ ਪਰੀ ਵਿਲਮਾ ਰੁਡੋਲਫ ਉੱਨੀ ਭੈਣ ਭਰਾਵਾਂ ਵਿੱਚ ਸਭ ਤੋਂ ਨਿੱਕੀ ਸੀ। ਬਚਪਨ ਵਿੱਚ ਉਸ ਨੂੰ ਪੋਲੀਓ ਹੋ ਗਿਆ ਸੀ। ਹੈਰਾਨੀ ਹੁੰਦੀ ਹੈ ਕਿ ਏਡੇ ਵੱਡੇ ਟੱਬਰਾਂ ਵਿੱਚ ਇਹ ਬੱਚੇ ਕਿਵੇਂ ਪਲਦੇ ਰਹੇ ਤੇ ਵਿਸ਼ਵ ਚੈਂਪੀਅਨ ਬਣਦੇ ਰਹੇ।

ਸੋਨੀ ਲਿਸਟਨ ਨਿੱਕਾ ਹੁੰਦਾ ਹੀ ਮਾੜ ਧਾੜ ਕਰਨ ਲੱਗ ਪਿਆ ਸੀ ਜਿਸ ਕਰਕੇ ਜੇਲ੍ਹ ਚਲਾ ਗਿਆ ਸੀ। ਜੇਲ੍ਹ ਵਿੱਚ ਹੀ ਉਸ ਨੇ ਮੁੱਕੇਬਾਜ਼ੀ ਸਿੱਖੀ। 25 ਫਰਵਰੀ 1964 ਨੂੰ ਕੈਸੀਅਸ ਕਲੇਅ ਨੇ ਸੋਨੀ ਲਿਸਟਨ ਨੂੰ ਹਰਾ ਕੇ ਵਿਸ਼ਵ ਗੁਰਜ ਜਿੱਤੀ ਤੇ ਮਹਾਨ ਮੁੱਕੇਬਾਜ਼ ਅਖਵਾਇਆ। ਉਸ ਤੋਂ ਦੋ ਹਫ਼ਤੇ ਪਿੱਛੋਂ ਉਹ ਇਸਲਾਮ ਦੇ ਪ੍ਰਭਾਵ ਹੇਠ ਆ ਗਿਆ ਤੇ ਮੁਸਲਮਾਨ ਸਜ ਗਿਆ। ਉਸ ਦਾ ਇਸਲਾਮੀ ਨਾਂ ਮੁਹੰਮਦ ਅਲੀ ਰੱਖਿਆ ਗਿਆ। ਇਸਲਾਮ ਜਗਤ ਨੇ ਫਿਰ ਉਸ ਦਾ ਰੱਜ ਕੇ ਪ੍ਰਚਾਰ ਕੀਤਾ। ਮਿਸਰ ਦੇ ਰਾਸ਼ਟਰਪਤੀ ਨਾਸਰ ਵਰਗੇ ਕੈਰੋ ਦੇ ਹਵਾਈ ਅੱਡੇ ਉਤੇ ਉਸਦੀ ਉਡੀਕ ਕਰਦੇ ਰਹੇ। ਮੁਸਲਿਮ ਜਗਤ ਹੁੱਬ ਕੇ ਕਹਿੰਦਾ : ਅਲੀ ਸਾਡਾ ਹੈ, ਮੁਸਲਮਾਨ ਬਣ ਕੇ ਮੁਹੰਮਦ ਅਲੀ ਨੇ ਸੋਂਜੀ ਨਾਲ ਸ਼ਾਦੀ ਕਰ ਲਈ। ਸੋਂਜੀ ਨੂੰ ਮੁਸਲਿਮ ਪਰਦੇਦਾਰੀ ਪਸੰਦ ਨਹੀਂ ਸੀ। ਉਹ ਲੰਡੇ ਕੱਪੜਿਆਂ ਵਿਚ ਵਿਚਰਦੀ ਅਤੇ ਨੱਚਣ ਗਾਉਣ ਵਿੱਚ ਦਿਲਚਸਪੀ ਰੱਖਦੀ ਸੀ। ਕੁਝ ਮਹੀਨਿਆਂ ਪਿੱਛੋਂ ਹੀ ਉਨ੍ਹਾਂ ਦਾ ਤਲਾਕ ਹੋ ਗਿਆ। ਜੱਜ ਨੇ ਸੋਂਜੀ ਲਈ ਦਸ ਸਾਲ ਤੱਕ ਦਾ ਖਰਚਾ ਬੰਨ੍ਹ ਦਿੱਤਾ।

ਉੱਧਰ ਵੀਅਤਨਾਮ ਦੀ ਜੰਗ ਛਿੜੀ ਹੋਈ ਸੀ। ਅਮਰੀਕਾ ਦੇ ਕਾਨੂੰਨ ਅਨੁਸਾਰ ਮੁਹੰਮਦ ਅਲੀ ਨੂੰ ਵੀ ਕੁਝ ਸਮੇਂ ਲਈ ਜੰਗ ਵਿੱਚ ਭੇਜਣ ਦਾ ਹੁਕਮ ਹੋਇਆ ਤਾਂ ਉਹਨੇ ਜੰਗ ਵਿੱਚ ਜਾਣ ਤੋਂ ਇਨਕਾਰ ਕਰ ਦਿੱਤਾ। ਉਸ ਨੇ ਕਿਹਾ, 'ਮੈਂ ਬੰਦੂਕ ਨਹੀਂ ਫੜਨੀ।' ਬਹੁਤ ਸਾਰੇ ਦੇਸ਼ਾਂ ਦੇ ਲੋਕਾਂ ਨੇ ਉਸਦੀ ਨਾਬਰੀ ਦੀ ਹਮਾਇਤ ਕੀਤੀ। ਕਈਆਂ ਨੇ ਉਸ ਨੂੰ ਕਾਨੂੰਨ ਤੋੜਨ ਵਾਲਾ ਵੀ ਕਿਹਾ। ਉਸਦੇ ਵਿਰੁੱਧ ਮੁਕੱਦਮਾ ਚੱਲਿਆ ਅਤੇ ਅਦਾਲਤ ਨੇ ਉਸ ਨੂੰ ਪੰਜ ਸਾਲ ਦੀ ਕੈਦ ਸੁਣਾਈ ਤੇ ਦਸ ਹਜ਼ਾਰ ਡਾਲਰ ਜੁਰਮਾਨਾ ਕੀਤਾ। ਇਸ ਸਜ਼ਾ ਨੇ ਸਿਖਰ ਦੀ ਜੁਆਨੀ ਵਿੱਚ ਅਲੀ ਨੂੰ ਪੰਜ ਸਾਲ ਬੌਕਸਿੰਗ ਦੇ ਰਿੰਗ ਤੋਂ ਪਾਸੇ ਰੱਖਿਆ।

ਉਹ ਰਿਹਾਅ ਹੋਇਆ ਤਾਂ ਉਸ ਨੇ ਫਿਰ ਮੁੱਕੇਬਾਜ਼ੀ ਸ਼ੁਰੂ ਕਰ ਲਈ। ਉਸ ਨੇ ਆਲਮੀ ਚੈਂਪੀਅਨ ਜੋਅ ਫਰੇਜ਼ੀਅਰ ਨੂੰ ਹਰਾ ਕੇ ਦੁਬਾਰਾ ਵਿਸ਼ਵ ਤਾਜ ਜਿੱਤਿਆ। ਤੀਜੀ ਵਾਰ ਉਹਨੇ ਜਾਰਜ ਫੋਰਮੈਨ ਨੂੰ ਹਰਾ ਕੇ ਵਿਸ਼ਵ ਗੁਰਜ ਜਿੱਤੀ। ਉਦੋਂ ਤੱਕ ਉਹੀ ਇੱਕੋ ਇੱਕ ਮੁੱਕੇਬਾਜ਼ ਸੀ ਜਿਸ ਨੇ ਤਿੰਨ ਵਾਰ ਮੁੱਕੇਬਾਜ਼ੀ ਦੀ ਵਿਸ਼ਵ ਚੈਂਪੀਅਨਸ਼ਿਪ ਜਿੱਤੀ। ਵਿਸ਼ੇਸ਼ ਗੱਲ ਇਹ ਸੀ ਕਿ ਉਹ ਤਿੰਨੇ ਵਾਰ ਵਿਸ਼ਵ ਗੁਰਜ ਖੁਹਾਉਣ ਪਿੱਛੋਂ ਜਿੱਤਦਾ ਰਿਹਾ ਸੀ। ਆਖ਼ਰ ਲਿਓਨ ਸਪਿੰਕਸ ਨੇ ਜੂਨ 1977 ਵਿੱਚ ਉਸਨੂੰ ਹਰਾ ਕੇ ਮੁੱਕੇਬਾਜ਼ੀ ਤੋਂ ਰਿਟਾਇਰ ਹੋਣ ਲਈ ਮਜਬੂਰ ਕੀਤਾ।

ਮੁਹੰਮਦ ਅਲੀ ਨੇ ਮੁੱਕੇਬਾਜ਼ੀ ਦੇ ਨਾਲ-ਨਾਲ ਮਾੜੀ ਮੋਟੀ ਸ਼ਾਇਰੀ ਵੀ ਕੀਤੀ ਤੇ ਇਸਲਾਮ ਬਾਰੇ ਲੈਕਚਰ ਵੀ ਕੀਤੇ। 1980 ਵਿੱਚ ਮਾਸਕੋ ਦੀਆਂ ਓਲੰਪਿਕ ਖੇਡਾਂ ਦੇ ਬਾਈਕਾਟ ਲਈ ਅਮਰੀਕਾ ਸਰਕਾਰ ਨੇ ਉਸ ਨੂੰ ਆਪਣਾ ਬੁਲਾਰਾ ਬਣਾ ਕੇ ਅਫ਼ਰੀਕਾ ਦੇ ਮੁਸਲਮਾਨੀ ਮੁਲਕਾਂ ਵਿੱਚ ਭੇਜਿਆ, ਪਰ ਉਹ ਆਪਣੇ ਮਿਸ਼ਨ ਵਿੱਚ ਫੇਲ੍ਹ ਹੋਇਆ। ਉਹ ਇਸਲਾਮ ਦੇ ਪ੍ਰਚਾਰ ਲਈ ਪੜ੍ਹਨ ਸਮੱਗਰੀ ਉਤੇ ਆਪਣੇ ਦਸਤਖ਼ਤ ਕਰ ਕੇ ਲੋਕਾਂ ਵਿੱਚ ਵੰਡਦਾ ਰਿਹਾ। ਉਸ ਨੇ ਆਪਣੇ ਚਾਹੁਣ ਵਾਲਿਆਂ ਵਿੱਚ ਇਸਲਾਮੀ ਨਿਸ਼ਾਨੀਆਂ ਵੀ ਵੰਡੀਆਂ। ਉਹ ਆਪਣੇ ਗੋਲ ਭਰਵੇਂ ਚਿਹਰੇ, ਗੰਭੀਰ ਮੁਦਰਾ ਤੇ ਧੀਮੀ ਆਵਾਜ਼ ਵਿੱਚ ਅੱਲ੍ਹਾ ਨੂੰ ਯਾਦ ਕਰਦਾ ਰਿਹਾ।

ਸਰਗਰਮ ਮੁੱਕੇਬਾਜ਼ੀ ਤੋਂ ਰਿਟਾਇਰ ਹੋਣ ਪਿੱਛੋਂ ਉਸ ਨੂੰ ਇੱਕ ਵਾਰ ਮੁੜ ਮੁੱਕੇਬਾਜ਼ੀ ਦਾ ਫਤੂਰ ਕੁੱਦ ਪਿਆ ਸੀ। ਉਸ ਨੇ ਮਸ਼ਹੂਰ ਮੁੱਕੇਬਾਜ਼ ਲੈਰੀ ਹੋਮਜ਼ ਨੂੰ ਲਲਕਾਰਿਆ।

(ਬਾਕੀ ਸਫ਼ਾ 30 'ਤੇ)

## ਫਿਲਮੀ ਸੰਸਾਰ

# ਆਸਕਰ ਐਵਾਰਡ ਲਈ ਪੰਜਾਬ ਦੀ ਬੀਬੀ ਗੁਨੀਤ ਮੋਗਾ ਦੀ ਫ਼ਿਲਮ 'ਦਿ ਐਲੀਫ਼ੈਂਟ ਵ੍ਹਿਸਪਰਜ਼' ਨਾਮਜ਼ਦ

## ਜੇਤੂ ਦਾ ਐਲਾਨ 12 ਮਾਰਚ ਨੂੰ ਹੋਵੇਗਾ

ਗੁਨੀਤ ਮੋਂਗਾ ਦੀ ਪ੍ਰੋਡਿਊਸ ਕੀਤੀ ਲਘੂ ਫ਼ਿਲਮ 'ਦਿ ਐਲੀਫ਼ੈਂਟ ਵ੍ਹਿਸਪਰਜ਼' 95ਵੇਂ ਅੰਤਰਰਾਸ਼ਟਰੀ ਆਸਕਰ ਐਵਾਰਡ ਲਈ ਨਾਮਜ਼ਦ ਹੋਈ ਹੈ ਕਿਹੜੀ ਫ਼ਿਲਮ ਜੇਤੂ ਹੋਵੇਗੀ ਇਸ ਦਾ ਐਲਾਨ 12 ਮਾਰਚ ਨੂੰ ਹੋਵੇਗਾ। ਇਸ ਫ਼ਿਲਮ ਨੇ 'ਡਾਕੂਮੈਂਟਰੀ ਸ਼ਾਰਟ ਫ਼ਿਲਮ ਕੈਟੇਗਰੀ' ਵਿੱਚ ਆਸਕਰ 2023 ਲਈ ਨਾਮਜ਼ਦਗੀ ਹਾਸਲ ਕੀਤੀ ਹੈ। ਗੁਨੀਤ ਨੇ 'ਦਿ ਐਲੀਫ਼ੈਂਟ ਵ੍ਹਿਸਪਰਜ਼' ਫ਼ਿਲਮ ਨੂੰ ਸਾਂਝੇ ਤੌਰ ਉੱਤੇ ਸਿੱਖਿਆ ਐਂਟਰਟੇਨਮੈਂਟ ਬੈਨਰ ਹੇਠਾਂ ਅਚਿਨ ਜੈਨ ਨਾਲ ਮਿਲ ਕੇ ਪ੍ਰੋਡਿਊਸ ਕੀਤਾ ਹੈ। ਇਸ ਫਿਲਮ ਦੀ ਨਿਰਦੇਸ਼ਕ ਕਾਰਤਿਕੀ ਗੋਂਨਸਾਲਵਿਸ ਹਨ।'ਦਿ ਐਲੀਫ਼ੈਂਟ ਵ੍ਹਿਸਪਰਜ਼' ਫ਼ਿਲਮ 8 ਦਸੰਬਰ 2022 ਨੂੰ ਨੈੱਟਫਲਿਕਸ ਉੱਤੇ ਰਿਲੀਜ਼ ਹੋਈ ਸੀ।ਦਿ ਐਲੀਫ਼ੈਂਟ ਵ੍ਹਿਸਪਰਜ਼' ਦੀ ਕਹਾਣੀ ਇੱਕ ਪਰਿਵਾਰ ਦੇ ਆਲੇ-ਦੁਆਲੇ ਘੁੰਮਦੀ ਹੈ ਜੋ ਤਾਮਿਲਨਾਡੂ ਦੇ ਟਾਈਗਰ ਰਿਜ਼ਰਵ ਵਿੱਚ ਦੋ ਅਨਾਥ ਹਾਥੀ ਦੇ ਬੱਚਿਆਂ ਨੂੰ ਗੋਦ ਲੈਂਦਾ ਹੈ।

ਆਸਕਰ ਵਿੱਚ ਲਘੂ ਫ਼ਿਲਮ 'ਦਿ ਐਲੀਫ਼ੈਂਟ ਵ੍ਹਿਸਪਰਜ਼' ਦੀ ਐਂਟਰੀ ਤੋਂ ਬਾਅਦ ਗੁਨੀਤ ਨੇ ਆਪਣੇ ਇੰਸਟਾਗ੍ਰਾਮ ਹੈਂਡਲ ਉੱਤੇ ਫ਼ਿਲਮ ਦੇ ਪੋਸਟਰ ਨੂੰ ਸ਼ੇਅਰ ਕਰਦਿਆਂ ਗੁਨੀਤ ਨੇ ਇੱਕ ਨੋਟ ਲਿਖਿਆ





ਹੈ ਕਿ 'ਦਿ ਐਲੀਫ਼ੈਂਟ ਵ੍ਹਿਸਪਰਜ਼' ਭਗਤੀ ਅਤੇ ਪਿਆਰ ਲਈ ਕਵਿਤਾ ਹੈ। ਸੋਹਣੇ ਏਲੀ ਰਘੂ ਲਈ ਬਿਨਾਂ ਸ਼ਰਤ ਬਿਨਾਂ ਕਿਸੇ ਸਵਾਰਥ ਦੇ ਪਿਆਰ ਲਈ ਇੱਕ ਕਵਿਤਾ, ਜਿਸ ਨੇ ਸਾਡੇ ਇਨਸਾਨਾਂ ਵਾਂਗ ਸਾਰੀਆਂ ਭਾਵਨਾਵਾਂ ਨੂੰ ਮਹਿਸੂਸ ਕੀਤਾ ਪਰ ਦੋ ਹੀ ਲੋਕ ਉਸ ਨੂੰ ਸੁਣ ਸਕੇ 'ਬੋਮਨ ਅਤੇ ਬੈਲੀ।"ਮੈਂ ਕਾਰਤਿਕੀ (ਨਿਰਦੇਸ਼ਕ) ਦੀ ਧੰਨਵਾਦੀ ਹਾਂ, ਜਿਨ੍ਹਾਂ ਨੇ ਇਸ ਪਵਿੱਤਰ ਰਿਸ਼ਤੇ ਦੀ ਭਾਲ ਕੀਤੀ ਤੇ ਸਾਡੇ ਉੱਤੇ ਐਨੀਂ ਵਾਸਤਵਿਕ ਕਥਾ ਕਹਾਣੀ ਦੇ ਨਾਲ ਭਰੋਸਾ ਕੀਤਾ। ਇਹ ਨਾਮਜ਼ਦਗੀ ਮੇਰੇ ਕਹਾਣੀਆਂ ਵਿੱਚ ਵਿਸ਼ਵਾਸ ਨੂੰ ਹੋਰ ਮਜ਼ਬੂਤ ਕਰਦੀ ਹੈ ਅਤੇ ਨਾਲ ਹੀ ਉਨ੍ਹਾਂ ਲੋਕਾਂ ਲਈ ਵੀ ਜੋ ਪੂਰੀ ਤਨਦੇਹੀ ਨਾਲ ਖ਼ੁਦ ਨੂੰ ਇੱਕ ਵੱਡੇ ਦ੍ਰਿਸ਼ਟੀਕੋਣ ਪ੍ਰਤੀ ਸਮਰਪਿਤ ਕਰਦੇ ਹਨ। ਇਹ ਮਾਸੂਮੀਅਤ ਅਤੇ ਇਮਾਨਦਾਰੀ ਹੈ ਜਿਸ ਨੇ ਇਨ੍ਹਾਂ ਸਰਹੱਦਾਂ ਨੂੰ ਪਾਰ ਕੀਤਾ ਅਤੇ 'ਦਿ ਐਲੀਫ਼ੈਂਟ ਵ੍ਹਿਸਪਰਜ਼' ਊਟੀ ਦੇ ਇੱਕ ਛੋਟੇ ਜਿਹੇ ਸ਼ਹਿਰ ਤੋਂ ਸ਼ੁਰੂ ਹੋ ਕੇ ਜੋ ਸਿਨੇਮਾ ਦੇ ਸਭ ਤੋਂ ਵੱਡੇ ਮੰਚ ਤੱਕ ਪਹੁੰਚੀ।'ਆਸਕਰ 2023 ਲਈ 'ਦਿ ਐਲੀਫ਼ੈਂਟ ਵ੍ਹਿਸਪਰ੍ਜ਼' ਦੇ 'ਡਾਕੂਮੈਂਟਰੀ ਸ਼ਾਰਟ ਫ਼ਿਲਮ ਕੈਟੇਗਰੀ' ਵਿੱਚ ਨਾਮਜ਼ਦਗੀ ਤੋਂ ਬਾਅਦ ਗੁਨੀਤ ਅਤੇ ਉਨ੍ਹਾਂ ਦੀ ਟੀਮ ਨੂੰ ਵੱਡੀਆਂ-ਵੱਡੀਆਂ ਸ਼ਖ਼ਸੀਅਤਾਂ ਵੱਲੋਂ ਵਧਾਈਆਂ ਮਿਲਣ ਦਾ ਸਿਲਸਿਲਾ ਜਾਰੀ ਹੈ। ਇਨ੍ਹਾਂ ਵਿੱਚ ਸੰਗੀਤਕਾਰ ਏ ਆਰ ਰਹਿਮਾਨ, ਨਿਰਦੇਸ਼ਕ ਰਾਜਾਮੌਲੀ ਅਤੇ ਪ੍ਰੋਡਿਊਸਰ ਕਰਨ ਜੌਹਰ ਸ਼ਾਮਲ ਹਨ।

ਆਸਕਰ 2023 ਦੀ 'ਡਾਕੂਮੈਂਟਰੀ ਸ਼ਾਰਟ ਫ਼ਿਲਮ ਕੈਟੇਗਰੀ' ਵਿੱਚ 'ਦਿ ਐਲੀਫ਼ੈਂਟ ਵ੍ਹਿਸਪਰਜ਼' ਦਾ ਮੁਕਾਬਲਾ ਚਾਰ ਹੋਰ ਫ਼ਿਲਮਾਂ

(ਬਾਕੀ ਸਫ਼ਾ 31 'ਤੇ)



## ਪੰਜਾਬ ’ਚ ਡੇਰਾ ਸਿਰਸਾ ਤੇ ਸਿੱਖ ਪੰਥ ’ਚ

ਗਿਆ ਜਿਥੇ ਡੇਰੇ ਨੂੰ ਜਾਣ ਵਾਲੇ ਪ੍ਰੇਮੀਆਂ ਤੋਂ ਬੇਅਦਬੀ ਮਾਮਲੇ ਨੂੰ ਲੈ ਕੇ ਸਵਾਲ ਕੀਤੇ। ਹਾਲਾਂਕਿ ਪੁਲਿਸ ਵਲੋਂ ਪਹਿਲਾਂ ਹੀ ਕੀਤੇ ਪੁਖਤਾ ਪ੍ਰਬੰਧ ਦੇ ਚੱਲਦੇ ਡੇਰਾ ਸਿਰਸਾ ਪ੍ਰੇਮੀਆਂ ਨੂੰ ਸੁਰੱਖਿਅਤ ਵਾਪਸ ਭੇਜਿਆ ਗਿਆ ਪਰ ਸਿੱਖ ਸੰਗਤ ਦਾ ਰੋਸ ਬਰਕਰਾਰ ਸੀ। ਬੇਅਦਬੀ ਮਾਮਲਿਆਂ ਦੇ ਵਕੀਲ ਹਰਪਾਲ ਖਾਰਾ ਅਤੇ ਇਨਸਾਫ਼ ਮੋਰਚਾ ਨੂੰ ਚਲਾਉਣ ਵਾਲੇ ਸੁਖਰਾਜ ਸਿੰਘ ਨੇ ਕਿਹਾ ਕਿ ਇਸੇ ਦੇਸ਼ ਵਿਚ ਸੰਗੀਨ ਜੁਰਮ ਕਰਨ ਵਾਲੇ ਨੂੰ ਸਰਕਾਰ ਵਾਰ ਵਾਰ ਪੈਰੋਲ ਦੇ ਰਹੀ ਹੈ ਜੋ ਬਾਹਰ ਆ ਕੇ ਖੁੱਲੇਆਮ ਡੇਰੇ ਦੀਆਂ ਗਤੀਵਿਧੀਆਂ ਨੂੰ ਅੰਜ਼ਾਮ ਦੇ ਰਿਹਾ ਹੈ ਪਰ ਦੂਜੇ ਪਾਸੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਈ ਨਹੀਂ ਮਿਲ ਰਹੀ, ਇਸ ਤੋਂ ਲੱਗਦਾ ਕਿ ਦੇਸ਼ ਅੰਦਰ ਕਾਨੂੰਨ ਸਿੱਖਾਂ ਲਈ ਹੋਰ ਤੇ ਬਾਕੀਆਂ ਲਈ ਹੋਰ ਹਨ।

ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਹ ਮੰਦਭਾਗੀ ਗੱਲ ਹੈ ਅਤੇ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਨੂੰ ਕਿਸੇ ਵੀ ਕੀਮਤ ’ਤੇ ਸੌਦਾ ਸਾਧ ਨੂੰ ਸਮਾਗਮ ਕਰਨ ਤੇ ਇਕਠ ਕਰਨ ਦੀ ਆਗਿਆ ਨਹੀਂ ਸੀ ਦੇਣੀ ਚਾਹੀਦੀ । ਉਨ੍ਹਾਂ ਕਿਹਾ ਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਦੀ ਥਾਂ ਕਤਲਾਂ ਤੇ ਜਬਰ ਜਨਾਹ ਦੇ ਦੋਸ਼ੀ ਡੇਰਾ ਮੁਖੀ ਨੂੰ ਵਾਰ ਵਾਰ ਪੈਰੋਲ ਅਤੇ ਸੁਰੱਖਿਆ ਦੇ ਕੇ ਸਰਕਾਰਾਂ ਵਲੋਂ ਸਿੱਖਾਂ ਨਾਲ ਸ਼ਰੇਆਮ ਵਿਤਕਰਾ ਕੀਤਾ ਜਾ ਰਿਹਾ ਹੈ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਇਸ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਉਸ ਵਿਰੁੱਧ ਹਾਈਕੋਰਟ ਵਿਚ ਰਿਟ ਪਟੀਸ਼ਨ ਪਾਉਣ ਦਾ ਵੀ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਵੱਲੋਂ ਪੈਰੋਲ ’ਤੇ ਆਏ ਸੌਦਾ ਸਾਧ ਨੂੰ ਸੂਬਾ ਮਹਿਮਾਨ ਵਜੋਂ ਸੱਦਣਾ ਨਿਆਂਪਾਲਿਕਾ ਦੀ ਵੱਡੀ ਤੌਹੀਨ ਹੈ ਅਤੇ ਇਸ ਦੇ ਨਾਲ ਹੀ ਉਸ ਨੂੰ ਵਾਰ-ਵਾਰ ਪੈਰੋਲ ਦੇਣਾ ਅਤੇ 90 ਦਿਨਾਂ ਦੀ ਸਜ਼ਾ ਮੁਆਫ਼ ਕਰਨਾ ਸੱਭਿਅਕ ਸਮਾਜ ਵਿਚ ਸਵੀਕਾਰਨਯੋਗ ਨਹੀਂ ਹੈ। ਉਨ੍ਹਾਂ ਕਿਹਾ ਕਿ ਸੌਦਾ ਸਾਧ ਵਿਰੁੱਧ ਬੇਅਦਬੀ ਦੇ ਮਾਮਲਿਆਂ ਵਿਚ ਵੀ ਅਦਾਲਤੀ ਪ੍ਰਕਿਰਿਆ ਜਾਰੀ ਹੈ, ਲਿਹਾਜ਼ਾ ਉਸ ਦੇ ਬਾਹਰ ਆਉਣ ਨਾਲ ਕੇਸ ਪ੍ਰਭਾਵਤ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਇਸ ਸੰਜੀਦਾ ਮਾਮਲੇ ’ਤੇ ਸ਼੍ਰੋਮਣੀ ਕਮੇਟੀ ਹਾਈ ਕੋਰਟ ਜਾਵੇਗੀ ਅਤੇ ਲੋੜ ਪੈਣ ’ਤੇ ਸੁਪਰੀਮ ਕੋਰਟ ਤੱਕ ਵੀ ਪਹੁੰਚ ਕੀਤੀ ਜਾਵੇਗੀ।

ਇਸ ਦੌਰਾਨ ਡੇਰਾ ਸਿਰਸਾ ਦੇ ਪੰਜਾਬ ਵਿਚਲੇ ਹੈੱਡਕੁਆਟਰ ਸਲਾਬਤਪੁਰਾ ਵਿਚ ਕਰਵਾਏ ਗਏ ਐੱਮਐੱਸਜੀ ਭੰਡਾਰੇ ਤੋਂ ਇਸ ਵਾਰ ਸਿੱਖ ਪੰਥ ਦੇ ਗੁੱਸੇ ਕਾਰਨ ਸਿਆਸੀ ਆਗੂਆਂ ਨੇ ਦੂਰੀ ਬਣਾਈ ਰੱਖੀ। ਭਾਵੇਂ ਡੇਰਾ ਪ੍ਰੇਮੀਆਂ ਦਾ ਸਲਾਬਤਪੁਰਾ ਵਿਚ ਵੱਡਾ ਇਕੱਠ ਹੋਇਆ ਪਰ ਇਸ ਦੌਰਾਨ ਕਿਸੇ ਵੀ ਸਿਆਸੀ ਆਗੂ ਨੇ ਹਾਜਰੀ ਨਹੀਂ ਭਰੀ। ਇਥੋਂ ਤਕ ਕਿ ਰਾਮਪੁਰਾ ਫੂਲ ਹਲਕੇ ਦਾ ਵੀ ਕੋਈ ਆਗੂ ਸਲਾਬਤਪੁਰਾ ਵਿਚ ਪ੍ਰੋਗਰਾਮ ਦੌਰਾਨ ਸ਼ਾਮਲ ਨਹੀਂ ਹੋਇਆ। ਹਾਲਾਂਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ 25 ਜਨਵਰੀ 2022 ਨੂੰ ਹੋਏ ਭੰਡਾਰੇ ਵਿਚ ਅਕਾਲੀ ਦਲ, ਕਾਂਗਰਸ ਤੇ ਭਾਰਤੀ ਜਨਤਾ ਪਾਰਟੀ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਲੀਡਰ ਸ਼ਾਮਲ ਹੋਏ ਸਨ। ਭਾਵੇਂ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਡੇਰਾ ਪ੍ਰੇਮੀਆਂ ਨੇ ਖੁੱਲ੍ਹ ਕੇ ਭਾਜਪਾ, ਕਾਂਗਰਸ ਤੇ ਬਾਦਲ ਦਲ ਦੀ ਮਦਦ ਕੀਤੀ ਗਈ। ਪਰ ਇਨ੍ਹਾਂ ਤਿੰਨਾਂ ਪਾਰਟੀਆਂ ਦਾ ਸਿਆਸੀ ਬਿਸਤਰਾ ਗੋਲ ਹੋ ਗਿਆ।ਇਸ ਤਰ੍ਹਾਂ ਜਾਪਦਾ ਹੈ ਕਿ ਸੌਦਾ ਸਾਧ ਦੇ ਡੇਰੇ ਦਾ ਪੰਜਾਬ ਵਿਚ ਸਿਆਸੀ ਆਧਾਰ ਨਹੀਂ ਹੈ।

ਦੱਸਿਆ ਜਾਂਦਾ ਹੈ ਕਿ ਪੁਲਿਸ ਤਫਤੀਸ਼ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਦੇ ਮਾਮਲੇ ਵਿਚ ਸਿਰਸਾ ਡੇਰੇ ਦਾ ਨਾਂ ਜੁੜਨ ਤੇ ਡੇਰਾ ਮੁਖੀ ਨੂੰ ਵਾਰ ਵਾਰ ਪੈਰੋਲ ’ਤੇ ਛੱਡਣ ਕਾਰਨ ਸਿੱਖ ਸਮਾਜ ਵਿਚ ਗੁੱਸੇ ਦੀ ਲਹਿਰ ਮਹਿਸੂਸ ਕੀਤੀ ਗਈ ਹੈ। ਵਾਰ ਵਾਰ ਪੈਰੋਲ ’ਤੇ ਆਉਣ ਕਾਰਨ ਸਮਾਜ ਦੇ ਕੁਝ ਹੋਰ ਵਰਗਾਂ ਵਿਚ ਗੁੱਸਾ ਪ੍ਰਬਲ ਹੈ। ਕੁਝ ਸਮਾਂ ਪਹਿਲਾਂ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕੈਬਨਿਟ ਮੰਤਰੀ ਫੌਜਾ ਸਿੰਘ ਸਰਾਰੀ ਡੇਰੇ ਦੇ ਇਕ ਪ੍ਰੋਗਰਾਮ ਵਿਚ ਸ਼ਾਮਲ ਹੋ ਗਏ ਸਨ ਜਿਸ ਨੂੰ ਲੈ ਕੇ ਵਿਰੋਧੀ ਪਾਰਟੀਆਂ ਨੇ ਹੰਗਾਮਾ ਖੜ੍ਹਾ ਕਰ ਦਿੱਤਾ ਸੀ। ਡੇਰੇ ਦੇ ਮੀਡੀਆ ਕੁਆਰਡੀਨੇਟਰ ਸੁਰਿੰਦਰਪਾਲ ਇੰਸਾਂ ਦਾ ਕਹਿਣਾ ਸੀ ਕਿ ਕੋਈ ਚੋਣ ਨੇੜੇ ਨਾ ਹੋਣ ਕਾਰਨ ਸਿਆਸੀ ਆਗੂ ਸਲਾਬਤਪੁਰਾ ਵਿਚ ਹੋਏ ਪ੍ਰੋਗਰਾਮ ਵਿਚ ਸ਼ਾਮਲ ਨਹੀਂ ਹੋਏ। ਦੂਜੇ ਪਾਸੇ ਕੋਈ ਇਸ ਮਾਮਲੇ ਵਿਚ ਕੋਈ ਵੀ ਸਿਆਸੀ ਆਗੂ ਕੁਝ ਬੋਲਣ ਲਈ ਤਿਆਰ ਨਹੀਂ ਹੈ।

ਸਾਲ 2012 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਵੀ ਡੇਰੇ ਦੇ ਸਿਆਸੀ ਵਿੰਗ ਨੇ ਕਾਂਗਰਸੀ ਉਮੀਦਵਾਰਾਂ ਦੇ ਹੱਕ ਵਿਚ ਫ਼ਤਵਾ ਦਿੱਤਾ ਸੀ ਪਰ ਉਸ ਸਮੇਂ ਕਾਂਗਰਸ ਪਾਰਟੀ ਨੂੰ ਸੂਬੇ ਅੰਦਰ ਹਾਰ ਦਾ ਮੂੰਹ ਦੇਖਣਾ ਪਿਆ ਸੀ। ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਰਾਜਸੀ ਵਿੰਗ ਵੱਲੋਂ ਅਕਾਲੀ-ਭਾਜਪਾ ਗੱਠਜੋੜ ਦੇ ਉਮੀਦਵਾਰਾਂ ਦੀ ਹਮਾਇਤ ਕਰਨ ਦਾ ਫ਼ੈਸਲਾ ਲਿਆ ਗਿਆ ਸੀ ਪਰ ਇਨ੍ਹਾਂ ਚੋਣਾਂ ਵਿਚ ਅਕਾਲੀ-ਭਾਜਪਾ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਸਾਲ 2014 ਦੀਆਂ ਲੋਕ ਸਭਾ ਚੋਣਾਂ ਮੌਕੇ ਡੇਰੇ ਦੇ ਸਿਆਸੀ ਵਿੰਗ ਨੇ ਅਕਾਲੀ-ਭਾਜਪਾ ਉਮੀਦਵਾਰਾਂ ਨੂੰ ਹਮਾਇਤ ਦਿੱਤੀ ਸੀ। ਇਸ ਵਾਰ ਡੇਰਾ ਪ੍ਰੇਮੀਆਂ ਨੇ ਉਮੀਦਵਾਰਾਂ ਦੀ ਚੋਣ ਕਰ ਕੇ ਹਮਾਇਤ ਕੀਤੀ ਗਈ ਸੀ ਜਦਕਿ ਡੇਰਾ ਮੁਖੀ ਦੇ ਕੁੜਮ ਸਾਬਕਾ ਮੰਤਰੀ ਹਰਮਿੰਦਰ ਸਿੰਘ ਜੱਸੀ ਦੀ ਤਲਵੰਡੀ ਸਾਬੋ ਹਲਕੇ ਤੋਂ ਮਦਦ ਕੀਤੀ ਸੀ ਪਰ ਉਹ ਚੌਥੇ ਸਥਾਨ ’ਤੇ ਰਹੇ ਸਨ।

***

## ਮਿਸ਼ਨ 2024 ਲਈ ਸੌਦਾ ਸਾਧ ਬਣਿਆ ਭਾਜਪਾ ਦੀ ਮਜਬੂਰੀ

ਅਜਿਹਾ ਹੀ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਭ ਤੋਂ ਅਹਿਮ ਪੱਖ ਪੰਜਾਬ ਹੈ। ਉੱਥੇ ਭਾਜਪਾ ਇਸ ਵਾਰ ਇਕੱਲਿਆਂ ਹੀ ਚੋਣ ਲੜੇਗੀ। ਇੱਥੇ 13 ਲੋਕ ਸਭਾ ਸੀਟਾਂ ਹਨ। ਪਹਿਲਾਂ ਭਾਜਪਾ ਸਿਰਫ਼ 3 ਸੀਟਾਂ ’ਤੇ ਚੋਣ ਲੜਦੀ ਸੀ। ਪੰਜਾਬ ਵਿੱਚ ਡੇਰਾ ਪ੍ਰੇਮੀਆਂ ਦੀ ਚੰਗੀ ਗਿਣਤੀ ਹੈ। ਪਰ ਉਥੇ ਅਜੇ ਤੱਕ ਸੌਦਾ ਡੇਰਾ ਸਿਆਸੀ ਸਿਕਾ ਨਹੀਂ ਜਮਾ ਸਕਿਆ। ਪੰਜਾਬ ਵਿਚ ਇਸ ਕਾਰਨ ਭਾਜਪਾ ਦੁਚਿੱਤੀ ਵਿਚ ਹੈ।

ਫਰਵਰੀ 2022 ਦੀਆਂ ਪੰਜਾਬ ਅਤੇ ਯੂ.ਪੀ. ਚੋਣਾਂ ਵਿੱਚ ਰਾਮ ਰਹੀਮ ਨੂੰ ਪਹਿਲੀ ਵਾਰ 21 ਦਿਨਾਂ ਦੀ ਛੁੱਟੀ ਮਿਲੀ ਸੀ। ਪੰਜਾਬ ਦੀ ਮਾਲਵਾ ਪੱਟੀ ਅਤੇ ਪੱਛਮੀ ਯੂ.ਪੀ. ਵਿੱਚ ਪ੍ਰੇਮੀਆਂ ਨੇ ਭਾਜਪਾ ਦਾ ਸਮਰਥਨ ਕੀਤਾ ਸੀ। ਪੰਜਾਬ ਵਿੱਚ ਭਾਜਪਾ ਨੂੰ ਫਾਇਦਾ ਨਹੀਂ ਹੋਇਆ ਪਰ ਯੂ.ਪੀ. ਵਿੱਚ ਭਾਜਪਾ ਨੂੰ ਫਾਇਦਾ ਹੋਇਆ।

ਸੌਦਾ ਸਾਧ ਨੂੰ 17 ਜੂਨ, 2022 ਨੂੰ ਦੂਜੀ ਵਾਰ 30 ਦਿਨਾਂ ਲਈ ਪੈਰੋਲ ਮਿਲੀ, ਜਦੋਂ ਉਹ ਯੂ.ਪੀ. ਦੇ ਬਾਗਪਤ ਸਥਿਤ ਬਰਨਾਵਾ ਆਸ਼ਰਮ ਵਿੱਚ ਰਿਹਾ। ਜਿੱਥੋਂ ਉਹ ਸਾਢੇ 4 ਸਾਲ ਬਾਅਦ ਵੀਡੀਓ ਰਾਹੀਂ ਪ੍ਰੇਮੀਆਂ ਦੇ ਸਾਹਮਣੇ ਆਇਆਸੀ।

ਅਕਤੂਬਰ 2022 ਵਿਚ ਸੌਦਾ ਸਾਧ ਫਿਰ 40 ਦਿਨਾਂ ਲਈ ਪੈਰੋਲ ’ਤੇ ਆਇਆ ਸੀ। ਫਿਰ ਹਿਮਾਚਲ ਪ੍ਰਦੇਸ਼ ਵਿੱਚ ਵਿਧਾਨ ਸਭਾ ਚੋਣਾਂ, ਹਰਿਆਣਾ ਵਿੱਚ ਆਦਮਪੁਰ ਵਿਧਾਨ ਸਭਾ ਸੀਟ ’ਤੇ ਉਪ ਚੋਣ ਅਤੇ ਪੰਚਾਇਤੀ ਚੋਣਾਂ ਹੋਣੀਆਂ ਸਨ। ਚੋਣ ਵੋਟਿੰਗ ਤੋਂ ਬਾਅਦ ਸੌਦਾ ਸਾਧ ਮੁੜ ਜੇਲ ਪਰਤਿਆ।

ਹੁਣ 2023 ਵਿੱਚ ਉਸ ਨੂੰ 21 ਦਿਨਾਂ ਦੀ ਪੈਰੋਲ ਮਿਲ ਗਈ ਹੈ। ਅਗਲੇ ਸਾਲ ਦੇਸ਼ ਵਿੱਚ ਹਰਿਆਣਾ ਵਿੱਚ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਹੋਣੀਆਂ ਹਨ। ਉਸ ਨਾਲ ਜੋੜਿਆ ਜਾ ਰਿਹਾ ਹੈ।

ਹਰਿਆਣਾ ਦੇ ਸੀਐਮ ਦੀ ਓਐਸਡੀ ਕ੍ਰਿਸ਼ਨਾ ਬੇਦੀ ਨੇ ਰਾਮ ਰਹੀਮ ਨਾਲ ਆਨਲਾਈਨ ਜੁੜ ਕੇ ਆਸ਼ੀਰਵਾਦ ਮੰਗਿਆ ਸੀ। ਇਸ ਵਾਰ ਪੈਰੋਲ ਮਿਲਣ ਤੋਂ ਬਾਅਦ ਸੌਦਾ ਸਾਧ ਨੇ ਸਫਾਈ ਮੁਹਿੰਮ ਦਾ ਡਰਾਮਾ ਕੀਤਾ ਸੀ, ਹਰਿਆਣਾ ਦੇ ਸੀਐਮ ਮਨੋਹਰ ਲਾਲ ਦੇ ਓਐਸਡੀ ਕ੍ਰਿਸ਼ਨ ਬੇਦੀ, ਰਾਜ ਸਭਾ ਮੈਂਬਰ ਕ੍ਰਿਸ਼ਨ ਪੰਵਾਰ, ਫਰੀਦਾਬਾਦ ਦੀ ਵਿਧਾਇਕ ਸੀਮਾ ਤ੍ਰਿਖਾ, ਪਾਣੀਪਤ ਦੇ ਵਿਧਾਇਕ ਪ੍ਰਮੋਦ ਵਿਜ, ਗੂਹਲਾ ਚੀਕਾ ਦੇ ਵਿਧਾਇਕ ਕੁਲਵੰਤ ਬਾਜੀਗਰ ਦੀ ਨੂੰਹ ਸਹਿਤ ਹਰਿਆਣਾ ਦੇ ਭਾਜਪਾ ਵਿਧਾਇਕ ਸੌਦਾ ਸਾਧ ਤੋਂ ਆਨਲਾਈਨ ਅਸ਼ੀਰਵਾਦ ਲੈਣ ਪਹੁੰਚੇ ਸਨ। ਭਾਜਪਾ ਨੇ ਸਿਆਸੀ ਹਿੱਤਾਂ ਲਈ ਕਤਲ ਅਤੇ ਜਿਨਸੀ ਸ਼ੋਸ਼ਣ ਦੇ ਤਿੰਨ ਮਾਮਲਿਆਂ ਵਿੱਚ 20-20 ਸਾਲ ਦੀ ਸਜ਼ਾ ਕੱਟ ਰਹੇ ਸੌਦਾ ਸਾਧ ਨੂੰ ਹਰਿਆਣਾ ਸਰਕਾਰ ਦੇ ਨਵੇਂ ਨਿਯਮ ਤਹਿਤ ਰਾਹਤ ਦਿੱਤੀ ਹੈ। ਉਸ ਦੀ 90 ਦਿਨਾਂ ਦੀ ਸਜ਼ਾ ਘਟਾਈ ਗਈ ਹੈ। ਪੰਥਕ ਹਲਕੇ ਭਾਜਪਾ ਦੀ ਸੌਦਾ ਸਾਧ ਨਾਲ ਮਿਹਰਬਾਨੀ ਨੂੰ ਸਿਆਸੀ ਫਰਾਡ ਦੱਸ ਰਹੇ ਹਨ।

***

## ‘ਜੇ ਫ਼ੌਜੀ ਅਪਰੇਸ਼ਨ ਨਾ ਹੁੰਦਾ ਤਾਂ ਖ਼ਾਲਿਸਤਾਨ

ਐਲਾਨ ਹੁੰਦੇ ਹੀ ਪਾਕਿਸਤਾਨ ਸਰਹੱਦ ਪਾਰ ਕਰ ਕੇ ਪੰਜਾਬ ਵਿਚ ਆ ਜਾਂਦਾ। ਪੰਜਾਬ ਵਿਚ ਕਾਨੂੰਨ ਤੇ ਵਿਵਸਥਾ ਦਾ ਮਾੜਾ ਹਾਲ ਸੀ। ਉਨ੍ਹਾਂ ਕਿਹਾ ਕਿ ਸਾਡੇ ਪ੍ਰਵਾਸੀ ਖ਼ਾਲਿਸਤਾਨੀ ਅੰਦੋਲਨ ਨੂੰ ਸਮਰਥਨ ਦੇ ਰਹੇ ਹਨ ਤੇ ਪਾਕਿਸਤਾਨ ਦੀ ਆਈਐੱਸਆਈ ਇਸ ਲਈ ਉਨ੍ਹਾਂ ਦੀ ਮਦਦ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਿਵਲ ਅਧਿਕਾਰੀਆਂ ਨੇ ਕਿਹਾ ਕਿ ਮੌਜੂਦਾ ਹਾਲਾਤ ’ਚ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਫ਼ੌਜ ਦੇ ਦਾਖ਼ਲੇ ਨਾਲ ਫਿਰਕੂ ਤਣਾਅ ਪੈਦਾ ਹੋ ਜਾਵੇਗਾ। ਇਸ ’ਤੇ ਜਨਰਲ ਦਿਆਲ ਨੇ ਕਿਹਾ, ਤੁਸੀਂ ਕੀ ਗੱਲ ਕਰ ਰਹੇ ਹੋ। ਅਸੀਂ ਰਾਤ ਨੂੰ 10 ਵਜੇ ਕੰਪਲੈਕਸ ’ਚ ਦਾਖ਼ਲ ਹੋਵਾਂਗੇ ਤੇ ਰਾਤ 12 ਵਜੇ ਤੱਕ ਸਾਰਾ ਆਪ੍ਰੇਸ਼ਨ ਪੂਰਾ ਕਰ ਲਵਾਂਗੇ। ਸਵੇਰੇ ਚਾਰ ਵਜੇ ਤੱਕ ਸਾਰੀਆਂ ਲਾਈਟਾਂ ਜਗਾ ਦਿੱਤੀਆਂ ਜਾਣਗੀਆਂ। ਇਸ ਮਗਰੋਂ ਸਾਰੇ ਸਿਵਲ ਅਧਿਕਾਰੀ ਆਪਣੇ ਘਰਾਂ ਨੂੰ ਪਰਤ ਗਏ। ਉਨ੍ਹਾਂ ’ਚੋਂ ਕੋਈ ਵੀ ਰਾਤ ਨੂੰ ਨਹੀਂ ਸੌਂ ਸਕਿਆ।

ਉਨ੍ਹਾਂ ਕਿਹਾ ਕਿ ਕਰਫਿਊ ਦੀ ਉਲੰਘਣਾ ਕਰਨ ਵਾਲੇ ਨੂੰ ਗੋਲੀ ਮਾਰ ਦਿੱਤੀ ਜਾਵੇ। ਸ਼ਹਿਰ ਵਿਚ ਬੀਐੱਸਐੱਫ ਦੀ ਤਾਇਨਾਤੀ ਕੀਤੀ ਗਈ। ਹੁਣ ਵਾਰੀ ਸੀ ਬੀਐੱਸਐੱਫ ਦੇ ਡਿਪਟੀ ਇੰਸਪੈਕਟਰ ਜਨਰਲ ਪੁਲਿਸ ਜੀਐੱਸ ਪੰਧੇਰ ਦੀ, ਜਿਨ੍ਹਾਂ ਕਿਹਾ ਕਿ ਸਾਨੂੰ ਕਰਫਿਊ ਦੀ ਉਲੰਘਣਾ ਕਰਨ ਵਾਲੇ ਨੂੰ ਗੋਲ਼ੀ ਮਾਰਨ ਦੇ ਲਿਖਤੀ ਆਦੇਸ਼ ਚਾਹੀਦੇ ਹਨ। ਗੁੱਸੇ ਵਿਚ ਜਨਰਲ ਬਰਾੜ ਨੇ ਮੇਜ਼ ’ਤੇ ਜ਼ੋਰ ਨਾਲ ਹੱਥ ਮਾਰਿਆ ਤੇ ਕਿਹਾ ਕਿ ਇਹ ਖੁੱਲ੍ਹੀ ਬਗ਼ਾਵਤ ਹੈ। ਪੰਧੇਰ ਡਰ ਗਏ ਸਨ। ਉਨ੍ਹਾਂ ਨੂੰ ਤੁਰੰਤ ਛੁੱਟੀ ’ਤੇ ਜਾਣ ਲਈ ਕਿਹਾ ਗਿਆ, ਉਸ ਮਗਰੋਂ ਉਨ੍ਹਾਂ ਦੀ ਟਰਾਂਸਫਰ ਕੀਤੀ ਜਾਣੀ ਸੀ। ਬਰਾੜ ਦਾ ਇਹ ਇੰਟਰਵਿਊ ਅਜਿਹੇ ਸਮੇਂ ’ਤੇ ਨਸ਼ਰ ਹੋ ਰਿਹਾ ਹੈ ਜਦੋਂ ਬੀ. ਬੀ. ਸੀ. ਵਲੋਂ ਗੁਜਰਾਤ ਦੰਗਿਆਂ ’ਤੇ ਵਿਵਾਦਿਤ ਦਸਤਾਵੇਜ਼ੀ ਫ਼ਿਲਮ ਨੂੰ ਲੈ ਕੇ ਵਿਰੋਧੀ ਧਿਰ ਖ਼ਾਸ ਤੌਰ ’ਤੇ ਕਾਂਗਰਸ ਹਮਲਾਵਰ ਹੋਈ ਹੈ ਅਤੇ ਕਈ ਥਾਵਾਂ ’ਤੇ ਇਸ ਦੀ ਸਕ੍ਰੀਨਿੰਗ ਕਰਵਾਈ ਜਾ ਰਹੀ ਹੈ । ਹਾਲਾਂਕਿ ਕੇਂਦਰ ਸਰਕਾਰ ਵਲੋਂ ਇਸ ’ਤੇ ਅਧਿਕਾਰਕ ਤੌਰ ’ਤੇ ਪਾਬੰਦੀ ਲਾਈ ਗਈ ਹੈ। ਜ਼ਿਕਰਯੋਗ ਹੈ ਕਿ 1 ਜੂਨ 1984 ਨੂੰ ਅੰਮ੍ਰਿਤਸਰ ਨੂੰ ਫ਼ੌਜ ਦੇ ਹਵਾਲੇ ਕੀਤਾ ਗਿਆ ਸੀ 5 ਜੂਨ ਨੂੰ ਸ਼ਾਮੀ 7 ਵਜੇ ਫ਼ੌਜ ਨੇ ਕਾਰਵਾਈ ਸ਼ੁਰੂ ਕੀਤੀ ਸੀ । ਸਰਕਾਰੀ ਅੰਕੜਿਆਂ ਮੁਤਾਬਿਕ 7 ਜੂਨ ਨੂੰ ਖ਼ਤਮ ਹੋਏ ਘਲੂਘਾਰੇ ਵਿਚ 492 ਲੋਕਾਂ ਦੀਆਂ ਜਾਨਾਂ ਗਈਆਂ ਸਨ, ਪਰ ਗ਼ੈਰ-ਸਰਕਾਰੀ ਅੰਕੜਿਆਂ ਵਿਚ ਇਹ ਗਿਣਤੀ ਇਸ ਤੋਂ ਕਿਤੇ ਵੱਧ ਸੀ।

### ਜਨਰਲ ਕੁਲਦੀਪ ਬਰਾੜ ਦੇ ਬਿਆਨ ਦੀ ਵੱਖ-ਵੱਖ ਆਗੂਆਂ ਵਲੋਂ ਨਿਖੇਧੀ

ਪੰਥਕ ਆਗੂ ਪਾਲ ਸਿੰਘ ਫਰਾਂਸ ਨੇ ਬਰਾੜ ਦੇ ਬਿਆਨ ਨੂੰ ਝੂਠਾ ਦਸਦਿਆਂ ਕਿਹਾ ਕਿ ਬਰਾੜ ਸਿੱਖ ਕੌਮ ਦਾ ਅਪਰਾਧੀ ਹੈ। ਉਨ੍ਹਾਂ ਕਿਹਾ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੀ ਸ਼ਖ਼ਸੀਅਤ ਦਾ ਉਭਾਰ ਇੰਦਰਾ ਗਾਂਧੀ ਦੀ ਸ਼ਹਿ ਜਾਂ ਢਿੱਲ ਕਰਕੇ ਨਹੀਂ, ਇਹ ਉਨ੍ਹਾਂ ਦੇ ਜੀਵਨ ਦੀ ਕਮਾਈ, ਦਿਨੋਂ-ਦਿਨ ਸਿੱਖ ਸੰਗਤਾਂ ਦਾ ਮਿਲਦਾ ਰਿਹਾ ਅਥਾਹ ਪਿਆਰ ਤੇ ਪੰਜਾਬ ਤੇ ਪੰਥਕ ਹੱਕਾਂ ਦੀ ਪਹਿਰੇਦਾਰੀ ਕਰਕੇ ਹੋਇਆ ਸੀ।

ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਨੇ ਜਨਰਲ ਕੁਲਦੀਪ ਸਿੰਘ ਬਰਾੜ ਵੱਲੋਂ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਅਤੇ ਸਿੱਖ ਸੰਘਰਸ਼ ਬਾਰੇ ਪ੍ਰਗਟਾਏ ਗਏ ਵਿਚਾਰਾਂ ਨੂੰ ਸਿਰੇ ਤੋਂ ਖਾਰਜ ਕਰਦੇ ਹੋਏ ਕਿਹਾ ਕਿ ਜਨਰਲ ਬਰਾੜ ਆਪਣੇ ਕੀਤੇ ਪਾਪਾਂ ਨੂੰ ਛੁਪਾਉਣ ਲਈ ਇਹ ਗਲਤ ਬਿਆਨੀ ਕਰ ਰਿਹਾ ਹੈ ।ਭਾਈ ਰੋਡੇ ਨੇ ਦੇਸ਼-ਵਿਦੇਸ਼ ਦੇ ਸਿੱਖਾਂ ਨੂੰ ਚੌਕਸ ਕੀਤਾ ਹੈ ਕਿ ਜਨਰਲ ਬਰਾੜ ਨੂੰ ਸਾਜਿਸ਼ ਤਹਿਤ ਸਿੱਖ ਕੌਮ ਵਿਚ ਫੁੱਟ ਪਾਉਣ ਲਈ ਅਤੇ ਦੁਬਿਧਾ ਪੈਦਾ ਕਰਨ ਲਈ ਸਿੱਖ ਵਿਰੋਧੀਆਂ ਨੇ ਉਸ ਸਮੇਂ ਅੱਗੇ ਲਿਆਂਦਾ ਹੈ ਜਦੋਂ ਸਾਰੀ ਕੌਮ ਆਪਣੇ ਹੱਕ ਲੈਣ ਲਈ ਲਾਮਬੰਦ ਹੋ ਰਹੀ ਹੈ। ਉਨ੍ਹਾਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਅਪੀਲ ਕੀਤੀ ਕਿ ਜਨਰਲ ਬਰਾੜ ਵਲੋਂ ਬੋਲੇ ਜਾ ਰਹੇ ਝੂਠ ਦਾ ਕਰਾਰਾ ਜਵਾਬ ਦਿੱਤਾ ਜਾਵੇ।

ਦਲ ਖ਼ਾਲਸਾ ਦੇ ਸੀਨੀਅਰ ਆਗੂ ਕੰਵਰਪਾਲ ਸਿੰਘ ਨੇ ਕਿਹਾ ਕਿ ਸਿੱਖ ਕੌਮ ਬਰਾੜ ਨੂੰ ਅਕਾਲ ਤਖ਼ਤ ਸਾਹਿਬ ’ਤੇ ਹਮਲਾ ਕਰਨ ਲਈ ਦੋਸ਼ੀ ਐਲਾਨ ਚੁੱਕੀ ਹੈ ਤੇ ਉਹ ਸਿੱਖ ਧਰਮ ਦਾ ਮੁਜ਼ਰਮ ਹੈ। ਦਲ ਖ਼ਾਲਸਾ ਆਗੂ ਨੇ ਬਰਾੜ ਦੀ ਇੰਟਰਵਿਊ ਬਾਰੇ ਟਿੱਪਣੀ ਕਰਦਿਆਂ ਕਿਹਾ ਕਿ ਪੰਥ ਨੂੰ ਕੋਈ ਭੁਲੇਖਾ ਨਹੀਂ ਕਿ ਇਸ ਗੰਦੀ ਖੇਡ ਦੇ ਪਿੱਛੇ ਭਾਜਪਾ ਹੈ।

ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਨੇ ਕਿਹਾ ਕਿ ਜਨਰਲ ਬਰਾੜ ਫੋਕੀ ਸ਼ੌਹਰਤ ਹਾਸਿਲ ਕਰਨ ਲਈ ਘਟੀਆ ਬਿਆਨਬਾਜ਼ੀ ਕਰ ਰਿਹਾ ਹੈ । ਉਨ੍ਹਾਂ ਕਿਹਾ ਕਿ ਜੇਕਰ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਕਾਂਗਰਸ ਦੇ ਪੈਦਾ ਕੀਤੇ ਹੁੰਦੇ ਤਾਂ ਉਹ ਸ਼ਹਾਦਤ ਦਾ ਜਾਮ ਨਾ ਪੀਂਦੇ । ਉਨ੍ਹਾਂ ਕਿਹਾ ਕਿ ਫੌਜੀ ਹਮਲਾ ਇੰਦਰਾ ਦੀ ਸਿਆਸੀ ਫਿਰਕੂ ਨੀਤੀ ਸੀ, ਜਿਸ ਕਾਰਨ ਸਿੱਖ ਹਾਲੇ ਵੀ ਬੇਗਾਨਗੀ ਭੋਗ ਰਹੇ ਹਨ।

ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨੇ ਕਿਹਾ ਕਿ ਭਾਰਤੀ ਹਕੂਮਤ ਵਲੋਂ ਜੂਨ 1984 ਦੌਰਾਨ ਸ੍ਰੀ ਦਰਬਾਰ ਸਾਹਿਬ ਉੱਪਰ ਫੌਜੀ ਹਮਲੇ ਦੇ ਕਹਿਰ ਦੇ ਸਬੰਧ ਵਿਚ ਜਨਰਲ ਕੇ. ਐਸ. ਬਰਾੜ ਵੀ ਬਰਾਬਰ ਦਾ ਭਾਈਵਾਲ ਹੈ ਅਤੇ ਅੱਜ ਤਕਰੀਬਨ 40 ਸਾਲ ਬਾਅਦ ਜਨਰਲ ਬਰਾੜ ਵਲੋਂ ਇੰਦਰਾ ਗਾਂਧੀ ਨੂੰ ਦੋਸ਼ੀ ਠਹਿਰਾਉਣਾ ਕਿਸੇ ਡੂੰਘੀ ਸਾਜਿਸ਼ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਜਿੰਨੇ ਟੈਂਕ, ਤੋਪ ਅਤੇ ਹੋਰ ਜੰਗੀ ਸਾਜੋ-ਸਾਮਾਨ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਵਰਤਿਆ ਗਿਆ ਸੀ, ਸ਼ਾਇਦ ਇੰਨਾ ਕਿਸੇ ਵਿਰੋਧੀ ਦੇਸ਼ ਦੇ ਖ਼ਿਲਾਫ਼ ਵੀ ਨਾ ਵਰਤਿਆ ਗਿਆ ਹੋਵੇ।

×××

## ਇਟਾਲੀਅਨ ਨੇਵੀ ਵਿੱਚ ਸ਼ਾਮਲ

ਜਲ ਸੈਨਾ ਦਾ ਹਿੱਸਾ ਬਣ ਕੇ ਆਪਣੀਆਂ ਸੇਵਾਵਾਂ ਪ੍ਰਦਾਨ ਕਰ ਰਹੀ ਹੈ। ਮਨਰੂਪ ਕੌਰ ਨੇ ਕਿਹਾ ਕਿ ਇਟਾਲੀਅਨ ਨੇਵੀ ਵਿੱਚ ਭਰਤੀ ਹੋਣ ਦੇ ਲਈ ਉਸ ਨੂੰ ਉਸ ਦੇ ਮਾਪਿਆਂ ਨੇ ਹਮੇਸ਼ਾ ਹੱਲਾਸ਼ੇਰੀ ਦੇ ਕੇ ਅੱਗੇ ਤੋਰਿਆ ਅਤੇ ਹਰ ਕਦਮ ’ਤੇ ਸਹਿਯੋਗ ਦਿੱਤਾ। ਮੈਨੂੰ ਮਾਣ ਹੈ ਕਿ ਮੈਂ ਸਿੱਖ ਧਰਮ ਵਿਚ ਜਨਮੀ ਹਾਂ। ਉੱਧਰ ਮਨਰੂਪ ਦੇ ਮਾਪਿਆਂ ਨੇ ਵੀ ਆਪਣੀ ਧੀ ਦੀ ਇਸ ਪ੍ਰਾਪਤੀ ਉੱਤੇ ਅਥਾਹ ਖੁਸ਼ੀ ਦਾ ਇਜ਼ਹਾਰ ਕੀਤਾ ਹੈ।

***

## ਅਮਰੀਕੀ ਪੱਤਰਕਾਰ ਅੰਗਦ ਸਿੰਘ ਨੂੰ

ਆਪਣੀਆਂ ਵੱਖਰੀਆਂ ਕਾਲੀਆਂ ਸੂਚੀਆਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਅੰਗਦ ਸਿੰਘ ਦਾ ਕੇਸ ਵੀ ਅਜਿਹਾ ਹੈ। ਵਿਦੇਸ਼ਾਂ ਵਿਚ ਰਹਿੰਦੇ ਜਿਨ੍ਹਾਂ ਸਿੱਖਾਂ ਵੱਲੋਂ ਭਾਰਤ ਸਰਕਾਰ ਦੀਆਂ ਦਮਨਕਾਰੀ ਨੀਤੀਆਂ ਦਾ ਵਿਰੋਧ ਕੀਤਾ ਜਾਂਦਾ ਰਿਹਾ ਉਨ੍ਹਾਂ ਦੇ ਨਾਂ ਇਨ੍ਹਾਂ ਕਾਲੀਆਂ ਸੂਚੀਆਂ ਵਿਚ ਪਾ ਦਿੱਤੇ ਜਾਂਦੇ ਹਨ। ਇਸ ਸਭ ਦਾ ਮਕਸਦ ਸਿੱਖਾਂ ਦੀ ਆਵਾਜ਼ ਨੂੰ ਦਬਾਉਣਾ ਸੀ।

**ਕੈਨੇਡਾ ਦੇ ਸਿਆਸਤਦਾਨ ਜਗਮੀਤ ਸਿੰਘ ਦਾ ਮਾਮਲਾ:**ਕਨੇਡਾ ਦੀ ਨੈਸ਼ਨਲ ਡੈਮੋਕ੍ਰੈਟਿਕ ਪਾਰਟੀ ਦੇ ਮੌਜੂਦਾ ਪ੍ਰਧਾਨ ਜਗਮੀਤ ਸਿੰਘ ਦਾ ਪਿਛੋਕੜ ਚੜ੍ਹਦੇ ਪੰਜਾਬ ਤੋਂ ਹੈ। ਜਗਮੀਤ ਸਿੰਘ ਆਖਰੀ ਵਾਰ ਸਾਲ 2013 ਵਿਚ ਪੰਜਾਬ ਵਿਚ ਆਇਆ ਸੀ। ਜਦੋਂ ਉਸ ਵੱਲੋਂ ਭਾਰਤ ਵਿਚ ਹੁੰਦੇ ਮਨੁੱਖੀ ਹੱਕਾਂ ਦੇ ਘਾਣ ਅਤੇ ਖਾਸ ਕਰ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੇ ਮਾਮਲੇ ਚੁੱਕੇ ਗਏ ਤਾਂ ਭਾਰਤ ਸਰਕਾਰ ਨੇ ਉਸ ਨੂੰ ਚੜ੍ਹਦੇ ਪੰਜਾਬ ਆਉਣ ਦੀ ਇਜਾਜ਼ਤ (ਭਾਵ ਵੀਜ਼ਾ) ਦੇਣ ਤੋਂ ਮਨ੍ਹਾ ਕਰ ਦਿੱਤਾ ਗਿਆ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਪਾਰਲੀਮੈਂਟ ਸ. ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਸਿੱਖਾਂ ਨੂੰ ਸੰਘਰਸ਼ ਤੋਂ ਪਿੱਛੇ ਹਟਾਉਣ ਲਈ ਜਾਂ ਸੰਘਰਸ਼ ਵਿਚ ਹਿੱਸਾ ਪਾਉਣ ਵਾਲੇ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਲਈ ਭਾਰਤ ਸਰਕਾਰ ਵਲੋਂ ਸਿੱਖਾਂ ਦੇ ਨਾਵਾਂ ਵਾਲੀ ਅਖੌਤੀ ਕਾਲੀ ਸੂਚੀ ਬਣਾਈ ਜਾਂਦੀ ਹੈ ਜਿਸ ਕਾਰਨ ਪੰਜਾਬ ਦੇ ਉਨ੍ਹਾਂ ਜਾਇਆਂ ਦੇ ਪੰਜਾਬ ਆਉਣ ਉੱਤੇ ਪਾਬੰਦੀ ਲਾ ਦਿੱਤੀ ਗਈ ਸੀ ਜੋ ਕਿ ਹੁਣ ਤੱਕ ਜਾਰੀ ਹੈ। ਮਾਨ ਨੇ ਭਾਰਤ ਸਰਕਾਰ ਵਲੋਂ ਅਮਰੀਕੀ ਸਿੱਖ ਪੱਤਰਕਾਰ ਸ. ਅੰਗਦ ਸਿੰਘ ਨੂੰ ਕਾਲੀ ਸੂਚੀ ਵਿਚ ਪਾਉਣ ਦੀ ਨਿੰਦਾ ਕਰਦਿਆਂ ਕਿਹਾ ਕਿ ਉਹ ਸੱਚ ਉਤੇ ਪਹਿਰਾ ਦੇਣ ਵਾਲਾ ਨਿਰਪੱਖ ਸਿੱਖ ਪੱਤਰਕਾਰ ਹੈ। ਕੇਵਲ ਸਿੱਖ ਹੋਣ ਕਰਕੇ ਹੀ ਉਸਨੂੰ ਨਿਸ਼ਾਨਾ ਬਣਾਇਆ ਗਿਆ ਹੈ ।

***

## ਸ਼੍ਰੋਮਣੀ ਕਮੇਟੀ ਨੇ ਇੰਦੌਰ ’ਚ ਸਿੰਧੀ ਸਮਾਜ

ਕੀਤਾ ਹੈ। ਖਾਲਸਾ ਰਾਜ ਦੇ ਅੰਤ ਬਾਅਦ ਪੰਥਕ ਸੰਸਥਾਵਾਂ ਸਿੰਧੀ ਭਾਈਚਾਰੇ ਸਿੱਖ ਧਰਮ ਦੀ ਮੁੱਖ ਧਾਰਾ ਨਾਲ ਜੋੜਨ ਵਿਚ ਅਸਮਰੱਥ ਰਹੀਆਂ ਹਨ। ਸਿੰਧੀਆਂ ਤੋਂ ਇਲਾਵਾ ਸਤਿਨਾਮੀਏ, ਉਦਾਸੀ, ਸਿਕਲੀਗਰ ਅਤੇ ਵਣਜਾਰੇ ਆਦਿ ਵੀ ਸਿੱਖ ਪੰਥ ਦੀ ਮੁੱਖ ਧਾਰਾ ਤੋਂ ਟੁੱਟ ਚੁਕੇ ਹਨ। ਜੇਕਰ ਪੰਥਕ ਜਥੇਬੰਦੀਆਂ ਇਸ ਵੱਲ ਧਿਆਨ ਦਿੰਦੀਆਂ ਤਾਂ ਸਿੱਖਾਂ ਦੀ ਅਬਾਦੀ ਸਤ ਗੁਣਾਂ ਹੋਣੀ ਸੀ।

ਸਿੰਧੀ ਸਿੱਖ ਬੇਸ਼ੱਕ ਕੇਸਾਂ ਦੀ ਰਹਿਤ ਰੱਖਣ ਵਿਚ ਪ੍ਰਪੱਕ ਨਾ ਹੋਣ, ਪਰ ਉਹ ਸ਼ਰਧਾ ਪੱਖ ਤੋਂ ਕਿਸੇ ਤੋਂ ਘੱਟ ਨਹੀਂ ਹਨ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸ੍ਰੀ ਨਨਕਾਣਾ ਸਾਹਿਬ (ਪਾਕਿਸਤਾਨ) ਵਿਚ ਸਿੰਧੀ ਸੰਗਤਾਂ ਵੱਡੀ ਗਿਣਤੀ ਵਿਚ ਸੇਵਾ ਕਰਦੀਆਂ ਹਨ। ਇਹ ਆਰਥਿਕ ਤੌਰ ’ਤੇ ਕਾਫ਼ੀ ਮਜਬੂਤ ਭਾਈਚਾਰਾ ਹੈ। ਗੁਰਮਤਿ ਦਾ ਪ੍ਰਚਾਰ ਕਰਕੇ ਸਿੰਧੀ ਨੌਜਵਾਨ ਪੀੜ੍ਹੀ ਨੂੰ ਪੂਰਨ ਸਿੱਖੀ ਵੱਲ ਤੋਰਨ ਦੀ ਲੋੜ ਹੈ। ਸਤਿਕਾਰ ਕਮੇਟੀਆਂ ਨੂੰ ਅਕਾਲ ਤਖਤ ਸਾਹਿਬ ਵਲੋਂ ਕੰਟਰੋਲ ਕੀਤਾ ਜਾਣਾ ਚਾਹੀਦਾ ਹੈ। ਸਿੰਧੀ ਭਾਈਚਾਰੇ, ਸਿਕਲੀਗਰ, ਵਣਜਾਰਿਆਂ, ਦਲਿਤ ਭਾਈਚਾਰੇ ਨੂੰ ਸਿੱਖੀ ਨਾਲ ਜੋੜਿਆ ਜਾਣਾ ਚਾਹੀਦਾ ਹੈ।

***

## ਆਮਦਨ ਕਰ ਵਿਭਾਗ ਵੱਲੋਂ

ਜਾਣਕਾਰੀ ਅਨੁਸਾਰ ਆਮਦਨ ਕਰ ਵਿਭਾਗ ਦੀਆਂ ਟੀਮਾਂ ਨੇ ਦੋਵਾਂ ਪਾਦਰੀਆਂ ਨਾਲ ਸਬੰਧਤ ਟਿਕਾਣਿਆਂ ’ਤੇ ਸਵੇਰੇ 6 ਵਜੇ ਦੇ ਕਰੀਬ ਛਾਪੇ ਮਾਰਨੇ ਸ਼ੁਰੂ ਕੀਤੇ। ਇਸ ਦੌਰਾਨ ਪੈਰਾ ਮਿਲਟਰੀ ਫੋਰਸ ਦੇ ਜਵਾਨ ਵੀ ਤਾਇਨਾਤ ਸਨ। ਇਸੇ ਤਰ੍ਹਾਂ ਪਾਦਰੀ ਬਜਿੰਦਰ ਸਿੰਘ ਨੇ ਜਲੰਧਰ ਦੇ ਪਿੰਡ ਤਾਜਪੁਰ ਤੋਂ ਇਲਾਵਾ, ਪਿੰਡ ਬੜੌਦੀ, ਨਿਊ ਚੰਡੀਗੜ੍ਹ ਅਤੇ ਅੰਮ੍ਰਿਤਸਰ ਸਮੇਤ ਕਈ ਥਾਵਾਂ ’ਤੇ ਕੇਂਦਰ ਸਥਾਪਤ ਕੀਤੇ ਹਨ। ਇਹ ਦੋਵੇਂ ਪੈਂਟੀਕੋਸਟਲ ਪਾਦਰੀ ਹਨ ਅਤੇ ਲੋਕਾਂ ਨੂੰ ਚਮਤਕਾਰੀ ਇਲਾਜ ਦਾ ਭਰੋਸਾ ਦਿੰਦੇ ਹਨ। ਪਾਸਟਰ ਬਜਿੰਦਰ ਸਿੰਘ ਪਹਿਲਾਂ ਵੀ ਕਈ ਵਿਵਾਦਾਂ ਵਿੱਚ ਘਿਰ ਚੁੱਕਾ ਹੈ। ਬਜਿੰਦਰ ਸਿੰਘ ਨੇ ਕਰੀਬ ਇੱਕ ਦਹਾਕਾ ਪਹਿਲਾਂ ਈਸਾਈ ਧਰਮ ਅਪਣਾਇਆ ਸੀ ਅਤੇ ਮਗਰੋਂ ਉਹ ਈਸਾਈ ਪ੍ਰਚਾਰਕ ਬਣ ਗਿਆ। ਉਹ ਜੁਲਾਈ 2018 ਵਿੱਚ ਜ਼ੀਰਕਪੁਰ ’ਚ ਜਬਰ-ਜਨਾਹ ਦੇ ਇੱਕ ਕੇਸ ਵਿੱਚ ਵੀ ਫਸ ਗਿਆ ਸੀ। ਇਸ ਮਗਰੋਂ ਉਸ ਨੂੰ ਹਵਾਈ ਅੱਡੇ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਇਸ ਤੋਂ ਇਲਾਵਾ ਪਿਛਲੇ ਸਾਲ ਸਤੰਬਰ ਵਿੱਚ ਦਿੱਲੀ ਦੇ ਇੱਕ ਪਰਿਵਾਰ ਨੇ ਬਜਿੰਦਰ ਸਿੰਘ ’ਤੇ 50 ਹਜ਼ਾਰ ਰੁਪਏ ਠੱਗਣ ਦਾ ਦੋਸ਼ ਲਾਇਆ ਸੀ।

### ਪਾਸਟਰ ਬਜਿੰਦਰ ਸਿੰਘ ਦੇ ਰਿਸ਼ਤੇਦਾਰ ਅਵਤਾਰ ਸਿੰਘ ਦੇ ਘਰ ਵੀ ਛਾਪਾ

ਆਮਦਨ ਕਰ ਵਿਭਾਗ ਦੀ ਟੀਮ ਨੇ ਇੱਥੇ ਕੋਟ ਖਾਲਸਾ ਦੇ ਰਾਮ ਨਗਰ ਇਲਾਕੇ ਵਿੱਚ ਮਸੀਹ ਭਾਈਚਾਰੇ ਨਾਲ ਸਬੰਧਤ ਇੱਕ ਪ੍ਰਚਾਰਕ ਅਵਤਾਰ ਸਿੰਘ ਦੇ ਘਰ ਵੀ ਛਾਪਾ ਮਾਰਿਆ। ਅਵਤਾਰ ਸਿੰਘ ਸਰਕਾਰੀ ਅਧਿਆਪਕ ਹੈ। ਪਤਾ ਲੱਗਾ ਹੈ ਕਿ ਤਾਜਪੁਰ ਦੇ ਪਾਸਟਰ ਬਜਿੰਦਰ ਸਿੰਘ ਨਾਲ ਵੀ ਉਸ ਦਾ ਕਰੀਬੀ ਰਿਸ਼ਤਾ ਹੈ। ਆਮਦਨ ਕਰ ਵਿਭਾਗ ਨੇ ਅਵਤਾਰ ਸਿੰਘ ਦੇ ਜਾਇਦਾਦਾਂ, ਬੈਂਕ ਖਾਤਿਆਂ ਅਤੇ ਹੋਰ ਦਸਤਾਵੇਜ਼ਾਂ ਦੀ ਜਾਂਚ ਕੀਤੀ ਸੀ।

## ਮੋਹਾਲੀ ਦਾ ਗੱਭਰੂ ਅਮਰੀਕਾ

ਸੁਖਵਿੰਦਰ ਸਿੰਘ ਦੱਸਦੇ ਹਨ ਕਿ ਬੇਸ਼ੱਕ ਪੁਲਿਸ ਨੇ ਫ਼ੋਨ ਨੰਬਰ ਦੇ ਆਧਾਰ ਉੱਤੇ ਅਣਪਛਾਤੇ ਵਿਅਕਤੀਆਂ ਦੇ ਖ਼ਿਲਾਫ਼ ਐਫ.ਆਈ.ਆਰ. ਦਰਜ ਕਰ ਦਿੱਤੀ ਹੈ। ਪਰ ਏਜੰਟ ਵਿਦੇਸ਼ ਵਿੱਚ ਹੋਣ ਕਰ ਕੇ ਫ਼ਿਲਹਾਲ ਕਾਨੂੰਨ ਦੇ ਸ਼ਿਕੰਜੇ ਤੋਂ ਬਾਹਰ ਹੈ। ਸੁਖਵਿੰਦਰ ਸਿੰਘ ਨੇ ਦੱਸਿਆ ਕਿ ਆਸ਼ੂਤੋਸ਼ ਨੂੰ ਬਚਾਉਣ ਲਈ ਉਨ੍ਹਾਂ ਵਿਦੇਸ਼ ਮੰਤਰਾਲੇ, ਇੰਡੋਨੇਸ਼ੀਆ ਸਥਿਤ ਭਾਰਤੀ ਦੂਤਾਵਾਸ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਟਵੀਟ ਕੀਤਾ ਪਰ ਕੁਝ ਨਹੀਂ ਹੋਇਆ। ਆਸ਼ੂਤੋਸ਼ ਨੇ ਦੱਸਿਆ ਕਿ ਏਜੰਟ ਵੱਲੋਂ ਉਸ ਨੂੰ ਖਾਣਾ ਪੀਣਾ ਦਿੱਤਾ ਜਾਂਦਾ ਸੀ ਪਰ ਰੋਜ਼ਾਨਾ ਕੁੱਟਮਾਰ ਵੀ ਕੀਤੀ ਜਾਂਦੀ ਸੀ। ਆਸ਼ੂਤੋਸ਼ ਨੇ ਦੱਸਿਆ ਕਿ ਏਜੰਟ ਪੰਜਾਬੀ ਬੋਲਦੇ ਸਨ ਅਤੇ ਉਨ੍ਹਾਂ ਦੇ ਕਬਜ਼ੇ ਵਿੱਚ ਕਈ ਨੌਜਵਾਨ ਹਨ। ਸੁਖਵਿੰਦਰ ਸਿੰਘ ਦੱਸਦੇ ਹਨ ਕਿ ਉਨ੍ਹਾਂ ਕੋਲ ਤਿੰਨ ਏਕੜ ਜ਼ਮੀਨ ਹੈ ਅਤੇ ਇਸ ਦੀ ਆਮਦਨ ਤੋਂ ਹੀ ਘਰ ਚੱਲਦਾ ਹੈ।

ਇਸ ਮਾਮਲੇ ਵਿੱਚ ਮੁਹਾਲੀ ਦੇ ਬਲੌਂਗੀ ਥਾਣੇ ਵਿੱਚ ਐਫ.ਆਈ.ਆਰ. ਦਰਜ ਕੀਤੀ ਗਈ ਹੈ ਅਤੇ ਮਾਮਲੇ ਦੀ ਜਾਂਚ ਖਰੜ ਦਾ ਸੀਆਈਏ ਸਟਾਫ਼ ਕਰ ਰਿਹਾ ਹੈ। ਐਫ.ਆਈ.ਆਰ. ਵਿੱਚ ਸ਼ਿਕਾਇਤ ਕਰਤਾ ਸੁਖਵਿੰਦਰ ਸਿੰਘ ਹੈ ਅਤੇ ਪੁਲਿਸ ਨੇ ਫ਼ੋਨ ਨੰਬਰਾਂ ਦੇ ਆਧਾਰ ਉੱਤੇ ਅਣਪਛਾਤੇ ਵਿਅਕਤੀਆਂ ਦੇ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਸੁਖਵਿੰਦਰ ਸਿੰਘ ਵਲੋਂ ਕੀਤੇ ਦਾਅਵੇ ਅਤੇ ਦੱਸੀ ਕਹਾਣੀ ਨੂੰ ਪੁਲਿਸ ਨੇ ਬਿਆਨ ਬਣਾ ਕੇ ਜਾਂਚ ਦਾ ਆਧਾਰ ਬਣਾਇਆ ਹੈ।

***

## ਮਨੁੱਖੀ ਤਸਕਰੀ ਦੇ ਮਾਮਲੇ 'ਚ ਦੋ ਔਰਤਾਂ

ਕਰਨਾ ਚਾਹੁੰਦੇ ਹਨ। ਇਹ ਨੌਜਵਾਨ ਅਜਿਹੇ ਗਰੋਹਾਂ ਦਾ ਸ਼ਿਕਾਰ ਬਣਦੇ ਹਨ। ਸਿੰਗਾਪੁਰ, ਥਾਈਲੈਂਡ, ਮਲੇਸ਼ੀਆ, ਇੰਡੋਨੇਸ਼ੀਆ, ਪੂਰਬੀ ਯੂਰਪ ਦੇ ਦੇਸ਼ਾਂ ਅਤੇ ਮੈਕਸੀਕੋ ਰਾਹੀਂ ਗ਼ੈਰ-ਕਾਨੂੰਨੀ ਤਰੀਕੇ ਨਾਲ ਲੋਕਾਂ ਨੂੰ ਯੂਰਪ, ਅਮਰੀਕਾ, ਕੈਨੇਡਾ, ਇੰਗਲੈਂਡ ਆਦਿ ਪਹੁੰਚਾਉਣ ਦਾ ਕਾਰੋਬਾਰ ਦਹਾਕਿਆਂ ਤੋਂ ਵਧ ਰਿਹਾ ਹੈ। ਦਸੰਬਰ 1996 ਵਿੱਚ ਭੂਮੱਧ ਸਾਗਰ ਵਿੱਚ ਡੁੱਬੇ ਛੋਟੇ ਜਹਾਜ਼ ਵਿੱਚ ਘੱਟੋ-ਘੱਟ 283 ਨੌਜਵਾਨਾਂ ਦੀ ਮੌਤ ਹੋ ਗਈ ਸੀ ਇਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਪੰਜਾਬੀ ਸਨ। ਇਹ ਜਹਾਜ਼ ਉਸ ਸਮੇਂ ਨੌਜਵਾਨਾਂ ਨੂੰ ਗ਼ੈਰ-ਕਾਨੂੰਨੀ ਤਰੀਕੇ ਨਾਲ ਮਿਸਰ ਤੋਂ ਇਟਲੀ ਲਿਆ ਰਿਹਾ ਸੀ ਅਤੇ ਇਟਲੀ ਦੇ ਸੂਬੇ ਸਿਸਲੀ ਦੇ ਤੱਟ ਤੋਂ 22 ਮੀਲ ਦੂਰ ਸੀ। ਇਸ ਕੇਸ ਨੂੰ ਮਾਲਟਾ ਦੁਖਾਂਤ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਸ ਕੇਸ ਵਿੱਚ ਇਟਲੀ ਵਿੱਚ ਕੁਝ ਦੋਸ਼ੀਆਂ ਨੂੰ ਸਜ਼ਾ ਹੋਈ ਸੀ ਪਰ ਭਾਰਤ ਵਿੱਚ ਇਹ ਕੇਸ ਦਹਾਕਿਆਂ ਬੱਧੀ ਲਮਕਦਾ ਰਿਹਾ ਹੈ। ਪੂਰਬੀ ਯੂਰਪ ਦੇ ਦੇਸ਼ਾਂ ਰਾਹੀਂ ਯੂਰਪੀਅਨ ਯੂਨੀਅਨ ਦੇ ਦੇਸ਼ਾਂ ਵਿੱਚ ਅਤੇ ਮੈਕਸੀਕੋ ਰਸਤੇ ਅਮਰੀਕਾ ਪਹੁੰਚਣ ਦੀ ਕੋਸ਼ਿਸ਼ ਕਰਦਿਆਂ ਵੀ ਕਈ ਨੌਜਵਾਨਾਂ ਦੀਆਂ ਜਾਨਾਂ ਗਈਆਂ ਹਨ।

ਇਸ ਗਿਰੋਹ ਦਾ ਫੜੇ ਜਾਣਾ ਕਈ ਤਰ੍ਹਾਂ ਦੇ ਸਮਾਜਿਕ ਅਤੇ ਕਾਨੂੰਨੀ ਸਵਾਲ ਪੈਦਾ ਕਰਦਾ ਹੈ। ਸੈਂਕੜੇ ਨੌਜਵਾਨਾਂ ਦੀ ਮੌਤ ਹੋਣ ਦੇ ਬਾਅਦ ਵੀ ਪੰਜਾਬ ਦੇ ਨੌਜਵਾਨ ਅਤੇ ਉਨ੍ਹਾਂ ਦੇ ਮਾਪੇ ਗ਼ੈਰ-ਕਾਨੂੰਨੀ ਤਰੀਕਿਆਂ ਨਾਲ ਵਿਦੇਸ਼ਾਂ ਵਿੱਚ ਜਾਣ ਦੀ ਕੋਸ਼ਿਸ਼ ਕਿਉਂ ਕਰਦੇ ਹਨ? ਕੀ ਸਰਕਾਰ ਤੇ ਪੁਲਿਸ ਅਜਿਹੇ ਗ਼ੈਰ-ਕਾਨੂੰਨੀ ਗਿਰੋਹਾਂ 'ਤੇ ਕਾਬੂ ਨਹੀਂ ਪਾ ਸਕਦੀਆਂ? ਕੀ ਵਿਦੇਸ਼ਾਂ ਵਿੱਚ ਜਾਣ ਸਮੇਂ ਅਜਿਹੇ ਵਿਅਕਤੀਆਂ ਬਾਰੇ ਇਹ ਪਤਾ ਨਹੀਂ ਲਗਾਇਆ ਜਾ ਸਕਦਾ ਕਿ ਉਹ ਕਿਉਂ ਤੇ ਕਿਸ ਵਸੀਲੇ ਨਾਲ ਵਿਦੇਸ਼ ਜਾ ਰਹੇ ਹਨ? ਕੀ ਪੰਜਾਬ ਸਰਕਾਰ ਹਰ ਪਿੰਡ, ਕਸਬੇ ਅਤੇ ਸ਼ਹਿਰ ਵਿੱਚ ਅਜਿਹਾ ਡੇਟਾ ਬੇਸ ਤਿਆਰ ਨਹੀਂ ਕਰ ਸਕਦੀ ਜੋ ਵਿਦੇਸ਼ ਜਾਣ ਵਾਲੇ ਵਿਅਕਤੀਆਂ ਬਾਰੇ ਜਾਣਕਾਰੀ ਇਕੱਠੀ ਕਰੇ? ਇਹ ਦਲੀਲ ਦਿੱਤੀ ਜਾਵੇਗੀ ਕਿ ਸੰਸਥਾਵਾਂ ਵਿੱਚ ਫੈਲਿਆ ਭ੍ਰਿਸ਼ਟਾਚਾਰ ਇਸ ਦਰਜੇ ਦਾ ਹੈ ਕਿ ਅਜਿਹੇ ਗਿਰੋਹ ਰਿਸ਼ਵਤ ਦੇ ਕੇ ਹਰ ਤਰ੍ਹਾਂ ਦਾ ਪ੍ਰਬੰਧ ਕਰਵਾ ਸਕਦੇ ਹਨ। ਸਰਕਾਰੀ ਪ੍ਰਬੰਧ ਵਿੱਚ ਸੁਧਾਰ ਕਰਨ ਦੇ ਨਾਲ ਨਾਲ ਇਹ ਵਿਸ਼ਾ ਪੰਜਾਬੀ ਸਮਾਜ ਨੂੰ ਵੀ ਵਿਚਾਰਨਾ ਚਾਹੀਦਾ ਹੈ ਕਿ ਪੰਜਾਬੀਆਂ ਨੂੰ ਆਪਣਾ ਭਵਿੱਖ ਪੰਜਾਬ ਵਿੱਚ ਦਿਖਾਈ ਕਿਉਂ ਨਹੀਂ ਦਿੰਦਾ। ਪੰਜਾਬ ਦੀਆਂ ਮੁੱਖ ਸਮੱਸਿਆਵਾਂ ਇਹ ਹਨ, ਗ਼ੈਰ-ਮਿਆਰੀ ਵਿੱਦਿਅਕ ਢਾਂਚਾ, ਬੇਰੁਜ਼ਗਾਰੀ, ਨਸ਼ਿਆਂ ਦਾ ਫੈਲਾਅ ਅਤੇ ਰਿਸ਼ਵਤਖ਼ੋਰੀ। ਜਿੱਥੇ ਇਨ੍ਹਾਂ ਸਮੱਸਿਆਵਾਂ ਨੂੰ ਦੂਰ ਕਰਨਾ ਸਰਕਾਰਾਂ ਦੀ ਜ਼ਿੰਮੇਵਾਰੀ ਹੈ, ਉੱਥੇ ਸਮਾਜਿਕ ਸੰਸਥਾਵਾਂ ਅਤੇ ਜਥੇਬੰਦੀਆਂ ਨੂੰ ਵੀ ਇਸ ਪਾਸੇ ਧਿਆਨ ਦੇਣ ਦੀ ਜ਼ਰੂਰਤ ਹੈ।

***

## ਵਧ ਰਹੇ ਆਰਥਿਕ ਪਾੜੇ ਘਟਾਉਣ ਲਈ ਖੇਤੀਬਾੜੀ

ਹਨ, ਟੁੱਟਦੇ ਵੀ ਜ਼ਿਆਦਾ ਹਨ ਅਤੇ ਜਿਨ੍ਹਾਂ ਨੂੰ ਠੁੱਡੇ ਵੀ ਜ਼ਿਆਦਾ ਮਾਰੇ ਜਾਂਦੇ ਹਨ। ਮੁਲਕ ਵਿਚ ਅਨਾਜ ਪਦਾਰਥਾਂ ਦੀ ਭਾਰੀ ਥੁੜ ਉੱਪਰ ਕਾਬੂ ਪਾਉਣ ਲਈ ਅਪਣਾਈ ਗਈ 'ਖੇਤੀਬਾੜੀ ਦੀ ਨਵੀਂ ਜੁਗਤ' ਦੇ ਪੁਲੰਦੇ ਵਿਚੋਂ ਨਦੀਨਨਾਸ਼ਕਾਂ ਅਤੇ ਮਸ਼ੀਨਰੀ ਦੀ ਲਗਾਤਾਰ ਵਧਦੀ ਵਰਤੋਂ ਨੇ ਜਿੱਥੇ ਖੇਤੀਬਾੜੀ ਉੱਪਰ ਨਿਰਭਰ ਸਾਰੇ ਵਰਗਾਂ ਲਈ ਰੁਜ਼ਗਾਰ ਦੇ ਮੌਕੇ ਘਟਾਏ, ਉੱਥੇ ਇਸ ਦੀ ਸਭ ਤੋਂ ਵੱਧ ਮਾਰ ਖੇਤ-ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ

ਉੱਪਰ ਪਈ ਕਿਉਂਕਿ ਇਹ ਦੋਵੇਂ ਜ਼ਮੀਨ-ਵਿਹੂਣੇ ਵਰਗਾਂ ਕੋਲ ਆਪਣੀ ਕਿਰਤ ਨੂੰ ਵੇਚਣ ਤੋਂ ਸਵਾਇ ਉਤਪਾਦਨ ਦਾ ਕੋਈ ਹੋਰ ਸਾਧਨ ਨਹੀਂ ਹੈ। ਪਿੰਡਾਂ ਵਿਚ ਹੋਰ ਰਹਿਣ ਵਾਲੇ ਕਿਰਤੀਆਂ ਦੀ ਹਾਲਤ ਵੀ ਆਮ ਤੌਰ ਉੱਤੇ ਮਾੜੀ ਹੀ ਹੈ।ਸਮੇਂ ਦੇ ਨਾਲ ਨਾਲ ਮੁਲਕ ਵਿਚ ਉਦਯੋਗਿਕ ਤਰੱਕੀ ਹੋਈ ਹੈ। ਵੱਡੀਆਂ ਉਦਯੋਗਿਕ ਇਕਾਈਆਂ ਨੂੰ ਲਘੂ, ਛੋਟੀਆਂ ਅਤੇ ਦਰਮਿਆਨੀਆਂ ਉਦਯੋਗਿਕ ਇਕਾਈਆਂ ਦੇ ਮੁਕਾਬਲੇ ਜ਼ਿਆਦਾ ਰਿਆਇਤਾਂ ਦਿੱਤੀਆਂ ਜਾ ਰਹੀਆਂ ਹਨ। ਵੱਡੀਆਂ ਉਦਯੋਗਿਕ ਇਕਾਈਆਂ ਸਵੈ-ਚਾਲਤ ਮਸ਼ੀਨਾਂ ਵੀ ਵੱਧ ਵਰਤੋਂ ਕਰਦੀਆਂ ਹਨ ਜਿਸ ਦੇ ਨਤੀਜੇ ਵਜੋਂ ਇਹ ਇਕਾਈਆਂ ਰੁਜ਼ਗਾਰ ਦੇ ਘੱਟ ਮੌਕੇ ਪੈਦਾ ਕਰਦੀਆਂ ਹਨ। ਲਘੂ, ਛੋਟੀਆਂ ਅਤੇ ਦਰਮਿਆਨੀਆਂ ਉਦਯੋਗਿਕ ਇਕਾਈਆਂ ਰੁਜ਼ਗਾਰ ਦੇ ਜ਼ਿਆਦਾ ਮੌਕੇ ਪ੍ਰਦਾਨ ਕਰਦੀਆਂ, ਪਰ ਵੱਡੀਆਂ ਉਦਯੋਗਿਕ ਇਕਾਈਆਂ ਦੇ ਮੁਕਾਬਲੇ ਵਿਚ ਉਨ੍ਹਾਂ ਦੀ ਕੀਤੀ ਜਾ ਰਹੀ ਅਣਦੇਖੀ ਉਦਯੋਗਿਕ ਖੇਤਰ ਦੇ ਰੁਜ਼ਗਾਰ ਨੂੰ ਘਟਾ ਰਹੀ ਹੈ। ਜਨਤਕ ਖੇਤਰ ਦੀਆਂ ਉਦਯੋਗਿਕ ਇਕਾਈਆਂ ਦਾ ਤੇਜ਼ੀ ਨਾਲ ਕੀਤਾ ਜਾ ਰਿਹਾ

ਨਿੱਜੀਕਰਨ ਵੀ ਉਦਯੋਗਿਕ ਰੁਜ਼ਗਾਰ ਨੂੰ ਘਟਾਉਣ ਦੇ ਨਾਲ ਨਾਲ ਆਰਥਿਕ ਅਸਮਾਨਤਾਵਾਂ ਨੂੰ ਵਧਾਉਣ ਦਾ ਇਕ ਕਾਰਨ ਬਣਦਾ ਹੈ। ਮੁਲਕ ਦੇ 90 ਫ਼ੀਸਦ ਦੇ ਕਰੀਬ ਕਿਰਤੀ ਆਪਣੀ ਰੋਜ਼ੀ-ਰੋਟੀ ਲਈ ਗ਼ੈਰ-ਰਸਮੀ ਰੁਜ਼ਗਾਰ ਵਿਚ ਹਨ। ਭਾਰਤ ਵਿਚ ਖੇਤੀਬਾੜੀ, ਉਦਯੋਗਿਕ ਅਤੇ ਸੇਵਾਵਾਂ ਦੇ ਖੇਤਰਾਂ ਵਿਚ ਲਗਾਤਾਰ ਤੇਜ਼ੀ ਨਾਲ ਘਟਦੇ ਰੁਜ਼ਗਾਰ ਅਤੇ ਪ੍ਰਾਪਤ ਰੁਜ਼ਗਾਰ ਦੇ ਨੀਵੇਂ ਮਿਆਰ ਕਾਰਨ ਬਹੁਤ ਵੱਡੀ ਗਿਣਤੀ ਵਿਚ ਨੌਜਵਾਨ ਦੁਨੀਆ ਦੇ ਦੂਜੇ ਮੁਲਕਾਂ ਨੂੰ ਪਰਵਾਸ ਕਰਦੇ ਹਨ। ਭਾਰਤ ਤੋਂ ਨੌਜਵਾਨਾਂ ਦਾ ਦੂਜੇ ਮੁਲਕਾਂ ਨੂੰ ਪਰਵਾਸ ਬੌਧਿਕ ਅਤੇ ਪੂੰਜੀ ਦੇ ਹੂੰਝਿਆਂ ਦੇ ਨਾਲ ਨਾਲ ਜਨਸੰਖਿਅਕ ਲਾਭਅੰਸ਼ ਦੀ ਹਾਨੀ ਦੇ ਰੂਪ ਵਿਚ ਮੁਲਕ ਦੇ ਲਈ ਵੱਡੀਆਂ ਸਮੱਸਿਆਵਾਂ ਪੈਦਾ ਕਰ ਰਿਹਾ ਹੈ।

ਸਮੇਂ ਦੀ ਲੋੜ ਹੈ ਕਿ ਮੁਲਕ ਦੇ ਆਰਥਿਕ ਵਿਕਾਸ ਅਤੇ ਆਮ ਲੋਕਾਂ ਦੀ ਭਲਾਈ ਲਈ ਤੇਜ਼ੀ ਨਾਲ ਵਧ ਰਹੀਆਂ ਅਸਮਾਨਤਾਵਾਂ ਉੱਪਰ ਕਾਬੂ ਪਾਇਆ ਜਾਵੇ। ਖੇਤੀਬਾੜੀ ਖੇਤਰ ਨੂੰ ਰਾਸ਼ਟਰੀ ਆਮਦਨ ਵਿਚੋਂ ਦਿੱਤਾ ਜਾਂਦਾ ਹਿੱਸਾ ਘੱਟੋ-ਘੱਟ ਇੰਨਾ ਜ਼ਰੂਰ ਵਧਾਇਆ ਜਾਵੇ ਜਿਸ ਸਦਕਾ ਖੇਤੀਬਾੜੀ ਖੇਤਰ ਉੱਪਰ ਆਪਣੀ ਰੋਜ਼ੀ-ਰੋਟੀ ਲਈ ਨਿਰਭਰ ਸਾਰੇ ਵਰਗ ਜ਼ਿੰਦਗੀ ਦੀਆਂ ਮੁੱਢਲੀਆਂ ਲੋੜਾਂ ਸਤਿਕਾਰਯੋਗ ਢੰਗ ਨਾਲ ਪੂਰੀਆਂ ਕਰ ਸਕਣ। ਲਘੂ, ਛੋਟੀਆਂ ਅਤੇ ਦਰਮਿਆਨੀਆਂ ਉਦਯੋਗਿਕ ਇਕਾਈਆਂ ਦੀ ਤਰੱਕੀ ਲਈ ਬਣਦੀਆਂ ਰਿਆਇਤਾਂ ਦੇਣੀਆਂ ਯਕੀਨੀ ਬਣਾਈਆਂ ਜਾਣ। ਉਦਯੋਗਿਕ ਅਤੇ ਸੇਵਾਵਾਂ ਦੇ ਖੇਤਰਾਂ ਵਿਚ ਜਨਤਕ ਖੇਤਰ ਦੀਆਂ ਇਕਾਈਆਂ ਨੂੰ ਮੁੜ ਤੋਂ ਸਥਾਪਿਤ ਕਰਨ ਨੂੰ ਤਰਜੀਹ ਦੇਣੀ ਜ਼ਰੂਰੀ ਹੈ। ਔਕਸਫੈਮ ਦੀ 2023 ਦੀ ਰਿਪੋਰਟ ਵਿਚ ਆਰਥਿਕ ਅਸਮਾਨਤਾਵਾਂ ਨੂੰ ਘਟਾਉਣ ਲਈ ਸਰਮਾਏਦਾਰ/ਕਾਰਪੋਰੇਟ ਜਗਤ ਉੱਤੇ ਕਰਾਂ ਦੀਆਂ ਦਰਾਂ ਅਤੇ ਉਨ੍ਹਾਂ ਦੀ ਉਗਰਾਹੀ ਨੂੰ ਯਕੀਨੀ ਬਣਾਉਣ ਦੇ ਸੁਝਾਅ ਨੂੰ ਅਮਲ ਵਿਚ ਲਿਆਉਣ ਦੇ ਨਾਲ ਨਾਲ ਜਨਤਕ ਸਿੱਖਿਆ ਅਤੇ ਸਿਹਤ ਸੇਵਾਵਾਂ ਨੂੰ ਤਰਜੀਹ ਦੇਣੀ ਬਣਦੀ ਹੈ। ਇਨ੍ਹਾਂ ਸੁਝਾਵਾਂ ਨੂੰ ਅਮਲ ਵਿਚ ਲਿਆਉਣ ਲਈ ਜਿੱਥੇ ਗ਼ਰੀਬੀ ਦੀ ਰੇਖਾ ਨੂੰ ਮੁੜ ਤੋਂ ਪਰਿਭਾਸ਼ਿਤ ਕਰਨ ਦੀ ਜ਼ਰੂਰਤ ਹੈ, ਉੱਥੇ ਅਮੀਰੀ ਦੀ ਰੇਖਾ ਵੀ ਤੈਅ ਕਰਨੀ ਬਣਦੀ ਹੈ। ਉਪਰੋਕਤ ਸੁਝਾਵਾਂ ਨੂੰ ਅਮਲ ਵਿਚ ਲਿਆਉਣ ਲਈ ਮਿਸ਼ਰਤ ਅਰਥਵਿਵਸਥਾ ਵੱਲ ਮੁੜਨਾ ਜ਼ਰੂਰੀ ਹੈ ਜਿਸ ਵਿਚ ਮੁੱਖ ਤਰਜੀਹ ਜਨਤਕ ਖੇਤਰ ਦੀ ਹੋਵੇ ਅਤੇ ਨਿੱਜੀ ਖੇਤਰ ਦੇ ਕੰਮਕਾਜ ਉੱਪਰ ਨਿਗਰਾਨੀ ਅਤੇ ਨਿਯੰਤਰਣ ਹੋਵੇ।

***

## ਮੰਜੁਲਾ ਪ੍ਰਦੀਪ ਤੇ ਭਾਵਨਾ ਨਾਰਕਰ

ਉਹ ਖੇਤਰ ਵਿਚ ਬਲਾਤਕਾਰ ਦੇ ਮਾਮਲਿਆਂ ਬਾਰੇ ਸੁਣਦੀ ਹੈ ਤਾਂ ਉਹ ਸਭ ਤੋਂ ਪਹਿਲਾਂ ਪੀੜਤ ਤੱਕ ਪਹੁੰਚਦੀ ਹੈ।

ਸਰਕਾਰੀ ਅੰਕੜੇ ਦਰਸਾਉਂਦੇ ਹਨ ਕਿ 2014 ਤੋਂ 2021 ਦੇ ਅਰਸੇ ਦਰਮਿਆਨ ਦਲਿਤ ਔਰਤਾਂ ਨਾਲ ਹੋਈ ਜਬਰਜਨਾਹ ਦੇ ਮਾਮਲਿਆਂ ਵਿਚ 50% ਵਾਧਾ ਹੋਇਆ ਹੈ। ਪਰ ਅਧਿਐਨ ਦਰਸਾਉਂਦੇ ਹਨ ਕਿ ਦਲਿਤ ਔਰਤਾਂ ਨਾਲ ਬਲਾਤਕਾਰ ਦੇ ਬਹੁਤੇ ਮਾਮਲੇ ਸਾਹਮਣੇ ਹੀ ਨਹੀਂ ਆਉਂਦੇ ਜਾਂ ਆਉਣ ਨਹੀਂ ਦਿੱਤੇ ਜਾਂਦੇ ਹਨ। ਪਰਿਵਾਰ ਵੱਲੋਂ ਸਹਿਯੋਗ ਦੀ ਘਾਟ ਅਤੇ ਉੱਚ ਜਾਤੀ ਦੇ ਮਰਦਾਂ ਖਿਲਾਫ ਸ਼ਿਕਾਇਤਾਂ ਦਰਜ ਕਰਨ ਵਿਚ ਪੁਲਿਸ ਦੀ ਝਿਜਕ ਆਮ ਰੁਕਾਵਟਾਂ ਹਨ। ਪੁਲਿਸ ਦਾ ਵਿਹਾਰ ਪੀੜਤ ਦਲਿਤ ਔਰਤਾਂ ਪ੍ਰਤੀ ਕੁਰਖਤ ਹੁੰਦਾ ਹੈ।ਇਸ ਲਈ ਮੰਜੁਲਾ ਪ੍ਰਦੀਪ ਤੇ ਭਾਵਨਾ ਨਾਰਕਰ ਆਪਣੀ ਸਿਖਲਾਈ ਵਿਚ ਪੀੜਤ ਬੀਬੀ ਦੇ ਮਨੋਬਲ ਨੂੰ ਵਧਾਉਣ ਅਤੇ ਇੱਕ ਵਿਸਤ੍ਰਿਤ ਪੁਲਿਸ ਸ਼ਿਕਾਇਤ ਦੀ ਲੋੜ ਨੂੰ ਸਮਝਣ ਵਿਚ ਉਸ ਦੀ ਮਦਦ ਕਰਨ 'ਤੇ ਜ਼ੋਰ ਦਿੰਦੀ ਹੈ।

***

## ਆਪ ਸਰਕਾਰ ਪੰਜਾਬ 'ਚ

ਅੰਮ੍ਰਿਤਸਰ ਵਿਚ ਖੇਤਰੀ ਦਫ਼ਤਰ ਖੋਲ੍ਹਣ ਨੂੰ ਪ੍ਰਵਾਨਗੀ ਦਿੱਤੀ ਹੈ। ਇਸ ਖੇਤਰੀ ਦਫ਼ਤਰ ਦੀ ਅਗਵਾਈ ਡਿਪਟੀ ਡਾਇਰੈਕਟਰ ਜਨਰਲ ਕਰਨਗੇ । ਇਸ ਦੇ ਨਾਲ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣ ਜਾਵੇਗਾ ਜਿਥੇ ਐੱਨਸੀਬੀ ਦੇ ਦੋ ਵੱਖ ਵੱਖਰੇ ਦਫ਼ਤਰ ਹੋਣਗੇ। ਅੰਮ੍ਰਿਤਸਰ ਖੇਤਰੀ ਦਫ਼ਤਰ ਅਧੀਨ ਸਤਲੁਜ ਦਰਿਆ ਦੇ ਉਪਰ ਵਾਲਾ ਖੇਤਰ ਹੋਵੇਗਾ। ਐੱਨਸੀਬੀ ਨੇ ਬੀਤੇ ਹਫ਼ਤੇ ਲੁਧਿਆਣਾ ਤੋਂ ਚਲਦੇ ਕੌਮਾਂਤਰੀ ਨਸ਼ਾ ਸਿੰਡੀਕੇਟ ਦਾ ਪਰਦਾਫਾਸ਼ ਕੀਤਾ ਸੀ। ਸੂਤਰਾਂ ਨੇ ਕਿਹਾ ਕਿ ਪੰਜਾਬ ਵਿਚ ਨਸ਼ੇ ਦੇ ਕਾਰੋਬਾਰ ਦੀਆਂ ਵਧੇਰੇ ਘਟਨਾਵਾਂ, ਪਾਕਿਸਤਾਨ ਨਾਲ ਕੌਮਾਂਤਰੀ ਸਰਹੱਦ ਅਤੇ ਜੰਮੂ ਕਸ਼ਮੀਰ ਤੇ ਰਾਜਸਥਾਨ ਤੋਂ ਤਸਕਰੀ ਹੋਣ ਕਾਰਨ ਪੰਜਾਬ ਵੱਲ ਧਿਆਨ ਕੇਂਦਰਤ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਤਿੰਨ ਕੁ ਸਾਲ ਪਹਿਲਾਂ ਟਰੈਮਾਡੋਲ ਦੀਆਂ ਗ਼ੈਰ-ਕਾਨੂੰਨੀ ਢੰਗ ਨਾਲ ਬਣਾਈਆਂ ਜਾਂਦੀਆਂ ਗੋਲੀਆਂ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਅੰਮ੍ਰਿਤਸਰ ਵਿਚ ਐੱਨਸੀਬੀ ਦਾ ਉਪ ਜ਼ੋਨ ਖੋਲ੍ਹਿਆ ਸੀ।

***

## ਕਰਜ਼ਾ ਚੁੱਕ ਕੇ ਕੰਮ ਚਲਾ ਰਹੀ ਹੈ ਮੋਦੀ ਸਰਕਾਰ

ਚਲਾਇਆ ਜਾ ਰਿਹਾ ਹੈ । ਇਸ ਸਥਿਤੀ ਉੱਤੇ ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਟਵੀਟ ਕਰਦਿਆਂ ਲਿਖਿਆ ਸੀ, 'ਮਹਾਂਮਾਰੀ ਦੌਰਾਨ ਪ੍ਰਧਾਨ ਮੰਤਰੀ ਦੇ 'ਫੇਵਰਿਟ ਮਿੱਤਰ' ਦੀ ਦੌਲਤ 8 ਗੁਣਾ ਕਿਵੇਂ ਵਧੀ? ਇੱਕ ਸਾਲ ਵਿੱਚ ਪ੍ਰਧਾਨ ਮੰਤਰੀ ਦੇ 'ਫੇਵਰਿਟ ਮਿੱਤਰ' ਦੀ ਦੌਲਤ 46 ਫੀਸਦੀ ਕਿਵੇਂ ਵਧੀ? ਮੀਡੀਆ ਜਨਤਾ ਦਾ ਧਿਆਨ ਭਟਕਾਉਂਦਾ ਰਿਹਾ ਤੇ ਪ੍ਰਧਾਨ ਮੰਤਰੀ ਦੇ 'ਮਿੱਤਰ' ਜੇਬ ਕੱਟਦੇ ਰਹੇ ।ਗ਼ਰੀਬਾਂ ਦੀ ਕਮਾਈ ਮਿੱਤਰਾਂ ਨੇ ਚੁਰਾਈ ।'

ਮੋਦੀ ਨੇ 2014 ਦੀ ਲੋਕ ਸਭਾ ਚੋਣ ਮੁਹਿੰਮ ਦੌਰਾਨ ਵਾਅਦਾ ਤਾਂ ਕੀਤਾ ਸੀ ਕਾਲਾ ਧਨ ਵਾਪਸ ਲਿਆ ਕੇ ਹਰ ਭਾਰਤੀ ਦੀ ਖਾਤੇ ਵਿੱਚ 15 ਲੱਖ ਰੁਪਏ ਪਾਉਣ ਦਾ, ਪਰ ਚਾੜ੍ਹ ਦਿੱਤਾ ਸਭ ਭਾਰਤੀਆਂ ਸਿਰ 100 ਲੱਖ ਕਰੋੜ ਤੋਂ ਵੱਧ ਦਾ ਕਰਜ਼ਾ । ਜੇਕਰ ਇਸ ਤਰ੍ਹਾਂ ਚਲਦਾ ਰਿਹਾ ਤਾਂ ਭਾਰਤ ਦੀ ਸਮੁੱਚੀ ਆਮਦਨ ਕਰਜ਼ੇ ਦੀਆਂ ਕਿਸ਼ਤਾਂ ਤਾਰਨ ਉੱਤੇ ਖ਼ਰਚ ਹੋਣ ਲੱਗ ਪਵੇਗੀ ।

***

## ਵਿਸ਼ਵ ਦੇ ਮਹਾਨ ਮੁੱਕੇਬਾਜ਼ ਮੁਹੰਮਦ ਅਲੀ

2 ਅਕਤੂਬਰ 1980 ਦੀ ਰਾਤ ਨੂੰ ਵਿਸ਼ਵ ਚੈਂਪੀਅਨ ਲੈਰੀ ਹੋਮਜ਼ ਨੇ ਮੁਹੰਮਦ ਅਲੀ ਉਤੇ ਮੁੱਕਿਆਂ ਦੀ ਉਹ ਬੁਛਾੜ ਕੀਤੀ ਕਿ ਅਲੀ ਦੇ ਤੌਰ ਉੱਡੇ ਰਹੇ। ਕੇਵਲ ਸੱਤਵੇਂ ਗੇੜ ਵਿੱਚ ਅਲੀ ਨੇ ਕੁਝ ਜੌਹਰ ਵਿਖਾਏ, ਪਰ ਪਹਿਲਾਂ ਵਾਲੀ ਗੱਲ ਨਾ ਬਣੀ। ਅਗਲੇ ਤਿੰਨ ਗੇੜਾਂ ਵਿੱਚ ਲੈਰੀ ਹੋਮਜ਼ ਨੇ ਮੁਹੰਮਦ ਅਲੀ ਦਾ ਮਲੀਆਮੇਟ ਕਰ ਦਿੱਤਾ। ਦਸਵੇਂ ਗੇੜ ਪਿੱਛੋਂ ਉਹ ਦਮ ਲੈਣ ਬੈਠਾ ਤੇ ਗਿਆਰਵੇਂ ਗੇੜ ਲਈ ਉੱਠ ਨਾ ਸਕਿਆ। ਇੰਜ ਇਤਿਹਾਸ ਦੇ ਸਭ ਤੋਂ ਤਕੜੇ ਮੁੱਕੇਬਾਜ਼ ਦੀ ਹਾਰ ਨਾਕ ਆਊਟ ਦੀ ਨਮੋਸ਼ੀ ਨਾਲ ਹੋਈ ਜੋ ਕਿਸੇ ਦੇ ਖਿਆਲ ਵਿੱਚ ਵੀ ਨਹੀਂ ਸੀ।

ਵੇਖਣ ਵਾਲੇ ਦੱਸਦੇ ਸਨ ਕਿ ਹਾਰ ਜਾਣ ਪਿੱਛੋਂ ਉਹ ਕਈ ਮਿੰਟ ਸਟੂਲ ਤੋਂ ਉੱਠ ਨਹੀਂ ਸੀ ਸਕਿਆ। ਉਹਦਾ ਚਿਹਰਾ ਲੱਥ ਗਿਆ ਸੀ ਤੇ ਭਵੰਤਰੀਆਂ ਨਜ਼ਰਾਂ ਇੰਜ ਵੇਖਦੀਆਂ ਸਨ ਜਿਵੇਂ ਕਿਸੇ ਡਰਾਉਣੇ ਸੁਪਨੇ ਵਿੱਚੋਂ ਜਾਗਿਆ ਹੋਵੇ। ਪਰ ਅਗਲੇ ਦਿਨ ਉਸ ਨੇ ਫਿਰ ਬੜ੍ਹਕ ਮਾਰੀ ਜਿਵੇਂ ਉਹ ਹਾਰਨ ਪਿੱਛੋਂ ਹਮੇਸ਼ਾਂ ਮਾਰਿਆ ਕਰਦਾ ਸੀ, 'ਮੁਹੰਮਦ ਅਲੀ ਨੂੰ ਮਰ ਮੁੱਕ ਗਿਆ ਨਾ ਸਮਝੋ। ਮੈਂ ਇੱਕ ਵਾਰ ਫਿਰ ਅਖਾੜੇ 'ਚ ਉਤਰਾਂਗਾ ਤੇ ਸਾਬਤ ਕਰ ਦਿਆਂਗਾ ਕਿ ਅਲੀ ਸੱਚਮੁੱਚ ਮਹਾਨ ਹੈ।'

ਪਰ ਇਹ ਸਿਰਫ਼ ਬੜ੍ਹਕ ਹੀ ਸੀ। ਉਹਦੀ ਮੁੱਕੇਬਾਜ਼ੀ ਦੇ ਦਿਨ ਪੁੱਗ ਚੁੱਕੇ ਸਨ, ਪਰ ਬੜ੍ਹਕਾਂ ਨਹੀਂ ਸਨ ਮੁੱਕੀਆਂ। ਉਹ ਪਾਰਕਿਨਸਨ ਦਾ ਮਰੀਜ਼ ਬਣ ਗਿਆ ਸੀ ਤੇ ਹਰ ਵੇਲੇ ਕੰਬਦੇ ਰਹਿਣਾ ਉਸ ਦੇ ਭਾਗ ਬਣ ਗਏ ਸਨ। 1996 ਵਿੱਚ ਅਟਲਾਂਟਾ ਦੀਆਂ ਓਲੰਪਿਕ ਖੇਡਾਂ ਸਮੇਂ ਉਸ ਨੇ ਕੰਬਦੇ ਹੱਥਾਂ ਨਾਲ ਖੇਡਾਂ ਦੀ ਜੋਤ ਜਗਾਈ ਸੀ ਜਿੱਥੇ ਉਸ ਦੇ ਦਰਸ਼ਨ ਕੁਲ ਦੁਨੀਆ ਨੇ ਇੱਕ ਵਾਰ ਫਿਰ ਕੀਤੇ ਸਨ। ਪਰ ਉਹ ਪਹਿਲਾਂ ਵਾਲਾ ਮੁਹੰਮਦ ਅਲੀ ਨਹੀਂ ਸੀ ਲੱਗਦਾ। ਉਹ ਪਾਰਕਿਨਸਨ ਦੀ ਬਿਮਾਰੀ ਨਾਲ ਕਈ ਵਰ੍ਹੇ ਜੂਝਦਾ ਰਿਹਾ। ਫਿਰ ਉਸ ਨੂੰ ਨਮੂਨੀਆ ਹੋਇਆ ਤਾਂ ਹਸਪਤਾਲ ਦਾਖ਼ਲ ਹੋਣਾ ਪਿਆ। ਸਾਹ ਲੈਣ ਦੀ ਤਕਲੀਫ਼ ਹੋਈ ਤਾਂ ਫਿਰ ਹਸਪਤਾਲ। ਬਿਮਾਰੀਆਂ ਨੇ ਉਸ ਨੂੰ ਸਾਹ ਨਾ ਆਉਣ ਦਿੱਤਾ। ਆਖ਼ਰ 3 ਜੂਨ 2016 ਨੂੰ ਐਰੀਜ਼ੋਨਾ ਸਟੇਟ ਦੇ ਸ਼ਹਿਰ ਫੀਨਿਕਸ ਦੇ ਇੱਕ ਹਸਪਤਾਲ ਵਿੱਚ ਉਸ ਨੇ ਆਖ਼ਰੀ ਸਾਹ ਲਿਆ।

***

## ਰਾਜਕੁਮਾਰੀ ਸੋਫੀਆ ਦਲੀਪ ਸਿੰਘ

ਐਮਿਲੀ ਵਾਈਲਡਿੰਗ ਡੇਵਿਸਨ (1872-1913), ਸਭ ਤੋਂ ਮਸ਼ਹੂਰ ਸਫਰਗੇਟਸ ਵਿੱਚੋਂ ਇੱਕ ਤੇ ਜੋ 1913 ਵਿੱਚ ਡਰਬੀ ਵਿੱਚ ਅਣਥੱਕ ਮੁਹਿੰਮ ਅਤੇ ਅੰਤਮ ਦੁਖਦਾਈ ਮੌਤ ਲਈ ਜਾਣੀ ਜਾਂਦੀ ਹੈ। ਉਸ ਨੂੰ ਕੇਨਸਿੰਗਟਨ ਵਿੱਚ ਉਸਦੇ ਘਰ ਉੱਤੇ ਇੱਕ ਤਖ਼ਤੀ ਮਿਲੇਗੀ। ਇਸ ਤੋਂ ਇਲਾਵਾ ਨਸਲਵਾਦ ਵਿਰੋਧੀ ਕਾਰਕੁਨ ਕਲਾਉਡੀਆ ਜੋਨਸ, ਲੰਡਨ ਦੀ ਪਹਿਲੀ ਮਹਿਲਾ ਮੇਅਰ ਐਡਾ ਸਾਲਟਰ ਅਤੇ ਪ੍ਰੀ-ਰਾਫੇਲਾਇਟ ਮਾਡਲ ਮੈਰੀ ਸਪਾਰਟਲੀ ਸਟਿਲਮੈਨ ਸ਼ਾਮਲ ਹਨ।

ਐਡਾ ਸਾਲਟਰ (1866-1942), ਜੋ 1922 ਵਿੱਚ ਬਰਮੰਡਸੇ ਦੀ ਮੇਅਰ ਚੁਣੀ ਗਈ ਸੀ ਤੇ ਲੰਡਨ ਦੇ ਇੱਕ ਬਰੋ ਦੀ ਪਹਿਲੀ ਮਹਿਲਾ ਮੇਅਰ ਸੀ। ਉਸਦੀ ਤਖ਼ਤੀ ਸਾਊਥਵਾਰਕ ਦੀ ਇੱਕ ਇਮਾਰਤ 'ਤੇ ਹੋਵੇਗੀ ਜਿੱਥੇ ਉਹ 1890 ਵਿੱਚ ਰਹਿੰਦੀ ਸੀ।

ਮੈਰੀ ਸਪਾਰਟਲੀ ਸਟਿਲਮੈਨ (1844-1927), ਪ੍ਰੀ-ਰਾਫੇਲਾਇਟ ਪੇਂਟਰ ਡਾਂਟੇ ਗੈਬਰੀਅਲ ਰੋਸੇਟੀ ਅਤੇ ਐਡਵਰਡ ਬਰਨ-ਜੋਨਸ ਇਕ ਚਿੱਤਰਕਾਰ ਅਤੇ ਮਾਡਲ ਸੀ। ਸਟੀਲਮੈਨ ਨੂੰ ਕਲੈਫਮ ਦੇ ਘਰ ਵਿੱਚ ਯਾਦ ਕੀਤਾ ਜਾਵੇਗਾ ਜਿੱਥੇ ਉਸਨੇ ਪਹਿਲੀ ਵਾਰ ਆਪਣੇ ਪੇਂਟਿੰਗ ਕੈਰੀਅਰ ਦੀ ਸ਼ੁਰੂਆਤ ਕੀਤੀ ਸੀ।ਦੱਸਣਯੋਗ ਹੈ ਕਿ ਇੰਗਲਿਸ਼ ਹੈਰੀਟੇਜ ਨੂੰ ਮੌਜੂਦਾ ਜਾਇਦਾਦ ਦੇ ਮਾਲਕਾਂ ਤੋਂ ਇਹ ਤਖ਼ਤੀ ਲਾਉਣ ਲਈ ਪੂਰੀ ਮਨਜ਼ੂਰੀ ਲੈਣੀ ਪੈਂਦੀ ਹੈ।

***

## ਪੁਰਸ਼ਾਂ 'ਚ ਵਾਲ਼ਾਂ ਦੇ ਝੜਨ ਦਾ

ਨੈਸ਼ਨਲ ਹੈਲਥ ਸਰਵਿਸਿਜ਼ ਅਨੁਸਾਰ, ਵਾਲ਼ ਝੜਨਾ ਆਮ ਗੱਲ ਹੈ। ਜੇਕਰ ਤੁਸੀਂ ਰੋਜ਼ਾਨਾ 50-100 ਵਾਲ਼ ਝੜਦੇ ਹਨ, ਤਾਂ ਚਿੰਤਾ ਦੀ ਕੋਈ ਗੱਲ ਨਹੀਂ ਹੈ। ਜੇਕਰ ਵਾਲ਼ ਬਹੁਤ ਜ਼ਿਆਦਾ ਝੜਦੇ ਹਨ ਜਾਂ ਖੋਪੜੀ 'ਤੇ ਗੰਜੇਪਣ ਦੇ ਪੈਚ ਆ ਜਾਣ ਤਾਂ ਤੁਹਾਨੂੰ ਇਸ ਬਾਰੇ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ। ਬੌਲਡ ਪੈਚੇਜ਼ ਨਾਲ ਖੁਜਲੀ ਤੇ ਜਲਨ ਹੋਣ 'ਤੇ ਤੁਹਾਨੂੰ ਮਾਹਿਰ ਦੀ ਸਲਾਹ ਜ਼ਰੂਰ ਲੈਣੀ ਚਾਹੀਦੀ ਹੈ।

***

## ਬੰਦੀ ਸਿੱਖਾਂ ਦਾ ਜੇਲ੍ਹਾਂ ਵਿੱਚ ਹੋਣਾ

ਤੇ ਸਾਥੀਆਂ ਦਾ ਅੰਮ੍ਰਿਤਸਰ ਆਉਣਾ ਸਾਡੇ ਲਈ ਬਹੁਤ ਸਨਮਾਨ ਦੀ ਗੱਲ ਹੈ। ਇਹ ਉਹ ਵਿਅਕਤੀ ਹੈ ਜਿਸ ਨੇ ਉੱਤਰ ਪ੍ਰਦੇਸ਼ ਤੇ ਕੇਂਦਰ ਸਰਕਾਰ ਨੂੰ ਹਿਲਾ ਕੇ ਰੱਖ ਦਿੱਤਾ। ਉਨ੍ਹਾਂ ਕਿਹਾ ਕਿ ਜਥੇਦਾਰ ਨਾਲ ਗੱਲਬਾਤ ਦੌਰਾਨ ਆਜ਼ਾਦ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਜ਼ਿਕਰ ਭਰੇ ਮਨ ਨਾਲ ਕੀਤਾ ਜੋ ਉਨ੍ਹਾਂ ਦੇ ਦਿਲ ਨੂੰ ਛੂਹ ਗਿਆ। ਉਨ੍ਹਾਂ ਕਿਹਾ ਕਿ ਸਾਡੀ ਲੜਾਈ ਬ੍ਰਾਹਮਣਵਾਦ ਖ਼ਿਲਾਫ਼ ਹੈ ਤੇ ਆਜ਼ਾਦ ਵੀ ਆਪਣੀ ਟੀਮ ਨਾਲ ਇਹ ਲੜਾਈ ਲੜ ਰਹੇ ਹਨ।

***

## ਚੀਨੀ ਐਲਈਡੀ ਲਾਈਟਾਂ ਰਾਹੀਂ

ਬਣਾਏ ਜਾ ਰਹੇ ਹਨ। ਇਹ ਉਤਪਾਦ ਨਾ ਸਿਰਫ਼ ਯੂ.ਕੇ. ਵਿੱਚ, ਸਗੋਂ ਦੁਨੀਆ ਦੇ ਹਰ ਦੇਸ਼ ਵਿੱਚ ਵੇਚੇ ਜਾਂਦੇ ਹਨ। ਦੁਨੀਆ ਭਰ ਵਿੱਚ ਫੌਜੀ ਗਤੀਵਿਧੀਆਂ ਬਾਰੇ ਹਰ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ। ਬ੍ਰਿਟੇਨ ਦੀ ਇਸ ਰਿਪੋਰਟ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਇਹ ਯੰਤਰ ਕਈ ਦਹਾਕਿਆਂ ਤੋਂ ਜਸੂਸੀ ਲਈ ਵਰਤੇ ਜਾ ਰਹੇ ਹਨ ਲੈਪਟਾਪ, ਆਵਾਜ਼ ਕੰਟਰੋਲ ਸਮਾਰਟ ਸਪੀਕਰ, ਸਮਾਰਟ ਘੜੀਆਂ, ਸਮਾਰਟ ਐਨਰਜੀ ਮੀਟਰ, ਸੀਸੀਟੀਵੀ ਕੈਮਰੇ, ਵਿਸ਼ਵ ਭਰ ਵਿੱਚ ਪੁਲਿਸ ਦੁਆਰਾ ਵਰਤੇ ਜਾਂਦੇ ਕੈਮਰੇ, ਡੋਰ ਬੈੱਲ ਕੈਮਰੇ, ਕਾਰਡ ਭੁਗਤਾਨ ਮਸ਼ੀਨਾਂ, ਗਰਮ ਟੱਬ, ਕਾਰਾਂ ਆਦਿ। ਚੀਨ ਨੇ ਅਮਰੀਕੀ ਹਥਿਆਰਾਂ ਦੀ ਛੋਟੀ ਤੋਂ ਛੋਟੀ ਗਤੀ ਸੰਬੰਧੀ ਜਾਣਕਾਰੀ ਬੜੀ ਆਸਾਨੀ ਨਾਲ ਇਕੱਠੀ ਕਰ ਲਈ ਸੀ ਕਿ ਅਮਰੀਕਾ ਤਾਈਵਾਨ ਨੂੰ ਕਦੋਂ, ਕਿੰਨਾ ਅਤੇ ਕਿਵੇਂ ਹਥਿਆਰ ਦੇ ਰਿਹਾ ਹੈ। ਹਥਿਆਰਾਂ ਦੀ ਸਪਲਾਈ ਪਹੁੰਚਣ ਤੋਂ ਪਹਿਲਾਂ ਹੀ ਚੀਨੀ ਲੜਾਕੂ ਜਹਾਜ਼ਾਂ ਨੇ ਤਾਈਵਾਨ ਦੇ ਆਲੇ-ਦੁਆਲੇ ਉਡਾਣ ਭਰਨੀ ਸ਼ੁਰੂ ਕਰ ਦਿੱਤੀ ਸੀ। ਜੰਗੀ ਬੇੜੇ ਤਾਇਨਾਤ ਕੀਤੇ ਗਏ ਸਨ। ਉਤਪਾਦ ਦਾ ਫੀਡਬੈਕ ਜਾਣਨ ਲਈ ਜਸੂਸੀ ਵੀ ਕੀਤੀ ਜਾ ਰਹੀ ਹੈ

ਕੋਰਲੇਸ ਪਾਰਟਨ, ਜੋ ਕਿ 22 ਸਾਲਾਂ ਤੱਕ ਚੀਨ ਵਿੱਚ ਡਿਪਲੋਮੈਟ ਸੀ, ਨੇ ਦੱਸਿਆ ਕਿ ਜਿਸ ਵੀ ਦੇਸ਼ ਵਿੱਚ ਚੀਨੀ ਸਮਾਨ ਹੈ, ਉੱਥੇ ਜਸੂਸੀ ਦੀ ਪੂਰੀ ਸੰਭਾਵਨਾ ਹੈ। ਕਿਉਂਕਿ, ਚੀਨ ਸਿਰਫ ਸੁਰੱਖਿਆ ਮਾਮਲਿਆਂ ਲਈ ਇਹ ਜਾਣਕਾਰੀ ਇਕੱਠੀ ਨਹੀਂ ਕਰਦਾ ਹੈ, ਸਗੋਂ ਗਾਹਕਾਂ ਦੀ ਫੀਡਬੈਕ ਵੀ ਪ੍ਰਾਪਤ ਕਰਦਾ ਹੈ। ਸਾਰੇ ਖੁਲਾਸੇ ਦੇ ਬਾਵਜੂਦ ਇਸ ਸਮੱਸਿਆ ਦਾ ਹੱਲ ਨਹੀਂ ਨਿਕਲ ਸਕਿਆ।

## ਆਪਣਾ ਆਪਣਾ ਹਿੱਸਾ

'ਓ ਆ ਮਾਂ ਦਿਆ ਸ਼ਿਵ ਜੀ, ਹੈਥੇ ਕਿੱਲੇ ਨੂੰ ਈ ਠੱਕ ਠੱਕ ਕਰੀ ਜਾਨੈਂ ਅਸੀਂ ਹੋਰ ਵੀ ਕੰਮ ਕਰਨੈਂ ', ਕਰਮ ਸਿੰਘ ਨੇ ਘੁੱਦੂ ਨੂੰ ਆਵਾਜ਼ ਮਾਰੀ।

ਘੁੱਦੂ ਮਿੱਟੀ ਨਾਲ ਲਿੱਬੜੇ ਹੱਥ ਤੇੜ ਦੀ ਚਾਦਰ ਨਾਲ ਪੂੰਝਦਾ ਉਠ ਖੜ੍ਹਾ ਹੋਇਆ ਤੇ ਹੌਲੀ ਹੌਲੀ ਤੁਰਦਾ ਡਿਓਢੀ ਵਿਚ ਆਣ ਕੇ ਉਨ੍ਹਾਂ ਕੋਲ ਖੜ੍ਹਾ ਹੋ ਗਿਆ ।

'ਬਹਿ ਜਾ', ਕਰਮ ਸਿੰਘ ਨੇ ਘੁੱਦੂ ਨੂੰ ਮੰਜੇ ਤੇ ਬੈਠ ਜਾਣ ਲਈ ਇਸ਼ਾਰਾ ਕੀਤਾ । ਬਚਨੋਂ ਵੀ ਬੁੱਕਲ ਸਵਾਰਦੀ ਪਿਓ ਦੀ ਪੁਆਂਦੀ ਆ ਬੈਠੀ ।

'ਬਜ਼ੁਰਗਾ, ਭਾ ਜੀ ਰਾਤੀਂ ਮੇਰੇ ਕੋਲ ਆਗੇ ਸੀ । ਅਸੀਂ ਤਾ ਤੁਹਾਡੇ ਨਾਲ ਮਸ਼ਵਰਾ ਕਰਨ ਆਏ ਆਂ ।'

'ਕਰੋ ਪੀ ਮਸ਼ਵਰਾ ਜਿਹੜਾ ਕਰਨਾ ਕੀ ਗੱਲ ਐ' ਬਿਸ਼ਨ ਸਿੰਘ ਨੇ ਹੌਲੀ ਜਿਹੀ ਦਾੜ੍ਹੀ ਖੁਰਕੀ ।

'ਵੇਖ ਸਲਾਹ ਨਾਲ ਰਲਕੇ-ਆਪੋਂ ਵਿਚ ਅਸੀਂ ਜਿਹੜੀ ਗੱਲ ਕਰਾਂਗੇ ਉਹਦੇ ਨਾਲ ਦੀ ਰੀਸ ਨੀਂ..' ਕਰਮ ਸਿੰਘ ਇਕ ਪਲ ਰੁਕਿਆ ਤੇ ਸਾਰਿਆਂ ਦੇ ਚਿਹਰਿਆਂ ਵੱਲ ਤੱਕਿਆ।

ਫਿਰ ਖੰਘੂਰਾ ਮਾਰ ਕੇ ਬੋਲਿਆ, 'ਗੱਲ ਤਾਂ ਇਹ ਹੈ ਕਿ ਮਾਂ ਦਾ ਕੱਠ ਕਰਨਾ ਗੱਜ ਵੱਜ ਕੇ, ਸਾਰੇ ਅੰਗ- ਸਾਕ ਸੱਦਣੇ ਨੇ ਬੁੱਢੜੀ ਕਰਮਾਂ ਆਲੀ ਦੋਹਤਿਆਂ ਪੋਤਿਆਂ ਵਾਲੀ ਹੋ ਕੇ ਉਮਰ ਭੋਗ ਕੇ ਗਈ ਆ, ਉਹਨੂੰ ਵੱਡਿਆਂ ਕਰਨਾ ਹੈਂ ਕੀ ਸਲਾਹ ਐ ?'

'ਪੁੱਤ ! ਮੇਰੀ ਸਲਾਹ ਕੀ ਹੋਣੀ ਐ, ਪਰ ਸਾਡੇ ਅਰਗੇ ਛੋਟੇ ਬੰਦਿਆਂ ਨੂੰ ਕਾਹਦਾ ਵੱਡਾ ਕਰਨਾ ਹੋਇਆ 'ਬਿਸ਼ਨ ਸਿੰਘ ਦੀ ਟੁੱਟਵੀਂ ਆਵਾਜ਼ ਸੀ ।'

'ਮੈਂ ਵੀ ਕਰਮ ਸਿੰਘ ਨੂੰ ਕਿਹਾ ਕਿ ਇਹ ਫਜ਼ੂਲ ਖਰਚੀ ਐ ਇਹ ਮੰਨਦਾ ਨੀਂ' ਸਵਰਨ ਸਿੰਘ ਨੇ ਰਾਇ ਦਿੱਤੀ ।

'ਓ ਭਾ ਜੀ, ਭਾਈਚਾਰਾ ਕੀ ਆਖੂ, ਚੰਗੇ ਭਲੇ ਪੁੱਤ ਕਮਾਉਂਦੇ ਪੈਸੇ ਵਾਲੇ, ਕੀ ਮਰੀ ਪੋਗੀ ਤੁਹਾਡੇ ਪੜ੍ਹਿਆਂ ਲਿਖਿਆਂ ਲਈ ਹਊ ਫਜ਼ੂਲ ਖਰਚੀ ਨਾਲੇ ਤੁਹਾਨੂੰ ਕੀ ਤੁਸੀਂ ਤਾਂ ਸ਼ਹਿਰ ਰਹਿਣਾ । ਏਥੇ ਮਿਹਣੇ ਤਾਂ ਸਾਨੂੰ ਵੱਜਣੇ ਨੇ' ਕਰਮ ਸਿੰਘ ਅਜੇ ਬੋਲ ਹੀ ਰਿਹਾ ਸੀ ਕਿ ਬਚਨੋ ਉਹਦੀ ਗੱਲ ਟੁੱਕ ਕੇ ਬੋਲ ਪਈ :

' ਹਾਹੋ ਨਹੀਂ ਨਹੀਂ ਭਾ ਜੀ, ਤੁਸੀਂ ਵੀ ਕਿਹੋ ਜਿਹੀਆਂ ਗੱਲਾਂ ਕਰਦੇ ਓ' ਬਚਨੋ ਸਵਰਨ ਸਿੰਘ ਨੂੰ ਤਿੱਖੀ ਹੋ ਕੇ ਪਈ, 'ਭਾਊ ਕਰਮ ਸਿੰਘ ਠੀਕ ਆਂਹਦਾ ਏ .ਉਧਰ ਮੇਰੇ ਸਹੁਰੇ ਤਾਂ ਤਿਆਰੀਆਂ ਵੀ ਕੱਸੀ ਬੈਠੇ ਹੋਣੇ ਨੇ ਮੈਨੂੰ ਤਾਂ ਦਰਾਣੀਆਂ ਜੇਠਾਣੀਆਂ ਛਿੱਬੀਆਂ ਦੇ ਦੇ ਮਾਰ ਛੱਡਣਾ।'

ਘੁੱਦੂ ਨੂੰ ਪਤਾ ਸੀ : ਬਿਸ਼ਨ ਸਿੰਘ ਦੇ ਰਾਹੀਂ ਗੱਲ ਉਸ ਨਾਲ ਹੋ ਰਹੀ ਸੀ। ਉਸ ਦਾ ਜੀਅ ਕੀਤਾ ਬਚਨੋ ਦੇ ਵੱਟ ਕੇ ਚੁਪੇੜ ਮਾਰੇ। ਸਵਰਨ ਸਿੰਘ ਠੀਕ ਕਹਿ ਰਿਹਾ ਸੀ ਕਿ ਇਹ ਫ਼ਜ਼ੂਲ ਖਰਚੀ ਹੈ । ਘੁੱਦੂ ਨੂੰ ਆਪਣਾ ਘਰ ਦਿਸ ਰਿਹਾ ਸੀ 'ਵੇਖੋ ਭਾਈ, ਮੈਂ ਪਿੱਛੇ ਤਾਂ ਨਹੀਂ ਹਟਦਾ। ਜਿੰਨਾ ਖ਼ਰਚ ਮੇਰੇ ਹਿੱਸੇ ਆਉਂਦਾ, ਦੱਸ ਦਿਓ ਅਟਾ ਸਟਾ ਪਰ ਮੇਰਾ' ਸਵਰਨ ਸਿੰਘ ਬੋਲਿਆ।

ਘੁੱਦੂ ਨੂੰ ਆਸ ਸੀ ਕਿ ਸਵਰਨ ਸਿੰਘ ਇਸ ਦੇ ਵਿਰੋਧ ਵਿਚ ਡਟੇਗਾ । ਪਰ ਉਹਦੇ ਸਹਾਰੇ ਦੀ ਲੱਜ ਛੇਤੀ ਹੀ ਉਹਦੇ ਹੱਥੋਂ ਡਿੱਗ ਪਈ ਤੇ ਉਹ ਸੋਚਾਂ ਤੇ ਫ਼ਿਕਰਾਂ ਦੇ ਖੂਹ ਵਿਚ ਧੜੱਮ ਡਿੱਗ ਪਿਆ । ਉਹ ਧੁਖ ਰਿਹਾ ਸੀ ਤੇ ਉਹਦੇ ਅੰਦਰ ਹੀ ਅੰਦਰ ਧੂਆਂ ਇੱਕਠਾ ਹੋ ਰਿਹਾ ਸੀ।

'ਪੰਜ ਸੱਤ ਹਜ਼ਾਰ ਤਾਂ ਸਹਿਜੇ ਲੱਗ ਜੂ। ਨਾਲੇ ਭਾਜੀ ਹੁਰੀਂ ਕਹਿੰਦੇ ਆ, ਸਤਈ ਸੌ ਰੁਪਿਆ ਮਾਂ ਦੀ ਬੀਮਾਰੀ ਤੇ ਇਹਨਾ ਖਰਚ ਕੀਤਾ। ਆਪਾਂ ਤਿੰਨਾਂ ਨੂੰ ਨੌਂ ਨੌਂ ਸੌ ਆਉਂਦਾ' ਕਰਮ ਸਿੰਘ ਸਾਰੇ ਖ਼ਰਚ ਦਾ ਵਿਸਥਾਰ ਦੱਸ ਰਿਹਾ ਸੀ ।

ਮਾਂ ਦੀ ਬੀਮਾਰੀ ਦਾ ਖ਼ਰਚ ਵੰਡੇ ਜਾਣ ਦੀ ਗੱਲ ਸੁਣ ਘੁੱਦੂ ਨੂੰ ਧੱਕਾ ਲੱਗਾ । ਉਹ ਦੰਦਾਂ ਵਿਚ ਬੁੱਲ੍ਹ ਟੁੱਕਣ ਲੱਗਾ। ਉਹਨੂੰ ਸੁੱਝ ਨਹੀਂ ਸੀ ਰਹੀ, ਕੀ ਕਹੇ- ਕੀ ਨਾ ਕਹੇ ?

'ਮਾਂ ਦੀ ਬੀਮਾਰੀ ਤੇ ਖ਼ਰਚ ਕਰਤਾ । ਫਿਰ ਕੀ ਐ ? ਇਹਨੇ ਵਿਚਾਰੇ ਨੇ ਸਾਰੀ ਉਮਰ ਉਹਨੂੰ ਰੋਟੀ ਵੀ ਤਾਂ ਖਵਾਈ ਹੈ।' ਬਿਸ਼ਨ ਸਿੰਘ ਨੇ ਹਿੰਮਤ ਕਰਕੇ ਜਿਵੇਂ ਗੱਲ ਕਹਿ ਹੀ ਦਿੱਤੀ ।

'ਲੈ ਵੇਖੋਂ ਨਾ ਬਾਪੂ, ਆਹ ਰਈ ਨ੍ਹੀ ਠੀਕ, ਜੇ ਇਹਨੇ ਰੋਟੀ ਖਵਾਈ ਤਾਂ ਸਾਰੀ ਉਮਰ ਗਲੱਮ ਵੀ ਤਾਂ ਇਹਦਾ ਈ ਕਰਦੀ ਰਹੀ ਐ । ਇਹਦੇ ਨਿਆਣੇ ਸਾਂਭੇ, ਗੂੰਹ ਮੂਤ ਧੋਤਾ, ਬਚਨੋਂ ਬੁੱਕਲ 'ਚੋਂ ਹੱਥ ਕੱਢ ਕੇ ਪੰਜਾ ਹਿਲਾ ਹਿਲਾ ਗੱਲਾਂ ਕਰ ਰਹੀ ਸੀ,' ਵੇਖੋ ਨਾ ਮਾਂ ਪਿਓ ਦੇ ਹਿੱਸੇ ਦੀ ਜੈਦਾਦ ਵੀ ਤਾਂ ਫਿਰ ਇਹੋ ਖਾਂਦਾ ਸੀ' ' ਤੂੰ ਤੂੰ ਚੁੱਪ ਵੀ ਕਰ । ਵੱਡੀ ਵਕੀਲਣੀ ਆ 'ਗੀ।' ਘੁੱਦੂ ਚਮਕ ਕੇ ਪਿਆ।

ਉਹਦੀਆਂ ਨਾਸਾਂ ਫ਼ਰਕ ਰਹੀਆਂ ਸਨ। ਏਨੀ ਠੰਡ ਵਿਚ ਵੀ ਉਹਦਾ ਮੱਥਾ ਭੱਖ ਰਿਹਾ ਸੀ।

'ਲੈ ਮੈਂ ਨ੍ਹੀ ਬਹਿੰਦੀ ਵੇਖੇਂ ਨਾ ਇਹਨੂੰ ਤਾਂ ਮੈਂ ਜ਼ਹਿਰ ਲੱਗਦੀ ਆਂ ਨਿਰ੍ਹੀ..ਵੇਖੋਂ ਨਾ..ਲੈ ਮੈਂ ਨ੍ਹੀ ਬਹਿੰਦੀ' ਬਚਨੋ ਹੱਥ ਮਾਰਦੀ ਗੁੱਸੇ ਵਿਚ ਉਬਲਦੀ ਤੁਰ ਗਈ ।

ਤਣਾਓ ਵਾਲਾ ਮਾਹੌਲ ਬਣ ਜਾਣ ਕਰਕੇ ਕਰਮ ਸਿੰਘ ਨੇ ਗੱਲ ਟਾਲਣੀ ਚਾਹੀ ਕਿ ਬਚਨੋ ਮੂੰਹ ਭੁਆਂ ਕੇ ਫਿਰ ਬੋਲ ਪਈ ।

'ਵੇਖੋ ਨਾ, ਮੇਰਾ ਹਿੱਸਾ ਵੀ ਆ ਜ਼ਮੀਨ 'ਚ ਤੂੰ ਬਹੁਤਾ ਆਇਆਂ, ਵਕੀਲਿਨੀ ਤਾਂ ਵਕੀਲਿਨੀ ਸਹੀ ।'

'ਚੱਲੋ ਛੱਡੋ, ਬਾਕੀ ਗੱਲਾਂ ਫਿਰ ਕਰ ਲਾਂਗੇ..ਸ਼ਾਂਤ ਹੋਵੋ' ਤੇ ਕਰਮ ਸਿੰਘ ਐਤਕੀਂ ਸਿੱਧਾ ਘੁੱਦੂ ਨੂੰ ਸੰਬੋਧਨ ਹੋਇਆ, 'ਭਾਜੀ ਕੋਲ ਟੈਮ ਨ੍ਹੀ ਬੁੱਢੜੀ ਦੇ ਫੁੱਲ ਦੱਸ ਤੂੰ ਗੰਗਾ ਲੈ ਕੇ ਜਾਣੇ ਜਾਂ ਮੈਂ ।'

ਦੋ ਮਿੰਟ ਘੁੱਦੂ ਚੁੱਪ ਕਰਕੇ ਬੈਠਾ ਰਿਹਾ। ਉਹਦੇ ਅੰਦਰ ਅਨੇਕਾਂ ਵਿਚਾਰ ਇਕ ਦੂਸਰੇ ਨੂੰ ਲਿਤਾੜਦੇ ਹੋਏ, ਕੱਟ-ਵੱਢ ਕੇ ਭੱਜੇ ਜਾ ਰਹੇ ਸਨ।

ਪਲ ਭਰ ਲਈ ਬਾਹਰਲੀ ਧੁੰਦ ਜਿਵੇਂ ਉਹਦੇ ਅੰਦਰ ਪਸਰ ਗਈ ਸੀ। ਉਹ ਸੁੰਨ ਹੋਇਆ ਗੁੰਮ ਸੁੰਮ ਬੈਠਾ ਰਿਹਾ। ਤੇ ਫਿਰ ਜਿਵੇਂ ਉਹਦਾ ਧੁਖਦਾ ਅੰਦਰ ਮੱਚ ਪਿਆ ਹੋਵੇ। ਉਹ ਇਕ ਦਮ ਉਠ ਕੇ ਖੜ੍ਹੋ ਗਿਆ।

'ਵੇਖੋ ਜੀ, ਤੁਹਾਡੇ ਤੋਂ ਕੋਈ ਗੁੱਝੀ ਛਿਪੀ ਗੱਲ ਨ੍ਹੀ , ਆਪਾਂ ਆਂ ਮਰੜੇ , ਆਪਣੇ ਤੋਂ ਤਾਂ ਅਜੇ ਨ੍ਹੀ ਜੇ ਇਹ ਗੰਗਾ ਗੁੰਗਾ ਪੁੱਗਦੀਆਂ।' ਉਹ ਪਲ ਭਰ ਲਈ ਰੁਕਿਆ । ਸੰਘ 'ਚ ਰੁਕਿਆ ਥੁੱਕ ਝਟਕ ਕੇ ਬੋਲਿਆ, 'ਜੇ ਬਹੁਤੀ ਗੱਲ ਐ ਤਾਂ ਬੁੱਢੜੀ ਦੇ ਫੁੱਲ ਤੁਸੀਂ ਗੰਗਾ ਪਾ ਆਓ ਤੇ ਐਹ ਬੁੱਢੜਾ ਬੈਠਾ ਤੁਹਾਡੇ ਸਾਹਮਣੇ ਜਿਓਂਦਾ ਜਾਗਦਾ' ਉਸ ਬਿਸ਼ਨ ਸਿੰਘ ਵੱਲ ਇਸ਼ਾਰਾ ਕੀਤਾ- 'ਇਹਦੇ ਮੈਂ 'ਕੱਲਾ ਈ ਗੰਗਾ ਪਾ ਆਊਂ।'

ਤਿੰਨੇ ਪਿਓ-ਪੁੱਤ ਹੈਰਾਨ ਹੋਏ ਉਸ ਦੇ ਮੂੰਹ ਵੱਲ ਵੇਖ ਰਹੇ ਸਨ। ਪਰ ਉਹ ਰੁਕਿਆ ਨਹੀਂ।

'ਸੱਚੀ ਗੱਲ ਆ ਅਜੇ ਆਪਣੀ ਪੁੱਜਤ ਨ੍ਹੀ ਤੇ ਜੇ ਇਹ ਸੌਦਾ ਵੀ ਨ੍ਹੀ ਮਨਜ਼ੂਰ ਤਾਂ ਸਰਦਾਰ ਜੀ ਔਹ ਕਿੱਲੀ' ਤੇ ਮੇਰੇ ਤੀਜੇ ਹਿੱਸੇ ਦੇ ਫੁੱਲ ਲਿਆ ਕੇ ਟੰਗ ਦਿਓ ਜਦੋਂ ਮੇਰੀ ਪਹੁੰਚ ਪਈ ਮੈਂ ਆਪੇ ਪਾ ਆਊਂ।'

ਤੇ ਉਹ ਉਨ੍ਹਾਂ ਦੇ ਵਿਹੰਦਿਆਂ ਵਿਹੰਦਿਆਂ ਮੂੰਹ ਘੁੱਟ ਕੇ ਅੰਦਰ ਤੁਰ ਗਿਆ।

***

## ਹੰਨੈ ਹੰਨੈ ਪਾਤਸ਼ਾਹੀ ਨਾਵਲ ਖਾਲਸਾ...

ਸੂਰਜ ਨਾਲ ਨਵੀਂ ਜੰਗ ਦਰਪੇਸ਼ ਹੁੰਦੀ ਸੀ, ਅਜਿਹੇ ਬਿਰਤਾਂਤ ਨੂੰ ਸਿਰਜਦਿਆਂ ਨਾਵਲਕਾਰ ਦਾ ਗੂੜ੍ਹ ਅਧਿਐਨ ਧਿਆਨ ਦੀ ਮੰਗ ਕਰਦਾ ਹੈ। ਨਾਵਲ ਦੇ ਕਾਲ-ਖੰਡ ਦੌਰਾਨ ਹੋਈਆਂ ਇਤਿਹਾਸਕ ਲੜਾਈਆਂ ਦੀ ਸਿੱਧੀ ਜਾਣਕਾਰੀ ਦੇਣ ਦੀ ਥਾਂ, ਉਹ ਇਹਨਾਂ ਦੇ ਦੁਆਲੇ ਗਲਪ ਸਿਰਜਦਾ ਖਾਲਸਾ ਪੰਥ ਦੇ ਸਿਧਾਂਤਾਂ, ਸ਼ਸ਼ਤਰਾਂ ਪ੍ਰਤੀ ਪਿਆਰ ਸਤਿਕਾਰ, ਜੰਗ ਦੇ ਮੈਦਾਨ ਵਿਚ ਯੋਧਿਆਂ ਦੇ ਕਰਤੱਵ ਅਤੇ ਸਿੱਖ ਜੰਗ ਬਾਰੇ ਕਮਾਲ ਦੀ ਪੇਸ਼ਕਾਰੀ ਕਰਦਾ ਹੈ। ਨਾਵਲਕਾਰ ਸਿੱਖਾਂ ਦੇ ਯੁੱਧ ਲੜਨ ਦੇ ਤਰੀਕੇ ਅਤੇ ਕਾਰਨ ਬਾਰੇ ਲਿਖਦਾ ਕਹਿੰਦਾ ਹੈ, 'ਸਿੰਘਾਂ ਨੇ ਆਪਣੇ 'ਪੀਰ' ਸ਼ਸ਼ਤਰਾਂ ਨੂੰ ਮੱਥੇ ਨਾਲ ਛੂਹਾ ਕੇ ਅੱਜ ਤੱਕ ਹੁੰਦੀਆਂ ਆ ਰਹੀਆਂ ਜੰਗਾਂ ਦੀ ਪ੍ਰੰਪਰਾ ਨੂੰ ਤੋੜਿਆ ਤੇ ਲੋਕਾਈ ਨੂੰ ਦੱਸਿਆ ਕਿ ਯੁੱਧ ਸਰਬੱਤ ਦੇ ਭਲੇ ਹਿੱਤ ਵੀ ਕੀਤੇ ਜਾ ਸਕਦੇ ਹਨ।' ਇਸ ਨਾਵਲ ਵਿਚ ਅਨੇਕਾਂ ਥਾਵਾਂ 'ਤੇ ਸਿੱਖਾਂ ਦੇ ਯੁੱਧ ਤੇ ਬਹਾਦਰ ਸੂਰਬੀਰ ਯੋਧਿਆਂ ਪ੍ਰਤੀ ਨਜ਼ਰੀਏ ਬਾਰੇ ਗੱਲ ਕੀਤੀ ਗਈ ਹੈ, ਨਾਵਲ ਵਿਚ ਪੇਸ਼ ਅਜਿਹੇ ਵਿਚਾਰਾਂ ਵਿੱਚੋਂ ਕੁਝ ਕੁ ਦਾ ਜ਼ਿਕਰ ਇਥੇ ਕਰਨਾ ਕੁਥਾਂ ਨਹੀਂ ਹੋਵੇਗਾ: ਜੰਗ ਤੋਂ ਕਾਹਦੀ ਸੰਗ, ਬਹਾਦਰਾਂ ਦੇ ਖੀਸੇ ਬਹਾਦਰੀ, ਜੰਗ 'ਚ ਸ਼ਸ਼ਤਰ ਦੇ ਵਾਰ ਨਾਲ ਸਰੀਰ ਪਵਿੱਤਰ ਹੁੰਦਾ ਮੰਨਣਾ, ਕਿਸੇ ਦਾ ਖਾਲਸੇ ਦੀ ਧਰਮ ਯੁੱਧ ਦ੍ਰਿੜ੍ਹਤਾ ਅੱਗੇ ਨਾ ਟਿਕਣਾ, ਕਮਾਨ 'ਚੋਂ ਨਿਕਲੇ ਤੀਰ ਦਾ ਨਿਸ਼ਾਨੇ ਤੇ ਨਾ ਲੱਗਣਾ ਤੀਰ ਦੀ ਬੇਅਦਬੀ ਤੇ ਨਿਸ਼ਾਨੇਬਾਜ਼ ਲਈ ਡੁੱਬ ਮਰਨ ਵਾਲੀ ਗੱਲ, ਯੋਧਾ ਜਾਣਦਾ ਕਦੋਂ ਨਹੀਂ ਲੜਨਾ, ਲੜਾਈ ਆਪਣੇ ਭਰੋਸੇਮੰਦ ਸ਼ਸ਼ਤਰਾਂ ਨਾਲ ਲੜੀ ਜਾਵੇ, ਸੂਰਮਿਆਂ ਦੇ ਸ਼ਬਦਕੋਸ਼ ਵਿਚ 'ਪਰ' ਨਹੀਂ ਹੁੰਦਾ, ਵੱਡੀ ਤੇ ਤਾਕਤਵਰ ਫ਼ੌਜ ਦੇ ਅਵੇਸਲੇ ਹੋਣ ਤੇ ਲੜਨਾ, ਖਾਲਸੇ ਨੇ ਭੱਜਣਾ ਤੇ ਈਨ ਮੰਨਣਾ ਨਹੀਂ ਸਿੱਖਿਆ, ਜੰਗ ਦੇ ਮੈਦਾਨ 'ਚ ਪੈਰ ਅਗਾਂਹ ਨੂੰ ਹੀ ਚੁੱਕਣਾ, ਕਦਮ ਪਿਛਾਂਹ ਕਰਿਆਂ ਸੂਰਮਿਆਂ ਦੀ ਇੱਜ਼ਤ ਘੱਟਦੀ, ਜੰਗ ਦੇ ਮੈਦਾਨ 'ਚ ਯੋਧੇ ਦਾ ਅੱਖ ਝਪਕਣਾ ਗੁਨਾਹ ਹੈ, ਜੰਗ ਵਿਚ ਕਦੇ ਪਿਛਾਂਹ ਨਹੀਂ ਤੱਕਦੇ, ਦੁਸ਼ਮਣ ਨੇ ਕਦੇ ਸੂਰਬੀਰ ਦੀ ਪਿੱਠ ਨਹੀਂ ਦੇਖੀ ਹੁੰਦੀ ਅਤੇ ਸੂਰਮੇ ਕਦੇ ਕਾਹਲੇ ਨਹੀਂ ਹੁੰਦੇ ਆਦਿ ਗੱਲਾਂ ਨਾਵਲਕਾਰ ਦੀ ਖ਼ਾਲਸੇ ਦੇ ਸਿਧਾਂਤਾਂ ਤੇ ਸਿੱਖ-ਜੰਗ ਪ੍ਰਤੀ ਦ੍ਰਿਸ਼ਟੀਕੋਣ ਤੇ ਸਮਝ ਨੂੰ ਬਿਆਨ ਕਰਦੀਆਂ ਹਨ, ਜਿੰਨ੍ਹਾਂ ਨੂੰ ਉਸਨੇ ਇਤਿਹਾਸਕ ਨਾਵਲ ਵਿਚ ਗਲਪਨਿਕ ਤਰੀਕੇ ਨਾਲ ਪੇਸ਼ ਕਰਕੇ ਸਹਿਜੇ ਹੀ ਪਾਠਕ ਨੂੰ ਇਨ੍ਹਾਂ ਪ੍ਰਤੀ ਮੁੜ ਜਾਣੂ ਕਰਵਾਇਆ ਹੈ।

ਜਗਦੀਪ ਸਿੰਘ ਨਾਵਲ ਵਿਚਲੀਆਂ ਘਟਨਾਵਾਂ ਤੇ ਸਥਿਤੀਆਂ ਦੀ ਭਾਸ਼ਣ ਸ਼ੈਲੀ ਵਿਚ ਸਿੱਧੀ ਵਿਆਖਿਆ ਤੋਂ ਬਚਦਾ ਹੈ। ਉਹ ਸਿਰਫ਼ ਇਤਿਹਾਸਕ ਪਾਤਰਾਂ ਦੇ ਵਿਚਾਰ ਤੇ ਅਨੁਭਵ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਤਿਹਾਸਕ ਤੇ ਧਾਰਮਿਕ ਪਲਾਟ ਹੁੰਦੇ ਹੋਏ ਵੀ ਉਹ ਨਾਵਲ ਦੀ ਕਹਾਣੀ ਨੂੰ ਰੋਕਦਾ ਨਹੀਂ ਤੇ ਨਾ ਹੀ ਨਿਬੰਧ ਸ਼ੈਲੀ ਵਰਤਦਾ ਹੋਇਆ ਪਾਠਕ ਨੂੰ ਸਿੱਧੇ ਭਾਸ਼ਣ ਦਿੰਦਾ ਹੈ, ਪਰ ਕੁਝ ਕੁ ਥਾਵਾਂ ਤੇ ਕਥਾਨਕ ਦੇ ਹਵਾਲੇ ਨਾਲ ਆਪਣੀ ਗੱਲ ਕਰ ਦਿੰਦਾ ਹੈ। ਇਸ ਤਰ੍ਹਾਂ ਦੀਆਂ ਕੁਝ ਕੁ ਸੰਕੇਤਕ ਗੱਲਾਂ ਸਾਨੂੰ ਇਸ ਨਾਵਲ ਵਿਚ ਦੇਖਣ ਨੂੰ ਮਿਲਦੀਆਂ ਹਨ। ਸਭ ਤੋਂ ਅਹਿਮ ਗੱਲ ਯੋਧਿਆਂ ਦੇ ਸ਼ਸ਼ਤਰਾਂ ਦੇ ਵਾਰ ਕਰਨ ਦਾ ਅੰਦਾਜ਼, ਜਿਸਨੂੰ ਇਸ ਨਾਵਲ ਵਿਚ ਨਾਵਲਕਾਰ ਨੇ ਬਾਖੂਬੀ ਬਿਆਨ ਕੀਤਾ ਹੈ।

ਇਸ ਨਾਵਲ ਦੇ ਆਉਣ ਦੇ ਸਮੇਂ ਬਾਰੇ ਵੀ ਗੱਲ ਕਰਨੀ ਜ਼ਰੂਰੀ ਹੋ ਜਾਂਦੀ ਹੈ, ਕਿਉਂਕਿ ਜਿਸ ਸਮੇਂ ਇਹ ਨਾਵਲ ਆਉਂਦਾ ਹੈ ਉਸ ਵੇਲੇ ਦੇ ਹਾਲਾਤ ਪਾਠਕ ਦੇ ਮਨ 'ਤੇ ਇਕ ਗਹਿਰਾ ਅਸਰ ਪਾਉਂਦੇ ਹਨ। ਜਿਸ ਤਰ੍ਹਾਂ ਹਰੇਕ ਖਿੱਤੇ ਦੀ ਰਾਜਨੀਤਕ ਚੇਤਨਾ ਉਸਦੇ ਭਵਿੱਖ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ, ਉਸ ਤਰ੍ਹਾਂ ਪੰਜਾਬ ਵਿਚਲੇ ਹਾਲਾਤਾਂ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ, ਕੁਝ ਸਮਾਂ ਪਹਿਲਾਂ ਪੰਜਾਬ ਇਕ ਇਤਿਹਾਸਕ ਸੰਘਰਸ਼ ਜਿੱਤ ਕੇ ਆਇਆ ਹੈ ਪਰ ਪੰਜਾਬ ਦੀ ਰਾਜਨੀਤਿਕ ਚੇਤਨਾ ਨੇ ਭੇਖੀਆਂ ਦੇ ਪ੍ਰਵਚਨ ਅਧੀਨ ਦਿਸਦੇ ਪ੍ਰਭਾਵਾਂ ਨੂੰ ਅਣਡਿੱਠ ਕਰ ਅਖੌਤੀ ਬਦਲ ਚੁਣਨ ਨੂੰ ਤਰਜੀਹ ਦਿੱਤੀ। ਫਲਸਰੂਪ ਜਿੱਥੇ ਆਪਣੇ ਆਪ ਨੂੰ ਇਸ ਲੰਮੇ ਸੰਘਰਸ਼ ਦੇ ਮੋਢੀ ਤੇ ਕਰਤਾ ਧਰਤਾ ਮੰਨਣ ਵਾਲੇ ਆਗੂਆਂ ਨੂੰ ਮੂੰਹ ਦੀ ਖਾਣੀ ਪਈ ਉਥੇ ਹੀ ਸਿਰਾਂ ਦੇ ਭਾਅ ਬਣਾਏ ਗਏ ਸ਼੍ਰੋਮਣੀ ਅਕਾਲੀ ਦਲ ਦਾ ਇਕ ਪਰਿਵਾਰ ਦੀ ਨਿੱਜੀ ਜੰਗੀਰ ਬਣ, ਇੰਝ ਪੰਜਾਬ ਦੀ ਸਿਆਸਤ ਵਿਚ ਹਾਸ਼ੀਆਗਤ ਹੋਣਾ, ਇਸ ਖਿੱਤੇ ਦੇ ਭਵਿੱਖ ਲਈ ਚਿੰਤਾਜਨਕ ਗੱਲ ਹੈ। ਇਸਦੇ ਉਲਟ ਜਿਸ ਸਟੇਟ ਨਾਲ ਸਾਡਾ ਜਮਾਂਦਰੂ ਵੈਰ ਰਿਹਾ, ਉਸਦੀ ਖੁਣਸੀ ਵਿਚਾਰਧਾਰਾ ਦੀ ਤਰਜ਼ਮਾਨੀ ਕਰਦੀ ਧਿਰ ਦਾ ਦੇਸ ਪੰਜਾਬ ਦੀ ਸੱਤਾ 'ਤੇ ਕਾਬਜ਼ ਹੋਣਾ ਦੁਖਦਾਈ ਤੇ ਹੈਰਾਨੀਜਨਕ ਗੱਲ ਹੈ। ਪੰਜਾਬ ਵਿਚ ਵਸਦੇ ਲੋਕਾਂ ਨੇ ਇਹ ਫ਼ੈਸਲਾ ਰਾਜਨੀਤਿਕ ਚੇਤਨਾ ਦੇ ਪੱਧਰ 'ਤੇ ਲੈਣ ਦੀ ਬਜਾਏ ਇਕ ਲੰਮੇ ਅਰਸੇ ਤੋਂ ਲੋਕਪੱਖੀ ਅਤੇ ਸਰਬੱਤ ਦੇ ਭਲੇ ਲਈ ਵਚਨਬੱਧ ਆਗੂਆਂ ਦੀ ਅਣਹੋਂਦ ਨਾਲ ਪੈਦਾ ਹੋਏ ਖਲਾਅ ਵਿਚੋਂ ਲਿਆ ਹੈ। ਇਸ ਅਣਹੋਂਦ ਦੇ ਖਲਾਅ ਦਾ ਬਦਲ ਸਿੱਖ ਸਿਧਾਂਤਾਂ ਕੋਲ ਹਮੇਸ਼ਾ ਹੀ ਮੌਜੂਦ ਹੈ।

ਅਜਿਹੇ ਮੌਕੇ ਇਸ ਨਾਵਲ ਦਾ ਆਉਣਾ ਬਹੁਤ ਮਹੱਤਵਪੂਰਨ ਗੱਲ ਹੈ ਕਿਉਂ ਜੋ ਇਹ ਨਾਵਲ ਉਸ ਵੇਲੇ ਦੀ ਗੱਲ ਕਰਦਾ ਹੈ ਜਦੋਂ ਗੁਰੂ-ਕਾਲ ਤੇ ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਅਸੀਂ ਪਹਿਲੀ ਵਾਰ ਸਾਂਝੇ ਰੂਪ ਵਿਚ ਇਸ ਖਿੱਤੇ ਦੀ ਅਗਵਾਈ ਕਰਦੇ ਹਾਂ। ਬੰਦਾ ਸਿੰਘ ਬਹਾਦਰ ਦੇ ਰਾਜ ਤੋਂ ਬਾਅਦ, ਸਤਿਗੁਰਾਂ ਵੱਲੋਂ ਬਖ਼ਸ਼ੇ ਆਗੂਆਂ ਵਾਲੇ ਗੁਣ ਕਿਵੇਂ ਸਮੁੱਚੇ ਖਾਲਸਾ ਪੰਥ ਦੇ ਚੇਤਿਆਂ ਵਿਚ ਆਪਣਾ ਸਦੀਵ ਸਥਾਨ ਬਣਾ ਲੈਂਦੇ ਹਨ, ਇਹ ਸਾਨੂੰ ਇਸ ਨਾਵਲ ਰਾਹੀਂ ਵੀ ਪਤਾ ਲੱਗਦਾ ਹੈ। ਗੁਰੂ-ਸਿਧਾਂਤਾਂ 'ਤੇ ਪਹਿਰਾ ਦਿੰਦੇ ਅਨੇਕਾਂ ਦੁਨਿਆਵੀ ਔਕੜਾਂ ਝੱਲਦੇ ਵੀ ਸਾਰੇ ਆਗੂਆਂ ਦਾ ਸਤਿਗੁਰਾਂ ਦੇ ਬਚਨਾਂ ਤੇ ਇਸ ਖਿੱਤੇ ਪ੍ਰਤੀ ਸਮਰਪਣ ਬੇਮਿਸਾਲ ਹੈ, ਜਦੋਂ ਵੀ ਉਹਨਾਂ ਨੂੰ ਮੌਕਾ ਮਿਲਦਾ ਹੈ ਉਹ ਲੋਕਾਈ ਨੂੰ ਖਾਲਸਾ ਰਾਜ ਦੇ ਝਲਕਾਰਿਆਂ ਨਾਲ ਸ਼ਰਸ਼ਾਰ ਕਰਦੇ ਹਨ। ਭਾਵੇਂ ਇਹ ਸੁਭਾਅ ਤੇ ਸਮਰਪਣ ਸਤਿਗੁਰਾਂ ਦੀ ਬਖਸ਼ਿਸ਼ ਸਦਕਾ ਹੀ ਮਿਲ ਸਕਦਾ ਹੈ ਪਰ ਫਿਰ ਵੀ ਇੰਝ ਜਾਪਦਾ ਹੈ ਜਿਵੇਂ ਉਸ ਬਖਸ਼ਿਸ਼ ਲਈ ਪਾਤਰਤਾ ਸਿੱਧ ਕਰਨ ਵਿਚ ਨਾਵਲ ਆਪਣਾ ਰੋਲ ਨਿਭਾ ਸਕਦਾ ਹੈ। ਇਸ ਨਾਵਲ ਵਿਚ ਸਿੱਖ ਆਗੂਆਂ ਦੇ ਗੁਣ ਤੇ ਸੁਭਾਅ ਨੂੰ ਬਾਖੂਬੀ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਖਾਲਸੇ ਦੀ ਫੈਸਲੇ ਲੈਣ ਦੀ ਜੁਗਤ, ਨਿਆਂ ਕਰਨ ਦਾ ਢੰਗ, ਪ੍ਰਜਾ ਪ੍ਰਤੀ ਨਜ਼ਰੀਆ ਤੇ ਖਾਲਸਾ ਰਾਜ ਦੀਆਂ ਇਸਤਲਾਹਾਂ ਇਸ ਨਾਵਲ ਰਾਹੀਂ ਵੀ ਜਾਣੀਆਂ ਜਾ ਸਕਦੀਆਂ ਹਨ। ਅਜਿਹੇ ਮਾਡਲ, ਉਸ ਦੌਰ ਵਿਚ ਪੇਸ਼ ਕਰਨਾ, ਜਦੋਂ ਇਨ੍ਹਾਂ ਦੀ ਸਭ ਤੋਂ ਵੱਧ ਲੋੜ ਹੈ, ਹੀ ਇਸ ਨਾਵਲ ਦੀ ਵੱਡੀ ਪ੍ਰਾਪਤੀ ਹੈ।

ਜਗਦੀਪ ਸਿੰਘ ਦੀ ਪ੍ਰਾਪਤੀ ਇਸ ਗੱਲ ਵਿਚ ਹੈ ਕਿ ਉਸਨੇ ਆਪਣੇ ਨਾਵਲ ਵਿਚ ਇਤਿਹਾਸਕ ਪਲਾਟ ਚੁਣਕੇ, ਕਥਾਨਕ ਰਾਹੀਂ ਬ੍ਰਿਤਾਂਤ ਘੜ੍ਹਦਿਆਂ, ਨਾਵਲ ਦੀ ਗੋਂਦ ਦਾ ਸੋਹਣਾ ਨਮੂਨਾ ਪੇਸ਼ ਕੀਤਾ ਹੈ। ਇਸ ਨਾਵਲ ਦੇ ਪਾਤਰ ਸਿਰਜਣ, ਦ੍ਰਿਸ਼ ਚਿਤਰਣ ਤੇ ਬ੍ਰਿਤਾਂਤ ਬਣਤਰ ਕਰਦਿਆਂ ਸ਼ਬਦ-ਬੁਣਤੀ ਦੀ ਬਾਰੀਕੀ, ਭਾਸ਼ਕ ਜੁਗਤਾਂ ਦੀ ਸੁਚੱਜੀ ਵਰਤੋਂ, ਉਸਦੇ ਗਲਪ ਸੰਸਾਰ ਦੇ ਵਿਸ਼ਾਲ ਘੇਰੇ ਨੂੰ ਬਿਆਨਦੀ ਹੈ। ਉਸਦੀ ਇਸ ਗਲਪ ਰਚਨਾ ਵਿਚ ਕਾਲਪਨਿਕਤਾ ਦੇ ਉਤਮ ਨਮੂਨੇ ਮਿਲਦੇ ਹਨ। ਇਤਿਹਾਸ ਪ੍ਰਤੀ ਸਮਰਪਣ ਦੀ ਅਣਹੋਂਦ ਵਿਚ ਪਹਿਲਾਂ ਪ੍ਰਚਲਿਤ ਤਰੀਕੇ ਜਿੱਥੇ ਨਾ ਚਾਹੁੰਦੇ ਹੋਏ ਵੀ ਇਤਿਹਾਸ ਨੂੰ ਬੋਝਲ ਬਣਾ ਦਿੰਦੇ ਹਨ, ਉਥੇ ਜਗਦੀਪ ਸਿੰਘ ਇਤਿਹਾਸਕ ਸਾਖੀਆਂ ਨੂੰ ਇੰਨ-ਬਿੰਨ ਬਿਆਨ ਕਰਨ ਦੀ ਪੁਰਜ਼ੋਰ ਕੋਸ਼ਿਸ਼ ਕਰਦਿਆਂ ਕਥਾ ਦੀ ਰੋਚਿਕਤਾ ਨੂੰ ਨਾਵਲ ਦੇ ਆਦਿ ਤੋਂ ਅੰਤ ਤੱਕ ਕਾਇਮ ਰੱਖਦਾ ਆਪਣੇ ਆਪ ਨੂੰ ਇਕ ਸੁਘੜ ਤੇ ਨਿਪੁੰਨ ਲਿਖਾਰੀ ਵਜੋਂ ਸਥਾਪਤ ਕਰਦਾ ਹੈ।

***

## ਜਦੋਂ ਤੁਸੀਂ ਇਕੱਲੇ

ਪਹਿਲ ਕਰਕੇ ਦੇਖੋ। ਇਹ ਸੂਰਜ, ਚੰਦ, ਸਿਤਾਰੇ, ਧਰਤੀ, ਆਸਮਾਨ, ਰੁੱਖ, ਪੌਦੇ, ਪਸ਼ੂ, ਪੰਛੀ ਸਭ ਤੁਹਾਡੇ ਨਾਲ ਹਨ। ਤੁਸੀਂ ਇਕੱਲੇ ਨਹੀਂ ਹੋ ? ਤੁਹਾਡੀ ਹਿੰਮਤ ਵਿਚ ਸਭ ਸਾਥ ਦਿੰਦੇ ਹਨ। ਤੁਹਾਨੂੰ ਅੱਗੇ ਲੰਘਣ ਲਈ ਹੋਰਨਾਂ ਦਾ ਇੰਤਜ਼ਾਰ ਕਰਨ ਦੀ ਜ਼ਰੂਰਤ ਨਹੀਂ ਹੈ। ਉੱਠੋ, ਜਾਗੋ ਅਤੇ ਯਕੀਨ ਨਾਲ ਮਿਹਨਤ ਦਾ ਪੱਲਾ ਫੜ ਕੇ ਅਗਾਂਹ ਵਧੋ। ਦੋਸਤੋ, ਸੁਨਹਿਰੀ ਭਵਿੱਖ ਤੁਹਾਡੀ ਉਡੀਕ ਕਰ ਰਿਹਾ ਹੈ। ਆਪਣੀ ਇਕੱਲਤਾ ਨੂੰ ਆਪ ਦੂਰ ਕਰੋ। ਆਪਣੇ ਆਪ ਦੇ ਸੱਚੇ ਦੋਸਤ ਬਣ ਜਾਉ। ਹੋਰਾਂ ਲਈ ਨਹੀਂ ਤਾਂ ਆਪਣੇ ਆਪ ਲਈ ਇਮਾਨਦਾਰ ਬਣ ਜਾਈਏ।

***

## ਮਾਨਵਤਾ ਦੇ ਉਪਦੇਸ਼ਕ ਗੁਰੂ ਰਵਿਦਾਸ ਜੀ

ਰਵਿਦਾਸ ਧਿਆਏ ਪ੍ਰਭ ਅਨੂਪ॥
ਗੁਰ ਨਾਨਕ ਦੇਵ ਗੋਵਿੰਦ ਰੂਪ॥

ਅਜੋਕੇ ਸਮੇਂ ਵਿਚ ਸ੍ਰੀ ਗੁਰੂ ਰਵਿਦਾਸ ਜੀ ਦੇ ਵਿਚਾਰਾਂ ਦੀ ਸਾਰਥਕਤਾ ਹੋਰ ਵੀ ਜ਼ਿਆਦਾ ਵਧ ਜਾਂਦੀ ਹੈ। ਆਓ ਸਾਰੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਧਾਰਨ ਕਰੀਏ।

ਸ੍ਰੀ ਗੁਰੂ ਰਵਿਦਾਸ ਜੀ ਆਪਣੀ ਸਾਰੀ ਕਿਰਤ ਕਮਾਈ ਸਮੂਹ ਜਨ ਸੰਗਤ, ਪੰਗਤ ਅਤੇ ਲੰਗਰ ਦੀ ਸੇਵਾ ਉੱਪਰ ਲਾ ਕੇ ਆਦਿ ਧਰਮ ਦੇ ਨਿਯਮਾਂ ਨੂੰ ਪ੍ਰਫੁੱਲਿਤ ਕਰਦੇ ਰਹੇ। ਆਪ ਜੀ ਨੇ ਸਰਬ ਸਾਂਝੀਵਾਲਤਾ 'ਚ ਬੈਠ ਕੇ ਲੰਗਰ ਦੀ ਪ੍ਰੰਪਰਾ ਚਲਾਈ ਤੇ ਇਸ ਲਈ ਆਪ ਜੀ ਨੇ ਦੌਲਤਮੰਦਾਂ ਤੋਂ ਧਨ-ਦੌਲਤ ਸਵੀਕਾਰ ਨਹੀਂ ਕੀਤੀ, ਨਾ ਹੀ ਪਾਖੰਡ ਨਾਲ ਹਥਿਆਈ ਅਤੇ ਨਾ ਹੀ ਭੀਖ ਮੰਗੀ। ਆਪ ਜੀ ਨੇ ਪਰਮਾਤਮਾ ਨੂੰ ਪ੍ਰਾਪਤ ਕਰਨ ਲਈ ਪਖੰਡੀ ਬਾਣੇ ਵਾਲਿਆਂ ਦੀ ਨਿੰਦਾ ਕੀਤੀ ਤੇ ਸੰਸਾਰਿਕ ਪ੍ਰਾਣੀ ਨੂੰ ਨੈਤਿਕ ਜੀਵਨ, ਅਧਿਆਤਮਿਕ ਤਾਂਘ ਤੇ ਸੁੱਖ-ਸ਼ਾਂਤੀ ਨਾਲ ਬਰਾਬਰਤਾ ਤੇ ਸਾਂਝੇ ਸੱਭਿਆਚਾਰ 'ਚ ਰਹਿਣ ਦਾ ਉਪਦੇਸ਼ ਦਿੱਤਾ :

ਸਤ ਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ॥

ਆਪ ਜੀ ਨੇ ਕਿਰਤ ਦੀ ਕਦਰ ਕੀਤੀ, ਲੋਕਾਂ ਨੂੰ ਨੇਕ ਨੀਤੀ ਨਾਲ, ਸਦਾਚਾਰ ਨੂੰ ਉੱਚਾ ਰੱਖ ਕੇ ਕਿਰਤ ਕਰਨ ਲਈ ਉਕਸਾਇਆ ਤੇ ਵਿਹਲੜਪੁਣੇ ਦਾ ਵਿਰੋਧ ਕੀਤਾ।

ਗੁਰੂ ਰਵਿਦਾਸ ਜੀ ਦੇ ਜੀਵਨ ਦਾ ਆਦਰਸ਼ ਮੱਧਕਾਲੀਨ ਭਾਰਤੀ ਇਤਿਹਾਸ ਦੇ ਯੁੱਗ 'ਚ ਨੈਤਿਕ ਚੇਤਨਾ ਰਾਹੀਂ ਸੱਭਿਆਚਾਰਕ, ਆਰਥਿਕ ਅਸਮਾਨਤਾ, ਸਮਾਜਿਕ ਕੁਰੀਤੀਆਂ ਭਾਵ ਮਨੁੱਖੀ ਵਿਤਕਰਾ, ਧਾਰਮਿਕ ਅਡੰਬਰਾਂ, ਦਾਰਸ਼ਨਿਕ, ਨੈਤਿਕ, ਰਾਜਨੀਤਕ ਕੂਟਨੀਤਕ ਚਾਲਾਂ, ਉਚ -ਨੀਚ ਦੀ ਭਾਵਨਾ ਵਿਰੁੱਧ ਮਧੁਰਤਾ ਤੇ ਨਿਮਰਤਾ ਦੀ ਬਾਣੀ ਰਾਹੀਂ ਵਿਗੜੇ ਹੋਏ ਸਮਾਜ 'ਚ ਆਦਿ ਧਰਮ ਵੱਲੋਂ ਇਨਸਾਨੀਅਤ ਦੇ ਹੱਕਾਂ ਦਾ ਅਹਿਸਾਸ ਜਗਾਉਣਾ ਸੀ। ਆਪ ਜੀ ਨੇ ਅਨੇਕਾਂ ਕਸ਼ਟ ਸਹਾਰਦਿਆਂ ਲਗਭਗ 60,000 ਕਿਲੋਮੀਟਰ ਪੈਦਲ ਚੱਲ ਕੇ ਸਮੁੱਚੀ ਮਨੁੱਖਤਾ ਨੂੰ ਸਤਿ, ਸ਼ੁੱਧ, ਸੁਚੱਜਾ ਤੇ ਉਸਾਰੂ ਜੀਵਨ ਜਿਊਣ ਦੀ ਉੱਤਮ ਸੇਧ ਦਿੱਤੀ।

***

## ਆਸਕਰ ਐਵਾਰਡ ਲਈ ਪੰਜਾਬ ਦੀ ਬੀਬੀ ਗੁਨੀਤ ਮੋਗਾ

ਨਾਲ ਹੋਵੇਗਾ। 'ਭਾਰਤ ਵੱਲੋਂ' 'ਦਿ ਐਲੀਫੈਂਟ ਵ੍ਹਿਸਪਰਜ਼' ਤੋਂ ਇਲਾਵਾ ਹੋਰ ਮੁਲਕਾਂ ਤੋਂ ਨਾਮਜ਼ਦ ਲਘੂ ਫ਼ਿਲਮਾਂ ਵਿੱਚ 'ਹਾਲ ਆਊਟ', 'ਹਾਓ ਡੂ ਯੂ ਮਈਅਰ ਅ ਈਅਰ', 'ਦਿ ਮਾਰਥਾ ਮਿਸ਼ੇਲ ਇਫੈਕਟ' ਅਤੇ 'ਸਟ੍ਰੇਂਜਰ ਐਟ ਦਿ ਗੇਟ' ਸ਼ਾਮਲ ਹਨ।

ਗੁਨੀਤ ਦਾ ਤਾਲੁਕ ਦਿੱਲੀ ਦੇ ਇੱਕ ਪੰਜਾਬੀ ਪਰਿਵਾਰ ਨਾਲ ਹੈ। ਉਨ੍ਹਾਂ ਗੁਰੂ ਗੋਬਿੰਦ ਸਿੰਘ ਇੰਦਰਪ੍ਰਸਥ ਯੂਨੀਵਰਸਿਟੀ ਤੋਂ 2001 ਤੋਂ 2004 ਦਰਮਿਆਨ ਪੱਤਰਕਾਰੀ ਵਿੱਚ ਗ੍ਰੈਜੂਏਸ਼ਨ ਕੀਤੀ ਹੈ।

ਇਸ ਤੋਂ ਇਲਾਵਾ ਉਨ੍ਹਾਂ ਫ਼ਿਲਮ ਅਤੇ ਮਨੋਰੰਜਨ ਖੇਤਰ ਨਾਲ ਜੁੜੀਆਂ ਕਈ ਕੰਪਨੀਆਂ ਵਿੱਚ ਕੰਮ ਕੀਤਾ ਹੈ। ਇਨ੍ਹਾਂ ਕੰਪਨੀਆਂ ਵਿੱਚ ਏਕਤਾ ਕਪੂਰ ਦੀ ਕੰਪਨੀ ਬਾਲਾਜੀ ਮੋਸ਼ਨ ਪਿਕਚਰਜ਼, ਨਿਰਦੇਸ਼ਕ ਅਨੁਰਾਗ ਕਸ਼ਿਅਪ ਦੀ ਕੰਪਨੀ ਅਨੁਰਾਗ ਕਸ਼ਿਅਪ ਫਿਲਮਜ਼ ਪ੍ਰੋਡਕਸ਼ਨ ਵੀ ਸ਼ਾਮਲ ਹਨ। ਲਿੰਕਡਿਨ ਪ੍ਰੋਫਾਈਲ ਮੁਤਾਬਕ ਉਹ ਅਪ੍ਰੈਲ 2008 ਤੋਂ ਸਿੱਖਿਆ ਐਂਟਰਟੇਨਮੈਂਟ ਦੀ ਸੀਈਓ ਅਤੇ ਸੰਸਥਾਪਕ ਹਨ।

ਗੁਨੀਤ ਮੋਂਗਾ ਦਾ ਆਪਣਾ ਪ੍ਰੋਡਕਸ਼ਨ ਹਾਊਸ ਸਿੱਖਿਆ ਐਂਟਰਟੇਨਮੈਂਟ ਹੈ। ਅਚਿਨ ਜੈਨ ਇਸ ਦੇ ਸਹਿ ਸੰਸਥਾਪਕ ਹਨ।

ਦਸੰਬਰ 2022 ਵਿੱਚ ਗੁਨੀਤ ਮੋਂਗਾ ਨੇ ਸੰਨੀ ਕਪੂਰ ਨਾਲ ਵਿਆਹ ਕਰਵਾਇਆ। ਸੰਨੀ ਕਪੂਰ ਇੱਕ ਕਾਰੋਬਾਰੀ ਹਨ ਅਤੇ ਦੋਵਾਂ ਦਾ ਆਨੰਦ ਕਾਰਜ ਮੁੰਬਈ ਦੇ ਇੱਕ ਗੁਰਦੁਆਰੇ ਵਿੱਚ ਹੋਇਆ ਸੀ। ਗੁਨੀਤ ਮੋਂਗਾ ਅਤੇ ਅਚਿਨ ਜੈਨ ਦੇ ਸਾਂਝੇ ਪ੍ਰੋਡਕਸ਼ਨ ਹਾਊਸ ਸਿੱਖਿਆ ਐਂਟਰਟੇਨਮੈਂਟ ਅਧੀਨ ਕਈ ਫ਼ਿਲਮਾਂ ਚਰਚਾ ਦਾ ਵਿਸ਼ਾ ਰਹੀਆਂ ਹਨ। ਵੱਖਰੇ ਵਿਸ਼ੇ ਅਤੇ ਕਿਸਮ ਦੀਆਂ ਫ਼ਿਲਮਾਂ ਨੂੰ ਬਤੌਰ ਨਿਰਮਾਤਾ ਬਣਾਉਣ ਲਈ ਜਾਣੇ ਜਾਂਦੇ ਸਿੱਖਿਆ ਐਂਟਰਟੇਨਮੈਂਟ ਦੀ ਝੋਲੀ ਕਈ ਕੌਮੀ ਐਵਾਰਡ ਆ ਚੁੱਕੇ ਹਨ।

ਗੁਨੀਤ ਤੇ ਅਚਿਨ ਦੀ ਟੀਮ ਨੇ ਸਿੱਖਿਆ ਐਂਟਰਟੇਨਮੈਂਟ ਬੈਨਰ ਹੇਠਾਂ ਕਈ ਫ਼ਿਲਮਾਂ ਪਗਲੇਟ ਦਿ ਲੰਚ ਬਾਕਸ, ਮਸਾਨ, ਪੀਰੀਅਡ..ਐਂਡ ਆਫ਼ ਸੈਂਟੇਂਸ, ਹਰਮਖੋਰ, ਮਾਨਸੂਨ ਸ਼ੂਟ ਆਊਟ, ਵਣ ਵਿਲ ਪੀਪਲ ਸੇਅ, ਗੈਂਗਸ ਆਫ਼ ਵਾਸੇਪੁਰ ਆਦਿ ਬਣਾਈਆਂ ਹਨ।ਇਨ੍ਹਾਂ ਫ਼ਿਲਮਾਂ ਵਿੱਚ ਕਈ ਵੱਡੇ ਨਾਮ ਨਜ਼ਰ ਆ ਚੁੱਕੇ ਹਨ, ਜਿਨ੍ਹਾਂ ਵਿੱਚ ਇਰਫ਼ਾਨ ਖ਼ਾਨ, ਦਿਵਿਆ ਦੱਤਾ, ਵਿੱਕੀ ਕੌਸ਼ਲ, ਸਾਨੀਆ ਮਲਹੋਤਰਾ ਆਦਿ ਸ਼ਾਮਲ ਹਨ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com